ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 22 | Issue 148| 6 to 12 Nov., 2024 | Ph.: (510) 240-5949 | Email: asrtimes@gmail.com

ਅਮਰੀਕੀ ਰਾਸ਼ਟਰਪਤੀ ਚੋਣਾਂ

# ਡੋਨਾਲਡ ਟਰੰਪ ਬਣੇ ਅਮਰੀਕਾ ਦੇ 47ਵੇਂ ਰਾਸ਼ਟਰਪਤੀ

ਵਾਸ਼ਿੰਗਟਨ/ਏ.ਟੀ.ਨਿਊਜ਼ : 2024 ਨੂੰ ਚੋਣਾਂ ਦਾ ਸਾਲ ਕਿਹਾ ਜਾਂਦਾ ਹੈ। ਭਾਰਤ, ਰੂਸ, ਬ੍ਰਿਟੇਨ ਤੇ ਹੁਣ ਅਮਰੀਕਾ ਦੇ ਚੋਣ ਨਤੀਜੇ ਸਾਡੇ ਸਾਹਮਣੇ ਹਨ। ਅਮਰੀਕਾ ਦੀਆਂ ਰਾਸ਼ਟਰਪਤੀ ਚੋਣਾਂ ਵਿੱਚ ਡੋਨਾਲਡ ਟਰੰਪ ਨੇ ਸ਼ਾਨਦਾਰ ਜਿੱਤ ਹਾਸਲ ਕੀਤੀ ਹੈ। ਫ਼ੌਕਸ ਨਿਊਜ਼ ਮੁਤਾਬਕ ਰਿਪਬਲੀਕਨ ਪਾਰਟੀ ਜਿੱਤ ਗਈ ਹੈ। ਟਰੰਪ ਨੇ 277 ਇਲੈਕਟੋਰਲ ਵੋਟਾਂ (ਬਹੁਮਤ ਦਾ ਅੰਕੜਾ) ਹਾਸਲ ਕਰ ਲਈਆਂ ਹਨ। ਇਸ ਜਿੱਤ ਨਾਲ ਟਰੰਪ ਦੇ ਸਮਰਥਕ ਖ਼ੁਸ਼ੀ ਵਿੱਚ ਜਸ਼ਨ ਮਨਾ ਰਹੇ ਹਨ।ਕਮਲਾ ਹੈਰਿਸ ਨੇ 226 ਸੀਟਾਂ ਜਿੱਤੀਆਂ ਹਨ। ਟਰੰਪ ਹੁਣ ਅਮਰੀਕਾ ਦੇ 47ਵੇਂ ਰਾਸ਼ਟਰਪਤੀ ਵਜੋਂ ਸਹੁੰ ਚੁੱਕਣਗੇ।ਇਸ ਤੋਂ ਇਲਾਵਾ ਸਾਲ 2016 ਤੋਂ ਬਾਅਦ ਉਹ ਇੱਕ ਵਾਰ ਫਿਰ ਰਾਸ਼ਟਰਪਤੀ ਦੇ ਰੂਪ 'ਚ ਵਾਈਟ ਹਾਊਸ 'ਚ ਵਾਪਸੀ ਕਰਨਗੇ। ਕੁੱਲ ਮਿਲਾ ਕੇ ਅਮਰੀਕਾ ਵਿੱਚ 'ਟਰੰਪ ਕਾਰਡ' ਚੱਲ ਗਿਆ ਹੈ।

ਚੋਣਾਂ ਦੇ ਵਿੱਚ ਬਹੁਤ ਸਾਰੇ ਮੁੱਦੇ ਸਨ, ਜਿਨ੍ਹਾਂ ਦੇ ਆਧਾਰ 'ਤੇ ਵੋਟਾਂ ਪਈਆਂ। ਜਿਵੇਂ ਵਿਦੇਸ਼ ਨੀਤੀ, ਗਰਭਪਾਤ, ਗ਼ੈਰਕਾਨੂੰਨੀ ਪਰਵਾਸ, ਅਰਥ ਵਿਵਸਥਾ ਦੀ ਸਥਿਤੀ ਤੇ ਹੋਰ ਵੀ ਕਈ ਮੁੱਦਿਆਂ ਨੂੰ ਮੱਦੇਨਜ਼ਰ ਰੱਖ ਕੇ ਲੋਕਾਂ ਨੇ ਵੋਟ ਵਾਲਾ ਪੱਲੜਾ ਟਰੰਪ ਦਾ ਭਾਰੀ ਕਰ ਦਿੱਤਾ।ਕਮਲਾ ਹੈਰਿਸ ਦਾ ਮੁੱਖ ਮੁੱਦਾ ਇਹ ਸੀ ਕਿ ਡੈਮੋਕ੍ਰੇਸੀ ਨੂੰ ਬਚਾਓ, ਟਰੰਪ ਡਿਕਟੇਟਰਸ਼ਿਪ ਲਿਆਵੇਗਾ ਤੇ ਓਧਰ ਟਰੰਪ ਦਾ ਨਾਰ੍ਹਾ ਇਮੀਗ੍ਰੇਸ਼ਨ ਦੇ ਖ਼ਿਲਾਫ਼ ਸੀ।'ਟਰੰਪ ਕਦੋਂ ਕੀ ਕਰ ਦੇਵੇ?' ਟਰੰਪ ਇਸ ਨੂੰ ਹੀ ਆਪਣਾ ਮਜ਼ਬੂਤ ਪੱਖ ਗਿਣਦਾ ਹੈ।ਉਹ ਇਸ ਗੱਲ ਦਾ ਦਾਅਵਾ ਕਰਦਾ ਹੈ ਕਿ ਮੇਰੇ ਰਾਸ਼ਟਰਪਤੀ ਰਹਿੰਦੇ ਹੋਏ ਦੁਨੀਆਂ 'ਚ ਕੋਈ ਵੱਡਾ ਯੁੱਧ ਨਹੀਂ ਹੋਇਆ।




ਇੱਕ ਖ਼ਾਸ ਗੱਲ ਇਹ ਵੀ ਹੈ ਕਿ ਬਹੁਤ ਸਾਰੇ ਵੋਟਰ ਕਮਲਾ ਹੈਰਿਸ ਦੇ ਮੁਕਾਬਲੇ ਟਰੰਪ ਨੂੰ ਮਜ਼ਬੂਤ ਨੇਤਾ ਮੰਨਦੇ ਹਨ।

ਰਾਸ਼ਟਰਪਤੀ ਚੋਣ ਦੇ ਫ਼ਾਈਨਲ ਨਤੀਜੇ ਆਉਣ ਤੋਂ ਪਹਿਲਾਂ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਅਤੇ ਰਿਪਬਲਿਕ ਪਾਰਟੀ ਵੱਲੋਂ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਡੋਨਾਲਡ ਟਰੰਪ ਅਤੇ ਡੈਮੋਕ੍ਰੇਟਿਕ ਪਾਰਟੀ ਦੀ ਉਮੀਦਵਾਰ ਕਮਲਾ ਹੈਰਿਸ ਨੇ ਆਪੋ ਆਪਣੇ ਗੜ੍ਹ ਮੰਨੇ ਜਾਂਦੇ ਸੂਬਿਆਂ ਤੋਂ ਸ਼ੁਰੂਆਤੀ ਜਿੱਤ ਹਾਸਲ ਕੀਤੀ। ਅਮਰੀਕਾ ਵਿੱਚ ਰਾਸ਼ਟਰਪਤੀ ਦੇ ਅਹੁਦੇ ਲਈ ਮੰਗਲਵਾਰ ਨੂੰ ਵੋਟਾਂ ਪਈਆਂ ਸਨ। ਟਰੰਪ ਨੇ ਮਿਸੌਰੀ, ਉਟਾਹ, ਮੋਂਟਾਨਾ, ਫ਼ਲੋਰਿਡਾ ਵਿੱਚ ਡੈਮੋਕ੍ਰੇਟਿਕ ਪਾਰਟੀ ਦੀ ਉਮੀਦਵਾਰ ਕਮਲਾ ਹੈਰਿਸ ਨੂੰ ਹਰਾਇਆ, ਉਥੇ ਹੀ ਕਮਲਾ ਹੈਰਿਸ ਨੇ ਕੋਲੋਰਾਡੋ, ਨਿਊਯਾਰਕ, ਮੈਸਾਚੁਸੈਟਸ ਅਤੇ ਇਲੀਨੋਇਸ ਇਲਾਕੇ, ਜੋ ਕਿ ਡੈਮੋਕ੍ਰੇਟਿਕ ਪਾਰਟੀ ਦਾ ਗੜ੍ਹ ਮੰਨੇ ਜਾਂਦੇ ਹਨ, ਤੋਂ ਜਿੱਤ ਹਾਸਲ ਕੀਤੀ। । ਡੈਮੋਕ੍ਰੇਟਿਕ ਪਾਰਟੀ ਦੇ ਰਾਜਾ ਕ੍ਰਿਸ਼ਨਮੂਰਤੀ ਇਲੈਨੋਇਸ ਦੇ 8ਵੇਂ ਕਾਂਗਰੇਸਨਲ ਡਿਸਟ੍ਰਿਕਟ ਤੋਂ ਅਮਰੀਕੀ ਪ੍ਰਤੀਨਿਧੀ ਸਭਾ ਦੇ ਲਈ ਫਿਰ ਚੋਣ ਜਿੱਤ ਗਏ। ਪੈਂਸਿਲਵੇਨੀਆ, ਜੋਰਜੀਆ, ਮਿਸ਼ਿਗਨ, ਐਰੀਜ਼ੋਨਾ, ਵਿਸਕਾਨਿਸਨ ਅਤੇ ਉੱਤਰੀ ਕੈਰੋਲਾਈਨਾ ਵਿੱਚ ਦੋਹਾਂ ਉਮੀਦਵਾਰਾਂ ਵਿਚਕਾਰ ਪੂਰੀ ਟੱਕਰ ਰਹੀ।

### ਵੱਡੇ ਕਾਰੋਬਾਰੀ ਵੀ ਹਨ ਟਰੰਪ

ਡੋਨਾਲਡ ਟਰੰਪ ਇੱਕ ਪ੍ਰਮੁੱਖ ਅਮਰੀਕੀ ਕਾਰੋਬਾਰੀ ਤੇ ਸਿਆਸਤਦਾਨ ਹਨ।ਅਮਰੀਕਾ ਦੇ 47ਵੇਂ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣੇ ਕੈਰੀਅਰ ਦੀ ਸ਼ੁਰੂਆਤ ਰੀਅਲ ਇਸਟੇਟ ਦੇ ਕਾਰੋਬਾਰ ਨਾਲ ਕੀਤੀ ਸੀ। ਉਸ ਨੇ ਕਈ ਮਹੱਤਵਪੂਰਨ ਪ੍ਰੋਜੈਕਟਾਂ ਦੀ ਅਗਵਾਈ ਕੀਤੀ ਜਿਵੇਂ ਟਰੰਪ ਟਾਵਰ, ਟਰੰਪ ਪਲਾਜ਼ਾ ਤੇ ਟਰੰਪ ਤਾਜ ਮਹਿਲ। ਹੋਟਲ, ਕੈਸੀਨੋ ਤੇ ਗੋਲਡ ਕੋਸਟ ਦੇ ਰਾਹੀਂ ਆਪਣੇ ਕਾਰੋਬਾਰ ਦੇ ਵਿੱਚ ਵਿਸਤਾਰ ਕੀਤਾ।

ਟਰੰਪ ਨੇ ਕਈ ਟੀ.ਵੀ. ਸ਼ੋਅ ਵੀ ਕੀਤੇ ਤੇ ਆਪਣਾ ਨਾਮ ਕਮਾਇਆ। ਟੀ.ਵੀ. ਸ਼ੋਅ 'ਦਿ ਅਪ੍ਰੈਂਟਿਸ' ਦੇ ਹੋਸਟ ਦੇ ਤੌਰ 'ਤੇ ਉਹ ਲੋਕਾਂ ਦੇ ਦਿਲਾਂ 'ਤੇ ਛਾਏ ਰਹੇ। ਟਰੰਪ ਨੇ 2015 ਦੇ ਵਿੱਚ ਰਿਪਬਲਿਕਨ ਪਾਰਟੀ ਦੇ ਅਧੀਨ ਰਾਸ਼ਟਰਪਤੀ ਦੀਆਂ ਚੋਣਾਂ ਦੇ ਲਈ ਆਪਣੀ ਉਮੀਦਵਾਰੀ ਦਾ ਐਲਾਨ ਕੀਤਾ ਸੀ। ਟਰੰਪ ਦੀ ਖ਼ਾਸੀਅਤ ਹੈ ਕਿ ਉਹ ਬੇਬਾਕ ਹਨ ਜਾਂ ਇੰਝ ਕਹਿ ਲਓ ਕਿ ਮੂੰਹ ਫੱਟ ਹਨ। ਹਰ ਵਿਸ਼ੇ 'ਤੇ ਖੁੱਲ੍ਹ ਕੇ ਗੱਲ ਕਰਦਾ ਹੈ। ਉਨ੍ਹਾਂ ਨੇ ਆਪਣੀ ਹਮਲਾਵਰ ਤੇ ਧੜੱਲੇਦਾਰ ਬੋਲੀ ਸਦਕਾ ਲੋਕਾਂ ਨੂੰ ਆਪਣੇ ਪੱਖ ਵਿੱਚ ਕਰਕੇ 2016 ਦੇ ਵਿੱਚ ਹਿਲੇਰੀ ਕਲਿੰਟਨ ਨੂੰ ਹਰਾ ਕੇ ਜਿੱਤ ਪ੍ਰਾਪਤ ਕੀਤੀ ਸੀ ਪਰ 2020 ਦੀਆਂ ਰਾਸ਼ਟਰਪਤੀ ਚੋਣਾਂ ਵਿੱਚ ਟਰੰਪ ਜੋਅ ਬਾਇਡੇਨ ਤੋਂ ਹਾਰ ਗਏ ਸਨ।

ਭਾਵੇਂ ਕਿ ਉਹ ਆਪਣੀ ਬਿਆਨਬਾਜ਼ੀ ਕਰਕੇ ਸੁਰਖ਼ੀਆਂ ਦੇ ਵਿੱਚ ਰਹੇ, ਇਥੋਂ ਤਕ ਕਿ ਉਨ੍ਹਾਂ ਨੇ ਚੋਣ ਨਤੀਜਿਆਂ ਨੂੰ ਚੁਣੌਤੀ ਵੀ ਦਿੱਤੀ ਸੀ, ਧੋਖਾਧੜੀ ਦੇ ਦੋਸ਼ ਵੀ ਲਗਾਏ ਸੀ, ਜੋ ਕਿ ਸਾਬਤ ਨਹੀਂ ਸੀ ਹੋਏ।

ਦੁਨੀਆਂ ਭਰ ਦੇ ਨੇਤਾ ਟਰੰਪ ਨੂੰ ਵਧਾਈ ਸੰਦੇਸ਼ ਭੇਜ ਰਹੇ ਹਨ। ਇਸ ਲੰਬੀ ਲਿਸਟ ਦੇ ਵਿੱਚ ਯੂਕ੍ਰੇਨ ਦੇ ਰਾਸ਼ਟਰਪਤੀ ਜੈਲੇਂਸਕੀ ਨੇ ਵੀ ਵਧਾਈ ਦਿੱਤੀ। ਉਸ ਨੇ ਕਿਹਾ ਕਿ ਸਤੰਬਰ ਦੇ ਵਿੱਚ ਟਰੰਪ ਨੇ ਮੈਨੂੰ ਮਿਲਣ ਤੋਂ ਬਾਅਦ ਕਿਹਾ ਸੀ ਕਿ "ਇਹ ਯੁੱਧ ਜਲਦੀ ਹੀ ਸਮਾਪਤ ਹੋਣਾ ਚਾਹੀਦਾ ਹੈ ਕਿਉਂਕਿ ਯੂਕ੍ਰੇਨ ਅਤੇ ਉਸ ਦਾ ਰਾਸ਼ਟਰਪਤੀ ਬੜੀਆਂ ਮੁਸ਼ਕਿਲਾਂ ਦਾ ਸਾਹਮਣਾ ਕਰ ਰਿਹਾ ਹੈ। ਮੈਨੂੰ ਉਮੀਦ ਹੈ ਕਿ ਅਮਰੀਕਾ ਮਜ਼ਬੂਤੀ ਦੇ ਨਾਲ ਸਾਡੇ ਨਾਲ ਖੜੇਗਾ।"

ਮੁੱਕਦੀ ਗੱਲ ਇਹ ਹੈ ਕਿ ਇਸ ਜਿੱਤ ਦੇ ਵਿਚੋਂ ਹਰ ਕੋਈ ਆਪਣੇ ਹੱਕ ਵਿੱਚ ਭੁਗਤਣ ਵਾਲੀਆਂ ਸੰਭਾਵਨਾਵਾਂ ਲੱਭ ਰਿਹਾ ਹੈ।

## ਅਮਰੀਕਾ ਲਈ ਸੁਨਹਿਰੀ ਯੁੱਗ ਲਿਆਵਾਂਗਾ: ਟਰੰਪ

ਵਾਸ਼ਿੰਗਟਨ: ਅਮਰੀਕੀ ਰਾਸ਼ਟਰਪਤੀ ਚੋਣਾਂ ਵਿੱਚ ਸ਼ਾਨਦਾਰ ਜਿੱਤ ਹਾਸਲ ਕਰਨ ਮਗਰੋਂ ਟਰੰਪ ਆਪਣੇ ਸਮਰਥਕਾਂ ਵਿਚਕਾਰ ਪਹੁੰਚੇ ਅਤੇ ਉਨ੍ਹਾਂ ਨੂੰ ਸੰਬੋਧਨ ਕੀਤਾ। ਟਰੰਪ ਨੇ ਕਿਹਾ ਕਿ ਇਹ ਇਤਿਹਾਸ ਦਾ ਸਭ ਤੋਂ ਮਹਾਨ ਰਾਜਨੀਤਕ ਪਲ ਹੈ। ਇਸ ਦੌਰਾਨ ਉਨ੍ਹਾਂ ਨੇ ਅਮਰੀਕੀ ਲੋਕਾਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਹ ਜਿੱਤ ਅਦੁੱਤੀ ਅਤੇ ਇਤਿਹਾਸਕ ਹੈ। ਅਸੀਂ ਅਮਰੀਕਾ ਦੀ ਬਿਹਤਰੀ ਲਈ ਕੰਮ ਕਰਾਂਗੇ।

ਡੋਨਾਲਡ ਟਰੰਪ ਨੇ ਆਪਣੇ ਸਮਰਥਕਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਇਹ ਪਲ ਇਸ ਦੇਸ਼ ਨੂੰ ਫਿਰ ਤੋਂ ਮਜ਼ਬੂਤ ਕਰਨ 'ਚ ਮਦਦ ਕਰਨਗੇ। ਫ਼ਲੋਰੀਡਾ ਦੇ ਵੈਸਟ ਪਾਮ ਬੀਚ ਕਨਵੈਨਸ਼ਨ ਸੈਂਟਰ 'ਚ ਆਪਣੇ ਸੰਬੋਧਨ 'ਚ ਟਰੰਪ ਨੇ ਕਿਹਾ, 'ਮੈਂ ਹਰ ਰੋਜ਼ ਤੁਹਾਡੇ ਲਈ ਲੜਾਂਗਾ ਅਤੇ ਅਮਰੀਕਾ ਲਈ ਸੁਨਹਿਰੀ ਯੁੱਗ ਲਿਆਵਾਂਗਾ।' ਫ਼ੈਸਲਾਕੁੰਨ ਬੜ੍ਹਤ ਤੋਂ ਬਾਅਦ ਟਰੰਪ ਨੇ ਫ਼ਲੋਰਿਡਾ ਵਿੱਚ ਸਮਰਥਕਾਂ ਨੂੰ ਕਿਹਾ ਕਿ ਮੈਂ ਤੁਹਾਡਾ 47ਵਾਂ ਰਾਸ਼ਟਰਪਤੀ ਹਾਂ। ਅਜਿਹੀ ਸਿਆਸੀ ਜਿੱਤ ਪਹਿਲਾਂ ਕਦੇ ਨਹੀਂ ਦੇਖੀ ਗਈ। ਵੱਡੀ ਜਿੱਤ ਦੇ ਕੰਢੇ ਖੜ੍ਹੇ ਰਿਪਬਲਿਕਨ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਟਰੰਪ ਨੇ ਆਪਣੇ ਸਮਰਥਕਾਂ ਦਾ ਧੰਨਵਾਦ ਕਰਦਿਆਂ ਇਸ ਨੂੰ ਅਮਰੀਕੀ ਲੋਕਾਂ ਦੀ ਵੱਡੀ ਜਿੱਤ ਦੱਸਿਆ। ਰਿਪਬਲਿਕਨ ਚੋਣ ਮੁਹਿੰਮ ਨੂੰ ਹੁਣ ਤੱਕ ਦਾ ਸਭ ਤੋਂ ਵੱਡਾ ਸਿਆਸੀ ਅੰਦੋਲਨ ਦੱਸਦੇ ਹੋਏ ਟਰੰਪ ਨੇ ਕਿਹਾ ਕਿ ਅਸੀਂ ਆਪਣੇ ਦੇਸ਼ ਨੂੰ ਠੀਕ ਕਰਨ ਅਤੇ ਆਪਣੀਆਂ ਸਰਹੱਦਾਂ ਨੂੰ ਸੁਰੱਖਿਅਤ ਕਰਨ ਲਈ ਕੰਮ ਕਰਾਂਗੇ।

# ਆਸਟ੍ਰੇਲੀਆ ਨੇ ਕੈਨੇਡਾ 'ਚ ਸਿੱਖ ਕਾਰਕੁਨਾਂ ਨੂੰ ਨਿਸ਼ਾਨਾ ਬਣਾਏ ਜਾਣ ਦਾ ਮੁੱਦਾ ਚੁੱਕਿਆ

ਮੈਲਬਰਨ/ਏ.ਟੀ.ਨਿਊਜ਼: ਆਸਟ੍ਰੇਲੀਆ ਦੀ ਵਿਦੇਸ਼ ਮੰਤਰੀ ਨੇ ਆਪਣੇ ਭਾਰਤੀ ਹਮਰੁਤਬਾ (ਭਾਰਤ ਦੇ ਵਿਦੇਸ਼ ਮੰਤਰੀ ਐਸ ਜੈਸ਼ੰਕਰ) ਕੋਲ ਭਾਰਤ ਦੇ ਕੈਨੇਡਾ ਵਿੱਚ ਸਿੱਖ ਕਾਰਕੁਨਾਂ ਨੂੰ ਨਿਸ਼ਾਨਾ ਬਣਾਏ ਜਾਣ ਦਾ ਮੁੱਦਾ ਚੁੱਕਿਆ ਹੈ। ਵਿਦੇਸ਼ ਮੰਤਰੀ ਪੈਨੀ ਵੋਂਗ ਨੇ ਕਿਹਾ ਕਿ ਉਸਨੇ ਆਸਟ੍ਰੇਲੀਆ ਦੀ ਰਾਜਧਾਨੀ ਕੈਨਬਰਾ ਵਿੱਚ ਭਾਰਤੀ ਵਿਦੇਸ਼ ਮੰਤਰੀ ਐਸ ਜੈਸ਼ੰਕਰ ਨਾਲ ਕੈਨੇਡਾ ਦੇ ਦੋਸ਼ਾਂ ਬਾਰੇ ਚਰਚਾ ਕੀਤੀ ਹੈ।

ਭਾਰਤ ਨੇ ਕੈਨੇਡਾ ਦੇ ਇਸ ਦੋਸ਼ ਤੋਂ ਇਨਕਾਰ ਕੀਤਾ ਹੈ ਕਿ ਭਾਰਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕੈਨੇਡਾ ਅੰਦਰ ਸਿੱਖ ਕਾਰਕੁਨਾਂ ਨੂੰ ਨਿਸ਼ਾਨਾ ਬਣਾਉਣ ਦਾ ਹੁਕਮ ਦਿੱਤਾ ਸੀ। ਵੋਂਗ ਨੇ ਕਿਹਾ ਕਿ ਸਿੱਖ ਭਾਈਚਾਰੇ ਨੂੰ ਉਨ੍ਹਾਂ ਦਾ ਸੰਦੇਸ਼ ਇਹ ਸੀ ਕਿ ਲੋਕਾਂ ਨੂੰ ਆਸਟ੍ਰੇਲੀਆ ਵਿੱਚ ਸੁਰੱਖਿਅਤ ਅਤੇ ਸਤਿਕਾਰਤ ਹੋਣ ਦਾ ਅਧਿਕਾਰ ਹੈ, ਚਾਹੇ ਉਹ ਕੋਈ ਵੀ ਹੋਵੇ।

ਵੋਂਗ ਨੇ ਜੈਸ਼ੰਕਰ ਨਾਲ ਇੱਕ ਨਿਊਜ਼ ਕਾਨਫਰੰਸ ਵਿੱਚ ਕਿਹਾ ਕਿ ਅਸੀਂ ਜਾਂਚ ਅਧੀਨ ਦੋਸ਼ਾਂ ਬਾਰੇ ਆਪਣੀਆਂ ਚਿੰਤਾਵਾਂ ਸਪੱਸ਼ਟ ਕਰ ਦਿੱਤੀਆਂ ਹਨ। ਅਸੀਂ ਕਿਹਾ ਹੈ ਕਿ ਅਸੀਂ ਕੈਨੇਡਾ ਦੀ ਨਿਆਂਇਕ ਪ੍ਰਕਿਰਿਆ ਦਾ ਸਨਮਾਨ ਕਰਦੇ ਹਾਂ। ਉਸਨੇ ਅੱਗੇ ਕਿਹਾ ਕਿ ਅਸੀਂ ਆਪਣੇ ਵਿਚਾਰ ਭਾਰਤ ਤੱਕ ਪਹੁੰਚਾਉਂਦੇ ਹਾਂ ਜਿਵੇਂ ਕਿ ਤੁਸੀਂ ਸਾਡੇ ਤੋਂ ਉਮੀਦ ਕਰਦੇ ਹੋ ਅਤੇ ਸਾਡੇ ਕੋਲ ਕਾਨੂੰਨ ਦੇ ਸ਼ਾਸਨ ਅਤੇ ਨਿਆਂਪਾਲਿਕਾ ਦੀ ਆਜ਼ਾਦੀ



ਅਤੇ ਸਪੱਸ਼ਟ ਤੌਰ 'ਤੇ ਸਾਰੇ ਦੇਸ਼ਾਂ ਦੀ ਪ੍ਰਭੂਸੱਤਾ ਵਰਗੇ ਮਾਮਲਿਆਂ ਦੇ ਸਬੰਧ ਵਿੱਚ ਇੱਕ ਸਿਧਾਂਤਕ ਸਥਿਤੀ ਹੈ।

ਜੈਸ਼ੰਕਰ ਨੇ ਕਿਹਾ ਕਿ ਕੈਨੇਡਾ ਨੇ ਭਾਰਤੀ ਡਿਪਲੋਮੈਟਾਂ ਨੂੰ ਨਿਗਰਾਨੀ ਹੇਠ ਰੱਖਿਆ ਹੈ, ਜੋ 'ਅਸਵੀਕਾਰਨਯੋਗ' ਸੀ। ਉਨ੍ਹਾਂ ਕਿਹਾ ਕਿ ਕੈਨੇਡਾ ਨੇ ਸਪੱਸ਼ਟੀਕਰਨ ਦਿੱਤੇ ਬਿਨਾਂ ਦੋਸ਼ ਲਗਾਉਣ ਦਾ ਇੱਕ ਪੈਟਰਨ ਵਿਕਸਤ ਕੀਤਾ ਹੈ। ਫਾਈਵ ਆਈਜ਼ ਗਠਜੋੜ ਦੇ ਮੈਂਬਰਾਂ ਵਜੋਂ ਆਸਟ੍ਰੇਲੀਆ ਦੇ ਕੈਨੇਡਾ ਨਾਲ ਨਜ਼ਦੀਕੀ ਖ਼ੁਫੀਆ ਜਾਣਕਾਰੀ ਸਾਂਝੇ ਕਰਨ ਵਾਲੇ ਸਬੰਧ ਹਨ, ਜਿਸ ਵਿੱਚ ਸੰਯੁਕਤ ਰਾਜ, ਬ੍ਰਿਟੇਨ ਅਤੇ ਨਿਊਜ਼ੀਲੈਂਡ ਵੀ ਸ਼ਾਮਲ ਹਨ। ਹਫ਼ਤੇ ਦੇ ਅੰਤ ਵਿੱਚ ਭਾਰਤ ਨੇ ਅਧਿਕਾਰਤ ਤੌਰ 'ਤੇ ਕੈਨੇਡਾ ਦੇ ਸਿੱਖ ਕਾਰਕੁਨਾਂ ਨੂੰ ਨਿਸ਼ਾਨਾ ਬਣਾਏ ਜਾਣ ਦੇ ਦੋਸ਼ਾਂ ਨੂੰ 'ਬੇਤੁਕਾ ਅਤੇ ਬੇਬੁਨਿਆਦ' ਕਰਾਰ ਦਿੱਤਾ।

ਜੈਸ਼ੰਕਰ ਨੇ ਕੈਨੇਡਾ ਵਿੱਚ ਟੋਰਾਂਟੋ ਨੇੜੇ ਇੱਕ ਹਿੰਦੂ ਮੰਦਰ ਵਿੱਚ ਭੰਨ-ਤੋੜ ਦੀਆਂ ਰਿਪੋਰਟਾਂ ਨੂੰ ਵੀ ਡੂੰਘਾ ਚਿੰਤਾਜਨਕ ਕਰਾਰ ਦਿੱਤਾ। ਸੋਸ਼ਲ ਮੀਡੀਆ 'ਤੇ ਵਿਡੀਓਜ਼ ਵਿੱਚ ਪੀਲੇ ਝੰਡੇ ਲੈ ਕੇ ਪ੍ਰਦਰਸ਼ਨਕਾਰੀਆਂ ਨੂੰ ਮੰਦਰ ਕੰਪਲੈਕਸ ਦੇ ਅੰਦਰ ਭਾਰਤ ਦਾ ਰਾਸ਼ਟਰੀ ਝੰਡਾ ਫੜੇ ਹੋਏ ਹੋਰਨਾਂ ਨਾਲ ਝੜਪ ਕਰਦੇ ਦੇਖਿਆ ਜਾ ਸਕਦਾ ਹੈ।

ਭਾਰਤੀ ਕੌਂਸਲਰ ਅਧਿਕਾਰੀ ਮੰਦਰ ਦਾ ਦੌਰਾ ਕਰ ਰਹੇ ਸਨ ਜਿੱਥੇ ਝੜਪ ਸ਼ੁਰੂ ਹੋ ਗਈ। ਇਹ ਅਸਪਸ਼ਟ ਸੀ ਕਿ ਹਿੰਸਾ ਕਿਵੇਂ ਸ਼ੁਰੂ ਹੋਈ। ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਮੰਦਰ ਵਿੱਚ ਹੋਈ ਹਿੰਸਾ ਨੂੰ ਅਸਵੀਕਾਰਨਯੋਗ ਕਿਹਾ ਅਤੇ ਕਿਹਾ ਕਿ ਹਰ ਕੈਨੇਡੀਅਨ ਨੂੰ ਅਜ਼ਾਦੀ ਅਤੇ ਸੁਰੱਖਿਅਤ ਢੰਗ ਨਾਲ ਆਪਣੇ ਵਿਸ਼ਵਾਸ ਦਾ ਅਭਿਆਸ ਕਰਨ ਦਾ ਅਧਿਕਾਰ ਹੈ।

ਟਰੂਡੋ ਵੱਲੋਂ ਪਿਛਲੇ ਸਾਲ ਕੈਨੇਡਾ ਵਿੱਚ ਸਿੱਖ ਕਾਰਕੁਨ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਨਾਲ ਭਾਰਤ ਸਰਕਾਰ ਦੇ ਸਬੰਧ ਹੋਣ ਦੇ ਭਰੋਸੇਯੋਗ ਦੋਸ਼ ਲਾਏ ਜਾਣ ਤੋਂ ਬਾਅਦ ਦੋਵਾਂ ਦੇਸ਼ਾਂ ਦੇ ਸਬੰਧਾਂ ਵਿੱਚ ਖਟਾਸ ਆ ਗਈ ਸੀ।

# ਘੱਲੂਘਾਰਾ ਨਵੰਬਰ 1984 ਦੇ 40 ਸਾਲ ਬਾਅਦ ਵੀ ਦਿੱਲੀ ਦੀ ਵਿਧਵਾ ਕਾਲੋਨੀ ਦੇ ਜ਼ਖ਼ਮ ਅਜੇ ਵੀ ਤਾਜ਼ਾ ਨੇ

## ਪੀੜ੍ਹਤ ਪਰਿਵਾਰਾਂ ਨੇ ਮੁਆਵਜ਼ੇ ਅਤੇ ਰੁਜ਼ਗਾਰ ਲਈ ਲੜੀ ਲੰਬੀ ਲੜਾਈ

### ਆਪਣੇ ਪਰਿਵਾਰਕ ਮੈਂਬਰਾਂ ਦੇ ਕਤਲ ਤੋਂ ਬਾਅਦ ਨਿਰਮਲ ਕੌਰ ਅਤੇ ਪੱਪੀ ਨੂੰ ਇਨਸਾਫ਼ ਦੀ ਉਮੀਦ



ਸਿੱਖ ਨਸਲਕੁਸ਼ੀ ਨਵੰਬਰ '84 ਦੀ ਹਰ ਵਰ੍ਹੇਗੰਢ 'ਤੇ ਸਿੱਖ ਭਾਈਚਾਰਾ ਉਮੀਦ ਕਰਦਾ ਸੀ ਕਿ ਆਉਣ ਵਾਲੇ ਸਾਲ ਵਿੱਚ ਨਿਆਂ ਜ਼ਰੂਰ ਮਿਲੇਗਾ ਪਰ ਪਿਛਲੇ ਸਾਲ ਵੀ ਭਾਰਤੀ ਰਾਜ ਨੇ ਉਹੀ ਅਪਰਾਧਿਕ ਰਵੱਈਆ ਅਪਣਾਇਆ ਸੀ ਕਿ ਸਿੱਖਾਂ ਨਾਲ ਇਨਸਾਫ਼ ਨਹੀਂ ਕੀਤਾ। ਪਰ ਸਿੱਖ ਭਾਈਚਾਰਾ ਇੱਕ ਵਾਰ ਫਿਰ ਅੰਨ੍ਹੇ, ਗੂੰਗੇ ਅਤੇ ਬੋਲ਼ੇ ਰਾਜ ਨੂੰ ਸ਼ਰਮਸਾਰ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਪ੍ਰਧਾਨ ਮੰਤਰੀ ਮੋਦੀ, ਜੋ ਕਾਂਗਰਸ ਨੂੰ ਕਟਹਿਰੇ ਵਿੱਚ ਖੜ੍ਹਾ ਕਰਨ ਲਈ ਘੱਟੋ-ਘੱਟ ਚੋਣਾਂ ਦੌਰਾਨ ਇਸ ਮੁੱਦੇ ਨੂੰ ਉਠਾਉਂਦੇ ਸਨ, 2024 ਦੀਆਂ ਸੰਸਦੀ ਚੋਣਾਂ ਵਿੱਚ ਇਸ ਮੁੱਦੇ 'ਤੇ ਪੂਰੀ ਤਰ੍ਹਾਂ ਚੁੱਪ ਰਹੇ। ਇਸ ਤਰ੍ਹਾਂ 1984 ਦੇ ਦੇਸ਼ ਵਿਆਪੀ ਸਿੱਖ ਕਤਲੇਆਮ ਦੇ ਕਾਤਲਾਂ ਦੀ ਸ਼ਨਾਖ਼ਤ ਕਰਨ ਦੀ, ਉਨ੍ਹਾਂ ਨੂੰ ਸਜ਼ਾਵਾਂ ਦੇਣ ਦੀ ਤਾਂ ਕੋਈ ਆਸ ਨਹੀਂ ਬਚੀ। ਦਿੱਲੀ ਵਿੱਚ ਕੇਜਰੀਵਾਲ ਦੀ ਅਗਵਾਈ ਵਾਲੀ 'ਆਪ' ਪਾਰਟੀ ਦੀ ਸਥਾਨਕ ਸਰਕਾਰ ਵੀ ਇਸ ਮੁੱਦੇ 'ਤੇ ਚੁੱਪ ਹੈ।

ਤਾਜ਼ਾ ਸ਼ਰਮਨਾਕ ਸਥਿਤੀ ਬਾਰੇ ਜਾਣਕਾਰੀ ਦਿੰਦਿਆਂ ਭਾਰਤ ਦੇ ਪ੍ਰਸਿੱਧ ਵਕੀਲ ਐਚ.ਐਸ. ਫੂਲਕਾ, ਜੋ ਕਿ ਦਿੱਲੀ ਵਿੱਚ ਸਿੱਖ ਪੀੜਤਾਂ ਨੂੰ ਨਿਰਸਵਾਰਥ ਢੰਗ ਨਾਲ ਕਾਨੂੰਨੀ ਸਹਾਇਤਾ ਪ੍ਰਦਾਨ ਕਰ ਰਹੇ ਹਨ, ਨੇ ਦੱਸਿਆ ਕਿ ਦਿੱਲੀ ਵਿੱਚ ਸਰਕਾਰੀ ਅੰਕੜਿਆਂ ਅਨੁਸਾਰ 2,700 ਸਿੱਖ ਮਾਰੇ ਗਏ। ਨਾਗਰਿਕ ਅਧਿਕਾਰ ਸੰਗਠਨਾਂ ਅਨੁਸਾਰ, ਲਗਭਗ 3,000 ਮਾਰੇ ਗਏ ਸਨ। ਪਰ ਸਾਨੂੰ ਇਨਸਾਫ਼ ਮਿਲਣ ਦੀ ਆਸ ਵੀ ਨਹੀਂ ਹੈ। ਦਿੱਲੀ ਵਿੱਚ ਸਿੱਖ ਕਤਲੇਆਮ ਦੀ 40ਵੀਂ ਵਰ੍ਹੇਗੰਢ ਮੌਕੇ ਉਨ੍ਹਾਂ ਕਿਹਾ, ਹੱਤਿਆਵਾਂ ਦੀ ਜਾਂਚ ਲਈ ਗਠਿਤ ਕਮਿਸ਼ਨਾਂ ਅਤੇ ਕਮੇਟੀਆਂ ਦੀ ਗਿਣਤੀ ਦੋਸ਼ੀ ਠਹਿਰਾਏ ਜਾਣ ਦੀ ਗਿਣਤੀ ਤੋਂ ਵੱਧ ਹੈ। ਅਜਿਹਾ ਹੀ ਇੱਕ ਕਮਿਸ਼ਨ ਸੀ ਜੀਟੀ ਨਾਨਾਵਤੀ ਕਮਿਸ਼ਨ, ਜੋ ਕਿ 2005 ਵਿੱਚ ਅਟਲ ਬਿਹਾਰੀ ਵਾਜਪਾਈ ਦੀ ਅਗਵਾਈ ਵਾਲੀ ਐਨ.ਡੀ.ਏ. ਸਰਕਾਰ ਦੁਆਰਾ ਸਥਾਪਤ ਕੀਤਾ ਗਿਆ ਸੀ। ਇਸ ਦੀ ਰਿਪੋਰਟ ਮੁਤਾਬਕ ਦਿੱਲੀ ਵਿੱਚ ਹੋਏ ਕਤਲੇਆਮ ਦੇ ਸਬੰਧ ਵਿੱਚ 587 ਐਫ਼.ਆਈ.ਆਰ. ਦਰਜ ਕੀਤੀਆਂ ਗਈਆਂ ਸਨ। ਜਦੋਂ ਕਿ ਇਹਨਾਂ ਵਿੱਚੋਂ 241 ਨੂੰ ਅਣਪਛਾਤੇ ਵਜੋਂ ਦਾਇਰ ਕੀਤਾ ਗਿਆ ਹੈ, 253 ਨੂੰ ਬਰੀ ਕਰ ਦਿੱਤਾ ਗਿਆ ਹੈ। ਬਾਕੀਆਂ ਵਿੱਚੋਂ 40 ਐਫ਼.ਆਈ.ਆਰ. ਸੁਣਵਾਈ ਅਧੀਨ ਹਨ ਅਤੇ ਇੱਕ ਦੀ ਜਾਂਚ ਲੰਬਿਤ ਹੈ। 11 ਐਫ਼.ਆਈ.ਆਰ. ਰੱਦ ਕਰ ਦਿੱਤੀਆਂ ਗਈਆਂ ਹਨ ਅਤੇ 11 ਹੋਰ ਐਫ਼.ਆਈ.ਆਰਜ਼. ਦੇ ਮੁਲਜ਼ਮਾਂ ਨੂੰ ਬਰੀ ਕਰ ਦਿੱਤਾ ਗਿਆ ਹੈ। ਤਿੰਨ ਕੇਸ ਵਾਪਸ ਲੈ ਲਏ ਗਏ ਹਨ। ਅੱਜ ਤੱਕ, ਸਿਰਫ਼ 27 ਮਾਮਲਿਆਂ ਵਿੱਚ ਹੀ ਦੋਸ਼ੀ ਠਹਿਰਾਏ ਗਏ ਹਨ। ਇਨ੍ਹਾਂ ਵਿੱਚੋਂ ਸਿਰਫ਼ 12 ਨੂੰ ਹੀ ਕਤਲ ਦੇ ਮਾਮਲਿਆਂ ਵਿੱਚ ਦੋਸ਼ੀ ਠਹਿਰਾਇਆ ਗਿਆ ਹੈ।

ਹੁਣ ਤੱਕ 11 ਜਾਂਚ ਕਮਿਸ਼ਨ ਬਣਾਏ ਜਾ ਚੁੱਕੇ ਹਨ ਅਤੇ ਇਹ ਸਿਲਸਿਲਾ ਖਤਮ ਹੋਣ ਦੀ ਕੋਈ ਉਮੀਦ ਨਹੀਂ ਹੈ। ਭਾਰਤੀ ਰਾਜ ਲਈ ਇਹ ਪਰੰਪਰਾ ਬਣ ਗਈ ਹੈ ਕਿ ਜਦੋਂ ਵੀ ਪੰਜਾਬ ਅਤੇ ਦਿੱਲੀ (ਜਿੱਥੇ ਵੱਡੀ ਗਿਣਤੀ ਵਿੱਚ ਸਿੱਖ ਵੋਟਰ ਹਨ) ਵਿੱਚ ਚੋਣਾਂ ਹੋਣੀਆਂ ਹੁੰਦੀਆਂ ਹਨ ਤਾਂ ਨਵੇਂ ਕਮਿਸ਼ਨ ਦਾ ਐਲਾਨ ਕਰ ਦਿੱਤਾ ਜਾਂਦਾ ਹੈ ਜਾਂ ਮਾਰੇ ਗਏ ਸਿੱਖਾਂ ਦੇ ਪਰਿਵਾਰਾਂ ਨੂੰ ਕੁਝ ਮੁਆਵਜ਼ਾ ਦੇਣ ਦਾ ਐਲਾਨ ਕਰ ਦਿੱਤਾ ਜਾਂਦਾ ਹੈ।

**ਦਿੱਲੀ ਦੀ ਵਿਧਵਾ ਕਲੋਨੀ ਭਾਰਤ 'ਤੇ ਕਲੰਕ**

1984 ਦੇ ਸਿੱਖ ਕਤਲੇਆਮ ਨੂੰ 40 ਸਾਲ ਬੀਤ ਚੁੱਕੇ ਹਨ। ਇਸ ਦੌਰਾਨ ਇੱਕ ਪੂਰੀ ਪੀੜ੍ਹੀ ਲੰਘ ਗਈ। ਪਰ ਉਨ੍ਹਾਂ ਦੀਆਂ ਅੱਖਾਂ ਸਾਹਮਣੇ ਉਨ੍ਹਾਂ ਦੇ ਆਪਣੇ ਹੀ ਪਰਿਵਾਰਾਂ ਦਾ ਕਤਲੇਆਮ ਕੀਤਾ ਗਿਆ ਅਤੇ ਸਮੇਂ ਦਾ ਇਹ ਮਲ੍ਹਮ ਵੀ ਉਹਨਾਂ ਦੇ ਜ਼ਖ਼ਮਾਂ ਨੂੰ ਭਰਨ ਵਿੱਚ ਅਸਫ਼ਲ ਰਿਹਾ ਹੈ। ਕਤਲੇਆਮ ਦੇ ਕੁਝ ਚਸ਼ਮਦੀਦ ਗਵਾਹ ਬਚੇ ਹਨ ਜੋ ਦੱਸਦੇ ਹਨ ਕਿ ਕਿਵੇਂ ਫਿਰਕੂ ਗੁੰਡਿਆਂ ਨੇ ਹਰ ਘਰ ਤੋਂ ਆਦਮੀਆਂ ਨੂੰ ਬਾਹਰ ਕੱਢਿਆ ਅਤੇ ਉਨ੍ਹਾਂ ਦਾ ਕਤਲੇਆਮ ਕੀਤਾ। ਉਸ ਨੇ ਘਰ ਦੀਆਂ ਔਰਤਾਂ ਅਤੇ ਕੁੜੀਆਂ ਨੂੰ ਜਿਉਂਦਾ ਛੱਡ ਦਿੱਤਾ। (**ਬਾਕੀ ਸਫ਼ਾ** 30 'ਤੇ)



## '84 ਸਿੱਖ ਨਸਲਕੁਸ਼ੀ ਲਈ ਪੀੜਤਾਂ ਤੋਂ ਮੁਆਫ਼ੀ ਮੰਗੇ ਸੁਪਰੀਮ ਕੋਰਟ: ਫੂਲਕਾ



1984 ਦੇ ਸਿੱਖ ਨਸਲਕੁਸ਼ੀ ਦੇ ਪੀੜਤਾਂ ਨੂੰ ਇਨਸਾਫ਼ ਦਿਵਾਉਣ ਲਈ ਲਗਾਤਾਰ ਸੰਘਰਸ਼ ਕਰ ਰਹੇ ਸੀਨੀਅਰ ਵਕੀਲ ਐੱਚ.ਐੱਸ. ਫੂਲਕਾ ਨੇ ਮੰਗ ਕੀਤੀ ਹੈ ਕਿ ਕੌਮੀ ਰਾਜਧਾਨੀ ਵਿੱਚ ਸਿੱਖ ਕਤਲੇਆਮ ਪ੍ਰਤੀ ਅੱਖਾਂ ਬੰਦ ਕਰਕੇ ਰੱਖਣ ਲਈ ਸੁਪਰੀਮ ਕੋਰਟ ਨੂੰ ਮੁਆਫ਼ੀ ਮੰਗਣੀ ਚਾਹੀਦੀ ਹੈ। ਸਿੱਖ ਕਤਲੇਆਮ ਦੀ 40ਵੀਂ ਬਰਸੀ ਮੌਕੇ ਇਥੇ ਪ੍ਰੈੱਸ ਕਾਨਫ਼ਰੰਸ ਨੂੰ ਸੰਬੋਧਨ ਕਰਦਿਆਂ ਫੂਲਕਾ ਨੇ ਕਿਹਾ ਕਿ ਸੁਪਰੀਮ ਕੋਰਟ 33 ਸਾਲਾਂ ਮਗਰੋਂ ਹਰਕਤ 'ਚ ਆਈ, ਜਦੋਂ ਜਸਟਿਸ ਦੀਪਕ ਮਿਸ਼ਰਾ ਦੀ ਅਗਵਾਈ ਹੇਠਲੇ ਬੈਂਚ ਨੇ ਮਾਮਲੇ ਦੀ ਪੜਤਾਲ ਲਈ ਵਿਸ਼ੇਸ਼ ਜਾਂਚ ਟੀਮ ਕਾਇਮ ਕਰਨ ਦੇ ਹੁਕਮ ਦਿੱਤੇ, ਜਿਸ ਮਗਰੋਂ ਕਈ ਕੇਸ ਦੁਬਾਰਾ ਤੋਂ ਖੁੱਲ੍ਹੇ। ਉਨ੍ਹਾਂ ਕਿਹਾ ਕਿ ਸਿੱਖ ਕਤਲੇਆਮ ਦੀ ਜਾਂਚ ਲਈ ਕਈ ਕਮਿਸ਼ਨ ਬਣਾਏ ਪਰ ਪੀੜਤ ਹਾਲੇ ਵੀ ਇਨਸਾਫ਼ ਦੀ ਉਡੀਕ ਕਰ ਰਹੇ ਹਨ ਕਿਉਂਕਿ ਕਈ ਮੁਲਜ਼ਮਾਂ ਨੂੰ ਨਿਆਂ ਦੇ ਘੇਰੇ ਹੇਠ ਲਿਆਉਣਾ ਬਾਕੀ ਹੈ। ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ 31 ਅਕਤੂਬਰ, 1984 ਨੂੰ ਹੱਤਿਆ ਮਗਰੋਂ ਦਿੱਲੀ 'ਚ ਸਿੱਖਾਂ ਦਾ ਕਤਲੇਆਮ ਹੋਇਆ ਸੀ ਅਤੇ ਕਰੀਬ 3 ਹਜ਼ਾਰ ਵਿਅਕਤੀ ਮਾਰੇ ਗਏ ਸਨ। ਦਿੱਲੀ ਹਾਈ ਕੋਰਟ ਨੇ 17 ਦਸੰਬਰ, 2018 ਨੂੰ ਕਾਂਗਰਸ ਆਗੂ ਅਤੇ ਸਾਬਕਾ ਸੰਸਦ ਮੈਂਬਰ ਸੱਜਣ ਕੁਮਾਰ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਉਸ ਨੇ ਸਜ਼ਾ ਖ਼ਿਲਾਫ਼ ਸੁਪਰੀਮ ਕੋਰਟ 'ਚ ਪਟੀਸ਼ਨ ਦਾਖ਼ਲ ਕੀਤੀ ਹੋਈ ਹੈ। ਦਿੱਲੀ ਦੀ ਅਦਾਲਤ ਨੇ 13 ਸਤੰਬਰ ਨੂੰ ਇਕ ਹੋਰ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਖ਼ਿਲਾਫ਼ ਦੋਸ਼ ਆਇਦ ਕੀਤੇ ਹਨ। ਟਾਈਟਲਰ 'ਤੇ ਪੁਲ ਬੰਗਸ਼ ਇਲਾਕੇ 'ਚ ਤਿੰਨ ਸਿੱਖਾਂ ਦੀ ਹੱਤਿਆ ਲਈ ਭੀੜ ਨੂੰ ਭੜਕਾਉਣ ਦਾ ਦੋਸ਼ ਹੈ। ਟਾਈਟਲਰ ਨੇ ਦੋਸ਼ਾਂ ਨੂੰ ਦਿੱਲੀ ਹਾਈ ਕੋਰਟ 'ਚ ਚੁਣੌਤੀ ਦਿੱਤੀ ਹੈ। ਉਸ ਦੀ ਪਟੀਸ਼ਨ 'ਤੇ 29 ਨਵੰਬਰ ਨੂੰ ਸੁਣਵਾਈ ਹੋਵੇਗੀ।

## ਕਿਸਾਨਾਂ ਵੱਲੋਂ '84 ਸਿੱਖ ਨਸਲਕੁਸ਼ੀ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਸੂਬੇ ਭਰ ਵਿੱਚ ਰੋਸ ਵਿਖਾਵੇ




ਕਿਰਤੀ ਕਿਸਾਨ ਯੂਨੀਅਨ ਵੱਲੋਂ 1984 ਦੇ ਸਿੱਖ ਨਸਲਕੁਸ਼ੀ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਅਤੇ ਦੇਸ਼ ਵਿੱਚ ਘੱਟ ਗਿਣਤੀਆਂ ਨੂੰ ਨਿਸ਼ਾਨਾ ਬਣਾਏ ਜਾਣ ਵਿਰੁੱਧ ਅੱਜ ਸੂਬੇ ਵਿੱਚ ਵੱਖ-ਵੱਖ ਥਾਂਵਾਂ ਤੇ ਰੋਸ ਪ੍ਰਦਰਸ਼ਨ ਕੀਤੇ। ਸੂਬਾ ਦਫ਼ਤਰ ਵਿਖੇ ਪ੍ਰਾਪਤ ਰਿਪੋਰਟਾਂ ਅਨੁਸਾਰ ਸਮਾਣਾ, ਪਾਤੜਾਂ, ਭੰਡਾਲ ਬੇਟ ਅਤੇ ਕਾਲਾ ਸੰਘਿਆ (ਕਪੂਰਥਲਾ), ਗੁਰੂ ਕਾ ਬਾਗ (ਅੰਮ੍ਰਿਤਸਰ), ਸਾਦਿਕ, ਗੁਰਦਾਸਪੁਰ ਅਤੇ ਬਹਾਦਰਪੁਰ (ਸੰਗਰੂਰ) ਵਿਖੇ ਕਿਸਾਨਾਂ ਨੇ ਮੁਜ਼ਾਹਰੇ ਕਰਕੇ ਪੀੜਤਾਂ ਨੂੰ 40 ਸਾਲ ਬੀਤ ਜਾਣ ਦੇ ਬਾਵਜੂਦ ਨਿਆਂ ਨਾ ਦੇਣ ਅਤੇ ਹਿੰਦੂਤਵੀ ਫ਼ਾਸ਼ੀਵਾਦੀ ਮੁਹਿੰਮ ਵਿਰੁੱਧ ਜ਼ੋਰਦਾਰ ਆਵਾਜ਼ ਬੁਲੰਦ ਕੀਤੀ।

ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਨਿਰਭੈ ਸਿੰਘ ਢੁੱਡੀਕੇ, ਜਨਰਲ ਸਕੱਤਰ ਰਜਿੰਦਰ ਸਿੰਘ ਦੀਪ ਸਿੰਘ ਵਾਲਾ ਤੇ ਪ੍ਰੈਸ ਸਕੱਤਰ ਰਮਿੰਦਰ ਸਿੰਘ ਪਟਿਆਲਾ ਨੇ ਕਿਹਾ ਨੇ ਸਿੱਖ ਨਸਲਕੁਸ਼ੀ ਦੇ 40 ਸਾਲ ਬੀਤ ਜਾਣ ਬਾਅਦ ਵੀ ਪੀੜਤਾਂ ਨੂੰ ਇਨਸਾਫ਼ ਨਹੀਂ ਮਿਲਿਆ ਤੇ ਨਾ ਹੀ ਭਾਰਤੀ ਹਾਕਮਾਂ ਨੇ ਘੱਟ ਗਿਣਤੀਆਂ ਪ੍ਰਤੀ ਆਪਣੀ ਸਮਝ ਵਿੱਚ ਕੋਈ ਤਬਦੀਲੀ ਕੀਤੀ ਹੈ। ਉਨ੍ਹਾਂ ਕਿਹਾ ਕਿ 1984 ਵਿੱਚ ਜਿਸ ਤਰ੍ਹਾਂ ਦੇਸ਼ ਦੇ ਕੁੱਝ ਹਿੱਸਿਆਂ ਵਿੱਚ ਕੇਂਦਰ ਦੀ ਕਾਂਗਰਸ ਸਰਕਾਰ ਦੀ ਸ਼ਹਿ 'ਤੇ ਗਿਣ ਮਿਥ ਕੇ ਸਿੱਖਾਂ ਦਾ ਕਤਲੇਆਮ, ਧੀਆਂ ਭੈਣਾਂ ਦੀ ਬੇਪਤੀ ਸਮੇਤ ਕਰੋੜਾਂ ਅਰਬਾਂ ਦੀ ਜਾਇਦਾਦ ਬਰਬਾਦ ਕੀਤੀ ਗਈ ਉਹ ਮੁਲਕ ਦੀ ਅਖੌਤੀ ਜਮਹੂਰੀਅਤ ਦੇ ਚਿਹਰੇ ਤੋਂ ਕਦੇ ਵੀ ਨਾ ਉੱਤਰਨ ਵਾਲਾ ਕਲੰਕ ਹੈ।

ਉਨ੍ਹਾਂ ਕਿਹਾ ਕਿ ਇਸ ਸਿੱਖ ਨਸਲਕੁਸ਼ੀ ਦੀ ਮੁਹਿੰਮ ਵਿੱਚ ਕਾਂਗਰਸ ਸਮੇਤ ਸੰਘ ਪਰਿਵਾਰ ਦੇ ਕਰਿੰਦੇ ਵੀ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਏ ਜਿਹਨਾਂ 'ਤੇ ਹੋਏ ਪਰਚੇ ਭਾਜਪਾ ਨੇ ਸੱਤਾ ਵਿੱਚ ਆਉਂਦਿਆਂ ਸਹਿਜੇ ਸਹਿਜੇ ਖ਼ਤਮ ਕਰ ਦਿੱਤੇ। ਉਨ੍ਹਾਂ ਕਿਹਾ ਕਿ ਕਤਲੇਆਮ ਵਿੱਚ ਸ਼ਾਮਲ ਰਹੇ ਜਗਦੀਸ਼ ਟਾਈਟਲਰ ਵਰਗੇ ਤਾਕਤਵਰ (**ਬਾਕੀ ਸਫ਼ਾ** 30 'ਤੇ)

## ਉਪ ਰਾਜਪਾਲ ਨੇ '84 ਸਿੱਖ ਨਸਲਕੁਸ਼ੀ ਪੀੜ੍ਹਤਾਂ ਨੂੰ ਨੌਕਰੀਆਂ ਵਿੱਚ ਢਿੱਲ ਦੇਣ ਨੂੰ ਦਿੱਤੀ ਮਨਜ਼ੂਰੀ



ਦਿੱਲੀ ਸਿੱਖ ਕਤਲੇਆਮ ਦੇ ਉਪ-ਰਾਜਪਾਲ ਵੀ.ਕੇ. ਸਕਸੈਨਾ ਨੇ 1984 ਦੇ ਸਿੱਖ ਨਸਲਕੁਸ਼ੀ ਦੇ ਪੀੜਤਾਂ ਨੂੰ ਮਲਟੀ ਟਾਸਕਿੰਗ ਸਟਾਫ਼ (ਐਮ. ਟੀ. ਐਸ.) ਦੇ ਅਹੁਦੇ 'ਤੇ ਭਰਤੀ ਕਰਨ ਲਈ ਯੋਗਤਾ 'ਚ ਢਿੱਲ ਦੇਣ ਨੂੰ ਮਨਜ਼ੂਰੀ ਦੇ ਦਿੱਤੀ ਹੈ । ਇਹ ਜਾਣਕਾਰੀ ਰਾਜ ਨਿਵਾਸ ਨੇ ਇੱਕ ਬਿਆਨ ਵਿੱਚ ਦਿੱਤੀ ਹੈ। ਐਲ.ਜੀ. ਦੀ ਮਨਜ਼ੂਰੀ ਨਾਲ ਐਮ.ਟੀ.ਐਸ. ਦੇ ਅਹੁਦੇ ਲਈ ਘੱਟੋ-ਘੱਟ ਵਿੱਦਿਅਕ ਯੋਗਤਾ ਨੂੰ 10ਵੀਂ ਜਮਾਤ ਤੋਂ 8ਵੀਂ ਜਮਾਤ ਤੱਕ ਢਿੱਲ ਦਿੱਤੀ ਗਈ ਹੈ, ਜਿਸ ਨਾਲ ਵੱਡੀ ਗਿਣਤੀ ਵਿੱਚ ਉਮੀਦਵਾਰਾਂ ਨੂੰ ਨੌਕਰੀ ਲਈ ਯੋਗ ਬਣਾਇਆ ਗਿਆ ਹੈ । ਅਧਿਕਾਰੀਆਂ ਅਨੁਸਾਰ ਦਹਾਕਿਆਂ ਤੋਂ ਲੰਬਿਤ ਇਸ ਫ਼ੈਸਲੇ ਨਾਲ ਅਹੁਦੇ ਲਈ ਯੋਗ ਬਣ ਕੇ ਉਮੀਦਵਾਰਾਂ ਦੇ ਇਕ ਵੱਡੇ ਪੂਲ ਨੂੰ ਨੌਕਰੀ ਪ੍ਰਾਪਤ ਕਰਨ ਦੇ ਯੋਗ ਬਣਾਇਆ ਜਾਵੇਗਾ। ਸਕਸੈਨਾ ਨੇ ਸਬੰਧਿਤ ਵਿਭਾਗਾਂ ਨੂੰ ਮਨੁੱਖੀ ਆਧਾਰ 'ਤੇ ਮਿਜ਼ਕ ਜਾਂ ਬਿਨੈਕਾਰਾਂ ਦੇ ਬੱਚਿਆਂ ਨੂੰ ਰੁਜ਼ਗਾਰ ਮੁਹੱਈਆ ਕਰਾਉਣ ਦੀਆਂ ਸੰਭਾਵਨਾਵਾਂ ਦਾ ਪਤਾ ਲਗਾਉਣ ਲਈ ਵੀ ਨਿਰਦੇਸ਼ ਦਿੱਤੇ ਹਨ ।ਐਲ.ਜੀ. ਨੇ ਮਾਲ ਵਿਭਾਗ ਦੁਆਰਾ ਪਛਾਣੇ ਗਏ ਬਾਕੀ ਬਿਨੈਕਾਰਾਂ ਲਈ ਐਮ.ਟੀ.ਐਸ ਦੇ ਅਹੁਦੇ ਲਈ ਲੋੜੀਂਦੀ ਸਿੱਖਿਆ ਯੋਗਤਾ ਵਿੱਚ ਪੂਰੀ ਢਿੱਲ ਦੇਣ ਦਾ ਨਿਰਦੇਸ਼ ਦਿੱਤਾ ।ਰਾਜ ਨਿਵਾਸ ਨੇ ਕਿਹਾ ਕਿ ਅਜਿਹੇ ਮਾਮਲਿਆਂ 'ਚ ਜਿੱਥੇ ਬਿਨੈਕਾਰਾਂ ਦੀ ਮੌਤ ਹੋ ਗਈ ਹੈ ਜਾਂ ਉਮਰ ਵਿੱਚ ਛੋਟ ਦੇ ਬਾਵਜੂਦ ਰੁਜ਼ਗਾਰ ਲਈ ਉਮਰ ਸੀਮਾ ਨੂੰ ਪਾਰ ਕਰ ਗਿਆ ਹੈ, ਵਿਭਾਗ ਉਨ੍ਹਾਂ ਦੇ ਇੱਕ ਬੱਚੇ ਨੂੰ ਰੁਜ਼ਗਾਰ ਦੇਣ ਲਈ ਅਰਜ਼ੀਆਂ 'ਤੇ ਕਾਰਵਾਈ ਕਰੇਗਾ ।ਇਸ 'ਚ ਕਿਹਾ ਗਿਆ ਹੈ ਕਿ ਇਹ ਫ਼ੈਸਲਾ ਉਨ੍ਹਾਂ ਮਾਮਲਿਆਂ ਦੀ ਵਿਆਪਕ ਸਮੀਖਿਆ ਤੋਂ ਬਾਅਦ ਆਇਆ ਹੈ, ਜਿਸ ਵਿੱਚ ਇਹ ਸਾਹਮਣੇ ਆਇਆ ਹੈ ਕਿ ਯੋਗਤਾ ਦੇ ਮਾਪਦੰਡਾਂ ਨੂੰ ਪੂਰਾ ਕਰਨ ਦੇ ਬਾਵਜੂਦ ਕਈ ਬਿਨੈਕਾਰਾਂ ਨੂੰ ਨੌਕਰੀ ਤੋਂ ਇਨਕਾਰ ਕਰ ਦਿੱਤਾ ਗਿਆ ਸੀ ।ਇਸ ਵਿੱਚ ਕਿਹਾ ਗਿਆ ਹੈ ਕਿ ਵੱਖ-ਵੱਖ ਸਮੂਹਾਂ, ਜਨਤਕ ਨੁਮਾਇੰਦਿਆਂ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਪੀੜਤਾਂ ਦੇ ਇਕ ਵਫ਼ਦ ਨੇ ਐਲ.ਜੀ. ਨਾਲ ਮੁਲਾਕਾਤ ਕੀਤੀ ਤੇ ਸਾਰੇ ਯੋਗ ਬਿਨੈਕਾਰਾਂ ਨੂੰ ਵਿਚਾਰਨ ਦੀ ਅਪੀਲ ਕੀਤੀ, ਜਿਨ੍ਹਾਂ ਦੀ ਉਮਰ ਹੋ ਸਕਦੀ ਹੈ ਜਾਂ ਗੁਜ਼ਰ ਚੁੱਕੇ ਹਨ। ਇਸ ਤੋਂ ਬਾਅਦ ਸਕਸੈਨਾ ਨੇ ਸੰਬੰਧਿਤ ਵਿਭਾਗਾਂ ਨੂੰ ਇਸ ਮੁੱਦੇ ਨੂੰ ਹਮਦਰਦੀ ਨਾਲ ਦੇਖਣ ਤੇ ਅੱਗੇ ਦਾ ਰਸਤਾ ਸੁਝਾਉਣ ਦੇ ਨਿਰਦੇਸ਼ ਦਿੱਤੇ ਸਨ। ਇਸ ਵਿੱਚ ਕਿਹਾ ਗਿਆ ਹੈ ਕਿ ਮਾਲ ਵਿਭਾਗ ਨੇ ਆਪਣੇ ਪ੍ਰਸਤਾਵ 'ਚ ਵਿੱਦਿਅਕ ਯੋਗਤਾਵਾਂ (**ਬਾਕੀ ਸ.ਫ਼ਾ** 30 'ਤੇ)

# ਯੂਬਾ ਸਿਟੀ ’ਚ 45ਵਾਂ ਸਾਲਾਨਾ ਮਹਾਨ ਨਗਰ ਕੀਰਤਨ ਸਜਾਇਆ

## ਸੰਗਤਾਂ ਦੇ ਭਾਰੀ ਇਕੱਠ ’ਚ ਅਮਰੀਕਨ ਤੇ ਸਿੱਖ ਭਾਈਚਾਰੇ ਦੇ ਆਗੂਆਂ ਵੱਲੋਂ ਸੰਬੋਧਨ

## ਅਮਰੀਕਾ ਦੀ ਖ਼ੁਫ਼ੀਆ ਏਜੰਸੀ ਐਫ.ਬੀ.ਆਈ. ਵੱਲੋਂ ਚਿਤਾਵਨੀ ਦੇਣ ਦੇ ਬਾਵਜੂਦ ਵੀ ਸੰਗਤਾਂ ਦਾ ਭਾਰੀ ਇਕੱਠ














ਸੈਕਰਾਮੈਂਟੋ, ਕੈਲੀਫ਼ੋਰਨੀਆ/ਹੁਸਨ ਲੜੋਆ ਬੰਗਾ : ਵਿਸ਼ਵ ਪੱਧਰ ’ਤੇ ਜਾਣੇ ਜਾਂਦੇ ਯੂਬਾ ਸਿਟੀ ਦੇ ਗੁਰਤਾ ਗੱਦੀ ਦਿਵਸ ਨੂੰ ਸਮਰਪਿਤ ਸਲਾਨਾ ਮਹਾਨ ਨਗਰ ਕੀਰਤਨ ਵਿੱਚ ਐਤਕਾਂ ਵੀ ਸੰਗਤਾਂ ਦਾ ਅਥਾਹ ਇਕੱਠ ਦੇਖਣ ਨੂੰ ਮਿਲਿਆ। ਭਾਵੇਂ ਕਿ ਅਮਰੀਕਾ ਦੀ ਖ਼ੁਫ਼ੀਆ ਏਜੰਸੀ ਐਫ਼. ਬੀ. ਆਈ. ਵੱਲੋਂ ਇਹ ਚਿਤਾਵਨੀ ਦਿੱਤੀ ਗਈ ਸੀ ਕਿ ਯੂਬਾ ਸਿਟੀ ਨਗਰ ਕੀਰਤਨ ਵਿੱਚ ਕੋਈ ਬਾਹਰੋਂ ਜਾਂ ਅੰਦਰੋਂ ਸ਼ਰਾਰਤ ਕਰਕੇ ਸੰਗਤਾਂ ਨੂੰ ਨੁਕਸਾਨ ਪਹੁੰਚਾ ਸਕਦਾ ਹੈ ਫਿਰ ਵੀ ਇਸ ਦੇ ਬਾਵਜੂਦ ਸੰਗਤਾਂ ਦਾ ਪਿਛਲੇ ਵਰ੍ਹੇ ਨਾਲੋਂ ਜਿਆਦਾ ਇਕੱਠ ਦੇਖਣ ਨੂੰ ਮਿਲਿਆ। ਇਸ ਦੌਰਾਨ ਪਿਛਲੇ ਵਰ੍ਹੇ ਨਾਲੋਂ ਜਿਆਦਾ ਸਿਕਿਉਰਿਟੀ ਤੇ ਰਸਤਿਆਂ ਨੂੰ ਪਹਿਲਾਂ ਹੀ ਬੰਦ ਕਰ ਦਿੱਤਾ ਗਿਆ ਸੀ। ਇਸ ਮੌਕੇ ਘੋੜ ਸਵਾਰ ਸਿਕਿਉਰਿਟੀ, ਹਵਾਈ ਸਿਕਿਉਰਿਟੀ ਤੇ ਸਥਾਨਕ ਪੁਲਿਸ ਸ਼ੈਰਫ਼ ਤੇ ਹੋਰ ਖ਼ੁਫ਼ੀਆ ਏਜੰਸੀਆਂ ਵੀ ਇਸ ਨਗਰ ਕੀਰਤਨ ਵਿੱਚ ਪੈਰਵਾਈ ਕਰਦੀਆਂ ਨਜ਼ਰ ਆਈਆਂ। ਇਸ ਨਗਰ ਕੀਰਤਨ ਦਾ ਇੰਤਜ਼ਾਮ ਕਰੀਬ ਇੱਕ ਮਹੀਨੇ ਤੋਂ ਸ਼ੁਰੂ ਸੀ ਤੇ ਵੱਖ- ਵੱਖ ਪੜਾਵਾਂ ਵਿੱਚੋਂ ਗੁਜ਼ਰਦਾ ਹੋਇਆ ਵਿਸ਼ਾਲ ਨਗਰ ਕੀਰਤਨ ਦੇ ਰੂਪ ਵਿੱਚ ਸਮਾਪਤ ਹੋ ਗਿਆ। ਸਿੱਖ ਟੈਂਪਲ ਗੁਰਦੁਆਰਾ ਸਾਹਿਬ ਯੂਬਾ ਸਿਟੀ ਦੇ 45ਵੇਂ ਇਸ ਸਲਾਨਾ ਮਹਾਨ ਨਗਰ ਕੀਰਤਨ ਤੋਂ ਪਹਿਲਾਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਲੜੀ 6 ਸਤੰਬਰ ਤੋਂ ਸ਼ੁਰੂ ਹੋਈ ਤੇ ਤਿੰਨ ਨਵੰਬਰ ਨੂੰ ਨਗਰ ਕੀਰਤਨ ਦੇ ਨਾਲ ਸੰਪੂਰਨ ਹੋਈ। ਕਰੀਬ ਇੱਕ ਮਹੀਨੇ ਤੋਂ ਰਾਗੀ, ਢਾਡੀ ਜਥਿਆਂ ਅਤੇ ਪ੍ਰਚਾਰਕਾਂ ਨੇ ਸੰਗਤਾਂ ਨੂੰ ਇਲਾਹੀ ਬਾਣੀ ਨਾਲ ਜੋੜੀ ਰੱਖਿਆ। ਇਸ ਦੌਰਾਨ ਕੀਰਤਨੀ ਜਥਿਆਂ ਦੇ ਵਿੱਚ ਭਾਈ ਸਿਮਰਨ ਪ੍ਰੀਤ ਸਿੰਘ ਸ੍ਰੀ ਦਰਬਾਰ ਸਾਹਿਬ, ਭਾਈ ਬਲਵਿੰਦਰ ਸਿੰਘ ਲੋਪੋਕੇ ਸ੍ਰੀ ਦਰਬਾਰ ਸਾਹਿਬ, ਭਾਈ ਜਸਪ੍ਰੀਤ ਸਿੰਘ ਸ੍ਰੀ ਫ਼ਤਿਹਗੜ੍ਹ ਸਾਹਿਬ, ਕਥਾਵਾਚਕ ਤੌਰ ’ਤੇ ਭਾਈ ਅਮਰੀਕ ਸਿੰਘ ਚੰਡੀਗੜ੍ਹ ਵਾਲੇ, ਢਾਡੀ ਤੌਰ ’ਤੇ ਸਰੂਪ ਸਿੰਘ ਕਡਿਆਣਾ ਆਦਿ ਨੇ ਇਸ ਮਹਾਨ ਧਾਰਮਿਕ ਕੁੰਭ ਵਿੱਚ ਹਿੱਸਾ ਪਾਇਆ। ਇਸੇ ਦੌਰਾਨ ਵਿਸ਼ੇਸ਼ ਕੀਰਤਨ ਸਮਾਗਮ 20 ਅਕਤੂਬਰ ਨੂੰ ਕਰੀਬ 6 ਵਜੇ ਤੋਂ ਲੈ ਕੇ ਰਾਤ ਦੇ 10 ਵਜੇ ਤੱਕ ਹਰ ਰੋਜ਼ ਹੁੰਦਾ ਰਿਹਾ। ਬੱਚਿਆਂ ਦਾ ਵਿਸ਼ੇਸ਼ ਕੀਰਤਨ ਦਰਬਾਰ ਅਕਤੂਬਰ 12 ਅਤੇ 13 ਨੂੰ ਹੋਇਆ ਤੇ ਵਿਸ਼ੇਸ਼ ਢਾਡੀ ਦਰਬਾਰ ਅਤੇ ਸ਼ਹੀਦੀ ਦਿਵਸ 25 ਅਕਤੂਬਰ ਨੂੰ ਮਨਾਇਆ ਗਿਆ, ਰੈਣ ਸਬਾਈ ਕੀਰਤਨ 2 ਨਵੰਬਰ ਦਿਨ ਸ਼ਨੀਵਾਰ ਨੂੰ ਕਰਵਾਇਆ ਗਿਆ ਜਿਸ ਵਿੱਚ ਸਮੂਹ ਰਾਗੀ ਢਾਡੀਆਂ ਨੇ ਹਿੱਸਾ ਲਿਆ। ਇੱਕ ਨਵੰਬਰ ਦਿਨ ਸ਼ੁੱਕਰਵਾਰ ਨੂੰ ਵੱਡੀ ਪੱਧਰ ’ਤੇ ਆਤਿਸ਼ਬਾਜ਼ੀ ਕੀਤੀ ਗਈ, ਦੋ ਨਵੰਬਰ ਨੂੰ ਅੰਮ੍ਰਿਤ ਸੰਚਾਰ ਕਰਵਾਇਆ ਗਿਆ। 2 ਨਵੰਬਰ ਨੂੰ ਹੀ ਨਿਸ਼ਾਨ ਸਾਹਿਬ ਦੇ ਚੋਲ਼ੇ ਦੀ ਸੇਵਾ ਕੀਤੀ ਗਈ ਤਿੰਨ ਨਵੰਬਰ ਨੂੰ ਭੋਗ ਤੇ ਕੀਰਤਨ ਦਰਬਾਰ ਹੋਇਆ ਤੇ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਇਸ ਵਿਸ਼ਾਲ ਨਗਰ ਕੀਰਤਨ ਦੀ ਖਾਸੀਅਤ ਇਹ ਹੈ ਕਿ ਇਸ ਨਗਰ ਕੀਰਤਨ ਵਿੱਚ ਵਿਸ਼ਵ ਪੱਧਰ ਤੋਂ ਲੋਕ ਸ਼ਾਮਿਲ ਹੁੰਦੇ ਹਨ ਤੇ ਵੱਖ-ਵੱਖ ਭਾਈਚਾਰੇ ਦੇ ਲੋਕ ਜਿਨ੍ਹਾਂ ਵਿੱਚ ਕਾਲੇ,ਚੀਨੇ, ਫ਼ਿਲਪੀਨੋ ਨੇ ਮੈਕਸੀਕਨ ਮੂਲ ਦੇ ਲੋਕ ਵੀ ਸ਼ਾਮਿਲ ਹੁੰਦੇ ਹਨ। ਸ਼ਨੀਵਾਰ ਨੂੰ ਸਜੇ ਦੀਵਾਨਾਂ ਦੇ ਵਿੱਚ ਵੱਖ-ਵੱਖ ਸਿੱਖ ਆਗੂਆਂ ਤੇ ਅਮਰੀਕਨ ਇਲੈਕਟਡ ਆਗੂਆਂ ਨੇ ਸੰਗਤਾਂ ਨੂੰ ਸੰਬੋਧਨ ਕੀਤਾ ਖਾਸ ਤੌਰ ਤੇ ਸਿੱਖ ਆਗੂਆਂ ਵਿੱਚ ਡਾ. ਅਮਰਜੀਤ ਸਿੰਘ, ਡਾ. ਪ੍ਰਿਤਪਾਲ ਸਿੰਘ, ਸ਼੍ਰੋਮਣੀ ਅਕਾਲੀ ਦਲ ਮਾਨ ਦੇ ਆਗੂ ਪਵਨ ਸਿੰਘ ਖ਼ਾਲਸਾ, ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ੍ਰ. ਸਰਬਜੀਤ ਸਿੰਘ ਥਿਆੜਾ ਨੇ ਵੀ ਵਿਚਾਰ ਰੱਖੇ। ਇਸ ਦੌਰਾਨ ਵੱਖ-ਵੱਖ ਖੇਤਰਾਂ ਦੇ ਵਿੱਚ ਪਾਏ ਯੋਗਦਾਨ ਬਦਲੇ ਵੱਖ- ਵੱਖ ਸ਼ਖਸੀਅਤਾਂ ਨੂੰ ਸਨਮਾਨਿਤ ਕੀਤਾ ਗਿਆ ਤੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਪਲੈਕਾਂ ਤੇ ਸਿਰੋਪਾਓ ਦੇ ਕੇ ਮਹਿਮਾਨਾਂ ਦਾ ਸਨਮਾਨ ਕੀਤਾ ਗਿਆ। ਇੱਥੇ ਦੱਸ ਦਈਏ ਕਿ ਐਤਕਾਂ ਸੰਗਤਾਂ ਨੂੰ ਗੁਰਦੁਆਰਾ ਸਾਹਿਬ ਤੱਕ ਪਹੁੰਚਣ ਲਈ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ ਕਿਉਂਕਿ ਐਤਕਾਂ ਐਫ਼.ਬੀ.ਆਈ. ਵੱਲੋਂ ਸਖ਼ਤ ਹਦਾਇਤਾਂ ਕਰਕੇ ਕਈ ਰਸਤਿਆਂ ਨੂੰ ਬੰਦ ਕਰ ਦਿੱਤਾ ਗਿਆ ਸੀ ਤੇ ਕਈ ਰਸਤਿਆਂ ਦੇ ਰੂਟ ਬਦਲੇ ਗਏ, ਇਸ ਤੋਂ ਇਲਾਵਾ ਵੱਖ-ਵੱਖ ਸਿਕਿਉਰਿਟੀ ਤੇ ਕਈ ਵਾਰ ਕਈ ਬੰਦਸ਼ਾਂ ਵਿੱਚੋਂ ਸੰਗਤਾਂ ਨੂੰ ਗੁਜਰਨਾ ਪਿਆ। ਇਸ ਵਿਸ਼ਾਲ ਨਗਰ ਕੀਰਤਨ ਦੀ ਅਗਵਾਈ ਪੰਜਾਂ ਪਿਆਰਿਆਂ ਦੀ ਰਹਿਨੁਮਾਈ ਹੇਠ ਹੋਈ। ਇਸ ਦੌਰਾਨ ਵੱਖ-ਵੱਖ ਫ਼ਲੋਟਾਂ ਦੇ ਵਿੱਚ ਸਵਾਰ ਸੰਗਤਾਂ ਨੇ ਸ਼ਬਦ ਕੀਰਤਨ ਦਾ ਗਾਇਨ ਕੀਤਾ ਤੇ ਵੱਖ ਵੱਖ ਜੁਝਾਰੂ ਫ਼ਲੋਟਾਂ ਤੋਂ ਸ਼ਹੀਦਾਂ ਦੀਆਂ ਗੱਲਾਂ ਹੁੰਦੀਆਂ ਰਹੀਆਂ ਤੇ ਕੌਮ ਦੇ ਜੁਝਾਰੂਆਂ ਪ੍ਰਤੀ ਵੱਖ-ਵੱਖ ਬੁਲਾਰਿਆਂ ਨੇ ਉਹਨਾਂ ਨੂੰ ਸਮਰਪਿਤ ਵਿਚਾਰ ਰੱਖੇ।

## ਇਜ਼ਰਾਇਲੀ ਪ੍ਰਧਾਨ ਮੰਤਰੀ ਨੇਤਨਯਾਹੂ ਵੱਲੋਂ ਰੱਖਿਆ ਮੰਤਰੀ ਬਰਖ਼ਾਸਤ



ਯੇਰੂਸ਼ਲਮ/ਏ.ਟੀ.ਨਿਊਜ਼: ਇਜ਼ਰਾਇਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਦੇਸ਼ ਦੇ ਰੱਖਿਆ ਮੰਤਰੀ ਯੋਆਵ ਗੈਲੇਂਟ ਨੂੰ ਅਚਾਨਕ ਬਰਖਾਸਤ ਕਰਨ ਦਾ ਐਲਾਨ ਕਰ ਦਿੱਤਾ। ਗਾਜ਼ਾ ਵਿੱਚ ਚੱਲ ਰਹੀ ਜੰਗ ਦੌਰਾਨ ਨੇਤਨਯਾਹੂ ਅਤੇ ਗੈਲੇਂਟ ਵਿੱਚ ਕਈ ਵਾਰ ਮਤਭੇਦ ਉਭਰੇ ਹਨ। ਹਾਲਾਂਕਿ, ਨੇਤਨਯਾਹੂ ਉਨ੍ਹਾਂ ਨੂੰ ਬਰਖਾਸਤ ਕਰਨ ਤੋਂ ਗੁਰੇਜ਼ ਕਰਦੇ ਰਹੇ। ਨੇਤਨਯਾਹੂ ਨੇ ਪਿਛਲੇ ਸਾਲ ਮਾਰਚ ਵਿੱਚ ਜਦੋਂ ਗੈਲੇਂਟ ਨੂੰ ਬਰਖ਼ਾਸਤ ਕਰਨ ਦੀ ਕੋਸ਼ਿਸ਼ ਕੀਤੀ ਸੀ ਤਾਂ ਉਨ੍ਹਾਂ ਦੇ ਇਸ ਕਦਮ ਖਿਲਾ਼ਫ ਦੇਸ਼ ਵਿੱਚ ਪ੍ਰਦਰਸ਼ਨ ਹੋਏ ਸਨ। ਪ੍ਰਧਾਨ ਮੰਤਰੀ ਨੇਤਨਯਾਹੂ ਨੇ ਮੰਗਲਵਾਰ ਦੇਰ ਰਾਤ ਆਪਣੇ ਇਸ ਫੈਸਲੇ ਦਾ ਐਲਾਨ ਕੀਤਾ।

## ਪੰਜਾਬ ਜ਼ਿਮਨੀ ਚੋਣਾਂ ਦੀ ਤਾਰੀਖ ਬਦਲੀ

ਚੰਡੀਗੜ੍ਹ/ਏ.ਟੀ.ਨਿਊਜ਼: ਪੰਜਾਬ ਸਮੇਤ ਹੋਰ ਰਾਜਾਂ ਵਿੱਚ 13 ਨਵੰਬਰ ਨੂੰ ਹੋਣ ਵਾਲੀਆਂ ਜ਼ਿਮਨੀ ਚੋਣਾਂ ਦੀ ਤਾਰੀਖ ਵਿੱਚ ਬਦਲਾਅ ਕੀਤੇ ਗਏ ਹਨ। ਭਾਰਤੀ ਚੋਣ ਕਮਿਸ਼ਨ ਨੇ ਪੰਜਾਬ, ਉੱਤਰ ਪ੍ਰਦੇਸ਼ ਅਤੇ ਕੇਰਲ ਵਿੱਚ ਤਿਉਹਾਰਾਂ ਦੇ ਮੱਦੇਨਜ਼ਰ 13 ਨਵੰਬਰ ਬਦਲਕੇ ਵੋਟਾਂ ਪੈਣ ਦੀ ਮਿਤੀ 20 ਨਵੰਬਰ ਤੈਅ ਕੀਤੀ ਹੈ।



ਦੱਸਣਯੋਗ ਹੈ ਕਿ ਉੱਤਰ ਪ੍ਰਦੇਸ਼ ਵਿੱਚ ਨੌਂ, ਪੰਜਾਬ ਵਿੱਚ ਚਾਰ ਅਤੇ ਕੇਰਲ ਵਿੱਚ ਇੱਕ ਸੀਟ ਲਈ ਵੋਟਾਂ ਪੈਣ ਜਾ ਰਹੀਆਂ ਹਨ। ਜਿਸ ਵਿੱਚ ਪੰਜਾਬ ਦੇ ਚਾਰ ਵਿਧਾਨ ਸਭਾ ਹਲਕੇ ਗਿੱਦੜਬਾਹਾ, ਬਰਨਾਲਾ, ਡੇਰਾ ਬਾਬਾ ਨਾਨਕ ਅਤੇ ਚੱਬੇਵਾਲ ਸ਼ਾਮਲ ਹਨ। ਕਾਂਗਰਸ, ਭਾਜਪਾ, ਬਸਪਾ ਅਤੇ ਆਰ.ਐਲ.ਡੀ. ਸਮੇਤ ਪਾਰਟੀਆਂ ਨੇ ਵੱਖ-ਵੱਖ ਤਿਉਹਾਰਾਂ ਦੇ ਮੱਦੇਨਜ਼ਰ ਚੋਣਾਂ ਦੀ ਤਾਰੀਖ ਮੁੜ ਤੈਅ ਕਰਨ ਦੀ ਅਪੀਲ ਕਰਦੇ ਹੋਏ ਕਿਹਾ ਸੀ ਕਿ ਇਸ ਨਾਲ ਵੋਟਰਾਂ ਦੀ ਗਿਣਤੀ ਪ੍ਰਭਾਵਿਤ ਹੋ ਸਕਦੀ ਹੈ।

ਕਾਂਗਰਸ ਪਾਰਟੀ ਨੇ ਕਿਹਾ ਸੀ ਕਿ ਕੇਰਲ ਦੀ ਪਲੱਕੜ ਵਿਧਾਨ ਸਭਾ ਸੀਟ ’ਤੇ ਵੋਟਰਾਂ ਦਾ ਵੱਡਾ ਹਿੱਸਾ 13 ਤੋਂ 15 ਨਵੰਬਰ ਤੱਕ ਕਲਪਥੀ ਰਾਸਤੋਲਸਵਮ ਦਾ ਤਿਉਹਾਰ ਮਨਾਏਗਾ। ਪੰਜਾਬ ਵਿੱਚ ਪਾਰਟੀ ਨੇ ਕਿਹਾ ਸੀ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦਾ 555ਵਾਂ ਪ੍ਰਕਾਸ਼ ਪੁਰਬ 15 ਨਵੰਬਰ ਨੂੰ ਮਨਾਇਆ ਜਾਵੇਗਾ ਅਤੇ 13 ਨਵੰਬਰ ਤੋਂ ‘ਸ੍ਰੀ ਅਖੰਡ ਪਾਠ’ ਸ਼ੁਰੂ ਕਰਵਾਏ ਜਾਣਗੇ ਭਾਜਪਾ, ਬਸਪਾ ਅਤੇ ਆਰ.ਐਲ.ਡੀ. ਨੇ ਕਿਹਾ ਸੀ ਕਿ ਉੱਤਰ ਪ੍ਰਦੇਸ਼ ਵਿੱਚ ਲੋਕ 15 ਨਵੰਬਰ ਨੂੰ ਮਨਾਈ ਜਾਣ ਵਾਲੀ ਕਾਰਤਿਕ ਪੂਰਨਿਮਾ ਤੋਂ ਤਿੰਨ-ਚਾਰ ਦਿਨ ਪਹਿਲਾਂ ਯਾਤਰਾ ਕਰਦੇ ਹਨ। ਜਿਸ ਕਾਰਨ ਵੋਟਰਾਂ ਦੀ ਗਿਣਤੀ ਪ੍ਰਭਾਵਿਤ ਹੋ ਸਕਦੀ ਹੈ। ਇਨ੍ਹਾਂ ਗੱਲਾਂ ਨੂੰ ਮੁੱਖ ਰੱਖਦਿਆਂ ਵੋਟਾਂ ਪੈਣ ਦੀ ਮਿਤੀ ਵਿੱਚ ਬਦਲਾਅ ਸਾਹਮਣੇ ਆਇਆ ਹੈ।

## ’84 ਸਿੱਖ ਨਸਲਕੁਸ਼ੀ ਮਾਮਲੇ ’ਚ ਟਾਈਟਲਰ ਖ਼ਿਲਾ਼ਫ ਸੁਣਵਾਈ 12 ਨੂੰ

ਨਵੀਂ ਦਿੱਲੀ/ਏ.ਟੀ.ਨਿਊਜ਼: ਦਿੱਲੀ ਦੀ ਅਦਾਲਤ 1984 ਸਿੱਖ ਕਤਲੇਆਮ ਦੌਰਾਨ ਉੱਤਰੀ ਦਿੱਲੀ ਦੇ ਪੁਲ ਬੰਗਸ਼ ਇਲਾਕੇ ਵਿੱਚ ਤਿੰਨ ਜਣਿਆਂ ਦੀ ਹੱਤਿਆਂ ਨਾਲ ਜੁੜੇ ਇੱਕ ਮਾਮਲੇ ਵਿੱਚ ਕਾਂਗਰਸ ਆਗੂ ਜਗਦੀਸ਼ ਟਾਈਟਲਰ ਖ਼ਿਲਾ਼ਫ 12 ਨਵੰਬਰ ਨੂੰ ਸੁਣਵਾਈ ਕਰ ਸਕਦੀ ਹੈ। ਵਿਸ਼ੇਸ਼ ਜੱਜ ਜਿਤੇਂਦਰ ਸਿੰਘ, ਜਿਨ੍ਹਾਂ ਅੱਜ ਮਾਮਲੇ ਦੀ ਸੁਣਵਾਈ ਕਰਨੀ ਸੀ, ਨੇ ਇਹ ਦੱਸਦਿਆਂ ਸੁਣਵਾਈ ਮੁਲਤਵੀ ਕਰ ਦਿੱਤੀ ਕਿ ਮੁਲਜ਼ਮ ਦੇ ਵਕੀਲ ਦੀ ਸਿਹਤ ਨਾਸਾਜ਼ ਹੈ। ਉਨ੍ਹਾਂ ਕਿਹਾ, “ਮੁਲਜ਼ਮ ਦੇ ਵਕੀਲ ਦਾ ਕਹਿਣਾ ਹੈ ਕਿ ਮੁੱਖ ਵਕੀਲ/ਉਸ ਦੇ ਪਿਤਾ ਦੀ ਸਿਹਤ ਠੀਕ ਨਹੀਂ ਹੈ। ਇਸ ਲਈ, ਉਸ ਨੇ ਸੁਣਵਾਈ ਥੋੜ੍ਹਾ ਅੱਗੇ ਪਾਉਣ ਦੀ ਅਪੀਲ ਕੀਤੀ ਹੈ। ਸ਼ਿਕਾਇਤਕਰਤਾ ਦੇ ਵਕੀਲ ਵੱਲੋਂ ਇਸ ਦਾ ਵਿਰੋਧ ਕੀਤਾ ਗਿਆ ਹੈ। ਮੁਲਜ਼ਮ ਦੇ ਵਕੀਲ ਦੀ ਨਿੱਜੀ ਸਮੱਸਿਆ ਕਾਰਨ ਨਿਆਂ ਦੇ ਹਿੱਤ ਵਿੱਚ ਇੱਕ ਮੌਕਾ ਦਿੱਤਾ ਜਾਂਦਾ ਹੈ।” ਟਾਈਟਲਰ ਨੂੰ ਇਸ ਕੇਸ ਵਿੱਚ ਜ਼ਮਾਨਤ ਮਿਲੀ ਹੋਈ ਹੈ। ਉਹ ਸੁਣਵਾਈ ਦੌਰਾਨ ਅਦਾਲਤ ਵਿੱਚ ਮੌਜੂਦ ਸੀ। ਸੈਸ਼ਨ ਕੋਰਟ ਨੇ ਉਸ ਨੂੰ ਪਿਛਲੇ ਸਾਲ ਅਗਸਤ ਵਿੱਚ ਪੇਸ਼ਗੀ ਜ਼ਮਾਨਤ ਦੇ ਦਿੱਤੀ ਸੀ।

# ਕੈਨੇਡਾ ਨਹੀਂ ਸਗੋਂ ਆਸਟ੍ਰੇਲੀਆ ਤੇ ਅਮਰੀਕਾ ਬਣੇ ਭਾਰਤੀ ਵਿਦਿਆਰਥੀਆਂ ਦੀ ਪਹਿਲੀ ਪਸੰਦ

ਨਿਊਯਾਰਕ/ਏ.ਟੀ.ਨਿਊਜ਼: ਭਾਰਤੀ ਖ਼ਾਸ ਕਰ ਕੇ ਪੰਜਾਬੀ ਨੌਜਵਾਨ ਕਿਸੇ ਚੰਗੇ ਦੇਸ਼ ਵਿੱਚ ਜਾ ਕੇ ਪੜ੍ਹਾਈ ਕਰਨਾ ਚਾਹੁੰਦੇ ਹਨ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਤੁਹਾਡੇ ਦੇਸ਼ ਦੇ ਉਸ ਦੇਸ਼ ਨਾਲ ਚੰਗੇ ਸਬੰਧ ਹੋਣ। ਕੈਨੇਡਾ ਅਤੇ ਭਾਰਤ ਦੇ ਸਬੰਧਾਂ ਵਿੱਚ ਹਾਲ ਹੀ ਵਿੱਚ ਆਏ ਤਣਾਅ ਕਾਰਨ ਇਸ ਦਾ ਅਸਰ ਭਾਰਤੀ ਵਿਦਿਆਰਥੀਆਂ 'ਤੇ ਵੀ ਪਿਆ ਹੈ। ਆਸਟ੍ਰੇਲੀਆ ਅਤੇ ਅਮਰੀਕਾ ਭਾਰਤੀ ਵਿਦਿਆਰਥੀਆਂ ਦੀ ਪੜ੍ਹਾਈ ਲਈ ਵਿਕਲਪ ਬਣ ਕੇ ਉਭਰੇ ਹਨ। ਜਿੱਥੇ ਪਹਿਲਾਂ ਕੈਨੇਡਾ ਭਾਰਤੀ ਵਿਦਿਆਰਥੀਆਂ ਲਈ ਸਭ ਤੋਂ ਪਸੰਦੀਦਾ ਦੇਸ਼ ਹੁੰਦਾ ਸੀ, ਹੁਣ ਉਹ ਇਸ ਦੌੜ ਵਿੱਚ ਆਸਟ੍ਰੇਲੀਆ, ਅਮਰੀਕਾ ਅਤੇ ਯੂ.ਕੇ. ਤੋਂ ਵੀ ਪਿੱਛੇ ਰਹਿ ਗਿਆ ਹੈ।




ਆਈ.ਡੀ.ਪੀ. ਐਜੂਕੇਸ਼ਨ ਐਮਰਜਿੰਗ ਫਿਊਚਰਜ਼ ਦੁਆਰਾ ਕਰਵਾਏ ਗਏ ਇੱਕ ਤਾਜ਼ਾ ਸਰਵੇਖਣ ਅਨੁਸਾਰ 20 ਅਗਸਤ, 2024 ਤੋਂ 16 ਸਤੰਬਰ, 2024 ਵਿਚਕਾਰ ਉੱਚ ਸਿੱਖਿਆ ਪ੍ਰਾਪਤ ਕਰਨ ਵਾਲੇ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਪਸੰਦੀਦਾ ਦੇਸ਼ ਵਜੋਂ ਆਸਟ੍ਰੇਲੀਆ ਅਤੇ ਅਮਰੀਕਾ ਨੇ ਕੈਨੇਡਾ ਨੂੰ ਪਛਾੜ ਦਿੱਤਾ ਹੈ। ਸਰਵੇਖਣ ਅਨੁਸਾਰ ਵਿਦਿਆਰਥੀਆਂ ਅਤੇ ਮਾਪਿਆਂ ਨਾਲ ਮੁੱਖ ਵਿਸ਼ਿਆਂ ਬਾਰੇ ਇੰਟਰਵਿਊ ਕੀਤੀ ਗਈ ਸੀ, ਜਿਵੇਂ ਕਿ ਗਲੋਬਲ ਨੀਤੀਆਂ ਦੇ ਪ੍ਰਭਾਵ ਅਤੇ ਇੱਕ ਸੰਸਥਾ ਦੀ ਚੋਣ, ਜੋ ਕਿ ਅੰਤਰਰਾਸ਼ਟਰੀ ਪੱਧਰ 'ਤੇ ਅਧਿਐਨ ਕਰਨ ਵੇਲੇ ਮਹੱਤਵਪੂਰਨ ਹਨ।

ਸਰਵੇਖਣ ਵਿੱਚ 114 ਵੱਖ-ਵੱਖ ਦੇਸ਼ਾਂ ਦੇ 6,000 ਤੋਂ ਵੱਧ ਲੋਕ ਸ਼ਾਮਲ ਸਨ, ਜਿਨ੍ਹਾਂ ਵਿੱਚੋਂ 56 ਪ੍ਰਤੀਸ਼ਤ ਪੋਸਟ ਗ੍ਰੈਜੂਏਟ ਪੱਧਰ ਅਤੇ 27 ਪ੍ਰਤੀਸ਼ਤ ਗ੍ਰੈਜੂਏਟ ਪੱਧਰ 'ਤੇ ਸਨ। ਗੌਰਤਲਬ ਹੈ ਕਿ ਵਿਸ਼ਵ ਪੱਧਰ 'ਤੇ ਸਰਵੇਖਣ ਕੀਤੇ ਗਏ ਲੋਕਾਂ ਵਿੱਚੋਂ 66 ਪ੍ਰਤੀਸ਼ਤ ਇੱਕ ਤੋਂ ਵੱਧ ਦੇਸ਼ਾਂ ਵਿੱਚ ਅਧਿਐਨ ਕਰਨ ਜਾਂ ਆਪਣੀਆਂ ਅੰਤਰਰਾਸ਼ਟਰੀ ਯੋਗਤਾਵਾਂ ਪ੍ਰਾਪਤ ਕਰਨ ਲਈ ਵਿਚਾਰ ਕਰ ਰਹੇ ਹਨ, ਜੋ ਇਹ ਦਰਸਾਉਂਦਾ ਹੈ ਕਿ ਉਹ ਆਪਣੇ ਵਿਕਲਪਾਂ ਦਾ ਵਿਸਤਾਰ ਕਰ ਰਹੇ ਹਨ ਅਤੇ ਨੀਤੀ ਸਪਸ਼ਟਤਾ ਦੀ ਭਾਲ ਕਰ ਰਹੇ ਹਨ। ਵਿਦਿਆਰਥੀਆਂ ਦੇ ਵਿਦੇਸ਼ਾਂ ਵਿੱਚ ਆਪਣੀ ਪੜ੍ਹਾਈ ਵਿੱਚ ਦੇਰੀ ਕਰਨ ਜਾਂ ਛੱਡਣ ਦੇ ਕਾਰਨਾਂ ਦਾ ਹਵਾਲਾ ਦਿੰਦੇ ਹੋਏ, ਸਰਵੇਖਣ ਦਰਸਾਉਂਦਾ ਹੈ ਕਿ ਵਿਦਿਆਰਥੀ ਹੁਣ ਅੰਤਰਰਾਸ਼ਟਰੀ ਪੱਧਰ 'ਤੇ ਪੜ੍ਹਾਈ ਨਹੀਂ ਕਰ ਰਹੇ ਇਸ ਦੇ ਪਿੱਛੇ ਚੋਟੀ ਦੇ ਤਿੰਨ ਕਾਰਨ ਵਿੱਤੀ, ਟਿਊਸ਼ਨ ਦੀ ਲਾਗਤ, ਰਹਿਣ ਅਤੇ ਵੀਜ਼ਾ ਫੀਸਾਂ ਦੀ ਲਾਗਤ ਹੈ। ਸਰਵੇਖਣ ਕੀਤੇ ਗਏ ਲੋਕਾਂ ਵਿੱਚੋਂ ਲਗਭਗ ਅੱਧੇ (47 ਪ੍ਰਤੀਸ਼ਤ) ਅਗਲੇ ਦੋ ਸਾਲਾਂ ਵਿੱਚ ਆਪਣੀਆਂ ਗਲੋਬਲ ਅਧਿਐਨ ਯੋਜਨਾਵਾਂ 'ਤੇ ਮੁੜ ਵਿਚਾਰ ਕਰ ਰਹੇ ਹਨ।

# ਨਿਰਭਓ ਤੇ ਨਿਆਂ ਮਾਰਚ 350 ਮੀਲ ਦਾ ਪੈਂਡਾ ਤੈਅ ਕਰਕੇ ਬੇਕਰਸਫ਼ੀਲਡ ਤੋਂ ਸੈਕਰਾਮੈਂਟੋ ਦੇ ਕੈਪੀਟਲ 'ਤੇ ਸਮਾਪਤ

## ਬੁਲਾਰਿਆਂ ਨੇ ਗਵਰਨਰ ਨੂੰ ਸਿੱਖਾਂ ਦਾ ਖਿਆਲ ਕਰਨ ਦੀ ਕੀਤੀ ਅਪੀਲ

ਸੈਕਰਾਮੈਂਟੋ, ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ: 1984 ਦੇ ਸਿੱਖ ਨਸਲਕੁਸ਼ੀ ਦੀ ਯਾਦ ਨੂੰ ਤਾਜ਼ਾ ਕਰਨ ਤੇ ਉਨ੍ਹਾਂ ਸ਼ਹੀਦਾਂ ਦੇ ਪਰਿਵਾਰਾਂ ਨੂੰ ਨਿਆਂ ਦਿਵਾਉਣ ਲਈ ਜੈਕਾਰਾ ਮੂਵਮੈਂਟ ਦੀ ਰਹਿਨੁਮਾਈ ਹੇਠ ਸਿੱਖਾਂ ਦਾ ਕਾਫ਼ਲਾ ਬੇਕਰਸਫ਼ੀਲਡ ਤੋਂ ਸੈਕਰਾਮੈਂਟੋ ਦੇ ਕੈਪੀਟਲ ਤੱਕ ਪਿਛਲੇ ਤਿੰਨ ਹਫ਼ਤਿਆਂ ਤੋਂ 350 ਮੀਲ ਪੈਦਲ ਚੱਲਣ ਤੋਂ ਬਾਅਦ ਰਾਜਧਾਨੀ 'ਤੇ ਇਕੱਠ ਨਾਲ ਸਮਾਪਤ ਹੋ ਗਿਆ, ਜਿਸ ਵਿੱਚ ਵੱਖ-ਵੱਖ ਪੰਥਕ ਬੁਲਾਰਿਆਂ ਤੇ ਕੈਲੀਫ਼ੋਰਨੀਆ ਦੇ ਸਿਆਸੀ ਆਗੂਆਂ ਤੇ ਆਫ਼ੀਸਲਜ ਨੇ ਸ਼ਿਰਕਤ ਕੀਤੀ। ਇਸ ਦੌਰਾਨ ਬੁਲਾਰਿਆਂ ਨੇ ਕੈਲੀਫ਼ੋਰਨੀਆ ਦੇ ਗਵਰਨਰ ਨੂੰ ਸਿੱਖਾਂ ਨੂੰ ਮਿਲ ਰਹੀਆਂ ਧਮਕੀਆਂ ਤੋਂ ਬਚਾਉਣ ਲਈ ਕਿਹਾ ਤੇ ਸਿੱਖਾਂ ਦੇ ਹੋ ਰਹੇ ਕਤਲਾਂ ਤੋਂ ਜਾਣੂ ਕਰਵਾਇਆ। ਇਹ ਨਿਆਂ ਮਾਰਚ ਬੇਕਰਸਫ਼ੀਲਡ ਤੋਂ ਹੁੰਦਾ ਹੋਇਆ ਫ਼ਰਿਜਨੋ, ਮਨਟੀਕਾ, ਟਰਲਕ, ਸਟਾਕਟਨ, ਲੋਡਾਈ, ਸੈਕਰਾਮੈਂਟੋ ਦੇ ਬਰਾਡਸ਼ਾਅ ਤੇ ਵੈਸਟ ਸੈਕਰਾਮੈਂਟੋ ਦੇ ਗੁਰਦੁਆਰਾ ਸਾਹਿਬ ਵਿੱਚੋਂ ਗੁਜ਼ਰਿਆ। ਕੈਲੀਫ਼ੋਰਨੀਆ ਦੇ ਸਿਆਸੀ ਤੇ ਸਿੱਖ ਆਗੂਆਂ ਦੀ ਰਹਿਨੁਮਾਈ ਹੇਠ ਕੈਪੀਟਲ 'ਤੇ ਪਹੁੰਚਿਆ। ਵੱਖ- ਵੱਖ ਪੜਾਵਾਂ 'ਤੇ ਨੌਜਵਾਨ ਸਿੱਖ ਆਗੂ ਭਾਈ ਮਨਦੀਪ ਸਿੰਘ, ਰਾਜਕਰਨਦੀਪ ਸਿੰਘ, ਸਰਬਜੀਤ ਸਿੰਘ, ਨੈਨਦੀਪ



ਸਿੰਘ ਆਦਿ ਨੇ ਆਪਣੇ ਵਿਚਾਰ ਰੱਖੇ। ਇਸ ਮੌਕੇ ਗਿਆਨੀ ਮਹਿਲ ਸਿੰਘ ਚੰਡੀਗੜ੍ਹ ਵਾਲਿਆਂ ਨੇ ਜੁਝਾਰੂ ਵਾਰਾਂ ਰਾਹੀਂ ਵੱਖ ਵੱਖ ਪੜਾਵਾਂ ਤੇ ਸੰਗਤਾਂ ਨਾਲ ਸਾਂਝ ਪਾਈ। ਸੈਕਰਾਮੈਂਟੋ ਕੈਪੀਟਲ ਉੱਤੇ ਹੋਏ ਇਕੱਠ ਵਿੱਚ ਪ੍ਰਮੁੱਖ ਤੌਰ 'ਤੇ ਸ਼ਾਮਿਲ ਹੋਏ ਬੁਲਾਰਿਆਂ 'ਚ ਸਟੇਟ ਸਨੇਟਰ ਐਨਾ ਕੈਬਲੇਰੋ, ਅਸੈਂਬਲੀ ਵੋਮੈਨ ਜਸਮੀਤ ਕੌਰ ਬੈਂਸ, ਸਟੇਟ ਅਸੈਂਬਲੀ ਮੈਂਬਰ ਏਸਮੇਰੇਲਡੋ ਸੋਰੀਆ, ਸਿਵਲ ਰਾਈਟਸ ਆਈਕੋਨ ਡੋਲੋਰਸ ਹੋਰਟਾ, ਸੈਕਰਾਮੈਂਟੋ ਮੇਅਰ ਡੈਰਲ ਸਟਾਈਨਬਰਗ, ਸੈਕਰਾਮੈਂਟੋ ਯੁਨੀਫ਼ਾਈਡ ਸਕੂਲ ਡਿਸਟ੍ਰਿਕਟ ਵਾਈਸ ਪ੍ਰੈਜ਼ੀਡੈਂਟ ਚੀਨੁਆ ਰਹੋਡਸ, ਯੁਨੀਫ਼ਾਈਡ ਸਕੂਲ ਡਿਸਟ੍ਰਿਕਟ ਵਾਈਸ ਪ੍ਰੈਜ਼ੀਡੈਂਟ ਜਸਜੀਤ ਸਿੰਘ ਤੋਂ ਇਲਾਵਾ ਪ੍ਰਬੰਧਕ ਆਗੂਆਂ ਨੇ ਵੀ ਵੱਖ- ਵੱਖ ਵਿਚਾਰ ਰੱਖੇ। ਇਹ ਮਾਰਚ ਜ਼ਿਆਦਾਤਰ ਭਾਰਤ ਵਿੱਚ 1984 ਦੀ ਨਸਲਕੁਸ਼ੀ ਦੀ 40ਵੀਂ ਵਰ੍ਹੇਗੰਢ ਨੂੰ ਮਨਾਉਣ 'ਤੇ ਕੇਂਦਰਿਤ ਸੀ ਜਿਸ ਵਿੱਚ ਹਜ਼ਾਰਾਂ ਸਿੱਖਾਂ ਨੂੰ ਮਾਰਿਆ ਗਿਆ ਸੀ, ਜਿਸ ਕਾਰਨ ਹਜ਼ਾਰਾਂ ਲੋਕਾਂ ਨੇ ਅਮਰੀਕਾ ਵਿੱਚ ਸ਼ਰਨ ਲਈ ਸੀ, ਪਰ ਮੌਜੂਦਾ ਘਟਨਾਵਾਂ ਨੇ ਸਿਆਸੀ ਆਗੂਆਂ ਦੇ ਧਿਆਨ ਨੂੰ ਬਦਲ ਕੇ ਰੱਖ ਦਿੱਤਾ ਹੈ। ਕੈਲੀਫ਼ੋਰਨੀਆ, ਨਿਊਯਾਰਕ ਅਤੇ ਕੈਨੇਡਾ ਵਿੱਚ ਸਿੱਖ ਆਗੂਆਂ ਨੂੰ ਨਿਸ਼ਾਨਾ ਬਣਾ ਕੇ ਭਾਰਤ

ਸਰਕਾਰ ਦੁਆਰਾ ਕਤਲ ਦੀਆਂ ਸਾਜ਼ਿਸ਼ਾਂ ਦਾ ਖੁਲਾਸਾ ਕਰਨ ਵਾਲੀਆਂ ਯੂ.ਐਸ. ਅਤੇ ਕੈਨੇਡੀਅਨ ਖੁਫ਼ੀਆ ਏਜੰਸੀਆਂ ਦੀਆਂ ਰਿਪੋਰਟਾਂ ਨੇ, ਮਾਰਚ ਨੂੰ ਅੰਤਰਰਾਸ਼ਟਰੀ ਜਬਰ ਵਿਰੁੱਧ ਇੱਕ ਨਾਗਰਿਕਾਂ ਦੇ ਅਧਿਕਾਰਾਂ ਦੇ ਪ੍ਰਦਰਸ਼ਨ ਵਿੱਚ ਬਦਲ ਦਿੱਤਾ। ਜਿਵੇਂ ਹੀ ਮਾਰਚ ਬੁੱਧਵਾਰ ਨੂੰ ਐਲਕ ਗਰੋਵ ਵਿੱਚ ਦਾਖਲ ਹੋਇਆ, ਮੇਅਰ ਬੌਬੀ ਸਿੰਘ ਐਲਨ, ਮਾਰਚ ਕਰਨ ਵਾਲਿਆਂ ਦੇ ਨਾਲ ਸ਼ਾਮਿਲ ਹੋ ਗਈ। ਇਸ ਮੌਕੇ ਐਲਨ ਨੇ ਕਿਹਾ, "ਮੈਂ ਹਮੇਸ਼ਾ ਆਪਣੇ ਲੋਕਾਂ ਨਾਲ ਖੜ੍ਹੀ ਰਹਾਂਗੀ। ਅਸੀਂ ਇਤਿਹਾਸ ਨੂੰ ਯਾਦ ਕਰ ਰਹੇ ਹਾਂ, ਪਰ ਅੱਜ ਜੋ ਹੋ ਰਿਹਾ ਹੈ ਉਹ ਡਰਾਉਣਾ ਹੈ। ਲੋਕ ਮਰ ਰਹੇ ਹਨ ਅਤੇ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ।" ਕੈਲੀਫ਼ੋਰਨੀਆ ਵਿੱਚ ਭਾਰਤੀ ਮੂਲ ਦੇ ਲਗਭਗ 40% ਲੋਕ ਸਿੱਖ ਹਨ, ਜ਼ਿਆਦਾਤਰ ਸੈਂਟਰਲ ਵੈਲੀ ਵਿੱਚ ਵਸੇ ਹੋਏ ਹਨ, ਭਾਰਤ ਵਿੱਚ ਉਹ ਘੱਟ ਗਿਣਤੀ ਹਨ, ਜਿਸ ਵਿੱਚ ਆਬਾਦੀ ਦਾ 2% ਹੈ। ਬੁਲਾਰਿਆਂ ਨੇ ਕਿਹਾ ਕਿ ਹਿਊਮਨ ਰਾਈਟਸ ਵਾਚ ਦੇ ਅਨੁਸਾਰ, ਸੱਤਾਧਾਰੀ ਭਾਜਪਾ ਪਾਰਟੀ ਦੀ ਹਿੰਦੂਤਵ ਵਜੋਂ ਜਾਣੀ ਜਾਂਦੀ ਹਿੰਦੂ ਸਰਵਉੱਚਤਾ ਦੀ ਅਤਿ-ਰਾਸ਼ਟਰਵਾਦੀ ਹਿੰਦੂ ਵਿਚਾਰਧਾਰਾ ਨੇ ਸਿੱਖਾਂ ਸਮੇਤ ਧਾਰਮਿਕ ਘੱਟ ਗਿਣਤੀਆਂ ਵਿਰੁੱਧ ਹਿੰਸਾ ਨੂੰ ਵਧਾਇਆ ਅਤੇ ਉਤਸ਼ਾਹਿਤ ਕੀਤਾ ਹੈ। ਕੈਲੀਫ਼ੋਰਨੀਆ ਦੇ ਅੰਦਾਜ਼ਨ 250,000 ਸਿੱਖਾਂ ਕੋਲ ਘਬਰਾਉਣ ਦੇ ਬਹੁਤ ਸਾਰੇ ਕਾਰਨ ਹਨ। ਪਿਛਲੇ ਮਹੀਨੇ, ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਭਾਰਤ ਦੇ ਚੋਟੀ ਦੇ ਡਿਪਲੋਮੈਟ ਅਤੇ ਛੇ ਹੋਰ ਕੌਂਸਲਰ ਅਤੇ ਦੂਤਾਵਾਸ ਅਧਿਕਾਰੀਆਂ ਨੂੰ ਇੱਕ ਸਿੱਖ ਨੇਤਾ ਦੇ ਕਤਲ, ਹੋਰ ਕਤਲਾਂ ਅਤੇ ਧਮਕੀਆਂ ਦੇਣ ਦੀਆਂ ਕਾਰਵਾਈਆਂ ਦੇ ਨਾਲ ਕਥਿਤ ਭੂਮਿਕਾ ਲਈ ਕੱਢ ਦਿੱਤਾ ਸੀ। ਜੂਨ 2023 ਵਿੱਚ, ਸਿੱਖ ਆਗੂ ਹਰਦੀਪ ਸਿੰਘ ਨਿੱਝਰ, (**ਬਾਕੀ ਸਫ਼ਾ** 30 'ਤੇ)

# ਅਮਰੀਕਾ-ਮੈਕਸੀਕੋ ਬਾਰਡਰ 'ਤੇ ਮਿਲਣ ਲਈ ਪਹੁੰਚੇ ਲਗਭਗ 200 ਵਿਛੜੇ ਪਰਿਵਾਰ



ਸਿਉਡਾਡ ਜੁਆਰੇਜ਼/ ਏ.ਟੀ.ਨਿਊਜ਼: ਲਗਭਗ 200 ਪਰਿਵਾਰ ਸ਼ਨੀਵਾਰ ਨੂੰ ਅਮਰੀਕਾ-ਮੈਕਸੀਕੋ ਸਰਹੱਦ ਦੇ ਇੱਕ ਹਿੱਸੇ ਵਿੱਚ ਆਪਣੇ ਅਜ਼ੀਜ਼ਾਂ ਨਾਲ ਸੰਖੇਪ ਪੁਨਰ-ਮਿਲਨ ਲਈ ਇਕੱਠੇ ਹੋਏ। ਇਨ੍ਹਾਂ ਪਰਿਵਾਰਾਂ ਨੇ ਆਪਣੇ ਅਜ਼ੀਜ਼ਾਂ ਨੂੰ ਕਈ ਸਾਲਾਂ ਤੋਂ ਨਹੀਂ ਦੇਖਿਆ ਸੀ ਕਿਉਂਕਿ ਉਹ ਉਲਟ ਦੇਸ਼ਾਂ ਵਿੱਚ ਰਹਿੰਦੇ ਹਨ। ਜਦੋਂ ਮੈਕਸੀਕਨ ਪਰਿਵਾਰਾਂ ਨੂੰ ਅਮਰੀਕਾ ਵਿੱਚ ਪ੍ਰਵਾਸ ਕਰਨ ਵਾਲੇ ਰਿਸ਼ਤੇਦਾਰਾਂ ਨਾਲ ਸਰਹੱਦ 'ਤੇ ਕੁਝ ਮਿੰਟਾਂ ਲਈ ਦੁਬਾਰਾ ਮਿਲਣ ਦੀ ਇਜਾਜ਼ਤ ਦਿੱਤੀ ਗਈ ਤਾਂ ਗਲੇ ਮਿਲਣ ਦੌਰਾਨ ਉਨ੍ਹਾਂ ਦੀਆਂ ਅੱਖਾਂ ਵਿੱਚ ਹੰਝੂ ਆ ਗਏ। ਬਾਲਗ ਅਤੇ ਬੱਚੇ ਆਪਣੇ ਅਜ਼ੀਜ਼ਾਂ ਨਾਲ ਮਿਲਣ ਲਈ ਰੀਓ ਗ੍ਰਾਂਡੇ ਪਾਰ ਕਰ ਗਏ।

ਇਸ ਸਾਲ ਪ੍ਰਵਾਸੀ ਅਧਿਕਾਰਾਂ ਦੀ ਵਕਾਲਤ ਕਰਨ ਵਾਲੇ ਸਮੂਹ ਦੁਆਰਾ ਆਯੋਜਿਤ ਸਾਲਾਨਾ ਸਮਾਗਮ ਅਮਰੀਕੀ ਰਾਸ਼ਟਰਪਤੀ ਚੋਣਾਂ ਤੋਂ ਤਿੰਨ ਦਿਨ ਪਹਿਲਾਂ ਹੋਇਆ, ਜਿਸ ਦੀਆਂ ਮਹੀਨਿਆਂ ਤੱਕ ਚੱਲਣ ਵਾਲੀਆਂ ਮੁਹਿੰਮਾਂ ਨੇ ਇਮੀਗ੍ਰੇਸ਼ਨ ਅਤੇ ਸਰਹੱਦੀ ਸੁਰੱਖਿਆ 'ਤੇ ਬਹੁਤ ਜ਼ਿਆਦਾ ਧਿਆਨ ਦਿੱਤਾ ਹੈ। ਨੈਟਵਰਕ ਇਨ ਡਿਫੈਂਸ ਆਫ ਦਿ ਰਾਈਟਸ ਆਫ ਮਾਈਗ੍ਰੈਂਟਸ ਦੇ ਅਨੁਸਾਰ ਇਹ ਮੇਲ ਵਧੀ ਹੋਈ ਸੁਰੱਖਿਆ ਤਹਿਤ ਵਿਚਕਾਰ ਹੋਇਆ। ਸੰਗਠਨ ਦੇ ਡਾਇਰੈਕਟਰ ਫਰਨਾਂਡੋ ਗਾਰਸੀਆ ਨੇ ਕਿਹਾ, "ਸਾਡੇ ਕੋਲ ਕੰਡਿਆਲੀ ਤਾਰ ਨਹੀਂ ਸੀ, ਸਾਡੇ ਕੋਲ ਵੱਡੀ ਗਿਣਤੀ ਵਿੱਚ ਸਿਪਾਹੀ ਨਹੀਂ ਸਨ।" ਗਾਰਸੀਆ ਮੁਤਾਬਕ, "ਕੰਡੇਦਾਰ ਤਾਰ ਨੂੰ ਖੋਲ੍ਹਣਾ ਪਿਆ ਤਾਂ ਜੋ ਪਰਿਵਾਰ ਇਹ ਸਮਾਗਮ ਕਰ ਸਕਣ।" ਗਾਰਸੀਆ ਨੇ ਕਿਹਾ ਕਿ ਉਸ ਨੂੰ ਉਮੀਦ ਹੈ ਕਿ ਰਾਸ਼ਟਰਪਤੀ ਦੀ ਚੋਣ ਭਾਵੇਂ ਕੋਈ ਵੀ ਜਿੱਤੇ ਪਰ ਅਮਰੀਕਾ ਵਿੱਚ ਪਰਵਾਸ ਜਾਰੀ ਰਹੇਗਾ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਇਟਲੀ: ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਅਲੌਕਿਕ ਨਗਰ ਕੀਰਤਨ ਆਯੋਜਿਤ

ਮਿਲਾਨ/ਇਟਲੀ/ਏ.ਟੀ.ਨਿਊਜ਼: ਗੁਰਦੁਆਰਾ ਸਿੰਘ ਸਭਾ ਪਾਰਮਾ ਦੁਆਰਾ ਇਟਲੀ ਦੇ ਸ਼ਹਿਰ ਪਾਰਮਾ ਵਿਖੇ ਵਿਸ਼ਾਲ ਨਗਰ ਕੀਰਤਨ ਸਮੂਹ ਸੰਗਤ ਦੇ ਸਹਿਯੋਗ ਨਾਲ ਸਜਾਇਆ ਗਿਆ। ਪਹਿਲੀ ਪਾਤਸ਼ਾਹੀ ਧੰਨ-ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪਾਰਮਾ ਵਿਖੇ ਪੰਜ ਪਿਆਰਿਆਂ ਅਤੇ ਪੰਜ ਨਿਸ਼ਾਨਚੀ ਸਿੰਘਾਂ ਦੀ ਅਗਵਾਈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ-ਛਾਇਆ ਹੇਠ ਸਜੇ ਨਗਰ ਕੀਰਤਨ ਦੀ ਆਰੰਭਤਾ ਗੁਰਦੁਆਰਾ ਸਾਹਿਬ ਤੋਂ ਦੁਪਹਿਰ 12 ਵਜੇ ਹੋਈ।






ਸੁੰਦਰ ਪਾਲਕੀ ਵਿੱਚ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਸੁਸ਼ੋਭਿਤ ਸਨ। ਇਸ ਮੌਕੇ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਸ਼ਿਰਕਤ ਕੀਤੀ। ਬੋਲੇ ਸੋ ਨਿਹਾਲ ਦੇ ਜੈਕਾਰਿਆਂ ਨਾਲ ਪਾਰਮਾ ਸ਼ਹਿਰ ਗੂੰਜ ਉਠਿਆ। ਨਗਰ ਕੀਰਤਨ ਪਾਰਮਾ ਦੇ ਵੱਖ-ਵੱਖ ਸਥਾਨਾਂ ਤੋਂ ਹੁੰਦਾ ਹੋਇਆ ਸ਼ਾਮ ਨੂੰ ਗੁਰਦੁਆਰਾ ਸਾਹਿਬ ਵਿਖੇ ਸੰਪੂਰਨ ਹੋਇਆ। ਨਗਰ ਕੀਰਤਨ ਮੌਕੇ ਬਾਬਾ ਅਜੀਤ ਸਿੰਘ ਜੀ ਬਾਬਾ ਜੁਝਾਰ ਸਿੰਘ ਜੀ ਗੱਤਕਾ ਅਕੈਡਮੀ ਦੇ ਸਿੰਘਾਂ ਵੱਲੋਂ ਗੱਤਕੇ ਦੇ ਜੌਹਰ ਵੀ ਦਿਖਾਏ ਗਏ।

ਵੱਖ-ਵੱਖ ਰਾਗੀ, ਕੀਰਤਨੀ ਅਤੇ ਕਵੀਸ਼ਰੀ ਜਥਿਆਂ ਨੇ ਸੰਗਤਾਂ ਨੂੰ ਇਤਿਹਾਸ ਤੋਂ ਜਾਣੂ ਕਰਵਾਇਆ। ਪ੍ਰਬੰਧਕ ਕਮੇਟੀ ਨੇ ਇਟਲੀ ਦੀਆਂ ਸੰਗਤਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਜਾਏ ਨਗਰ ਕੀਰਤਨ ’ਤੇ ਸਹਿਯੋਗ ਦੇਣ ਲਈ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਅਜਿਹੇ ਕਾਰਜ ਸੰਗਤਾਂ ਦੇ ਸਹਿਯੋਗ ਨਾਲ ਹੀ ਸਫਲ ਹੁੰਦੇ ਹਨ। ਇਸ ਮੌਕੇ ਸੇਵਾਦਾਰਾਂ ਦਾ ਗੁਰੂ ਦੀ ਬਖਸ਼ਿਸ਼ ਸਿਰੋਪਾਓ ਨਾਲ ਵਿਸ਼ੇਸ਼ ਸਨਮਾਨ ਕੀਤਾ। ਨਗਰ ਕੀਰਤਨ ਮੌਕੇ ਗੁਰੂ ਦੇ ਅਤੁੱਟ ਲੰਗਰ ਵਰਤਾਏ ਗਏ।

# ਮੈਲਬੌਰਨ ਤੋਂ ਆਕਲੈਂਡ ਲਿਆਂਦੇ ਗਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 51 ਸਰੂਪ

ਆਕਲੈਂਡ/ਏ.ਟੀ.ਨਿਊਜ਼: ਸਿੱਖ ਸ਼ਰਧਾਲੂ ਪਿਛਲੇ ਦਿਨੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 45 ਸਰੂਪ ਅਤੇ 6 ਸੈਂਚੀਆਂ ਕੁੱਲ 51 ਸਰੂਪ ਮੈਲਬੌਰਨ ਤੋਂ ਆਕਲੈਂਡ ਪਹੁੰਚੇ। ਇਸ ਦੌਰਾਨ ਸ਼ਰਧਾਲੂਆਂ ਨੇ ਸਿੱਖ ਮਰਿਆਦਾ ਦੀ ਪੂਰੀ ਤਰ੍ਹਾਂ ਪਾਲਣਾ ਕੀਤੀ। ਮਹਾਰਾਜ ਜੀ ਦੇ ਸਰੂਪ ਹਵਾਈ ਜਹਾਜ਼ ਜ਼ਰੀਏ ਲਿਆਂਦੇ ਗਏ।

ਇਸ ਸਫਰ ਵਿੱਚ 120 ਸ਼ਰਧਾਲੂਆਂ ਦਾ ਜਥਾ ਸ਼ਾਮਲ ਰਿਹਾ। ਸ਼ਰਧਾਲੂਆਂ ਲਈ ਜਹਾਜ਼ ਦਾ ਪੂਰਾ ਕੈਬਿਨ ਬੁੱਕ ਕੀਤਾ ਗਿਆ ਸੀ। ਮਹਾਰਾਜ ਜੀ ਦੇ ਸਰੂਪ ਲਿਆਉਣ ਤੋਂ ਪਹਿਲਾਂ ਹਵਾਈ ਜਹਾਜ਼ ਦੀ ਚੰਗੀ ਤਰ੍ਹਾਂ ਸਫਾਈ ਕੀਤੀ ਗਈ। ਇਸ ਪੂਰੇ ਸਫਰ ਦੌਰਾਨ ਸੇਵਾ ਨਿਭਾਅ ਰਹੀ ਸੰਗਤ ਨੇ ਬੂਟ ਵੀ ਨਹੀਂ ਪਹਿਨੇ ਸਨ ਅਤੇ ਹਵਾਈ ਜਹਾਜ਼ ਵਿੱਚ ਕਿਸੇ ਤਰ੍ਹਾਂ ਦੇ ਮਾਸਾਹਾਰੀ ਪਕਵਾਨ ਤੋਂ ਪੂਰੀ ਤਰ੍ਹਾਂ ਪਰਹੇਜ਼ ਰਿਹਾ। ਮਤਲਬ ਗੁਰੂ ਮਹਾਰਾਜ ਜੀ ਦੀ ਪੂਰਨ ਰਹਿਤ ਮਰਿਆਦਾ ਦਾ ਖਿਆਲ ਰੱਖਿਆ ਗਿਆ।





ਮੈਲਬੌਰਨ ਅਤੇ ਆਕਲੈਂਡ ਹਵਾਈ ਅੱਡੇ ਦੀਆਂ ਦੋਵੇਂ ਅਥਾਰਟੀਆਂ ਨੇ ਚੰਗੀ ਤਰ੍ਹਾਂ ਪ੍ਰਬੰਧ ਕੀਤਾ ਸੀ। ਮੈਲਬੌਰਨ ਤੋਂ ਮਹਾਰਾਜ ਜੀ ਦੇ ਸਰੂਪ ਲਿਜਾਣ ਅਤੇ ਆਕਲੈਂਡ ਪਹੁੰਚਣ ’ਤੇ ਅਧਿਕਾਰੀਆਂ ਨੇ ਵੀ ਬੂਟ ਨਹੀਂ ਪਹਿਨੇ ਸਨ ਜਦਕਿ ਅੰਤਰਰਾਸ਼ਟਰੀ ਕਾਨੂੰਨ ਮੁਤਾਬਕ ਬੂਟ ਪਾਉਣੇ ਪੈਂਦੇ ਹਨ। ਇਸ ਦੌਰਾਨ ਸਪੈਸ਼ਲ ਅਥਾਰਟੀ ਦਿੱਤੀ ਗਈ ਕਿ ਤੁਹਾਨੂੰ ਬੂਟ ਪਾਉਣ ਦੀ ਲੋੜ ਨਹੀਂ। ਆਕਲੈਂਡ ਏਅਰਪੋਰਟ ’ਤੇ ਮਹਾਰਾਜ ਜੀ ਦੇ ਸਰੂਪ ਪਹੁੰਚਣ ’ਤੇ ਮੌਜੂਦ ਸਿਕਿਓਰਿਟੀ ਨੇ ਕਿਸੇ ਵੀ ਤਰ੍ਹਾਂ ਦੀ ਜਾਂਚ ਨਹੀਂ ਕੀਤੀ ਅਤੇ ਨਾ ਹੀ ਕਿਸੇ ਸ਼ਰਧਾਲੂ ਦੀ ਚੈਕਿੰਗ ਕੀਤੀ। ਨਾ ਹੀ ਕਿਸੇ ਸ਼ਰਧਾਲੂ ਦਾ ਕੋਈ ਬੈਗ ਚੈੱਕ ਕੀਤਾ ਗਿਆ। ਸ਼ਰਧਾਲੂਆਂ ਨੂੰ ਸਿੱਧੇ ਹੀ ਹਵਾਈ ਅੱਡੇ ਤੋਂ ਬਾਹਰ ਕੱਢਿਆ ਗਿਆ। ਹਵਾਈ ਅੱਡੇ ’ਤੇ ਹਜ਼ਾਰਾਂ ਦੀ ਗਿਣਤੀ ਵਿੱਚ ਸਿੱਖ ਸੰਗਤ ਮੌਜੂਦ ਸੀ। ਉਨ੍ਹਾਂ ਨੇ ਮਹਾਰਾਜ ਜੀ ਦੇ ਦਰਸ਼ਨ ਦੀਦਾਰੇ ਕੀਤੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ 23 ਗੁਰੂ ਘਰਾਂ ਵਿੱਚ ਵੰਡੇ ਗਏ ਕਿਉਂਕਿ ਨਿਊਜ਼ੀਲੈਂਡ ਵਿੱਚ ਸਰੂਪਾਂ ਦੀ ਕਿੱਲਤ ਆ ਰਹੀ ਸੀ। ਇਸ ਕਾਰਜ ਲਈ ਸ਼੍ਰੋਮਣੀ ਕਮੇਟੀ ਦਾ ਧੰਨਵਾਦ ਕੀਤਾ ਗਿਆ। ਨਾਲ ਹੀ ਆਸਟ੍ਰੇਲੀਆ ਵੱਸਦੀ ਉੱਪਲ ਫੈਮਿਲੀ, ਜਿਸ ਨੇ ਇਸ ਕਾਰਜ ਲਈ ਸੇਵਾ ਕੀਤੀ, ਉਨ੍ਹਾਂ ਦਾ ਵੀ ਧੰਨਵਾਦ ਕੀਤਾ ਗਿਆ।

ਇਸ ਦੇ ਨਾਲ ਹੀ ਆਸਟ੍ਰੇਲੀਆ ਦੀਆਂ ਸਾਰੀਆਂ ਸਿੱਖ ਸੰਸਥਾਵਾਂ ਦਾ ਵੀ ਧੰਨਵਾਦ ਕੀਤਾ ਗਿਆ। ਛੇ ਗੁਰੂ ਘਰਾਂ ਨੇ ਸਾਰੀ ਸੰਗਤ ਲਈ ਲੰਗਰ ਦਾ ਪ੍ਰਬੰਧ ਕੀਤਾ ਸੀ। ਹਵਾਈ ਅੱਡੇ ਤੋਂ ਸਾਰੇ ਸਰੂਪ ਪਹਿਲਾਂ ਟਾਕਾਨਿਨੀ ਗੁਰੂ ਘਰ ਲਿਆਂਦੇ ਗਏ। ਉੱਥੋਂ ਫਿਰ ਵੱਖ-ਵੱਖ ਗੁਰੂ ਘਰਾਂ ਲਈ ਰਵਾਨਾ ਹੋਏ। ਇੱਥੇ ਦੱਸ ਦਈਏ ਕਿ ਕਵੀਨਸਟਾਉਨ ਵਿੱਚ ਪਹਿਲੀ ਵਾਰ ਗੁਰਦੁਆਰਾ ਸਾਹਿਬ ਬਣਨ ਜਾ ਰਿਹਾ ਹੈ ਜਿਸ ਲਈ 2 ਸਰੂਪ ਭੇਜੇ ਗਏ।

# ਉੱਤਰੀ ਕੋਰੀਆ ਨੇ ਸਮੁੰਦਰ ਵੱਲ ਬੈਲਿਸਟਿਕ ਮਿਜ਼ਾਈਲਾਂ ਦਾਗੀਆਂ




ਸਿਓਲ/ਏ.ਟੀ.ਨਿਊਜ਼: ਉੱਤਰੀ ਕੋਰੀਆ ਨੇ ਪੂਰਬੀ ਸਮੁੰਦਰ ਵੱਲ ਘੱਟ ਦੂਰੀ ਦੀਆਂ ਕਈ ਬੈਲਿਸਟਿਕ ਮਿਜ਼ਾਈਲਾਂ ਦਾਗੀਆਂ। ਪਿਓਂਗਯਾਂਗ ਨੇ ਅਮਰੀਕਾ ’ਚ ਰਾਸ਼ਟਰਪਤੀ ਦੇ ਅਹੁਦੇ ਲਈ ਹੋਣ ਵਾਲੀਆਂ ਚੋਣਾਂ ਤੋਂ ਕੁਝ ਘੰਟੇ ਪਹਿਲਾਂ ਆਪਣੀ ਹਥਿਆਰ ਪ੍ਰਣਾਲੀ ਦਾ ਪ੍ਰਦਰਸ਼ਨ ਕੀਤਾ ਹੈ।

ਦੱਖਣੀ ਕੋਰੀਆ ਦੇ ਜੁਆਇੰਟ ਚੀਫਜ਼ ਆਫ ਸਟਾਫ ਨੇ ਤੁਰੰਤ ਇਹ ਨਹੀਂ ਦੱਸਿਆ ਕਿ ਉੱਤਰੀ ਕੋਰੀਆ ਨੇ ਕਿੰਨੀਆਂ ਮਿਜ਼ਾਈਲਾਂ ਦਾਗੀਆਂ ਤੇ ਕਿੰਨੀ ਦੂਰੀ ਤੱਕ ਦਾਗੀਆਂ। ਜਪਾਨ ਦੇ ਰੱਖਿਆ ਮੰਤਰਾਲੇ ਨੇ ਕਿਹਾ ਕਿ ਮੰਨਿਆ ਜਾ ਰਿਹਾ ਹੈ ਕਿ ਇਸ ਨਾਲ ਕਿਸੇ ਤਰ੍ਹਾਂ ਦਾ ਨੁਕਸਾਨ ਨਹੀਂ ਹੋਇਆ। ਇਹ ਘਟਨਾਕ੍ਰਮ ਉੱਤਰੀ ਕੋਰਿਆਈ ਆਗੂ ਕਿਮ ਜੋਂਗ ਉਨ ਵੱਲੋਂ ਅਮਰੀਕਾ ਤੱਕ ਪਹੁੰਚਣ ਲਈ ਡਿਜ਼ਾਈਨ ਕੀਤੀ ਗਈ ਦੇਸ਼ ਦੀ ਆਧੁਨਿਕ ਅੰਤਰ-ਮਹਾਦੀਪ ਬੈਲਿਸਟਿਕ ਮਿਜ਼ਾਈਲ ਦੀ ਅਜ਼ਮਾਇਸ਼ ਦੀ ਨਿਗਰਾਨੀ ਕੀਤੇ ਜਾਣ ਤੋਂ ਕੁਝ ਦਿਨ ਬਾਅਦ ਵਾਪਰਿਆ ਹੈ। ਇਸੇ ਦੇ ਜਵਾਬ ’ਚ ਅਮਰੀਕਾ ਨੇ ਸ਼ਕਤੀ ਪ੍ਰਦਰਸ਼ਨ ਕਰਦਿਆਂ ਦੱਖਣੀ ਕੋਰੀਆ ਤੇ ਜਪਾਨ ਨਾਲ ਇੱਕ ਤਿੰਨ-ਪੱਖੀ ਅਭਿਆਸ ’ਚ ਲੰਮੀ ਦੂਰੀ ਦੇ ਬੀ-1ਬੀ ਬੌਂਬਰ ਦੀ ਵਰਤੋਂ ਕੀਤੀ ਸੀ। ਇਸ ਦੀ ਕਿਮ ਦੀ ਭੈਣ ਨੇ ਨਿੰਦਾ ਕੀਤੀ ਸੀ, ਜਿਸ ਨੇ ਉੱਤਰੀ ਕੋਰੀਆ ਦੇ ਵਿਰੋਧੀਆਂ ’ਤੇ ਹਮਲਾਵਰ ਰਵੱਈਆ ਅਪਣਾਉਣ ਤੇ ਫੌਜੀ ਧਮਕੀਆਂ ਨਾਲ ਤਣਾਅ ਵਧਾਉਣ ਦਾ ਦੋਸ਼ ਲਾਇਆ। ਦੱਖਣੀ ਕੋਰਿਆਈ ਅਧਿਕਾਰੀਆਂ ਨੇ ਕਿਹਾ ਕਿ ਵਾਸ਼ਿੰਗਟਨ ਦਾ ਧਿਆਨ ਖਿੱਚਣ ਲਈ ਉੱਤਰੀ ਕੋਰੀਆ ਅਮਰੀਕੀ ਰਾਸ਼ਟਰਪਤੀ ਚੋਣਾਂ ਨੇੜੇ ਫੌਜੀ ਪ੍ਰਦਰਸ਼ਨ ਵਧਾ ਸਕਦਾ ਹੈ।

# ਉੱਤਰੀ ਗਾਜ਼ਾ ’ਤੇ ਇਜ਼ਰਾਇਲੀ ਹਮਲਿਆਂ ’ਚ 30 ਹਲਾਕ

## ਮ੍ਰਿਤਕਾਂ ਵਿੱਚ ਮਹਿਲਾਵਾਂ ਤੇ ਬੱਚੇ ਸ਼ਾਮਲ, ਹਮਲੇ ’ਚ ਨੁਕਸਾਨੀ ਇਮਾਰਤ ’ਚ ਕਈ ਪਰਿਵਾਰਾਂ ਨੇ ਲਈ ਸੀ ਪਨਾਹ

ਯੇਰੂਸ਼ਲਮ/ਏ.ਟੀ.ਨਿਊਜ਼: ਫਲਸਤੀਨ ਦੇ ਸਿਹਤ ਅਧਿਕਾਰੀਆਂ ਨੇ ਦਾਅਵਾ ਕੀਤਾ ਹੈ ਕਿ ਇਜ਼ਰਾਇਲ ਵੱਲੋਂ ਉੱਤਰੀ ਗਾਜ਼ਾ ’ਤੇ ਕੀਤੇ ਹਵਾਈ ਹਮਲਿਆਂ ’ਚ ਘੱਟ ਤੋਂ ਘੱਟ 30 ਜਣਿਆਂ ਦੀ ਮੌਤ ਹੋ ਗਈ। ਉਨ੍ਹਾਂ ਦੱਸਿਆ ਕਿ ਅੱਜ ਤੜਕੇ ਇਜ਼ਰਾਈਲ ਵੱਲੋਂ ਕੀਤੇ ਹਵਾਈ ਹਮਲੇ ’ਚ 10 ਦੀ ਮੌਤ ਹੋਈ, ਜਿਨ੍ਹਾਂ ਚਾਰ ਬੱਚੇ ਤੇ ਦੋ ਮਹਿਲਾਵਾਂ ਵੀ ਸ਼ਾਮਲ ਹਨ, ਜਦਕਿ ਬੀਤੇ ਦਿਨ ਉੱਤਰੀ ਗਾਜ਼ਾ ਦੇ ਸ਼ਹਿਰ ਬੇਲ ਲਾਹਿਆ ’ਚ ਕੀਤੇ ਹਮਲਿਆਂ ’ਚ ਅੱਠ ਮਹਿਲਾਵਾਂ ਤੇ ਛੇ ਬੱਚਿਆਂ ਸਮੇਤ ਘੱਟੋ ਘੱਟ 20 ਜਣਿਆਂ ਦੀ ਮੌਤ ਹੋ ਗਈ ਸੀ। ਨੇੜਲੇ ਹਸਪਤਾਲ, ਜਿੱਥੇ ਜ਼ਖ਼ਮੀਆਂ ਨੂੰ ਲਿਆਂਦਾ ਗਿਆ ਹੈ, ਉਸ ਦੇ ਡਾਇਰੈਕਟਰ ਹੁੱਸਾਮ ਅਬੂ ਸਫੀਆ



ਨੇ ਦੱਸਿਆ ਕਿ ਬੀਤੇ ਦਿਨ ਬੇਤ ਲਾਹਿਆ ਸ਼ਹਿਰ ’ਚ ਜਿਸ ਇਮਾਰਤ ’ਤੇ ਹਮਲਾ ਕੀਤਾ ਗਿਆ, ਉਸ ਵਿੱਚ ਕਈ ਪਰਿਵਾਰਾਂ ਨੇ ਪਨਾਹ ਲਈ ਹੋਈ ਸੀ। ਇਜ਼ਰਾਇਲ ਦੀ ਸੈਨਾ ਵੱਲੋਂ ਇਸ ਮਾਮਲੇ ’ਚ ਤੁਰੰਤ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ ਗਈ ਹੈ। ਇਜ਼ਰਾਇਲ ਕਰੀਬ ਇੱਕ ਮਹੀਨੇ ਤੋਂ ਵੱਡੇ ਪੱਧਰ ’ਤੇ ਉੱਤਰੀ ਗਾਜ਼ਾ ਨੂੰ ਨਿਸ਼ਾਨਾ ਬਣਾ ਰਿਹਾ ਹੈ ਅਤੇ ਉਸ ਨੇ ਬੇਤ ਲਾਹਿਆ, ਨਜ਼ਦੀਕੀ ਸ਼ਹਿਰ ਬੇਤ ਹੁਨਾਨ ਤੇ ਸ਼ਹਿਰੀ ਜਾਬਲੀਆ ਸ਼ਰਨਾਰਥੀ ਕੈਂਪ ਨੂੰ ਪੂਰੀ ਤਰ੍ਹਾਂ ਖਾਲੀ ਕਰਨ ਦਾ ਨਿਰਦੇਸ਼ ਦਿੱਤਾ ਹੈ ਅਤੇ ਪਿਛਲੇ ਇੱਕ ਮਹੀਨੇ ਤੋਂ ਤਕਰੀਬਨ ਨਾ ਦੇ ਬਰਾਬਰ ਮਨੁੱਖੀ ਸਹਾਇਤਾ ਪਹੁੰਚਾਉਣ ਦੀ ਇਜਾਜ਼ਤ ਦਿੱਤੀ ਹੈ।

# ਕੈਨੇਡਾ ਪੁਲਿਸ ਨੇ ਨਸ਼ੇ ਬਣਾਉਣ ਵਾਲੀ ਵੱਡੀ ਲੈਬ ਨਸ਼ਟ ਕੀਤੀ

ਬ੍ਰਿਟਿਸ਼ ਕੋਲੰਬੀਆ/ਏ.ਟੀ.ਨਿਊਜ਼: ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ’ਚ ਪੁਲਿਸ ਨੇ ਵੱਡੀ ਫੈਂਟੇਨਲ ਤੇ ਮੈਥਾਮਫੇਟਾਮਾਈਨ ਡਰੱਗ ਸੁਪਰ ਲੈਪ ਨਸ਼ਟ ਕਰ ਦਿੱਤੀ ਅਤੇ 9.5 ਕਰੋੜ ਅਮਰੀਕੀ ਡਾਲਰ ਮੁੱਲ ਦੇ ਨਸ਼ੀਲੇ ਪਦਾਰਥ ਜ਼ਬਤ ਕੀਤੇ ਹਨ। ਇਹ ਜਾਣਕਾਰੀ ਅਧਿਕਾਰੀਆਂ ਨੇ ਦਿੱਤੀ। ਇਹ ਮੁਹਿੰਮ ਪ੍ਰਸ਼ਾਂਤ ਖੇਤਰ ਰੌਇਲ ਕੈਨੇਡੀਅਨ ਮਾਊਂਟਿਡ ਪੁਲਿਸ (ਆਰ.ਸੀ.ਐੱਮ.ਪੀ.) ਦੇ ਫੈਡਰਲ ਪੁਲਿਸ ਪ੍ਰੋਗਰਾਮ



ਤਹਿਤ ਚਲਾਈ ਗਈ ਸੀ। ਪੁਲਿਸ ਨੇ ਦੱਸਿਆ, ‘ਪੁਲਿਸ ਨੇ ਕੈਨੇਡਾ ’ਚ ਸਭ ਤੋਂ ਵੱਡੀ ਫੈਂਟੇਨਾਈਲ ਤੇ ਮੈਥਾਮਫੇਟਾਮਾਈਨ ਡਰੱਗ ਸੁਪਰਲੈਬ ਨਸ਼ਟ ਕਰਕੇ ਇਕ ਕੌਮਾਂਤਰੀ ਸੰਗਠਿਤ ਅਪਰਾਧ ਸਮੂਹ ਨੂੰ ਝਟਕਾ ਦਿੱਤਾ ਹੈ। ਇਸ ਦੌਰਾਨ ਜ਼ਬਤ ਕੀਤੀ ਗਈ ਫੈਂਟੇਨਾਈਲ ਤੇ ਹੋਰ ਨਸ਼ੀਲੇ ਪਦਾਰਥਾਂ ਦੀ ਮਾਤਰਾ ਨਾਲ 9.55 ਲੱਖ ਦੇ ਕਰੀਬ ਸੰਭਾਵੀ ਖਤਰਨਾਕ ਡੋਜ਼ ਬਣ ਸਕਦੀਆਂ ਸਨ।

### ਆਈ.ਏ.ਐਸ. ਅਧਿਕਾਰੀ ਦੇ ਪੁੱਤਰ ਦੇ ਅਗਵਾ-ਕਤਲ ਦਾ ਮਾਮਲਾ

# ਸਾਬਕਾ ਡੀ.ਜੀ.ਪੀ. ਸੈਣੀ ਖਿਲਾਫ਼ ਚੱਲੇਗਾ ਟਰਾਇਲ, ਅਗਲੀ ਸੁਣਵਾਈ 26 ਨੂੰ

## 500 ਪੰਨਿਆਂ ਦੀ ਚਾਰਜਸ਼ੀਟ ਵਿੱਚ 47 ਗਵਾਹ, ਦੋ ਦੋਸ਼ੀਆਂ ਦੀ ਹੋ ਚੁੱਕੀ ਹੈ ਮੌਤ

1991 ਵਿੱਚ ਬਲਵੰਤ ਸਿੰਘ ਮੁਲਤਾਨੀ ਨੂੰ ਅਗਵਾ ਕਰਨ ਅਤੇ ਉਸ ਦੀ ਲਾਸ਼ ਨੂੰ ਖ਼ੁਰਦ-ਬੁਰਦ ਕਰਨ ਦੇ ਮਾਮਲੇ ਵਿੱਚ ਮੁਹਾਲੀ ਦੀ ਇੱਕ ਅਦਾਲਤ ਵੱਲੋਂ ਕਰੀਬ 4 ਸਾਲਾਂ ਬਾਅਦ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਦੇ ਵਕੀਲ ਐੱਚ.ਐੱਸ. ਧਨੋਆ ਅਤੇ ਸਾਬਕਾ ਡੀ.ਐਸ.ਪੀ. ਕੇ.ਆਈ.ਪੀ. ਸਿੰਘ ਨੂੰ ਚਾਰਜਸ਼ੀਟ ਦੀ ਕਾਪੀ ਸੌਂਪ ਦਿੱਤੀ ਗਈ ਸੀ। ਹੁਣ ਇਸ ਮਾਮਲੇ 'ਚ 26 ਨਵੰਬਰ ਨੂੰ ਗਵਾਹੀਆਂ ਸ਼ੁਰੂ ਹੋਣ ਦੀ ਸੰਭਾਵਨਾ ਹੈ ਹਾਲਾਂਕਿ ਸੈਣੀ ਇਸ ਦੌਰਾਨ ਪੇਸ਼ ਨਹੀਂ ਹੋਏ।

ਐੱਸ.ਆਈ.ਟੀ. ਵੱਲੋਂ ਸੈਣੀ ਖ਼ਿਲਾਫ਼ ਆਈ.ਪੀ.ਸੀ. ਦੀ ਧਾਰਾ 302, 364, 201, 344, 330, 219 ਅਤੇ 120 ਤਹਿਤ ਚਾਰਜਸ਼ੀਟ ਦਾਖ਼ਲ ਕੀਤੀ ਗਈ ਹੈ। ਚਾਰਜਸ਼ੀਟ 500 ਪੰਨਿਆਂ ਦੀ ਹੈ। ਇਸ ਵਿੱਚ ਕਰੀਬ 47 ਗਵਾਹ ਬਣਾਏ ਗਏ ਹਨ। ਇਸ ਦੇ ਨਾਲ ਹੀ ਪੁਲਿਸ ਨੇ ਇਸ ਕੇਸ ਵਿੱਚ ਸਾਬਕਾ ਸਬ-ਇੰਸਪੈਕਟਰ ਜਗੀਰ ਸਿੰਘ ਅਤੇ ਥਾਣਾ ਸਦਰ ਦੇ ਮੁਖੀ ਕੁਲਦੀਪ ਸਿੰਘ ਨੂੰ ਹਲਫ਼ਨਾਮਾ ਗਵਾਹ ਬਣਾਇਆ ਹੈ। ਜਦੋਂਕਿ ਸਾਬਕਾ ਸਬ-ਇੰਸਪੈਕਟਰ ਅਨੂਪ ਸਿੰਘ ਅਤੇ ਸਬ-ਇੰਸਪੈਕਟਰ ਹਰਸ਼ਯ ਸ਼ਰਮਾ ਜਾਂਚ ਤੋਂ ਬਾਅਦ ਬੇਕਸੂਰ ਪਾਏ ਗਏ ਹਨ।

ਇਸ ਮਾਮਲੇ ਵਿੱਚ ਨਾਮਜ਼ਦ ਸਾਬਕਾ ਡੀ.ਐਸ.ਪੀ. ਬਲਦੇਵ ਸਿੰਘ ਸੈਣੀ ਅਤੇ ਇੰਸਪੈਕਟਰ ਸਤਵੀਰ ਸਿੰਘ ਦੀ ਪਹਿਲਾਂ ਹੀ ਮੌਤ ਹੋ ਚੁੱਕੀ ਹੈ। ਹਾਲਾਂਕਿ, ਕੇ.ਆਈ.ਪੀ. ਸਿੰਘ ਨੂੰ ਜਾਂਚ ਟੀਮ ਨੇ ਪਹਿਲਾਂ ਹੀ ਕੇਸ ਵਿੱਚ ਨਾਮਜ਼ਦ ਕੀਤਾ ਸੀ। ਇਸ ਤੋਂ ਪਹਿਲਾਂ ਇਸ ਮਾਮਲੇ ਵਿੱਚ ਸੁਪਰੀਮ ਕੋਰਟ ਵਿੱਚ ਸਟੇਅ ਸੀ। ਦੂਜੇ ਪਾਸੇ ਅਦਾਲਤ ਵੱਲੋਂ ਦਿੱਤੀ ਗਈ ਛੋਟ ਕਾਰਨ ਸੁਮੇਧ ਸੈਣੀ ਅਦਾਲਤ ਵਿੱਚ ਪੇਸ਼ ਨਹੀਂ ਹੋਏ।

ਸਿਟ ਦੇ ਮੁਤਾਬਿਕ ਆਈ.ਏ.ਐਸ. ਅਧਿਕਾਰੀ ਦਰਸ਼ਨ ਸਿੰਘ ਮੁਲਤਾਨੀ ਦੇ ਬੇਟੇ ਪਲਵਿੰਦਰ ਸਿੰਘ ਮੁਲਤਾਨੀ ਨੇ ਸ਼ਿਕਾਇਤ ਕੀਤੀ ਸੀ ਕਿ ਉਹਨਾਂ ਦੇ ਭਰਾ ਨੂੰ ਸਾਲ 1991 ਵਿੱਚ ਮੁਹਾਲੀ ਦੇ ਫੇਜ 7 ਤੋਂ ਲਿਜਾਇਆ ਗਿਆ। ਜਿਸ ਤੋਂ ਬਾਅਦ ਉਹਨਾਂ ਕੋਈ ਅਤਾ ਪਤਾ ਲੱਗਿਆ। ਮਾਮਲੇ ਵਿੱਚ ਨਵਾਂ ਮੋੜ ਸਾਲ 2015 ਵਿੱਚ ਆਇਆ ਜਦੋਂ ਇੱਕ ਸਾਬਕਾ ਪੁਲਿਸ ਅਧਿਕਾਰੀ ਗੁਰਮੀਤ ਸਿੰਘ ਪਿੰਕੀ ਨੇ ਆਊਟਲੁਕ ਮੈਗਜੀਨ ਨੂੰ ਦਿੱਤੇ ਇੰਟਰਵਿਊ ਵਿੱਚ ਕਈ ਅਹਿਮ ਖੁਲਾਸੇ ਕੀਤੇ। ਇਸ ਉਸ ਅਧਿਕਾਰੀ ਨੇ ਦੱਸਿਆ ਕਿ ਉਸ ਸਮੇਂ ਸੁਮੇਧ ਸੈਣੀ ਅਤੇ ਉਸਦੇ ਸਾਥੀਆਂ ਨੇ ਕਿਸ ਤਰ੍ਹਾਂ ਲੋਕਾਂ ਤੇ ਤਸੱਸਦ ਢਾਹਿਆ ਸੀ। ਇਸ ਵਿੱਚ ਉਨ੍ਹਾਂ ਨੇ ਕਈ ਘਟਨਾਵਾਂ ਦਾ ਜ਼ਿਕਰ ਕੀਤਾ।





ਇਥੇ ਜ਼ਿਕਰਯੋਗ ਹੈ ਕਿ ਬਲਵੰਤ ਸਿੰਘ ਮੁਲਤਾਨੀ ਤਤਕਾਲੀ ਆਈ.ਏ.ਐੱਸ. ਅਧਿਕਾਰੀ ਦਰਸ਼ਨ ਸਿੰਘ ਮੁਲਤਾਨੀ ਦੇ ਪੁੱਤਰ ਸਨ। ਬਲਵੰਤ ਸਿੰਘ ਚੰਡੀਗੜ੍ਹ ਇੰਡਸਟ੍ਰਿਅਲ ਐਂਡ ਟੂਰਿਜ਼ਮ ਡਿਵੈਲਪਮੈਂਟ ਕੌਰਪੋਰੇਸ਼ਨ (ਸਿਟਕੋ) ਵਿੱਚ ਕੰਮ ਕਰਦੇ ਸਨ। 31 ਦਸੰਬਰ, 1991 ਤੱਕ ਉਨ੍ਹਾਂ ਨੂੰ ਐਸ.ਡੀ.ਓ ਵਜੋਂ ਤਰੱਕੀ ਦਿੱਤੀ ਜਾਣੀ ਸੀ। ਉਨ੍ਹਾਂ ਦਾ ਅਜੇ ਵਿਆਹ ਨਹੀਂ ਹੋਇਆ ਸੀ ਅਤੇ ਅਗਵਾ ਕਾਂਡ ਵੇਲੇ ਉਹ 28 ਸਾਲਾਂ ਦੇ ਸਨ। ਬਲਵੰਤ ਸਿੰਘ ਮੁਲਤਾਨੀ ਦੇ ਭਰਾ ਪਲਵਿੰਦਰ ਸਿੰਘ ਮੁਲਤਾਨੀ ਵਲੋਂ ਕੀਤੀ ਗਈ ਸ਼ਿਕਾਇਤ ਅਨੁਸਾਰ, ਉਨ੍ਹਾਂ ਨੂੰ 11 ਦਸੰਬਰ 1991 ਨੂੰ ਤੜਕੇ 4 ਵਜੇ ਦੇ ਕਰੀਬ ਉਨ੍ਹਾਂ ਦੇ ਮੋਹਾਲੀ ਸਥਿਤ ਆਵਾਸ ਤੋਂ ਪੁਲਿਸ ਨੇ ਹਿਰਾਸਤ 'ਚ ਲਿਆ ਗਿਆ ਸੀ। ਉਸ ਵੇਲੇ ਕੁਝ ਹੋਰ ਲੋਕਾਂ ਨੂੰ ਵੀ ਹਿਰਾਸਤ 'ਚ ਲਿਆ ਗਿਆ ਸੀ।

ਸ਼ਿਕਾਇਤ ਮੁਤਾਬਕ ਇਲਜ਼ਾਮ ਹੈ ਕਿ ਚੰਡੀਗੜ੍ਹ ਪੁਲਿਸ ਨੇ ਦੋ ਦਿਨ ਟਾਰਚਰ ਕਰਨ ਤੋਂ ਬਾਅਦ 13 ਦਸੰਬਰ ਨੂੰ ਐੱਫ.ਆਈ.ਆਰ. ਦਰਜ ਕਰ ਲਈ ਸੀ, ਜਿਸ ਵਿੱਚ ਉਸ ਵੇਲੇ ਦੇ ਚੰਡੀਗੜ੍ਹ ਦੇ ਐੱਸ.ਐੱਸ.ਪੀ. ਸੁਮੇਧ ਸਿੰਘ ਸੈਣੀ 'ਤੇ ਹੋਏ ਹਮਲੇ ਵਿੱਚ ਉਸ ਦਾ ਹੱਥ ਦੱਸਿਆ ਗਿਆ। ਚੰਡੀਗੜ੍ਹ ਪੁਲਿਸ ਦੀ ਹਿਰਾਸਤ 'ਚ ਕੁਲ 7 ਦਿਨਾਂ ਤੱਕ ਟਾਰਚਰ ਕਰਨ ਤੋਂ ਬਾਅਦ ਬਲਵੰਤ ਨੂੰ ਕਾਦੀਆਂ (ਗੁਰਦਾਸਪੁਰ) ਥਾਣੇ ਲਿਜਾਇਆ ਗਿਆ ਅਤੇ ਉੱਥੇ ਉਸ ਨੂੰ ਫਰਾਰ ਘੋਸ਼ਿਤ ਕਰਕੇ ਉਸ ਖ਼ਿਲਾਫ਼ ਇੱਕ ਹੋਰ ਐਫ.ਆਈ.ਆਰ. ਦਰਜ ਕੀਤੀ ਗਈ।

ਦਸੰਬਰ 1991 ਵਿੱਚ ਬਲਵੰਤ ਦੇ ਪਿਤਾ ਅਤੇ ਆਈ.ਏ.ਐੱਸ. ਅਫ਼ਸਰ ਦਰਸ਼ਨ ਸਿੰਘ ਮੁਲਤਾਨੀ ਨੇ ਹਾਈਕੋਰਟ ਵਿੱਚ ਪਟੀਸ਼ਨ ਦਾਇਰ ਕਰਦਿਆਂ ਉਨ੍ਹਾਂ ਦੇ ਬੇਟੇ ਬਲਵੰਤ ਨੂੰ ਅਦਾਲਤ ਵਿੱਚ ਪੁਲਿਸ ਵਲੋਂ ਪੇਸ਼ ਕਰਾਉਣ ਲਈ ਕਿਹਾ।

ਪਰ ਅਦਾਲਤ ਨੇ ਇਸ ਦਾਅਵੇ ਦੇ ਆਧਾਰ 'ਤੇ ਪਟੀਸ਼ਨ ਖਾਰਿਜ ਕਰ ਦਿੱਤੀ ਕਿ ਬਲਵੰਤ ਪੁਲਿਸ ਹਿਰਾਸਤ ਤੋਂ ਭੱਜ ਗਿਆ ਸੀ ਅਤੇ ਉਸ ਦੇ ਠਿਕਾਨੇ ਬਾਰੇ ਹੁਣ ਕਿਸੇ ਨੂੰ ਨਹੀਂ ਪਤਾ। ਪਰਿਵਾਰ ਦਾ ਕਹਿਣਾ ਸੀ ਕਿ ਬਲਵੰਤ ਦੀ ਪੁਲਿਸ ਤਸ਼ੱਦਦ ਦੌਰਾਨ ਮੌਤ ਹੋਈ ਹੈ।

(ਬਾਕੀ ਸਫ਼ਾ 30 'ਤੇ)

## ਡੀਜੀਪੀ ਸੁਮੇਧ ਸਿੰਘ ਸੈਣੀ ਨਾਲ ਜੁੜੇ ਵਿਵਾਦ

ਸੁਮੇਧ ਸਿੰਘ ਸੈਣੀ 1982 'ਚ ਆਈ.ਪੀ.ਐੱਸ. (ਇੰਡੀਅਨ ਪੁਲਿਸ ਸਰਵਿਸ) ਵਿੱਚ ਸ਼ਾਮਲ ਹੋਏ ਸਨ। ਅਗਲੇ 20 ਸਾਲਾਂ ਤੱਕ ਉਨ੍ਹਾਂ ਨੇ 6 ਵੱਖ-ਵੱਖ ਜ਼ਿਲ੍ਹਿਆਂ ਵਿੱਚ ਬਤੌਰ ਐੱਸ.ਐੱਸ.ਪੀ. ਸੇਵਾਵਾਂ ਨਿਭਾਈਆਂ ਸਨ।

ਬਲਵੰਤ ਸਿੰਘ ਦੇ ਲਾਪਤਾ ਹੋਣ ਦੇ ਵੇਲੇ ਉਹ ਚੰਡੀਗੜ੍ਹ ਦੇ ਐੱਸ.ਐੱਸ.ਪੀ. ਸਨ। ਸੁਮੇਧ ਸੈਣੀ ਸਾਬਕਾ ਪੁਲਿਸ ਮੁਖੀ ਕੇ.ਪੀ.ਐੱਸ. ਗਿੱਲ ਦੇ ਕਰੀਬੀ ਸਨ। ਗਿੱਲ ਅਤੇ ਸੁਮੇਧ ਸੈਣੀ ਸਰਕਾਰ ਦੀ 'ਗੋਲੀ ਬਦਲੇ ਗੋਲੀ' ਦੀ ਨੀਤੀ ਨੂੰ ਲਾਗੂ ਕਰਨ ਵਾਲੇ ਪੰਜਾਬ ਪੁਲਿਸ ਦੇ ਮੋਹਰੀ ਅਫ਼ਸਰ ਵਿੱਚੋਂ ਸਨ। ਪੰਜਾਬੀ ਭਾਈਚਾਰੇ ਦੇ ਲੋਕ ਸੈਣੀ ਨੂੰ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਨ ਵਾਲਾ ਅਫ਼ਸਰ ਮੰਨਦੇ ਹਨ। ਉਨ੍ਹਾਂ ਉੱਤੇ ਫਰਜ਼ੀ ਪੁਲਿਸ ਮੁਕਾਬਲਿਆਂ ਅਤੇ ਕਤਲਾਂ ਦੇ ਇਲਜ਼ਾਮ ਲਗਦੇ ਰਹੇ ਹਨ।

ਸੈਣੀ ਉੱਪਰ ਲੁਧਿਆਣਾ ਦੇ ਕਾਰੋਬਾਰੀ ਨੂੰ ਦੋ ਹੋਰ ਵਿਅਕਤੀਆਂ ਸਮੇਤ ਅਗਵਾ ਕਰਕੇ ਲਾਸ਼ਾਂ ਖੁਰਦ-ਬੁਰਦ ਕਰਨ ਦਾ ਸੀ.ਬੀ.ਆਈ. ਕੇਸ ਵੀ ਲੰਬਾ ਸਮਾਂ ਚੱਲਿਆ। ਵਿਨੋਦ ਦੀ ਮਾਂ ਨੇ ਸੁਮੇਧ ਖ਼ਿਲਾਫ਼ 24 ਸਾਲ ਅਦਾਲਤੀ ਮੁਕੱਦਮਾ ਲੜਿਆ ਅਤੇ 100 ਸਾਲ ਦੀ ਉਮਰ ਵਿੱਚ ਉਨ੍ਹਾਂ ਦੀ ਮੌਤ ਹੋ ਗਈ। ਸਾਲ 1994 ਤੋਂ ਜਾਰੀ ਅਦਾਲਤੀ ਕਾਰਵਾਈ ਅਜੇ ਵੀ ਜਾਰੀ ਹੈ।

ਪੰਜਾਬ ਪਬਲਿਕ ਸਰਵਿਸ ਕਮਿਸ਼ਨ ਵਿੱਚ ਭ੍ਰਿਸ਼ਟਾਚਾਰ ਦੇ ਮਾਮਲੇ ਸਣੇ ਕਈ ਅਜਿਹੇ ਮਾਮਲਿਆਂ ਦੀ ਜਾਂਚ ਅਤੇ ਕਾਰਵਾਈ ਲਈ ਸੈਣੀ ਨੂੰ ਵਾਹ-ਵਾਹੀ ਵੀ ਮਿਲੀ।

ਅਕਾਲੀ ਸਰਕਾਰ ਦੌਰਾਨ ਕੈਪਟਨ 'ਤੇ ਲੁਧਿਆਣਾ ਦੇ ਸਿਟੀ ਸੈਂਟਰ ਅਤੇ ਅੰਮ੍ਰਿਤਸਰ ਇੰਪਰੂਵਮੈਂਟ ਟਰੱਸਟ ਘੁਟਾਲੇ ਵਿੱਚ ਸ਼ਾਮਲ ਹੋਣ ਦੇ ਇਲਜ਼ਾਮ ਲਾਏ ਗਏ। ਇਹ ਇਲਜ਼ਾਮ ਲਾਏ ਜਾਣ ਸਮੇਂ ਸੁਮੇਧ ਸੈਣੀ ਪੰਜਾਬ ਵਿਜੀਲੈਂਸ ਵਿਭਾਗ ਦੇ ਮੁਖੀ (2007-12) ਸਨ। ਕੈਪਟਨ ਅਮਰਿੰਦਰ ਸਿੰਘ ਦੇ ਸਰਕਾਰ ਵਿੱਚ ਆਉਣ ਤੋਂ ਬਾਅਦ ਸਿਟੀ ਸੈਂਟਰ ਘੋਟਾਲਾ ਮਾਮਲੇ ਵਿੱਚ ਕਲੋਜ਼ਰ ਰਿਪੋਰਟ ਜਮਾਂ ਕਰਵਾ ਦਿੱਤੀ ਗਈ। ਇਸ ਦੇ ਖ਼ਿਲਾਫ਼ ਸੈਣੀ ਨੇ ਲੁਧਿਆਣਾ ਦੇ ਜ਼ਿਲ੍ਹਾ ਤੇ ਸੈਸ਼ਨ ਜੱਜ ਗੁਰਬੀਰ ਸਿੰਘ ਦੀ ਅਦਾਲਤ ਵਿੱਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਖਿਲਾਫ਼ ਅਰਜ਼ੀ ਦਾਇਰ ਕਰ ਦਿੱਤੀ।15 ਮਾਰਚ 2012 ਨੂੰ ਉਨ੍ਹਾਂ ਦੀ ਨਿਯੁਕਤੀ ਪੰਜਾਬ ਦੇ ਪੁਲਿਸ ਮਹਾਨਿਦੇਸ਼ਕ (ਡੀ.ਜੀ.ਪੀ.) ਦੇ ਤੌਰ 'ਤੇ ਹੋਈ ਸੀ।

54 ਸਾਲਾ ਦੀ ਉਮਰ ਵਿੱਚ ਡੀ.ਜੀ.ਪੀ. ਬਨਣ ਵਾਲੇ ਉਹ ਦੇਸ਼ ਦੇ ਪਹਿਲੇ ਆਈ.ਪੀ.ਐੱਸ. ਅਧਿਕਾਰੀ ਸੀ। ਅਖ਼ਬਾਰਾਂ ਦੀ ਰਿਪੋਰਟ ਅਨੁਸਾਰ ਅਕਾਲੀ ਦਲ-ਬੀ.ਜੇ.ਪੀ. ਦੀ ਸਰਕਾਰ ਦਾ ਉਨ੍ਹਾਂ ਨੂੰ ਕਾਫ਼ੀ ਸਾਥ ਮਿਲਿਆ ਸੀ।

14 ਅਕਤੂਬਰ 2015 ਨੂੰ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਦੋਸ਼ੀਆਂ ਦੀ ਗ੍ਰਿਫ਼ਤਾਰੀ ਨੂੰ ਲੈ ਕੇ ਕੋਟਕਪੂਰਾ 'ਚ ਸਿੱਖਾਂ ਵੱਲੋਂ ਪ੍ਰਦਰਸ਼ਨ ਕੀਤਾ ਜਾ ਰਿਹਾ ਸੀ, ਜਿਸ ਉੱਤੇ ਪੁਲਿਸ ਵੱਲੋਂ ਲਾਠੀਚਾਰਜ ਹੋਇਆ। ਇਸੇ ਦਿਨ ਬਹਿਬਲ ਕਲਾਂ ਵਿੱਚ ਪੁਲਿਸ ਵੱਲੋਂ ਚਲਾਈ ਗਈ ਗੋਲੀ ਵਿੱਚ ਦੋ ਸਿੱਖ ਨੌਜਵਾਨਾਂ ਦੀ ਮੌਤ ਹੋ ਗਈ ਸੀ। ਇਸ ਤੋਂ ਬਾਅਦ ਸਰਕਾਰ 'ਤੇ ਸੈਣੀ ਨੂੰ ਪੁਲਿਸ ਮੁਖੀ ਦੇ ਅਹੁਦੇ ਤੋਂ ਹਟਾਉਣ ਦਾ ਦਬਾਅ ਪਿਆ ਅਤੇ ਸੈਣੀ ਦੀ ਥਾਂ 1982 ਬੈਚ ਦੇ ਹੀ ਅਫ਼ਸਰ ਸੁਰੇਸ਼ ਅਰੋੜਾ ਨੂੰ ਪੁਲਿਸ ਮੁਖੀ ਨਿਯੁਕਤ ਕਰ ਦਿੱਤਾ ਗਿਆ। 2015 ਵਿੱਚ ਹੋਏ ਬਰਗਾੜੀ ਕਾਂਡ ਤੋਂ ਬਾਅਦ ਸੈਣੀ ਕੈਪਟਨ ਸਰਕਾਰ ਦੇ ਨਿਸ਼ਾਨੇ 'ਤੇ ਰਹੇ। ਸੁਮੇਧ ਸੈਣੀ ਨੇ 36 ਸਾਲ ਇੰਡੀਅਨ ਪੁਲਿਸ ਸਰਵਿਸ ਵਿੱਚ ਸੇਵਾ ਨਿਭਾਈ ਅਤੇ ਸਾਲ 2018 ਵਿੱਚ ਰਿਟਾਇਰ ਹੋਏ ਸਨ।

# ਸਿੱਖ ਕਿਸੇ ਦੇ ਧਾਰਮਿਕ ਸਥਾਨਾਂ 'ਤੇ ਹਮਲੇ ਨਹੀਂ ਕਰਦੇ: ਗਿ. ਹਰਪ੍ਰੀਤ ਸਿੰਘ

## ਕੈਨੇਡਾ ਵਿੱਚ ਮੰਦਰ ਉੱਪਰ ਹਮਲਾ ਝੂਠਾ ਨੈਰੇਟਿਵ

ਅੰਮ੍ਰਿਤਸਰ/ਏ.ਟੀ.ਨਿਊਜ਼ : ਕੈਨੇਡਾ 'ਚ ਦੋ ਭਾਈਚਾਰਿਆਂ ਵਿੱਚ ਵਾਪਰੀ ਹਿੰਸਕ ਘਟਨਾ ਤੋਂ ਬਾਅਦ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਕੈਨੇਡਾ ਵਿੱਚ ਮੰਦਿਰ 'ਤੇ ਕੋਈ ਹਮਲਾ ਨਹੀਂ ਹੋਇਆ ਹੈ। ਉਨ੍ਹਾਂ ਕਿਹਾ ਕਿ ਸਿੱਖਾਂ ਖ਼ਿਲਾਫ਼ ਲੰਬੇ ਸਮੇਂ ਤੋਂ ਬਿਰਤਾਂਤ ਸਿਰਜੇ ਜਾ ਰਹੇ ਹਨ। ਬੀਤੇ ਦਿਨ ਮੰਦਿਰ ਦੇ ਬਾਹਰ ਇੱਕ ਝੜਪ ਹੋਈ ਹੈ। ਜੋ ਝੜਪ ਹੋਈ ਹੈ ਉਹ ਵੀ ਮੰਦਭਾਗੀ ਹੈ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਇਹ ਝੜਪ ਨਹੀਂ ਹੋਣੀ ਚਾਹੀਦੀ ਸੀ ਪਰ ਜੋ ਇਸ ਝੜਪ ਨੂੰ ਮੰਦਰ ਉੱਪਰ ਹਮਲਾ ਗਰਦਾਨਿਆ ਗਿਆ ਹੈ ਉਸ ਦੀ ਉਹ ਨਿੰਦਾ ਕਰਦੇ ਹਨ।



ਉਨ੍ਹਾਂ ਕਿਹਾ ਕਿ 80ਵੇਂ ਦਹਾਕੇ ਦੇ ਵਿੱਚ ਭਾਰਤੀ ਫ਼ੌਜ ਨੇ 35 ਦੇ ਕਰੀਬ ਗੁਰਦੁਆਰਿਆਂ ਵਿੱਚ ਹਮਲਾ ਕੀਤਾ ਸੀ ਪਰ ਉਸ ਸਮੇਂ ਪੰਜਾਬ ਵਿੱਚ ਕਿਸੇ ਵੀ ਸਿੱਖ ਨੇ ਕਿਸੇ ਮੰਦਿਰ 'ਤੇ ਕੋਈ ਹਮਲਾ ਨਹੀਂ ਕੀਤਾ। ਸਿੱਖ ਕਿਸੇ ਦੇ ਧਾਰਮਿਕ ਸਥਾਨਾਂ 'ਤੇ ਹਮਲੇ ਨਹੀਂ ਕਰਦੇ ਪਰ 1984 ਦੇ ਨਵੰਬਰ ਮਹੀਨੇ ਵਿੱਚ ਗੁਰਦੁਆਰਿਆਂ 'ਤੇ ਹਮਲੇ ਜ਼ਰੂਰ ਹੋਏ ਸੀ ਪਰ ਕਿਸੇ ਸਿੱਖ ਨੇ ਕਦੀ ਮੰਦਿਰ 'ਤੇ ਹਮਲਾ ਨਹੀਂ ਕੀਤਾ।

ਉਨ੍ਹਾਂ ਕਿਹਾ ਕਿ ਕੈਨੇਡਾ 'ਚ ਹੋਈ ਝੜਪ ਨੂੰ ਭਾਰਤੀ ਮੀਡੀਆ ਅਤੇ ਸੋਸ਼ਲ ਮੀਡੀਆ 'ਤੇ ਕੁਝ ਸ਼ਰਾਰਤੀ ਅਨਸਰਾਂ ਨੇ ਹਮਲਾ ਗਰਦਾਨਿਆ ਹੈ ਉਹ ਬਹੁਤ ਗਲਤ ਹੈ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਮਾਲਟਨ ਗੁਰਦੁਆਰੇ ਵਿੱਚ ਜੋ ਸਿੱਖਾਂ ਦੀਆਂ ਗੱਡੀਆਂ ਭੰਨੀਆਂ ਹਨ, ਉਹ ਵੀ ਗਲਤ ਹੈ।

ਗਿਆਨੀ ਹਰਪ੍ਰੀਤ ਸਿੰਘ ਨੇ ਏਅਰ ਇੰਡੀਆ ਵੱਲੋਂ ਆਪਣੇ ਮੁਲਾਜ਼ਮਾਂ ਨੂੰ ਕਿਰਪਾਨ ਸਮੇਤ ਛੋਟਿਆ ਕਿਰਪਾਨਾਂ ਨਾ ਪਾਉਣ ਦੇ ਆਦੇਸ਼ 'ਤੇ ਕਿਹਾ ਕਿ ਭਾਰਤ ਦਾ ਸੰਵਿਧਾਨ ਸਾਨੂੰ ਇਸ ਦੀ ਇਜਾਜ਼ਤ ਦਿੰਦਾ ਹੈ ਅਤੇ ਜੇਕਰ ਏਅਰ ਇੰਡੀਆ ਅਜਿਹਾ ਕਰਦੀ ਹੈ ਤਾਂ ਸਿੱਖਾਂ ਦਾ ਸੰਵਿਧਾਨਿਕ ਹੱਕ ਖੋਹਿਆ ਜਾ ਰਿਹਾ ਹੈ।

# ਬਾਦਲ ਦਲ ਦੀ ਗ਼ੈਰ-ਮੌਜੂਦਗੀ ਨੇ ਹਲਕਾ ਚੱਬੇਵਾਲ ਦਾ ਵੋਟ ਗਣਿਤ ਬਦਲਿਆ

## ਭਾਜਪਾ, ਆਪ ਤੇ ਕਾਂਗਰਸ ਵਿਚਾਲੇ ਸਖ਼ਤ ਮੁਕਾਬਲਾ

ਹੁਸ਼ਿਆਰਪੁਰ/ਏ.ਟੀ.ਨਿਊਜ਼: ਵਿਧਾਨ ਸਭਾ ਹਲਕਾ ਚੱਬੇਵਾਲ ਵਿੱਚ 20 ਨਵੰਬਰ ਨੂੰ ਹੋਣ ਵਾਲੀ ਜ਼ਿਮਨੀ ਚੋਣ ਦੀ ਲੜਾਈ ਦਿਲਚਸਪ ਬਣੀ ਹੋਈ ਹੈ। 'ਆਪ' ਤੋਂ ਛੁੱਟ ਸਾਰੇ ਹੀ ਰਾਜਸੀ ਦਲਾਂ ਵਲੋਂ ਇਸ ਚੋਣ ਲਈ ਮੈਦਾਨ ਵਿੱਚ ਦੂਸਰੇ ਦਲਾਂ ਤੋਂ ਆਏ ਉਮੀਦਵਾਰਾਂ ਨੂੰ ਉਤਾਰਿਆ ਗਿਆ ਹੈ। ਚੋਣ ਮੈਦਾਨ ਵਿੱਚ ਉਤਰੇ ਸਾਰੇ ਹੀ ਪੁਰਾਣੇ ਨੇਤਾ ਉਨ੍ਹਾਂ ਪਾਰਟੀਆਂ ਤੋਂ ਚੋਣ ਲੜ ਰਹੇ ਹਨ, ਜਿਨ੍ਹਾਂ ਦਾ ਉਹ ਪਹਿਲਾਂ ਡਟ ਕੇ ਵਿਰੋਧ ਕਰਦੇ ਰਹੇ ਹਨ। ਇਸ ਦੇ ਨਾਲ ਹੀ ਇਨ੍ਹਾਂ ਪਾਰਟੀਆਂ ਵੱਲੋਂ ਹਾਸਲ ਕੀਤੇ ਜਾਂਦੇ ਵੋਟਾਂ ਦਾ ਗਣਿਤ ਵੀ ਇਸ ਵਾਰ ਕੁੱਝ ਉਲਝਿਆ ਨਜ਼ਰ ਆ ਰਿਹਾ ਹੈ। ਜਿੱਥੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਡਾ: ਇਸ਼ਾਂਕ ਕੁਮਾਰ ਨੂੰ ਆਪਣੇ ਪਿਤਾ ਦੋ ਵਾਰ ਕਾਂਗਰਸ ਪਾਰਟੀ ਤੋਂ ਵਿਧਾਇਕ ਰਹੇ ਅਤੇ ਮੌਜੂਦਾ ਸਮੇਂ 'ਆਪ' ਤੋਂ ਸੰਸਦ ਮੈਂਬਰ ਡਾ: ਰਾਜ ਕੁਮਾਰ ਦੀ ਰਾਜਨੀਤਕ ਸ਼ਾਖ਼ ਦਾ ਆਸਰਾ ਹੈ, ਉੱਥੇ ਲੰਮਾ ਸਮਾਂ ਬਹੁਜਨ ਸਮਾਜ ਪਾਰਟੀ ਵਿੱਚ ਰਹਿਣ ਅਤੇ ਪਿਛਲੀ ਲੋਕ ਸਭਾ ਚੋਣ ਬਸਪਾ ਟਿਕਟ 'ਤੇ ਲੜਨ ਤੋਂ ਬਾਅਦ ਹੁਣ ਕਾਂਗਰਸ ਵਿੱਚ ਸ਼ਾਮਿਲ ਹੋ ਕੇ ਚੱਬੇਵਾਲ ਤੋਂ ਚੋਣ ਲੜ ਰਹੇ ਕਾਂਗਰਸੀ ਉਮੀਦਵਾਰ ਐਡਵੋਕੇਟ ਰਣਜੀਤ ਕੁਮਾਰ ਨੂੰ ਇਲਾਕੇ ਵਿੱਚ ਆਪਣੀ ਪਾਰਟੀ ਦੀ ਪੁਰਾਣੀ ਪੈਂਠ 'ਤੇ ਯਕੀਨ ਹੈ।



ਉੱਧਰ ਭਾਜਪਾ ਵਲੋਂ ਚੋਣ ਮੈਦਾਨ ਵਿੱਚ ਉਤਾਰੇ ਗਏ ਸੋਹਣ ਸਿੰਘ ਠੰਡਲ ਨੇ ਦੋ ਦਹਾਕਿਆਂ ਤੋਂ ਵੱਧ ਸਮੇਂ ਤੱਕ ਸ਼੍ਰੋਮਣੀ ਅਕਾਲੀ ਦਲ ਦਾ ਸਾਥ ਨਿਭਾਇਆ ਅਤੇ ਅਕਾਲੀ-ਭਾਜਪਾ ਸਰਕਾਰ ਵਿੱਚ ਮੰਤਰੀ ਵੀ ਰਹੇ। ਫਿਰ ਪਿਛਲੀ ਚੋਣ ਅਕਾਲੀ-ਭਾਜਪਾ ਦਾ ਰਾਜਨੀਤਕ ਤਲਾਕ ਹੋਣ ਤੋਂ ਬਾਅਦ ਉਨ੍ਹਾਂ ਲੋਕ ਸਭਾ ਚੋਣ ਸ਼੍ਰੋਮਣੀ ਅਕਾਲੀ ਦਲ ਤੋਂ ਲੜੀ ਅਤੇ ਹੁਣ ਅਚਾਨਕ ਹੀ ਅਕਾਲੀ ਦਲ ਦਾ ਪੱਲਾ ਛੱਡ ਕੇ ਭਾਜਪਾ ਵਿੱਚ ਆ ਕੇ ਭਾਜਪਾ ਉਮੀਦਵਾਰ ਬਣ ਗਏ। ਸਾਰੇ ਉਮੀਦਵਾਰਾਂ ਦੀ ਅੱਖ ਆਪਣੀ ਪਾਰਟੀ ਦੇ ਪਰੰਪਰਾਗਤ ਵੋਟਾਂ ਦੇ ਨਾਲ-ਨਾਲ ਇਸ ਵਾਰ ਚੋਣ ਨਾ ਲੜ ਰਹੇ ਸ਼੍ਰੋਮਣੀ ਅਕਾਲੀ ਦਲ ਦੇ ਵੋਟ ਬੈਂਕ 'ਤੇ ਹੈ, ਜੋ ਕਿਸੇ ਮਜ਼ਬੂਤ ਪੱਖ ਨਾਲ ਰਲ ਕੇ ਪਾਸਾ ਵੀ ਪਲਟ ਸਕਦਾ ਹੈ। ਡਾ: ਰਾਜ ਕੁਮਾਰ ਦੇ ਕਾਂਗਰਸ 'ਚ ਰਹਿੰਦਿਆਂ ਬਣਾਏ ਗਏ ਆਪਣੇ ਪ੍ਰਭਾਵਸ਼ਾਲੀ

(ਬਾਕੀ ਸਫ਼ਾ 30 'ਤੇ)

# ਭਾਰਤੀਆਂ ਨੇ ਦਿਵਾਲੀ ਦੌਰਾਨ ਢੇਰਾਂ ਪਟਾਕੇ ਫੂਕ ਕੇ ਸਾਹ ਦੀਆਂ ਬਿਮਾਰੀਆਂ ਦਾ ਮਨਾਇਆ ਜਸ਼ਨ

## ਪੰਜਾਬੀਆਂ ਨੇ ਦਿਵਾਲੀ 'ਤੇ ਸੈਂਕੜੇ ਟਨ 'ਬਾਰੂਦ' ਸਾੜਿਆ!

## ਭਾਰਤ ਤੋਂ ਆਉਣ ਵਾਲੇ ਜ਼ਹਿਰੀਲੇ ਧੂੰਏਂ ਕਾਰਣ ਲਾਹੌਰ ਦਾ 'ਸਾਹ ਘੁੱਟਿਆ'



ਭਾਰਤ ਵਿੱਚ ਦਿਵਾਲੀ ਦੌਰਾਨ ਸੁਪਰੀਮ ਕੋਰਟ ਵੱਲੋਂ 'ਗਰੀਨ' ਪਟਾਕਿਆਂ ਬਾਰੇ ਜਾਰੀ ਹਦਾਇਤਾਂ ਅਤੇ ਇਨ੍ਹਾਂ ਨੂੰ ਚਲਾਉਣ ਲਈ ਦਿੱਤੇ ਦੋ ਘੰਟਿਆਂ ਦੇ ਸਮੇਂ (ਰਾਤ 8-10) ਦਾ ਇਸ ਵਾਰ ਵੀ ਦਿਵਾਲੀ 'ਤੇ ਕੋਈ ਅਸਰ ਦੇਖਣ ਨੂੰ ਨਹੀਂ ਮਿਲਿਆ। ਦੇਸ਼ ਦੇ ਲਗਭਗ 100 ਸ਼ਹਿਰਾਂ ਵਿੱਚ ਤਿਉਹਾਰ ਤੋਂ ਇੱਕ ਦਿਨ ਬਾਅਦ ਬਹੁਤ ਮਾੜੀ ਸ਼੍ਰੇਣੀ ਦਾ ਹਵਾ ਪ੍ਰਦੂਸ਼ਣ ਰਿਕਾਰਡ ਕੀਤਾ ਗਿਆ ਹੈ। ਇਨ੍ਹਾਂ ਸ਼ਹਿਰਾਂ ਵਿੱਚ ਅੰਬਾਲਾ, ਅੰਮ੍ਰਿਤਸਰ ਤੇ ਦਿੱਲੀ ਵੀ ਸ਼ਾਮਿਲ ਹਨ। ਪੰਜਾਬ ਤੇ ਹਰਿਆਣਾ ਵਿੱਚ ਸਥਿਤੀ ਹਫ਼ਤੇ ਦੇ ਅਖ਼ੀਰ ਤੱਕ ਵੀ ਨਹੀਂ ਸੁਧਰੀ ਸੀ, ਦਿੱਲੀ ਵਿੱਚ ਤਾਂ ਇਹ ਹੋਰ ਵੀ ਜ਼ਿਆਦਾ ਗੰਭੀਰ ਹੋ ਗਈ। ਦਿੱਲੀ ਇੱਕ ਵਾਰ ਫਿਰ ਧੂੰਏਂ ਦੀ ਚਾਦਰ ਨਾਲ ਢਕੀ ਗਈ। ਪਟਾਕਿਆਂ 'ਤੇ ਪਾਬੰਦੀ ਸਿਰਫ਼ ਕਾਗ਼ਜ਼ਾਂ 'ਤੇ ਹੀ ਰਹਿ ਗਈ। ਦੁਕਾਨਾਂ 'ਤੇ ਜਿੰਨੇ ਪਟਾਕੇ ਵਿਕਦੇ ਸਨ, ਲੋਕਾਂ ਨੇ ਉਨ੍ਹਾਂ ਨੂੰ ਆਪਣੀ ਮਨਮਰਜ਼ੀ ਨਾਲ ਖ਼ਰੀਦਿਆ ਅਤੇ ਜਲਾਇਆ।

ਯਾਨੀ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਇਹ ਸਾਬਤ ਕਰ ਦਿੱਤਾ ਕਿ ਸਿਹਤ 'ਤੇ ਪ੍ਰਦੂਸ਼ਣ ਦੇ ਚਿੰਤਾਜਨਕ ਪ੍ਰਭਾਵਾਂ ਬਾਰੇ ਲੋਕਾਂ ਵਿੱਚ ਜਾਗਰੂਕਤਾ ਫ਼ੈਲਾਉਣ ਦੇ ਯਤਨਾਂ ਵਿੱਚ ਅਜੇ ਵੀ ਵੱਡੇ ਸੁਧਾਰ ਦੀ ਗੁੰਜਾਇਸ਼ ਹੈ।

ਡਾਕਟਰ ਇਹ ਕਹਿ ਕੇ ਥੱਕ ਗਏ ਹਨ ਕਿ ਪ੍ਰਦੂਸ਼ਣ ਨਾ ਸਿਰਫ਼ ਤੁਹਾਨੂੰ ਖਤਰਨਾਕ ਖੰਘ ਦਿੰਦਾ ਹੈ, ਸਗੋਂ ਸਾਹ ਦੀਆਂ ਬਿਮਾਰੀਆਂ ਦਾ ਕਾਰਨ ਬਣਦਾ ਹੈ ਅਤੇ ਤੁਹਾਡੀ ਜਾਨ ਵੀ ਲੈ ਸਕਦਾ ਹੈ। ਏਜੰਸੀਆਂ ਇਹ ਅੰਕੜੇ ਦੇ ਕੇ ਥੱਕ ਗਈਆਂ ਹਨ ਕਿ ਪ੍ਰਦੂਸ਼ਣ ਕਾਰਨ ਹੋਣ ਵਾਲੀਆਂ ਮੌਤਾਂ ਦੀ ਗਿਣਤੀ ਹਰ ਸਾਲ ਵੱਧ ਰਹੀ ਹੈ। ਪਰ ਪਟਾਕਿਆਂ ਪ੍ਰਤੀ ਲੋਕਾਂ ਦਾ ਖਿੱਚ ਘਟਣ ਦਾ ਕੋਈ ਸੰਕੇਤ ਨਹੀਂ ਦਿਖਿਆ । ਦਿੱਲੀ ਪੁਲਿਸ ਨੇ ਦਿਵਾਲੀ ਤੋਂ ਪਹਿਲਾਂ ਕਰੀਬ ਦੋ ਟਨ ਪਟਾਕੇ ਜ਼ਬਤ ਕੀਤੇ ਸਨ ਪਰ ਪਟਾਕੇ ਚਲਾਉਣ ਵਾਲਿਆਂ ਨੂੰ ਕੋਈ ਨਹੀਂ ਰੋਕ ਸਕਿਆ। ਇਸ ਦਾ ਅਸਰ ਅਗਲੀ ਸਵੇਰ ਹੀ ਦੇਖਣ ਨੂੰ ਮਿਲਿਆ।

ਹਵਾ ਦੀ ਗੁਣਵੱਤਾ 'ਤੇ ਨਜ਼ਰ ਰੱਖਣ ਵਾਲੀ ਕੰਪਨੀ ਆਈ. ਕਿਉ. ਏਅਰ ਮੁਤਾਬਕ 1 ਨਵੰਬਰ ਦੀ ਸਵੇਰ ਨੂੰ ਹਵਾ ਵਿੱਚ ਪੀਐੱਮ2.5 ਕਣਾਂ ਦੀ ਮਾਤਰਾ 345 ਮਾਈਕ੍ਰੋਗ੍ਰਾਮ ਪ੍ਰਤੀ ਘਣ ਮੀਟਰ ਤੋਂ ਵੱਧ ਹੋ ਗਈ, ਜੋ ਕਿ ਪੰਜ ਜਾਂ ਦਸ ਨਹੀਂ ਸਗੋਂ 23 ਗੁਣਾ ਵੱਧ ਹੈ। ਵਿਸ਼ਵ ਸਿਹਤ ਸੰਗਠਨ ਦੇ ਮਾਪਦੰਡ ਹਨ।

'ਲੈਂਸੇਟ ਪਲੈਨੇਟਰੀ ਹੈਲਥ' ਮੈਗਜ਼ੀਨ ਵਿੱਚ ਪ੍ਰਕਾਸ਼ਿਤ ਇੱਕ ਰਿਪੋਰਟ ਮੁਤਾਬਕ 2008 ਤੋਂ 2019 ਦਰਮਿਆਨ ਨਵੀਂ ਦਿੱਲੀ ਵਿੱਚ ਹਵਾ ਪ੍ਰਦੂਸ਼ਣ ਕਾਰਨ ਹਰ ਸਾਲ ਕਰੀਬ 12 ਹਜ਼ਾਰ ਲੋਕਾਂ ਦੀ ਮੌਤ ਹੋਈ ਸੀ। ਇਹ ਸ਼ਹਿਰ ਵਿੱਚ ਹੋਈਆਂ ਕੁੱਲ ਮੌਤਾਂ ਦਾ 11.5 ਫ਼ੀਸਦੀ ਹੈ।

ਅਮਰੀਕਾ ਦੇ 'ਹੈਲਥ ਇਫ਼ੈਕਟਸ ਇੰਸਟੀਚਿਊਟ' ਅਤੇ ਸੰਯੁਕਤ ਰਾਸ਼ਟਰ ਦੀ ਸੰਸਥਾ ਯੂਨੀਸੇਫ਼ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਭਾਰਤ ਵਿੱਚ 2021 ਦੌਰਾਨ ਹਵਾ ਪ੍ਰਦੂਸ਼ਣ ਕਾਰਨ 21 ਲੱਖ ਲੋਕਾਂ ਦੀ ਮੌਤ ਹੋਈ ਹੈ। ਬੱਚਿਆਂ ਦੀ ਮੌਤ ਦੇ ਮਾਮਲੇ ਵਿੱਚ ਭਾਰਤ ਦੁਨੀਆ ਵਿੱਚ ਸਭ ਤੋਂ ਅੱਗੇ ਰਿਹਾ। ਇਸੇ ਸਾਲ ਦੇਸ਼ ਵਿੱਚ ਪੰਜ ਸਾਲ ਤੋਂ ਘੱਟ ਉਮਰ ਦੇ 1,69,400 ਬੱਚਿਆਂ ਦੀ ਹਵਾ ਪ੍ਰਦੂਸ਼ਣ ਕਾਰਨ ਮੌਤ ਹੋ ਗਈ।

ਪਰ ਨਵੀਂ ਦਿੱਲੀ ਦੇ ਲੋਕ ਜਾਂ ਤਾਂ ਇਨ੍ਹਾਂ ਸਾਰੇ ਅੰਕੜਿਆਂ ਤੋਂ ਅਣਜਾਣ ਹਨ ਜਾਂ ਇਨ੍ਹਾਂ 'ਤੇ ਵਿਸ਼ਵਾਸ ਨਹੀਂ ਕਰਦੇ। ਇਸ ਦਿਵਾਲੀ 'ਤੇ ਨਵੀਂ ਦਿੱਲੀ ਨੇ ਇੱਕ ਵਾਰ ਫਿਰ ਦੁਨੀਆਂ ਦੇ ਸਭ ਤੋਂ ਪ੍ਰਦੂਸ਼ਿਤ ਸ਼ਹਿਰ ਹੋਣ ਦਾ ਖਿਤਾਬ ਜਿੱਤ ਲਿਆ ਹੈ। ਲਾਹੌਰ ਵੀ ਪਿੱਛੇ ਰਹਿ ਗਿਆ। ਹੁਣ ਫਿਰ ਹਸਪਤਾਲਾਂ ਦੇ ਬਾਹਰ ਸਾਹ ਲੈਣ ਵਿੱਚ ਤਕਲੀਫ਼ ਦੀ ਸ਼ਿਕਾਇਤ ਕਰਦੇ ਬਜ਼ੁਰਗਾਂ ਅਤੇ ਬੱਚਿਆਂ ਦੀਆਂ ਕਤਾਰਾਂ ਲੱਗ ਜਾਣਗੀਆਂ ਪਰ ਪਟਾਕੇ ਚਲਾਉਣ ਵਾਲਿਆਂ ਨੂੰ ਸ਼ਾਇਦ ਇਸ ਗੱਲ ਦੀ ਕੋਈ ਪਰਵਾਹ ਨਹੀਂ।

ਹਰ ਕਿਸੇ ਕੋਲ ਬਹਿਸ ਵੀ ਤਿਆਰ ਹੈ। ਮਸਲਨ ਪਟਾਕਿਆਂ ਤੋਂ ਬਿਨਾਂ ਦਿਵਾਲੀ ਖਾਲੀ ਜਾਪਦੀ ਹੈ, ਸਾਰਾ ਸਾਲ ਵਾਹਨਾਂ ਦਾ ਧੂੰਆਂ ਹੀ ਰਹਿੰਦਾ ਹੈ, ਤੁਸੀਂ ਵਾਹਨਾਂ 'ਤੇ ਪਾਬੰਦੀ ਕਿਉਂ ਨਹੀਂ ਲਗਾਉਂਦੇ, ਕਿਸਾਨ ਪਰਾਲੀ ਕਿਉਂ ਜਲਾਉਂਦੇ ਹਨ, ਤੋਂ ਲੈ ਕੇ 'ਹਰ ਕੋਈ ਸਿਰਫ਼ ਹਿੰਦੂ ਤਿਉਹਾਰਾਂ 'ਤੇ ਪਾਬੰਦੀ ਲਗਾਉਂਦਾ ਹੈ, ਪਰ ਦੂਜੇ ਧਰਮਾਂ ਦੇ ਤਿਉਹਾਰਾਂ 'ਤੇ ਚੁੱਪ ਕਿਉਂ ਰਹਿੰਦੇ ਹੋ।' ਹਰ ਕਿਸਮ ਦੇ ਜਵਾਬ ਉਪਲਬਧ ਹਨ।

### ਪੰਜਾਬੀਆਂ ਨੇ ਕਰੋੜਾਂ ਰੁਪਏ ਦੇ ਪਟਾਕੇ ਚਲਾਏ,ਪੰਜਾਬ ਬਣਿਆ ਗੈਸ ਚੈਂਬਰ

ਦਿਵਾਲੀ ਮੌਕੇ ਪੰਜਾਬੀਆਂ ਨੇ ਕਰੋੜਾਂ ਰੁਪਏ ਦੇ ਪਟਾਕੇ ਚਲਾ ਕੇ ਸੈਂਕੜੇ ਟਨ 'ਬਾਰੂਦ' ਸਾੜ ਦਿੱਤਾ ਹੈ। ਪਟਾਕੇ ਚਲਾਉਣ ਸਮੇਂ 2 ਦਰਜਨ ਦੇ ਕਰੀਬ ਨਾਬਾਲਗਾਂ ਦੀਆਂ ਅੱਖਾਂ ਨੁਕਸਾਨੇ ਜਾਣ ਦਾ ਪਤਾ ਲੱਗਿਆ ਹੈ, ਜਿਨ੍ਹਾਂ ਨੂੰ ਇਲਾਜ ਲਈ ਪੀ. ਜੀ. ਆਈ ਚੰਡੀਗੜ੍ਹ ਦਾਖਲ ਕਰਵਾਇਆ ਗਿਆ ਹੈ। ਇਸ ਤਰ੍ਹਾਂ ਆਤਿਸ਼ਬਾਜ਼ੀ ਨੇ ਇੱਕ ਨੌਜਵਾਨ ਦੀ ਜਾਨ ਲੈ ਲਈ ਹੈ ਅਤੇ ਸੈਂਕੜੇ ਲੋਕ ਅੱਗ ਲੱਗਣ ਕਾਰਨ ਝੁਲਸ ਗਏ ਹਨ। ਭਾਵੇਂ ਕਿ ਸੁਪਰੀਮ ਕੋਰਟ ਪ੍ਰਦੂਸ਼ਨ ਦੇ ਮਾਮਲੇ 'ਤੇ ਕਾਫ਼ੀ ਸਖ਼ਤ ਫ਼ੈਸਲੇ ਲੈ ਰਹੀ ਹੈ ਅਤੇ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਲਗਾਉਣ ਤੋਂ ਵਰਜਿਆ ਜਾ ਰਿਹਾ ਹੈ। ਇਸ ਮਾਮਲੇ ਵਿੱਚ ਪੰਜਾਬ ਦੇ ਡਿਪਟੀ ਕਮਿਸ਼ਨਰ, ਐਸ. ਐਸ. ਪੀ. ਅਤੇ ਡੀ. ਆਈ. ਜੀ. ਪੱਧਰ ਦੇ ਅਧਿਕਾਰੀ ਖੇਤਾਂ ਅੰਦਰ ਘੁੰਮ ਰਹੇ ਹਨ। ਪਰਾਲੀ ਨੂੰ ਅੱਗ ਲਗਾਉਣ ਤੋਂ ਰੋਕਣ ਲਈ ਸੈਂਕੜੇ ਕਿਸਾਨਾਂ ਖ਼ਿਲਾਫ਼ ਪਰਚੇ ਵੀ ਦਰਜ ਕੀਤੇ ਗਏ ਹਨ ਅਤੇ ਮਾਲ ਵਿਭਾਗ ਨੂੰ ਕਿਸਾਨਾਂ ਦੀ ਜ਼ਮੀਨ ਦੀ ਜਮ੍ਹਾਬੰਦੀ ਵਿੱਚ ਲਾਲ ਲਕੀਰ ਦਰਜ ਕਰਨ ਦੇ ਹੁਕਮ ਵੀ ਦਿੱਤੇ ਹੋਏ ਹਨ। ਦਿਵਾਲੀ ਦੀ ਰਾਤ ਪੰਜਾਬੀਆਂ ਨੇ ਕਰੋੜਾਂ ਰੁਪਏ ਦਾ ਸੈਂਕੜੇ ਟਨ ਬਾਰੂਦ ਸਾੜ ਦਿੱਤਾ, ਜਿਸ ਨਾਲ ਜਿੱਥੇ ਪੰਜਾਬ ਦੀ ਆਬੋ ਹਵਾ ਵਿਗੜ ਗਈ ਹੈ। ਪੰਜਾਬ ਗੈਸ ਚੈਂਬਰ ਬਣ ਗਿਆ। ਪਰ ਪ੍ਰਸ਼ਾਸਨ ਨੇ ਇਸ ਬਾਰੇ ਕੋਈ ਕਾਰਵਾਈ ਨਹੀਂ ਕੀਤੀ।

(ਬਾਕੀ ਸਫ਼ਾ 30 'ਤੇ)

## ਦਿਵਾਲੀ ਦੇ ਤਿਉਹਾਰ ਮੌਕੇ ਪੰਜਾਬੀਆਂ ਨੇ ਤੋੜੇ ਰਿਕਾਰਡ, ਉਡਾ ਦਿੱਤੇ ਕਰੋੜਾਂ

### 40 ਲੱਖ ਮੁਰਗੇ ਤੇ 75 ਕਰੋੜ ਦੀ ਸ਼ਰਾਬ ਡਕਾਰ ਗਏ ਪੰਜਾਬੀ

ਦਿਵਾਲੀ ਦੇ ਤਿਉਹਾਰ ਮੌਕੇ ਪੰਜਾਬੀ 40 ਲੱਖ ਮੁਰਗੇ ਤੇ 75 ਕਰੋੜ ਦੀ ਸ਼ਰਾਬ ਡਕਾਰ ਗਏ। ਮੱਛੀ, ਬੱਕਰੇ ਤੇ ਹੋਰ ਜਾਨਵਰਾਂ ਦੇ ਮੀਟ ਦਾ ਸੇਵਨ ਵੀ ਵੱਡੇ ਪੱਧਰ 'ਤੇ ਹੋਇਆ ਦੱਸਿਆ ਜਾ ਰਿਹਾ ਹੈ। ਜਾਣਕਾਰੀ ਅਨੁਸਾਰ ਪੰਜਾਬ ਦੇ ਅੰਦਰ ਸ਼ਰਾਬ ਦਾ 10 ਹਜ਼ਾਰ ਕਰੋੜ ਦਾ ਕਾਰੋਬਾਰ ਹੈ। ਦਿਵਾਲੀ ਮੌਕੇ ਦਾਰੂ ਦੇ ਸ਼ੌਕੀਨਾਂ ਨੇ ਇੱਕ ਦਿਨ ਵਿੱਚ ਹੀ 75 ਕਰੋੜ ਦੀ ਸ਼ਰਾਬ ਡਕਾਰੀ। ਬਠਿੰਡਾ ਜ਼ਿਲ੍ਹੇ ਦੇ ਵਾਸੀ 3 ਕਰੋੜ ਦੀ ਸ਼ਰਾਬ ਪੀ ਗਏ। ਇਹ ਵੀ ਪਤਾ ਲੱਗਿਆ ਹੈ ਕਿ ਹੋਰਨਾਂ ਜ਼ਿਲ੍ਹਿਆਂ ਵਿੱਚ ਵੀ ਸ਼ਰਾਬ ਦੀ ਕਰੋੜਾਂ ਰੁਪਏ ਦੀ ਵਿਕਰੀ ਹੋਈ। ਇੱਥੇ ਹੀ ਬੱਸ ਨਹੀਂ ਪੰਜਾਬੀਆਂ ਨੇ ਇੱਕ ਰਾਤ ਵਿੱਚ ਹੀ ਕਰੀਬ 40 ਲੱਖ ਦੇ ਮੁਰਗੇ ਛੱਕ ਲਏ। ਸੂਤਰਾਂ ਅਨੁਸਾਰ ਪਟਿਆਲਾ ਵਿੱਚ 38 ਹਜ਼ਾਰ ਮੁਰਗੇ ਝਟਕਾਏ ਗਏ ਅਤੇ ਇਸੇ ਤਰ੍ਹਾਂ ਕਰੀਬ 35 ਹਜ਼ਾਰ ਤੋਂ ਵੱਧ ਮੁਰਗੇ ਬਠਿੰਡੇ ਵਾਲੇ ਛੱਕ ਗਏ। ਇਹ ਵੀ ਕਿ ਪੰਜਾਬ ਦੇ 12 ਹਜ਼ਾਰ ਤੋਂ ਵੱਧ ਪਿੰਡਾਂ ਅੰਦਰ ਰਹਿੰਦੇ 3 ਕਰੋੜ ਪੰਜਾਬੀਆਂ 'ਚੋਂ ਤਕਰੀਬਨ 60 ਫ਼ੀਸਦੀ ਲੋਕਾਂ ਵਲੋਂ ਦਿਵਾਲੀ ਜਾਂ ਵਿਸ਼ਵਕਰਮਾ ਦਿਵਸ ਵਾਲੇ ਦਿਨ ਸ਼ਰਾਬ ਤੇ ਮੀਟ ਦਾ ਸੇਵਨ ਵੱਡੇ ਪੱਧਰ 'ਤੇ ਕੀਤਾ ਜਾਂਦਾ ਹੈ। ਪੰਜਾਬ ਦੇ 25 ਵੱਡੇ ਸ਼ਹਿਰਾਂ, ਕਸਬਿਆਂ ਤੇ ਪਿੰਡਾਂ ਅੰਦਰ ਮੁਰਗਿਆਂ ਦੇ ਨਾਲ-ਨਾਲ ਮੱਛੀ ਦੀ ਲਾਗਤ ਕਾਫ਼ੀ ਹੋਣ ਦੇ ਚੱਲਦਿਆਂ ਬੱਕਰੇ ਦੇ ਮੀਟ ਦਾ ਵੀ ਵੱਡੇ ਪੱਧਰ 'ਤੇ ਉਪਯੋਗ ਹੋਇਆ ਦੱਸਿਆ ਜਾ ਰਿਹਾ ਹੈ।

## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ



ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ 'ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ 'ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸੰਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

ਈ ਮੇਲ : asrtimes@gmail.com

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੰਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS
Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

## ਦੇਸ਼ ਦੇ ਸੌ ਤੋਂ ਵੱਧ ਨੌਕਰਸ਼ਾਹਾਂ ਵੱਲੋਂ ਗ੍ਰਹਿ ਮੰਤਰੀ ਸ਼ਾਹ ਨੂੰ ਅਪੀਲ

# 'ਨਫ਼ਰਤੀ ਰਾਜਨੀਤੀ ਰੋਕੋ'

### ਕੀ ਅਮਰੀਕਾ ਭਾਰਤ ਤੋਂ ਅਮਿਤ ਸ਼ਾਹ ਨੂੰ ਪੁੱਛ-ਗਿੱਛ ਲਈ ਮੰਗ ਸਕਦਾ ਹੈ ? | ਕੈਨੇਡਾ ਨੇ ਪਹਿਲੀ ਵਾਰ ਭਾਰਤ ਨੂੰ ਸਾਈਬਰ ਖ਼ਤਰਾ ਪੈਦਾ ਕਰਨ ਵਾਲੇ ਦੇਸ਼ਾਂ ਦੀ ਸੂਚੀ 'ਚ ਕੀਤਾ ਸ਼ਾਮਲ

ਅਜਿਹਾ ਲੱਗਦਾ ਹੈ ਕਿ ਗ੍ਰਹਿ ਮੰਤਰੀ ਅਮਿਤ ਸ਼ਾਹ ਹੁਣ ਸ਼ਨੀ ਭਗਵਾਨ ਦੀ ਬੁਰੀ ਨਜ਼ਰ ਹੇਠ ਹਨ। ਭਾਰਤ ਦੇ ਅੰਦਰ ਅਤੇ ਬਾਹਰ ਜਿਸ ਤਰ੍ਹਾਂ ਗ੍ਰਹਿ ਮੰਤਰੀ ਸ਼ਾਹ 'ਤੇ ਹਮਲੇ ਸ਼ੁਰੂ ਹੋ ਗਏ ਹਨ, ਉਸ ਤੋਂ ਸਾਫ਼ ਜਾਪਦਾ ਹੈ ਕਿ ਆਉਣ ਵਾਲੇ ਸਮੇਂ ਵਿੱਚ ਉਨ੍ਹਾਂ ਦੀ ਰਾਜਨੀਤੀ ਵਿੱਚ ਵੱਡੀ ਤਬਦੀਲੀ ਆ ਸਕਦੀ ਹੈ। ਇੱਥੇ ਦੱਸ ਦੇਈਏ ਕਿ ਭਾਰਤ ਦੇ ਕਈ ਰਾਜਾਂ ਵਿੱਚ ਨਫ਼ਰਤ ਭਰੇ ਮਾਹੌਲ ਨੂੰ ਲੈ ਕੇ ਜਿੱਥੇ ਦੇਸ਼ ਦੇ ਸੌ ਤੋਂ ਵੱਧ ਨੌਕਰਸ਼ਾਹਾਂ ਨੇ ਗ੍ਰਹਿ ਮੰਤਰੀ ਸ਼ਾਹ ਦਾ ਧਿਆਨ ਹਿੰਦੀ ਪੱਟੀ ਵਿੱਚ ਚੱਲ ਰਹੀ ਨਫ਼ਰਤ ਭਰੀ ਰਾਜਨੀਤੀ 'ਤੇ ਖਿੱਚਿਆ ਹੈ ਅਤੇ ਉਥੇ ਦੇਸ਼ ਦੇ ਬਾਹਰ ਸਵਾਲ ਖੜ੍ਹੇ ਕੀਤੇ ਹਨ, ਗ੍ਰਹਿ ਮੰਤਰੀ ਉੱਪਰ ਕੈਨੇਡਾ ਵਿੱਚ ਭਾਈ ਹਰਦੀਪ ਸਿੰਘ ਨਿੱਝਰ ਦੇ ਕਤਲ ਸਬੰਧੀ ਦੋਸ਼ ਲਾਏ ਜਾ ਰਹੇ ਹਨ। ਜ਼ਾਹਿਰ ਹੈ ਕਿ ਅਜਿਹੀ ਖੇਡ ਨਾਲ ਅਮਿਤ ਸ਼ਾਹ ਦੇ ਅਕਸ 'ਤੇ ਡੂੰਘਾ ਅਸਰ ਪਵੇਗਾ ਅਤੇ ਭਾਰਤ ਦੀ ਬਦਨਾਮੀ ਵੀ ਹੋ ਸਕਦੀ ਹੈ।

ਦੇਸ਼ ਵਿੱਚ ਪੈਦਾ ਹੋਣ ਵਾਲੇ ਵਿਗਾੜਾਂ 'ਤੇ ਸਮੇਂ-ਸਮੇਂ ਚਿੰਤਾ ਜ਼ਾਹਰ ਕਰਨ ਵਾਲੇ ਰਿਟਾਇਰਡ ਅਫ਼ਸਰਾਂ ਦੇ ਗਰੁੱਪ 'ਸੰਵਿਧਾਨਕ ਆਚਰਣ ਸਮੂਹ' (ਦੀ ਕਾਂਸਟੀਚਿਊਸ਼ਨਲ ਕੰਡਕਟ ਗਰੁੱਪ) ਨੇ ਹੁਣ ਭਾਜਪਾ ਸ਼ਾਸਤ ਉੱਤਰਾਖੰਡ ਵਿੱਚ ਫ਼ਿਰਕੂ ਖਿਚਾਅ ਵਿੱਚ ਵਾਧੇ ਨੂੰ ਰੋਕਣ 'ਤੇ ਜ਼ੋਰ ਦਿੱਤਾ ਹੈ। ਦਿੱਲੀ ਦੇ ਸਾਬਕਾ ਲੈਫ਼ਟੀਨੈਂਟ ਗਵਰਨਰ ਨਜੀਬ ਜੰਗ, ਸਾਬਕਾ ਮੁੱਖ ਆਰਥਕ ਸਲਾਹਕਾਰ ਨਿਤਿਨ ਦੇਸਾਈ, ਸਾਬਕਾ ਸਕੱਤਰ (ਰਾਅ) ਏ ਐੱਸ ਦੁਲੱਤ, ਸਾਬਕਾ ਵਿੱਤ ਸਲਾਹਕਾਰ (ਰੱਖਿਆ ਸੇਵਾਵਾਂ) ਸੁਧਾਂਸ਼ੂ ਮੋਹੰਤੀ, ਸਾਬਕਾ ਸਲਾਹਕਾਰ (ਵਿੱਤ) ਟੈਲੀਕਾਮ ਕਮਿਸ਼ਨ ਰੁਚਿਰਾ ਮੁਖਰਜੀ, ਸਾਬਕਾ ਡੀ ਜੀ ਪੀ (ਇੰਟੈਲੀਜੈਂਸ) ਪੱਛਮੀ ਬੰਗਾਲ ਏ ਕੇ ਸਾਮੰਤਾ, ਸਾਬਕਾ ਮੁੱਖ ਸਕੱਤਰ ਪੱਛਮੀ ਬੰਗਾਲ ਅਰਧੇਂਦੂ ਸੇਨ, ਕਲਕੱਤਾ ਮੈਟਰੋ ਦੀ ਸਾਬਕਾ ਜਨਰਲ ਮੈਨੇਜਰ ਗੀਤਾ ਥੂਪਲ ਤੇ ਸਾਬਕਾ ਡੀ. ਜੀ. ਪੀ. ਪੰਜਾਬ ਜੂਲੀਓ ਰੀਬੇਰੋ ਸਣੇ 101 ਸਾਬਕਾ ਅਫ਼ਸਰਾਂ ਨੇ ਆਪਣੇ ਦਸਤਖਤਾਂ ਨਾਲ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਪੱਤਰ ਲਿਖ ਕੇ ਕਿਹਾ ਹੈ ਕਿ ਅਗਸਤ ਦੌਰਾਨ ਸੂਬੇ ਵਿੱਚ ਨਫ਼ਰਤੀ ਤਕਰੀਰਾਂ ਤੇ ਹਿੰਸਾ ਦੀਆਂ ਘਟਨਾਵਾਂ ਤੋਂ ਬਾਅਦ 10 ਸਤੰਬਰ ਨੂੰ ਦੇਹਰਾਦੂਨ ਵਿੱਚ ਧਰਮ ਸੰਸਦ ਕੀਤੀ ਗਈ, ਜਿਸ 'ਚ ਖਾਸ ਤੌਰ 'ਤੇ ਨਫ਼ਰਤੀ ਤਕਰੀਰ ਕੀਤੀ ਗਈ। ਇਸ ਤੋਂ ਬਾਅਦ 27 ਸਤੰਬਰ ਨੂੰ ਦੇਹਰਾਦੂਨ ਤੇ 24 ਅਕਤੂਬਰ ਨੂੰ ਉੱਤਰਾਕਾਸ਼ੀ ਵਿੱਚ ਫ਼ਿਰਕੂ ਹਿੰਸਾ ਹੋਈ। ਹਿੰਸਕ ਘਟਨਾਵਾਂ, ਲਵ ਜਿਹਾਦ ਦੇ ਨਾਂਅ 'ਤੇ ਅੱਗ-ਲਾਊ ਤਕਰੀਰਾਂ ਤੇ ਸੰਪਤੀ ਦੀ ਤੋੜ-ਫੋੜ ਲਈ ਜ਼ਿੰਮੇਵਾਰ ਬਹੁਤੇ ਲੋਕਾਂ ਨੂੰ ਫੜਿਆ ਨਹੀਂ ਗਿਆ। ਜੇ ਕੁਝ ਫ਼ੜੇ ਵੀ ਤਾਂ ਉਨ੍ਹਾਂ ਨੂੰ ਜ਼ਮਾਨਤ ਮਿਲ ਗਈ। ਇਨ੍ਹਾਂ ਵਿੱਚ 2021 ਵਿੱਚ ਹਰਿਦੁਆਰ ਵਿੱਚ ਧਰਮ ਸੰਸਦ ਦਾ ਮੁੱਖ ਜਥੇਬੰਦਕ ਯਤੀ ਨਰਸਿੰਹਾਨੰਦ ਵੀ ਹੈ, ਜਿਹੜਾ ਭੜਕਾਊ ਕਾਰਵਾਈਆਂ ਕਰਨ ਦਾ ਆਦੀ ਹੈ। ਉਸ ਨੇ ਬੀਤੇ ਹਫ਼ਤੇ ਵੀ ਕਿਹਾ ਕਿ ਯੂਪੀ ਪੁਲਿਸ ਨੇ ਉਸ ਨੂੰ ਪਿਛਲੇ ਹਫ਼ਤੇ ਘੱਟ-ਗਿਣਤੀਆਂ (ਮੁਸਲਮਾਨਾਂ) ਬਾਰੇ ਟਿੱਪਣੀਆਂ ਕਰਕੇ



ਘਰ ਵਿੱਚ ਨਜ਼ਰਬੰਦ ਕੀਤਾ ਹੋਇਆ ਸੀ, ਜਦਕਿ ਪੁਲਿਸ ਨੇ ਉਸ ਦੇ ਦਾਅਵੇ ਦਾ ਖੰਡਨ ਕੀਤਾ ਸੀ।

ਸਾਬਕਾ ਅਫ਼ਸਰਾਂ ਨੇ ਕੇਂਦਰੀ ਗ੍ਰਹਿ ਮੰਤਰੀ ਤੋਂ ਮੰਗ ਕੀਤੀ ਹੈ ਕਿ ਉਹ ਦਸੰਬਰ ਵਿੱਚ ਧਰਮ ਸੰਸਦ ਦੇ ਆਯੋਜਨ ਨੂੰ ਰੋਕਣ। ਅਜਿਹੇ ਸਮਾਗਮਾਂ ਨਾਲ ਨਫ਼ਰਤ ਤੇ ਹਿੰਸਾ ਭੜਕਾਉਣ ਵਾਲਿਆਂ ਪ੍ਰਤੀ ਸਖ਼ਤੀ ਨਾਲ ਪੇਸ਼ ਆਉਣ। ਉੱਤਰਾਖੰਡ ਪੁਲਿਸ ਨੂੰ ਪੁੱਛਿਆ ਜਾਵੇ ਕਿ ਉਸ ਨੇ ਯਤੀ ਨਰਸਿੰਹਾਨੰਦ ਵੱਲੋਂ ਜ਼ਮਾਨਤ ਦੀਆਂ ਸ਼ਰਤਾਂ ਦੀ ਉਲੰਘਣਾ ਤੋਂ ਬਾਅਦ ਉਸ ਦੀ ਜ਼ਮਾਨਤ ਰੱਦ ਕਰਾਉਣ ਦੀ ਕੋਸ਼ਿਸ਼ ਕਿਉਂ ਨਹੀਂ ਕੀਤੀ। ਉਸ ਨੂੰ ਅਮਨ-ਕਾਨੂੰਨ ਭੰਗ ਦੇ ਦੋਸ਼ ਵਿੱਚ ਕੌਮੀ ਸੁਰੱਖਿਆ ਐਕਟ ਤਹਿਤ ਗ੍ਰਿਫ਼ਤਾਰ ਕੀਤਾ ਜਾਣਾ ਚਾਹੀਦਾ ਹੈ। ਸਾਬਕਾ ਅਫ਼ਸਰਾਂ ਨੇ ਇਹ ਵੀ ਮੰਗ ਕੀਤੀ ਹੈ ਕਿ ਉੱਤਰਾਖੰਡ ਪੁਲਿਸ ਨੂੰ ਕਿਹਾ ਜਾਵੇ ਕਿ ਉਹ ਹਿੰਸਾ, ਨਫ਼ਰਤ ਤੇ ਸੰਪਤੀ ਦੀ ਤੋੜ-ਫ਼ੋੜ ਦੀਆਂ ਸਾਰੀਆਂ ਘਟਨਾਵਾਂ ਵਿੱਚ ਸਖ਼ਤ ਐਕਸ਼ਨ ਲਵੇ।

ਸਰਕਾਰ ਨੂੰ ਇਨ੍ਹਾਂ ਨਾਮਵਰ ਸਾਬਕਾ ਅਫ਼ਸਰਾਂ ਦੀ ਸਲਾਹ ਮੰਨ ਕੇ ਬਣਦੀ ਕਾਰਵਾਈ ਕਰਨੀ ਚਾਹੀਦੀ ਸੀ ਪਰ ਨਹੀਂ ਕੀਤੀ ਗਈ।

ਮਹਾਰਾਸ਼ਟਰ ਅਤੇ ਝਾਰਖੰਡ ਚੋਣਾਂ ਦੌਰਾਨ ਸਾਬਕਾ ਨੌਕਰਸ਼ਾਹਾਂ ਦਾ ਇਹ ਪੱਤਰ ਨਾ ਸਿਰਫ਼ ਭਾਜਪਾ ਸ਼ਾਸਿਤ ਰਾਜਾਂ 'ਤੇ ਜ਼ੋਰਦਾਰ ਹਮਲਾ ਹੈ ਸਗੋਂ ਇਹ ਗ੍ਰਹਿ ਮੰਤਰੀ ਸ਼ਾਹ ਦੀ ਰਾਜਨੀਤੀ 'ਤੇ ਵੀ ਸਵਾਲ ਖੜ੍ਹੇ ਕਰ ਰਿਹਾ ਹੈ। ਭਾਰਤ ਵਿੱਚ ਅਮਨ-ਸ਼ਾਂਤੀ ਅਤੇ ਭਾਈਚਾਰਕ ਸਾਂਝ ਬਣਾਈ ਰੱਖਣ ਦੀ ਜ਼ਿੰਮੇਵਾਰੀ ਗ੍ਰਹਿ ਮੰਤਰੀ ਦੀ ਹੁੰਦੀ ਹੈ, ਪਰ ਜਿਸ ਤਰ੍ਹਾਂ ਦਾ ਮਾਹੌਲ ਕਈ ਰਾਜਾਂ ਵਿੱਚ ਬਣ ਰਿਹਾ ਹੈ, ਉਸ ਤੋਂ ਸਪੱਸ਼ਟ ਹੁੰਦਾ ਹੈ ਕਿ ਗ੍ਰਹਿ ਮੰਤਰੀ ਸ਼ੱਕ ਦੇ ਘੇਰੇ ਵਿੱਚ ਆ ਗਏ ਹਨ। ਪਰ ਗੱਲ ਸਿਰਫ਼ ਇਸ ਗਲ ਤੱਕ ਸੀਮਤ ਨਹੀਂ ਹੈ।

ਅਜਿਹਾ ਪਹਿਲੀ ਵਾਰ ਦੇਖਣ ਅਤੇ ਸੁਣਨ ਨੂੰ ਮਿਲ ਰਿਹਾ ਹੈ ਕਿ ਕਿਸੇ ਦੇਸ਼ ਨੇ ਸਿੱਧੇ ਤੌਰ 'ਤੇ ਭਾਰਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਉਪਰ ਖ਼ਾਲਿਸਤਾਨੀਆਂ 'ਤੇ ਹਮਲੇ ਦਾ ਦੋਸ਼ ਲਗਾਇਆ ਹੈ ਅਤੇ ਅਜਿਹੇ ਹਮਲੇ ਵਿੱਚ ਸ਼ਾਹ ਦੀ ਸ਼ਮੂਲੀਅਤ ਦੀ ਪੁਸ਼ਟੀ ਵੀ ਕੀਤੀ ਹੈ। ਦੋ ਦੇਸ਼ਾਂ ਦੇ ਕੂਟਨੀਤਕ ਸਬੰਧ ਕਿਸੇ ਵੀ ਮੰਤਰੀ ਤੋਂ ਵੱਡੇ ਹੁੰਦੇ ਹਨ ਅਤੇ ਫਿਰ ਕਿਸੇ ਦੇਸ਼ ਦੀ ਸ਼ਾਨ ਦਾ ਸਵਾਲ ਵੀ ਹੁੰਦਾ ਹੈ। ਪਰ ਭਾਰਤ ਸਰਕਾਰ ਚੁੱਪ ਹੈ, ਵਿਰੋਧੀ ਧਿਰਾਂ ਕੋਲ ਸਰਕਾਰ ਨੂੰ ਸਵਾਲ ਪੁੱਛਣ ਦੀ ਤਾਕਤ ਨਹੀਂ ਹੈ।

ਪਰ ਵੱਡਾ ਸਵਾਲ ਇਹ ਹੈ ਕਿ ਕੀ ਆਜ਼ਾਦੀ ਤੋਂ ਬਾਅਦ ਦੇਸ਼ ਦੇ ਕਿਸੇ ਗ੍ਰਹਿ ਮੰਤਰੀ ਨੂੰ ਕਦੇ ਅਜਿਹੇ ਦੋਸ਼ਾਂ ਦਾ ਸਾਹਮਣਾ ਕਰਨਾ ਪਿਆ ਸੀ?

ਬੀਤੇ ਹਫ਼ਤੇ ਦੇ ਦੌਰਾਨ ਕੈਨੇਡਾ ਦੇ ਉਪ ਵਿਦੇਸ਼ ਮੰਤਰੀ ਡੇਵਿਡ ਮੌਰੀਸਨ ਨੇ ਅਮਰੀਕੀ ਅਖ਼ਬਾਰ ਵਾਸ਼ਿੰਗਟਨ ਪੋਸਟ ਨੂੰ ਦੱਸਿਆ ਸੀ ਕਿ ਭਾਰਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਕੈਨੇਡੀਅਨ ਨਾਗਰਿਕਾਂ ਦੇ ਕਤਲ ਦੀ ਸਾਜ਼ਿਸ਼ ਵਿੱਚ ਸ਼ਾਮਲ ਸਨ। ਮੌਰੀਸਨ ਨੇ ਇਹ ਖੁਲਾਸਾ ਕੈਨੇਡੀਅਨ ਸੰਸਦੀ ਕਮੇਟੀ ਆਨ ਪਬਲਿਕ ਸੇਫ਼ਟੀ ਦੀ ਸੁਣਵਾਈ ਦੌਰਾਨ ਕੀਤਾ ਸੀ।

ਕੈਨੇਡਾ ਨੇ ਪਹਿਲੀ ਵਾਰ ਭਾਰਤ ਨੂੰ ਸਾਈਬਰ ਖਤਰਾ ਪੈਦਾ ਕਰਨ ਵਾਲੇ ਦੇਸ਼ਾਂ ਦੀ ਸੂਚੀ ਵਿੱਚ ਸ਼ਾਮਲ ਕੀਤਾ ਹੈ। ਇਸ ਰਾਹੀਂ ਉਸ ਨੇ ਇਹ ਸੰਕੇਤ ਦੇਣ ਦੀ ਕੋਸ਼ਿਸ਼ ਕੀਤੀ ਹੈ ਕਿ (ਭਾਰਤੀ) ਸਰਕਾਰ ਦੁਆਰਾ ਸਪਾਂਸਰ ਕੀਤੇ ਤੱਤਾਂ ਰਾਹੀਂ ਓਟਾਵਾ ਵਿਰੁੱਧ ਜਾਸੂਸੀ ਦੀ ਸੰਭਾਵਨਾ ਹੈ। ਦੋਵਾਂ ਦੇਸ਼ਾਂ ਵਿਚਾਲੇ ਚੱਲ ਰਹੀ ਕੂਟਨੀਤਕ ਕਤਾਰ ਦੇ ਵਿਚਕਾਰ, ਕੈਨੇਡਾ ਦੀ ਨੈਸ਼ਨਲ ਸਾਈਬਰ ਥ੍ਰੇਟ ਅਸੈਸਮੈਂਟ 2025-2026 ਰਿਪੋਰਟ ਵਿੱਚ ਚੀਨ, ਰੂਸ, ਇਰਾਨ ਅਤੇ ਉੱਤਰੀ ਕੋਰੀਆ ਤੋਂ ਬਾਅਦ ਭਾਰਤ ਨੂੰ ਪੰਜਵਾਂ ਸਥਾਨ ਮਿਲਿਆ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ, 'ਅਸੀਂ ਮੁਲਾਂਕਣ ਕਰਦੇ ਹਾਂ ਕਿ ਭਾਰਤ ਸਰਕਾਰ ਦੁਆਰਾ ਸਪਾਂਸਰ ਕੀਤੇ ਸਾਈਬਰ ਧਮਕੀ ਅਦਾਕਾਰਾਂ ਨੇ ਜਾਸੂਸੀ ਦੇ ਉਦੇਸ਼ ਲਈ ਕੈਨੇਡਾ ਸਰਕਾਰ ਦੇ ਨੈਟਵਰਕਾਂ ਦੇ ਵਿਰੁੱਧ ਸਾਈਬਰ ਧਮਕੀ ਸਰਗਰਮੀ ਦਾ ਸੰਚਾਲਨ ਕੀਤਾ ਹੋਣ ਦੀ ਸੰਭਾਵਨਾ ਹੈ।' ਇਹ ਘਟਨਾਕ੍ਰਮ ਅਜਿਹੇ ਸਮੇਂ ਵਿੱਚ ਆਇਆ ਹੈ ਜਦੋਂ ਇੱਕ ਸਾਲ ਪਹਿਲਾਂ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਸੀ ਕਿ ਕੈਨੇਡਾ ਕੋਲ ਇਸ ਗੱਲ ਦੇ ਭਰੋਸੇਯੋਗ ਸਬੂਤ ਹਨ ਕਿ ਜੂਨ 2023 ਵਿੱਚ ਬ੍ਰਿਟਿਸ਼ ਕੋਲੰਬੀਆ ਵਿੱਚ ਕੈਨੇਡੀਅਨ ਸਿੱਖ ਕਾਰਕੁਨ ਹਰਦੀਪ ਸਿੰਘ ਨਿੱਝਰ ਦੇ ਕਤਲ ਵਿੱਚ ਭਾਰਤ ਸਰਕਾਰ ਦੇ ਏਜੰਟ ਸ਼ਾਮਲ ਸਨ।

ਦੂਜੇ ਪਾਸੇ ਭਾਰਤ ਨੇ ਇਸ ਦੋਸ਼ ਨੂੰ ਬੇਤੁਕਾ ਦੱਸਦਿਆਂ ਰੱਦ ਕਰ ਦਿੱਤਾ ਸੀ ਭਾਰਤੀ ਵਿਦੇਸ਼ ਮੰਤਰਾਲਾ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਬਾਰੇ ਇੱਕ ਕੈਨੇਡੀਅਨ ਮੰਤਰੀ ਦੀ ਟਿੱਪਣੀ 'ਤੇ ਸਖ਼ਤ ਵਿਰੋਧ ਦਰਜ ਕਰਵਾਇਆ ਹੈ। ਮੰਤਰਾਲਾ ਨੇ ਕਿਹਾ ਕਿ ਅਜਿਹੇ 'ਬੇਤੁਕੇ ਅਤੇ ਬੇਬੁਨਿਆਦ' ਦੋਸ਼ਾਂ ਦਾ ਦੋਵਾਂ ਦੇਸ਼ਾਂ ਦੇ ਦੁਵੱਲੇ ਸਬੰਧਾਂ 'ਤੇ ਗੰਭੀਰ ਪ੍ਰਭਾਵ ਪਵੇਗਾ। ਉਨ੍ਹਾਂ ਕਿਹਾ ਕਿ ਭਾਰਤ ਨੇ ਸ਼ੁੱਕਰਵਾਰ ਨੂੰ ਕੈਨੇਡੀਅਨ ਹਾਈ ਕਮਿਸ਼ਨ ਦੇ ਪ੍ਰਤੀਨਿਧੀ ਨੂੰ ਤਲਬ ਕੀਤਾ ਅਤੇ ਗ੍ਰਹਿ ਮੰਤਰੀ ਸ਼ਾਹ ਬਾਰੇ ਕੈਨੇਡੀਅਨ ਉਪ ਮੰਤਰੀ ਦੀਆਂ 'ਬੇਤੁਕੀ ਅਤੇ ਬੇਬੁਨਿਆਦ' ਟਿੱਪਣੀਆਂ 'ਤੇ ਸਖ਼ਤ ਵਿਰੋਧ ਦਰਜ ਕਰਵਾਇਆ। ਭਾਰਤੀ ਅਧਿਕਾਰੀਆਂ ਨੇ ਲਗਾਤਾਰ ਇਸ ਗੱਲ ਤੋਂ ਇਨਕਾਰ ਕੀਤਾ ਹੈ ਕਿ ਕੈਨੇਡਾ ਨੇ ਕੋਈ ਸਬੂਤ ਮੁਹੱਈਆ ਕਰਾਇਆ ਹੈ।

**ਕੀ ਅਮਰੀਕਾ ਅਮਿਤ ਸ਼ਾਹ ਤੋਂ ਪੁਛਗਿੱਛ ਕਰੇਗਾ ?**

ਕੈਨੇਡੀਅਨ ਨਾਗਰਿਕ ਹਰਦੀਪ ਸਿੰਘ ਨਿੱਝਰ ਦੇ ਕਤਲ ਅਤੇ ਅਮਰੀਕੀ ਨਾਗਰਿਕ ਗੁਰਪਤਵੰਤ ਸਿੰਘ ਪੰਨੂ ਦੇ ਕਤਲ ਦੀ ਕੋਸ਼ਿਸ਼ ਦੀ ਕ੍ਰਮਵਾਰ ਅਮਰੀਕਾ ਅਤੇ ਕੈਨੇਡਾ ਵਿੱਚ ਚੱਲ ਰਹੀ ਜਾਂਚ ਆਖਰਕਾਰ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਮਾਸਟਰਮਾਈਂਡ ਵਜੋਂ ਸਥਾਪਤ ਕਰਨ ਵੱਲ ਜਾਂਦੀ ਹੈ। ਜੇਕਰ ਅਮਰੀਕਾ ਨੂੰ ਯਕੀਨ ਹੋ ਜਾਂਦਾ ਹੈ ਕਿ ਅਜਿਹਾ ਹੀ ਹੈ ਤਾਂ ਉਹ ਪੁੱਛਗਿੱਛ ਲਈ ਭਾਰਤ ਤੋਂ ਸ਼ਾਹ ਨੂੰ ਵੀ ਮੰਗ ਸਕਦਾ ਹੈ। ਯਕੀਨਨ ਮੋਦੀ ਅਜਿਹੀ ਅਰਜ਼ੀ ਨੂੰ ਰੱਦ ਕਰਨਗੇ । ਜੇਕਰ ਮੋਦੀ ਸ਼ਾਹ ਨੂੰ ਅਮਰੀਕਾ ਹਵਾਲੇ ਕਰਦੇ ਹਨ ਤਾਂ ਇਸ ਨਾਲ ਮੋਦੀ ਦਾ ਰਾਜਨੀਤਕ ਗਰਾਫ ਹੇਠਾਂ ਡਿੱਗੇਗਾ।

ਜੇਕਰ ਮੋਦੀ ਇਨਕਾਰ ਕਰਦੇ ਹਨ ਤਾਂ ਪੂਰਾ ਪੱਛਮ ਭਾਰਤ 'ਤੇ ਆਰਥਿਕ ਪਾਬੰਦੀਆਂ ਲਗਾਉਣਾ ਸ਼ੁਰੂ ਕਰ ਦੇਵੇਗਾ। ਇਸ ਨਾਲ ਭਾਰਤੀ ਕਾਰੋਬਾਰ ਨੂੰ ਨੁਕਸਾਨ ਹੋਵੇਗਾ ਅਤੇ ਭਾਰਤੀ ਅਰਥਵਿਵਸਥਾ ਲਈ ਬੇਹੱਦ ਨੁਕਸਾਨਦਾਇਕ ਸਾਬਤ ਹੋਵੇਗਾ। ਅਜਿਹੇ ਸਮੇਂ ਮੋਦੀ ਨੂੰ ਕਿਤੇ ਹੋਰ ਦੋਸਤਾਂ ਦੀ ਲੋੜ ਹੈ। ਇਸ ਦਾ ਨਤੀਜਾ ਹੈ ਕਿ ਉਹ ਚੀਨ, ਪਾਕਿਸਤਾਨ ਅਤੇ ਰੂਸ ਨਾਲ ਫਿਰ ਤੋਂ ਸਬੰਧ ਸੁਧਾਰ ਰਿਹਾ ਹੈ।

ਅਮਰੀਕਾ ਅਤੇ ਯੂਰਪ ਨਾਲ ਭਾਰਤ ਦੇ ਬਹੁਤ ਕਰੀਬੀ ਵਪਾਰਕ ਸਬੰਧ ਹਨ। ਇਹ ਪੱਛਮ ਦੀਆਂ ਆਰਥਿਕ ਪਾਬੰਦੀਆਂ ਦਾ ਸਾਹਮਣਾ ਨਹੀਂ ਕਰ ਸਕੇਗਾ। ਕਲਪਨਾ ਕਰੋ, ਅੰਬਾਨੀ ਰੂਸ ਤੋਂ ਖ਼ਰੀਦੇ ਗਏ ਕੱਚੇ ਤੇਲ ਨੂੰ ਪੈਟਰੋਲ ਅਤੇ ਡੀਜ਼ਲ ਦੇ ਰੂਪ ਵਿੱਚ ਯੂਰਪ ਵਿੱਚ ਨਿਰਯਾਤ ਕਰ ਰਿਹਾ ਹੈ। ਜਾਂ ਅਡਾਨੀ ਕੁਈਨਜ਼ਲੈਂਡ ਵਿੱਚ ਕੋਲੇ ਦੀ ਮਾਈਨਿੰਗ ਕਰ ਰਿਹਾ ਹੈ। ਭਾਵੇਂ ਇਹ ਆਰਸੇਲਰ ਮਿੱਤਲ ਦਾ ਚੱਲ ਰਿਹਾ ਸਟੀਲ ਆਪ੍ਰੇਸ਼ਨ ਹੋਵੇ, ਜਾਂ ਟਾਟਾ ਕੋਰਸ ਸਟੀਲ ਆਪ੍ਰੇਸ਼ਨ ਜਾਂ ਯੂਰਪ ਵਿੱਚ ਜੈਗੁਆਰ ਲੈਂਡ ਰੋਵਰ, ਹਰ ਕਿਸੇ ਦੇ ਹਿੱਤ ਪੱਛਮ ਨਾਲ ਜੁੜੇ ਹੋਏ ਹਨ।

ਇਸ ਲਈ, ਜੇਕਰ ਅਮਰੀਕਾ ਭਾਰਤ 'ਤੇ ਆਰਥਿਕ ਪਾਬੰਦੀਆਂ ਲਾਉਂਦਾ ਹੈ, ਤਾਂ ਏ2 ਯਾਨੀ (ਅੰਬਾਨੀ-ਅਡਾਨੀ), ਟਾਟਾ, ਮਹਿੰਦਰਾ ਅਤੇ ਭਾਰਤ ਦੇ ਹੋਰ ਕਾਰਪੋਰੇਟ ਸਰਕਾਰ ਵਿਰੁੱਧ ਹੋ ਜਾਣਗੇ ਅਤੇ ਫਿਰ ਕਾਂਗਰਸ ਨੂੰ ਸੱਤਾ ਵਿੱਚ ਲਿਆਉਣਗੇ ਅਤੇ ਅਚਾਨਕ ਮੋਦੀ ਅਤੇ ਸ਼ਾਹ ਦੋਵਾਂ ਨੂੰ ਬਾਹਰ ਕਰ ਦੇਣਗੇ। ਮੋਦੀ ਸਰਕਾਰ ਇਸ ਮਾਮਲੇ ਵਿੱਚ ਇੱਕ ਭਿਆਨਕ ਚੱਟਾਨ ਅਤੇ ਪੱਥਰਾਂ ਦੇ ਢੇਰਾਂ ਨਾਲ ਘਿਰੀ ਹੋਈ ਹੈ। ਸ਼ਾਹ, ਡੋਵਾਲ ਐਂਡ ਕੰਪਨੀ ਨੇ ਜੋ ਕਰਨ ਦੀ ਕੋਸ਼ਿਸ਼ ਕੀਤੀ ਹੈ, ਉਹ ਕੋਈ ਛੋਟੀ ਗੱਲ ਨਹੀਂ ਹੈ। ਅਮਰੀਕਾ ਲਈ ਇਹ ਹੋਂਦ ਦਾ ਮੁੱਦਾ ਹੈ। ਅਮਰੀਕਾ ਨਿਸ਼ਚਿਤ ਤੌਰ 'ਤੇ ਪੂਰੀ ਦੁਨੀਆਂ ਦੇ ਨਿਰੀਖਕਾਂ ਨੂੰ ਇਹ ਸੰਦੇਸ਼ ਦੇਣਾ ਚਾਹੇਗਾ ਕਿ ਕਿਸੇ ਨੂੰ ਵੀ ਅਜਿਹਾ ਕਰਨ ਦੀ ਇਜਾਜ਼ਤ ਨਹੀਂ ਹੈ। ਨਿਸ਼ਚਿਤ ਤੌਰ 'ਤੇ ਇਸ ਗੱਲ ਦੀ ਕੋਈ ਸੀਮਾ ਨਹੀਂ ਹੈ ਕਿ ਉਹ ਅਮਰੀਕੀ ਸ਼ਕਤੀ ਪ੍ਰੋਜੈਕਸ਼ਨ ਦੀ ਰੱਖਿਆ ਲਈ ਕਿਸ ਹੱਦ ਤੱਕ ਜਾ ਸਕਦੇ ਹਨ।

## ਭਾਰਤ-ਕੈਨੇਡਾ ਰਿਸ਼ਤਿਆਂ ਵਿੱਚ ਵਧ ਰਹੀ ਖਿੱਚੋਤਾਣ ਪੰਜਾਬੀਆਂ 'ਤੇ ਪੈ ਸਕਦੀ ਹੈ ਭਾਰੀ




ਕੈਨੇਡਾ ਨੇ ਭਾਰਤ ਨੂੰ ਸਾਈਬਰ ਸੁਰੱਖਿਆ ਲਈ ਖ਼ਤਰਾ ਦੱਸਿਆ ਹੈ ਅਤੇ ਹੁਣ ਇਹ ਨਵੇਂ ਦੋਸ਼ ਦੋਵੇਂ ਦੇਸ਼ਾਂ ਭਾਰਤ ਅਤੇ ਕੈਨੇਡਾ ਵਿਚਾਲੇ ਹੋਰ ਤਲਖ਼ੀ ਵਧਣ ਦਾ ਕਾਰਨ ਬਣ ਸਕਦੇ ਹਨ। ਮਾਹਿਰਾਂ ਅਨੁਸਾਰ ਭਾਰਤ-ਕੈਨੇਡਾ ਰਿਸ਼ਤਿਆਂ 'ਚ ਲਗਾਤਾਰ ਵੱਧਦੀ ਜਾ ਰਹੀ ਦਰਾਰ ਪੰਜਾਬੀਆਂ ਨੂੰ ਭਾਰੀ ਪਵੇਗੀ, ਫਿਰ ਚਾਹੇ ਉਹ ਪੰਜਾਬੀ ਓਥੇ ਕੱਚੇ ਹਨ ਅਤੇ ਪੱਕੇ ਹੋਣ ਦੀ ਆਸ ਲਾਈ ਬੈਠੇ ਹਨ ਜਾਂ ਫਿਰ ਪੜ੍ਹਨ ਲਈ ਓਥੇ ਜਾਣ ਦੇ ਚਾਹਵਾਨ ਹਨ ਜਾਂ ਕਿਸੇ ਹੋਰ ਤਰੀਕੇ ਕੈਨੇਡਾ ਵਿੱਚ ਵੱਸਣਾ ਚਾਹੁੰਦੇ ਹਨ। ਇਸ ਮਾਮਲੇ ਵਿੱਚ ਸਿਆਸੀ ਅਤੇ ਕੌਮਾਂਤਰੀ ਮੁੱਦਿਆਂ ਦੇ ਮਾਹਿਰ ਮੁਹੰਮਦ ਖ਼ਾਲਿਦ ਦਾ ਕਹਿਣਾ ਹੈ ਕਿ ਗਲੋਬਲ ਮੀਡੀਆ 'ਤੇ ਜਿਸ ਦਾ ਕਬਜ਼ਾ ਹੈ ਉਸ ਨੂੰ ਪਹਿਲਾਂ ਇਰਾਕ ਸਮੇਤ ਕਈ ਹੋਰ ਦੇਸ਼ਾਂ ਖ਼ਿਲਾਫ਼ ਵਰਤਿਆ ਗਿਆ ਹੁਣ ਉਸ ਨੂੰ ਭਾਰਤ ਖ਼ਿਲਾਫ਼ ਵਰਤਿਆ ਜਾ ਰਿਹਾ ਹੈ, ਜਿਸ ਨਾਲ ਅੰਤਰਰਾਸ਼ਟਰੀ ਪੱਧਰ 'ਤੇ ਸਾਡੇ ਦੇਸ਼ ਦੀ ਦਿਖ ਨੂੰ ਖ਼ਰਾਬ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਨੂੰ ਇਥੇ ਹੀ ਰੋਕਣ ਲਈ ਕੂਟਨੀਤਕ ਕਦਮ ਚੁੱਕਣੇ ਪੈਣਗੇ ਨਹੀਂ ਤਾਂ ਫਿਰ ਜੋ ਸਿਆਸੀ ਬਿਆਨ ਆਉਂਦੇ ਹਨ ਕਿ 'ਹਮ ਘਰ ਮੇਂ ਘੁੱਸ ਕੇ ਮਾਰੇਂਗੇ' ਅਜਿਹੀ ਹੀ ਦਿਖ ਤੇ ਛਵੀ ਸਾਡੇ ਦੇਸ਼ ਦੀ ਬਣਾ ਦਿੱਤੀ ਜਾਵੇਗੀ, ਜਿਸ ਨੂੰ ਲੈ ਕੇ ਲਗਾਤਾਰ ਕੈਨੇਡਾ ਵਲੋਂ ਵੀ ਕੰਮ ਕੀਤਾ ਜਾ ਰਿਹਾ ਹੈ ਅਤੇ ਇਨ੍ਹਾਂ ਦੋਸ਼ਾਂ ਨੂੰ ਸਾਬਤ ਕਰਨ ਲਈ ਜ਼ੋਰ ਵੀ ਲਾਇਆ ਜਾ ਰਿਹਾ ਹੈ, ਜਿਸ ਦਾ ਨੁਕਸਾਨ ਸਾਡੇ ਦੇਸ਼ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਝੱਲਣਾ ਪੈ ਸਕਦਾ ਹੈ। ਉਨ੍ਹਾਂ ਕਿਹਾ ਕਿ ਜੋ ਵੀ ਕੈਨੇਡਾ ਨੂੰ ਇਤਰਾਜ਼ ਹਨ ਅਤੇ ਉਸ ਵਲੋਂ ਜੋ ਵੀ ਦੋਸ਼ ਭਾਰਤ 'ਤੇ ਲਾਏ ਜਾ ਰਹੇ ਹਨ, ਜਦ ਤੱਕ ਉਸ ਸੰਬੰਧੀ ਸਬੂਤ ਪੇਸ਼ ਨਹੀਂ ਕਰਦਾ ਅਤੇ ਉਸ ਮਗਰੋਂ ਭਾਰਤ ਉਸ ਦਾ ਤੱਥ ਰੱਖ ਕੇ ਜਵਾਬ ਨਹੀਂ ਦਿੰਦਾ ਤਾਂ ਇਹ ਇਵੇਂ ਹੀ ਜਾਰੀ ਰਹੇਗਾ ਅਤੇ ਆਮ ਲੋਕ ਜੋ ਭਾਰਤੀ ਅਤੇ ਖ਼ਾਸਕਰ ਪੰਜਾਬੀ ਹਨ ਉਹ ਜ਼ਿਆਦਾ ਪ੍ਰਭਾਵਿਤ ਹੋਣਗੇ। ਉਨ੍ਹਾਂ ਕਿਹਾ ਕਿ ਸਥਿਤੀ ਨਾਲ ਨਿਪਟਣ ਲਈ ਦੋਵੇਂ ਦੇਸ਼ਾਂ ਨੂੰ ਬੈਠ ਕੇ ਗੱਲਬਾਤ ਕਰਨੀ ਚਾਹੀਦੀ ਹੈ। ਭਾਰਤੀ ਵਿਦੇਸ਼ ਮੰਤਰਾਲੇ ਦੇ ਤਾਜ਼ਾ ਬਿਆਨ ਮੁਤਾਬਕ ਭਾਰਤ ਤੋਂ ਸਭ ਤੋਂ ਜ਼ਿਆਦਾ ਵਿਦਿਆਰਥੀ ਕੈਨੇਡਾ ਪੜ੍ਹਨ ਜਾਂਦੇ ਹਨ। ਅਜਿਹੇ ਵਿੱਚ ਕੈਨੇਡਾ ਅਤੇ ਭਾਰਤ ਵਿਚਾਲੇ ਲਗਾਤਾਰ ਵਿਗੜ ਰਹੇ ਰਿਸ਼ਤੇ ਵਿਦਿਆਰਥੀਆਂ ਲਈ ਹੋਰ ਮੁਸ਼ਕਿਲਾਂ ਪੈਦਾ ਕਰ ਸਕਦੇ ਹਨ। ਵਿਦੇਸ਼ ਮੰਤਰਾਲੇ ਵੱਲੋਂ ਜਾਰੀ ਕੀਤੇ ਅੰਕੜਿਆਂ ਮੁਤਾਬਕ ਸਾਲ 2024 ਵਿੱਚ ਕੈਨੇਡਾ ਜਾਣ ਵਾਲੇ ਵਿਦਿਆਰਥੀਆਂ ਦੀ ਗਿਣਤੀ 4,27,000 ਦੇ ਕਰੀਬ ਹੈ।

## ਦਰਪਣ ਝੂਠ ਨਹੀਂ ਬੋਲਦਾ

# ਜੱਗੀ ਜੌਹਲ ਬਾਰੇ 7 ਸਾਲਾਂ ਬਾਅਦ ਵੀ ਕੋਈ ਸਬੂਤ ਨਹੀਂ, ਦੋਸ਼ੀ ਠਹਿਰਾਏ ਬਿਨਾਂ ਹੀ ਰਿਮਾਂਡ 'ਤੇ ਕੈਦ

## ਯੂ.ਕੇ. ਸਰਕਾਰ ਨੇ ਜਗਤਾਰ ਦੀ ਰਿਹਾਈ ਲਈ ਆਵਾਜ਼ ਨਹੀਂ ਉਠਾਈ

ਡਮਬੈਰਟਨ (ਸਕਾਟਲੈਂਡ) ਦੇ ਰਹਿਣ ਵਾਲੇ ਜਗਤਾਰ ਸਿੰਘ ਜੱਗੀ ਜੌਹਲ ਨੂੰ ਭਾਰਤ ਵਿੱਚ ਨਜ਼ਰਬੰਦ ਹੋਇਆਂ ਅੱਜ ਪੂਰੇ 7 ਸਾਲ ਬੀਤ ਗਏ ਹਨ। ਜਾਣਕਾਰੀ ਮੁਤਾਬਕ ਅੱਜ ਤੱਕ ਪੁਲਿਸ ਜਾਂ ਏਜੰਸੀਆਂ ਜੱਗੀ ਖ਼ਿਲਾਫ਼ ਕੋਈ ਸਬੂਤ ਪੇਸ਼ ਨਹੀਂ ਸਕੀਆਂ, ਬਲਕਿ ਰਿਮਾਂਡ 'ਤੇ ਦੋਸ਼ੀ ਠਹਿਰਾਏ ਬਿਨਾਂ ਹੀ ਉਸ ਨੂੰ ਕੈਦ ਕੀਤਾ ਹੋਇਆ ਹੈ।

'ਫ਼ਰੀ ਜੱਗੀ ਨਾਓ' ਨਾਂ ਦੇ ਸੋਸ਼ਲ ਮੀਡੀਆ ਹੈਂਡਲ ਤੋਂ ਇਸ ਸਬੰਧੀ ਪੋਸਟ ਲਿਖ ਕੇ ਜੱਗੀ ਦੀ ਗ੍ਰਿਫ਼ਤਾਰੀ ਨੂੰ ਲੈ ਕੇ ਸਵਾਲ ਖੜੇ ਕੀਤੇ ਗਏ ਹਨ। ਪੋਸਟ ਵਿੱਚ ਲਿਖਿਆ ਹੈ, ਅੱਜ 7 ਸਾਲ ਪੂਰੇ ਹੋ ਗਏ ਹਨ ਜਦੋਂ ਜਗਤਾਰ ਨੂੰ ਭਾਰਤ ਵਿੱਚ ਸਾਦੇ ਕੱਪੜਿਆਂ ਵਾਲੇ ਅਫ਼ਸਰਾਂ ਦੁਆਰਾ ਅਗਵਾ ਕੀਤਾ ਗਿਆ ਸੀ ਅਤੇ ਉਦੋਂ ਤੋਂ ਮਨਮਾਨੇ ਢੰਗ ਨਾਲ ਨਜ਼ਰਬੰਦ ਕੀਤਾ ਗਿਆ ਹੈ। ਯੂ.ਕੇ. ਸਰਕਾਰ ਨੇ ਜਗਤਾਰ ਦੀ ਰਿਹਾਈ ਲਈ ਆਵਾਜ਼ ਨਹੀਂ ਉਠਾਈ ਅਤੇ ਜਗਤਾਰ ਨੂੰ ਜੋ ਤਸ਼ੱਦਦ ਸਹਿਣਾ ਪਿਆ ਹੈ, ਉਸ ਵਿੱਚ ਵੀ ਉਹ ਭਾਗੀਦਾਰ ਰਹੀ ਹੈ। ਅੱਜ ਤੱਕ, ਕੋਈ ਸਬੂਤ ਪੇਸ਼ ਨਹੀਂ ਕੀਤਾ ਗਿਆ ਅਤੇ ਜਗਤਾਰ ਸਿੰਘ ਜੱਗੀ ਰਿਮਾਂਡ 'ਤੇ ਦੋਸ਼ੀ ਠਹਿਰਾਏ ਬਿਨਾਂ ਹੀ ਕੈਦ ਹੈ। ਦੱਸ ਦੇਈਏ ਜਗਤਾਰ ਸਿੰਘ ਜੌਹਲ ਉਰਫ਼ ਜੱਗੀ ਜੌਹਲ ਨੂੰ ਪੰਜਾਬ ਪੁਲਿਸ ਨੇ 4 ਨਵੰਬਰ 2017 ਨੂੰ ਜਲੰਧਰ ਤੋਂ ਗ੍ਰਿਫ਼ਤਾਰ ਕੀਤਾ ਸੀ। ਉਸ 'ਤੇ ਆਰ.ਐਸ.ਐਸ. ਆਗੂ ਬ੍ਰਿਗੇਡੀਅਰ (ਸੇਵਾ ਮੁਕਤ) ਜਗਦੀਸ਼ ਗਗਨੇਜਾ ਸਮੇਤ ਕਈ ਆਗੂਆਂ ਦੀ ਟਾਰਗੇਟ ਕਿਲਿੰਗ ਵਿੱਚ ਸ਼ਾਮਲ ਹੋਣ ਦਾ ਇਲਜ਼ਾਮ ਸੀ। ਫ਼ਿਲਹਾਲ ਉਹ ਦਿੱਲੀ ਦੀ ਤਿਹਾੜ ਜੇਲ੍ਹ ਵਿੱਚ ਬੰਦ ਹੈ ਅਤੇ ਉਸ 'ਤੇ ਕਿਸੇ ਵੀ ਇਲਜ਼ਾਮ ਵਿੱਚ ਮੁਕੱਦਮਾ ਨਹੀਂ ਚਲਾਇਆ ਗਿਆ ਹੈ। ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਜੌਹਲ ਖ਼ਿਲਾਫ਼ ਅੱਠ ਮਾਮਲਿਆਂ ਦੀ ਜਾਂਚ ਕਰ ਰਹੀ ਹੈ।

2017 ਵਿੱਚ ਉਸ ਵੇਲੇ ਜੱਗੀ ਡਮਬੈਰਟਨ (ਸਕਾਟਲੈਂਡ) ਤੋਂ ਭਾਰਤ ਆਇਆ ਹੋਇਆ ਸੀ। ਉਸ ਵੇਲੇ ਉਸ ਦੇ ਪਰਿਵਾਰ ਦਾ ਕਹਿਣਾ ਸੀ ਕਿ ਇੱਕ ਅਣਜਾਣ ਕਾਰ ਜਗਤਾਰ ਸਿੰਘ ਜੱਗੀ ਨੂੰ ਚੁੱਕ ਕੇ ਲੈ ਗਈ ਸੀ। ਜਗਤਾਰ ਦਾ ਕਹਿਣਾ ਹੈ ਕਿ ਉਸ ਤੋਂ ਬਾਅਦ ਉਸ ਨੂੰ ਕਈ ਦਿਨਾਂ ਤੱਕ ਤਸੀਹੇ ਦਿੱਤੇ ਗਏ। ਉਸ ਨੂੰ ਬਿਜਲੀ ਦੇ ਝਟਕੇ ਵੀ ਦਿੱਤੇ ਗਏ। ਉਦੋਂ ਤੋਂ ਉਸ ਨੂੰ ਨਜ਼ਰਬੰਦ ਰੱਖਿਆ ਗਿਆ ਹੈ।

ਉਸ ਤੋਂ ਬਾਅਦ ਬ੍ਰਿਟੇਨ ਦੇ ਪ੍ਰਧਾਨ ਮੰਤਰੀ ਨੇ ਵੱਖ-ਵੱਖ ਸਮਿਆਂ ਉੱਤੇ ਮਾਮਲਾ ਚੁੱਕਿਆ ਹੈ ਪਰ ਭਾਰਤ ਸਰਕਾਰ ਨੇ ਇਸ ਗੱਲ ਤੋਂ ਇਨਕਾਰ ਕੀਤਾ ਹੈ ਕਿ ਜੌਹਲ ਨੂੰ ਤਸੀਹੇ ਦਿੱਤੇ ਗਏ ਸਨ ਜਾਂ ਉਨ੍ਹਾਂ ਨਾਲ ਕੋਈ ਦੁਰ ਵਿਵਹਾਰ ਕੀਤਾ ਗਿਆ ਸੀ। ਮਈ 2022 ਵਿੱਚ ਜੌਹਲ



'ਤੇ ਕਤਲ ਦੀ ਸਾਜ਼ਿਸ਼ ਰਚਣ ਅਤੇ ਇੱਕ ਖਾੜਕੂ ਜਥੇਬੰਦੀ ਦਾ ਮੈਂਬਰ ਹੋਣ ਦਾ ਇਲਜ਼ਾਮ ਕਾਨੂੰਨੀ ਤੌਰ 'ਤੇ ਲਗਾ ਦਿੱਤਾ ਗਿਆ ਸੀ।

ਜਗਤਾਰ ਸਿੰਘ ਉਰਫ਼ ਜੱਗੀ ਜੌਹਲ ਦਾ ਜਨਮ ਇੰਗਲੈਂਡ ਵਿੱਚ ਇੱਕ ਚੰਗੇ ਪਰਿਵਾਰ ਵਿੱਚ ਹੋਇਆ, ਉਥੇ ਦੇ ਜੰਮਪਲ ਹੋਣ ਦੇ ਬਾਵਜੂਦ ਉਹ ਪੰਜਾਬ ਅਤੇ ਪੰਜਾਬੀ ਮਾਂ ਬੋਲੀ ਨਾਲ ਬਚਪਨ ਤੋਂ ਹੀ ਜੁੜਿਆ ਸੀ। ਜਵਾਨੀ ਦੀ ਦਹਿਲੀਜ਼ 'ਤੇ ਪੈਰ ਧਰਦਿਆਂ ਉਸ ਦਾ ਝੁਕਾਅ 1984 ਅਤੇ ਉਸ ਤੋਂ ਬਾਅਦ ਦੀਆਂ ਸਿੱਖ ਇਤਿਹਾਸ ਦੀਆਂ ਘਟਨਾਵਾਂ ਵਾਰੇ ਜਾਣਕਾਰੀ ਇਕੱਠੀ ਕਰਨ ਵੱਲ ਹੋ ਗਿਆ।

ਉਸ ਨੇ ਲੰਮਾ ਸਮਾਂ ਬੜੀ ਮਿਹਨਤ ਨਾਲ 1984 ਅਤੇ ਸਿੱਖ ਸੰਘਰਸ਼ ਨਾਲ ਸਬੰਧਿਤ ਸ਼ਹੀਦਾਂ ਬਾਰੇ ਜਾਣਕਾਰੀ ਤਸਵੀਰਾਂ ਅਤੇ ਵੀਡੀਓਜ਼ ਆਦਿ ਇਕੱਤਰ ਕੀਤੀਆਂ। ਫ਼ਿਰ ਪੰਜਾਬੀ ਤੋਂ ਉਹਨਾਂ ਦਾ ਅੰਗਰੇਜ਼ੀ ਵਿੱਚ ਅਨੁਵਾਦ ਕਰਕੇ ਅੱਜ ਤੋਂ 10 -15 ਸਾਲ ਪਹਿਲਾਂ ਸਿੱਖ ਸੰਘਰਸ਼ ਅਤੇ ਸਿੱਖਾਂ ਨਾਲ ਹੋਈਆਂ ਵਧੀਕੀਆਂ ਵਾਰੇ ਜਾਣਕਾਰੀ ਦੇਣ ਲਈ ਅਤੇ ਦੇਸ਼ ਵਿਦੇਸ਼ ਦੇ ਲੋਕਾਂ ਅਤੇ ਸਿੱਖਾਂ ਨੂੰ ਜਾਗਰੂਕ ਕਰਨ ਲਈ ਇੱਕ ਵੈਬਸਾਈਟ ਰਾਹੀਂ ਸ਼ਹੀਦਾਂ ਸਿੰਘਾਂ ਦੀਆਂ ਜੀਵਨੀਆਂ, ਤਸਵੀਰਾਂ, ਸਿੱਖ ਸੰਘਰਸ਼ ਦੇ ਬਾਰੇ ਅਹਿਮ ਜਾਣਕਾਰੀ ਭਰਪੂਰ ਵੀਡੀਓ ਅਤੇ ਸਿੱਖਾਂ ਨਾਲ ਹੋਏ ਜ਼ੁਲਮਾਂ ਨੂੰ ਇੰਟਰਨੈੱਟ ਅਤੇ ਸੋਸ਼ਲ ਮੀਡੀਆ ਰਾਹੀਂ ਦੁਨੀਆਂ ਭਰ ਦੇ ਸਾਹਮਣੇ ਲਿਆਂਦਾ।

ਅੱਜ ਅਸੀਂ ਜੋ ਸੰਤ ਬਾਬਾ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੀਆਂ ਜਾਂ ਸਿੱਖ ਸੰਘਰਸ਼ ਦੇ ਹੋਰ ਸ਼ਹੀਦਾਂ ਦੀਆਂ ਤਸਵੀਰਾਂ ਸੋਸ਼ਲ ਮੀਡੀਆ 'ਤੇ ਦੇਖਦੇ ਹਾਂ, ਇਹਨਾਂ ਵਿਚੋਂ 80% ਤੋਂ ਵੱਧ ਤਸਵੀਰਾਂ ਜਾਂ ਵੀਡੀਓਜ਼ ਆਦਿ ਨੂੰ ਇਕੱਤਰ ਕਰਕੇ ਸੰਗਤਾਂ ਅੱਗੇ ਲਿਆਉਣ ਵਿੱਚ ਭਾਈ ਜਗਤਾਰ ਸਿੰਘ ਜੱਗੀ ਜੌਹਲ ਦੀ ਅਹਿਮ ਸੇਵਾ ਰਹੀ ਹੈ।

ਇਸ ਤੋਂ ਇਲਾਵਾ ਵਿਦੇਸ਼ਾਂ ਵਿੱਚ ਜੰਮੇ ਪਲੇ ਸਿੱਖ ਬੱਚੇ, ਜੋ ਚੰਗੀ ਤਰਾਂ ਪੰਜਾਬੀ ਨਹੀਂ ਪੜ੍ਹ ਸਕਦੇ ਸਨ, ਉਹਨਾਂ ਤੱਕ ਸਿੱਖ ਸੰਘਰਸ਼ ਅਤੇ ਸ਼ਹੀਦਾਂ ਬਾਰੇ ਆਪਣੀ ਵੈਬਸਾਈਟ ਰਾਹੀਂ ਅੰਗਰੇਜ਼ੀ ਵਿੱਚ ਜਾਣਕਾਰੀ ਪਹੁੰਚਾਉਣ ਵਿੱਚ ਜੱਗੀ ਦਾ ਬਹੁਤ ਵੱਡਾ ਯੋਗਦਾਨ ਹੈ। ਇਸੇ ਕਾਰਨ ਉਹ ਭਾਰਤੀ ਏਜੰਸੀਆਂ ਤੇ ਸਿਸਟਮ ਦੀਆਂ ਅੱਖਾਂ ਵਿੱਚ ਰੜਕਦਾ ਸੀ, ਕਿਉਂਕਿ ਉਹ ਦੇਸ਼-ਵਿਦੇਸ਼ ਦੀ ਸਿੱਖ ਨੌਜਵਾਨੀ ਨੂੰ ਜਾਗਰੂਕ ਕਰਨ ਵਿੱਚ ਆਪਣਾ ਯੋਗਦਾਨ ਪਾ ਰਿਹਾ ਸੀ ਅਤੇ ਸਿੱਖੀ ਤੋਂ ਦੂਰ ਹੋ ਰਹੇ ਨੌਜਵਾਨਾਂ ਨੂੰ ਪ੍ਰੇਰ ਕੇ ਆਪਣੇ ਇਤਿਹਾਸ ਨਾਲ ਜੋੜ ਰਿਹਾ ਸੀ।

ਵਿਦੇਸ਼ ਵਿੱਚ ਜੰਮਿਆ ਪਲਿਆ ਵਧੀਆ ਤੇ ਸੈਟਲ ਲਾਈਫ਼ ਜੀਅ ਰਿਹਾ ਇੱਕ ਸਿੱਖ ਨੌਜਵਾਨ, ਅੱਜ ਤਿਹਾੜ ਜੇਲ੍ਹ ਦੀਆਂ ਕਾਲ ਕੋਠੜੀਆਂ ਵਿੱਚ ਬੰਦ ਹੈ ਕਿਉਂਕਿ ਉਸਨੇ ਸਿੱਖਾਂ ਦੇ ਹੱਕਾਂ ਦੀ ਗੱਲ ਕੀਤੀ ਅਤੇ ਆਪਣੀ ਕੌਮ ਨਾਲ ਹੋਏ ਧੱਕੇ ਵਾਰੇ ਦੁਨੀਆਂ ਨੂੰ ਦੱਸਿਆ। ਮਨੁੱਖਤਾਵਾਦੀ ਲੋਕਾਂ ਦਾ ਮੁੱਢਲਾ ਫ਼ਰਜ਼ ਬਣਦਾ ਹੈ ਕਿ ਸਾਰੇ ਜਗਤਾਰ ਸਿੰਘ ਜੱਗੀ ਜੌਹਲ ਦੀ ਰਿਹਾਈ ਲਈ ਆਪਣੀ ਅਵਾਜ਼ ਬੁਲੰਦ ਕਰਨ।

# ਭਾਰਤ ਦੇ ਚੋਣ ਕਮਿਸ਼ਨ ਦਾ ਫ਼ਿਰਕੂ ਚਿਹਰਾ

## ਰਾਜਸਥਾਨ ਵਿੱਚ ਵੀ ਕਾਰਤਿਕ ਪੁੰਨਿਆ ਕਾਰਨ ਚੋਣਾਂ ਦੀ ਤਾਰੀਕ ਬਦਲੀ

ਚੋਣ ਕਮਿਸ਼ਨ ਨੇ 48 ਅਸੰਬਲੀ ਤੇ ਦੋ ਲੋਕ ਸਭਾ ਸੀਟਾਂ ਦੀਆਂ ਜ਼ਿਮਨੀ ਚੋਣਾਂ 19 ਨਵੰਬਰ ਨੂੰ ਕਰਾਉਣ ਦਾ ਐਲਾਨ ਕੀਤਾ ਸੀ। ਚਾਰ ਨਵੰਬਰ ਨੂੰ ਉਸ ਨੇ 14 ਅਸੰਬਲੀ ਸੀਟਾਂ 'ਤੇ ਪੋਲਿੰਗ ਦੀ ਤਾਰੀਕ ਬਦਲ ਕੇ 20 ਨਵੰਬਰ ਕਰ ਦਿੱਤੀ। ਇਨ੍ਹਾਂ ਵਿੱਚ ਇੱਕ ਸੀਟ ਕੇਰਲਾ, ਚਾਰ ਸੀਟਾਂ ਪੰਜਾਬ ਤੇ ਨੌਂ ਸੀਟਾਂ ਯੂ ਪੀ ਦੀਆਂ ਹਨ। ਕਮਿਸ਼ਨ ਨੇ ਕਿਹਾ ਕਿ ਭਾਜਪਾ, ਕਾਂਗਰਸ, ਬਸਪਾ, ਆਰ. ਐੱਲ. ਡੀ. ਅਤੇ ਕੁਝ ਸਮਾਜੀ ਸੰਗਠਨਾਂ ਨੇ 13 ਨਵੰਬਰ ਦੇ ਨੇੜੇ ਤੇੜੇ ਵੱਡੇ ਪੈਮਾਨੇ 'ਤੇ ਸਮਾਜੀ, ਸੱਭਿਆਚਾਰਕ ਤੇ ਧਾਰਮਿਕ ਪ੍ਰੋਗਰਾਮ ਹੋਣ ਕਰਕੇ ਤਾਰੀਕ ਬਦਲਣ ਦੀ ਮੰਗ ਕੀਤੀ ਸੀ। ਚੋਣ ਕਮਿਸ਼ਨ ਨੇ ਹਰਿਆਣਾ ਅਸੰਬਲੀ ਚੋਣਾਂ ਦੀ ਤਰੀਕ ਵੀ ਤਿਉਹਾਰਾਂ ਦਾ ਹਵਾਲਾ ਦੇ ਕੇ ਬਦਲੀ ਸੀ। ਸਵਾਲ ਇਹ ਹੈ ਕਿ ਕੀ ਚੋਣ ਕਮਿਸ਼ਨ ਪੋਲਿੰਗ ਦੀਆਂ ਤਰੀਕਾਂ ਤੈਅ ਕਰਦਿਆਂ ਕੈਲੰਡਰ ਨਹੀਂ ਦੇਖਦਾ ? ਕੀ ਰਾਜਾਂ ਦੇ ਚੋਣ ਵਿਭਾਗ ਉਸ ਨੂੰ ਇਲਾਕਾਈ ਤਿਉਹਾਰਾਂ ਬਾਰੇ ਜਾਣਕਾਰੀ ਨਹੀਂ ਦਿੰਦੇ ? ਇਸ ਦੇਸ਼ ਨੇ ਇਹ ਵੀ ਦੇਖਿਆ ਹੈ ਕਿ 2019 'ਚ ਰਮਜ਼ਾਨ ਮਹੀਨੇ 'ਚ ਵੀ ਚੋਣ ਕਮਿਸ਼ਨ ਨੇ ਪੋਲਿੰਗ ਕਰਵਾਈ। ਦੇਸ਼ ਦੀ ਸਭ ਤੋਂ ਵੱਡੀ ਘੱਟਗਿਣਤੀ ਦਾ ਧਿਆਨ ਨਹੀਂ ਰੱਖਿਆ, ਜਦਕਿ ਤਮਾਮ ਪਾਰਟੀਆਂ ਤੇ ਮੁਸਲਮ ਜਥੇਬੰਦੀਆਂ ਨੇ ਤਰੀਕ ਬਦਲਣ ਦੀ ਮੰਗ ਕੀਤੀ ਸੀ। ਉਦੋਂ ਚੋਣ ਕਮਿਸ਼ਨ ਨੇ ਕਿਹਾ ਸੀ ਕਿ ਰਮਜ਼ਾਨ ਕਰਕੇ ਚੋਣ ਪ੍ਰਕਿਰਿਆ ਰੋਕ ਨਹੀਂ ਸਕਦੇ। ਜੇ ਮੌਜੂਦਾ ਜ਼ਿਮਨੀ ਚੋਣਾਂ ਵਿੱਚ 20 ਸੀਟਾਂ ਦੀ ਤਾਰੀਕ ਬਦਲੀ ਗਈ ਹੈ ਤਾਂ ਰਾਜਸਥਾਨ ਵਿੱਚ ਹੋਣ ਵਾਲੀਆਂ ਸੱਤ ਸੀਟਾਂ ਦੀਆਂ ਜ਼ਿਮਨੀ ਚੋਣਾਂ ਦੀ ਤਰੀਕ ਕਿਉਂ ਨਹੀਂ ਬਦਲੀ ਗਈ ?

ਰਾਜਸਥਾਨ ਵਿੱਚ ਵੀ ਕਾਰਤਿਕ ਪੁੰਨਿਆ ਦੌਰਾਨ 12 ਤੋਂ 15 ਨਵੰਬਰ ਤੱਕ ਪੁਸ਼ਕਰ ਵਿੱਚ ਲੋਕ ਇਸ਼ਨਾਨ ਕਰਨਗੇ। ਉੱਥੇ ਬਹੁਤ ਵੱਡਾ ਮੇਲਾ ਵੀ ਲੱਗਣਾ ਹੈ। ਯੂ ਪੀ ਵਿੱਚ ਕਾਰਤਿਕ ਪੁੰਨਿਆ ਜਾਂ ਗੰਗਾ ਇਸ਼ਨਾਨ ਦੇ ਨਾਂਅ 'ਤੇ ਤਾਰੀਕ ਬਦਲ ਦਿੱਤੀ ਗਈ ਹੈ। ਪੰਜਾਬ ਵਿੱਚ ਕਾਂਗਰਸ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੇ ਮੱਦੇਨਜ਼ਰ ਤਾਰੀਕ ਬਦਲਣ ਦੀ ਮੰਗ ਜ਼ਰੂਰ ਕੀਤੀ ਸੀ। ਤਾਰੀਕ ਬਦਲ ਵੀ ਗਈ ਹੈ, ਪਰ ਝਾਰਖੰਡ ਵਿੱਚ 13 ਨਵੰਬਰ ਨੂੰ ਅਸੰਬਲੀ ਚੋਣਾਂ ਹੋ ਰਹੀਆਂ ਹਨ। ਦੇਸ਼ ਦੇ ਹੋਰਨਾਂ ਰਾਜਾਂ ਵਾਂਗ ਉੱਥੇ ਵੀ ਤਾਂ ਅਨੇਕਾਂ ਗੁਰਦੁਆਰਿਆਂ ਵਿੱਚ ਪ੍ਰਕਾਸ਼ ਪੁਰਬ ਮਨਾਇਆ ਜਾਣਾ ਹੈ।

ਸਮਾਜਵਾਦੀ ਪਾਰਟੀ ਦੇ ਆਗੂ ਅਖਿਲੇਸ਼ ਯਾਦਵ ਨੇ ਦੱਸਿਆ ਹੈ ਕਿ ਯੂ ਪੀ ਜ਼ਿਮਨੀ ਚੋਣਾਂ ਦੀ ਤਾਰੀਕ ਕਿਉਂ ਬਦਲੀ ਗਈ। ਉਨ੍ਹਾਂ 'ਐਕਸ' ਉੱਤੇ ਪੋਸਟ ਪਾਈ ਹੈ 'ਟਾਲੇਂਗੇ ਤੋ ਔਰ ਭੀ ਬੁਰਾ ਹਾਰੇਂਗੇ।' ਪਹਿਲਾਂ ਮਿਲਕੀਪੁਰ ਅਸੰਬਲੀ ਹਲਕੇ ਦੀ ਜ਼ਿਮਨੀ ਚੋਣ ਟਾਲੀ ਤੇ ਹੁਣ ਨੌਂ ਸੀਟਾਂ ਦੀ ਪੋਲਿੰਗ ਦੀ ਤਾਰੀਕ ਬਦਲ ਦਿੱਤੀ। ਭਾਜਪਾ ਏਨੀ ਕਮਜ਼ੋਰ ਕਦੇ ਨਹੀਂ ਸੀ। ਦਰਅਸਲ ਗੱਲ ਇਹ ਹੈ ਕਿ ਯੂ. ਪੀ. ਵਿੱਚ ਮਹਾਂ-ਬੇਰੁਜ਼ਗਾਰੀ ਕਾਰਨ ਜਿਹੜੇ ਲੋਕ ਪੂਰੇ ਦੇਸ਼ ਵਿੱਚ ਕੰਮ ਲਈ ਜਾਂਦੇ ਹਨ, ਉਹ ਦਿਵਾਲੀ ਤੇ ਛੱਠ ਪੂਜਾ ਦੀ ਛੁੱਟੀ ਲੈ ਕੇ ਯੂ. ਪੀ. ਆਏ ਹਨ ਅਤੇ ਉਨ੍ਹਾਂ ਭਾਜਪਾ ਖ਼ਿਲਾਫ਼ ਵੋਟਾਂ ਪਾਉਣੀਆਂ ਸਨ। ਇਸ ਦੀ ਜਿਉਂ ਹੀ ਭਾਜਪਾ ਨੂੰ ਭਿਣਕ ਪਈ, ਉਸ ਨੇ ਜ਼ਿਮਨੀ ਚੋਣਾਂ ਦੀ ਤਰੀਕ ਅੱਗੇ ਖਿਸਕਾ ਦਿੱਤੀ, ਤਾਂ ਜੋ ਛੁੱਟੀ ਆਏ ਲੋਕ ਬਿਨਾਂ ਵੋਟ ਪਾਏ ਪਰਤ ਜਾਣ। ਇਹ ਭਾਜਪਾ ਦੀ ਪੁਰਾਣੀ ਚਾਲ ਹੈ। ਤ੍ਰਿਣਮੂਲ ਕਾਂਗਰਸ ਦੀ ਸਾਂਸਦ ਮਹੁਆ ਮੋਇਤਰਾ ਨੇ ਜ਼ਿਮਨੀ ਚੋਣਾਂ ਅੱਗੇ ਪਾਉਣ ਦੀ ਕ੍ਰੋਨੋਲਜੀ ਸਮਝਾਉਂਦਿਆਂ ਦੱਸਿਆ ਹੈ ਕਿ ਯੋਗੀ ਆਦਿੱਤਿਆਨਾਥ ਦੀ ਸਰਕਾਰ ਨੇ ਪਹਿਲਾਂ ਬੂਥ ਲੇਵਲ ਦੇ ਮੁਸਲਮ, ਯਾਦਵ ਤੇ ਕੁਰਮੀ ਅਧਿਕਾਰੀ ਹਟਾਏ। ਯੋਗੀ ਨੇ ਤਿੰਨ ਨਵੰਬਰ ਨੂੰ ਪ੍ਰਧਾਨ ਮੰਤਰੀ ਮੋਦੀ ਨਾਲ ਮੁਲਾਕਾਤ ਕੀਤੀ ਤੇ ਚਾਰ ਨਵੰਬਰ ਨੂੰ ਚੋਣ ਕਮਿਸ਼ਨ ਨੇ ਪੋਲਿੰਗ ਇੱਕ ਹਫ਼ਤਾ ਅੱਗੇ ਪਾ ਦਿੱਤੀ। ਸੋਸ਼ਲ ਮੀਡੀਆ 'ਤੇ ਲੋਕ ਕਹਿ ਰਹੇ ਹਨ ਕਿ ਚੋਣ ਕਮਿਸ਼ਨ ਭਾਜਪਾ ਦੇ ਏਜੰਟ ਦੇ ਤੌਰ 'ਤੇ ਕੰਮ ਕਰ ਰਿਹਾ ਹੈ।

# ਕੈਨੇਡਾ ਦਾ ਦੱਖਣੀ ਏਸ਼ੀਆਈ ਭਾਈਚਾਰਾ ਸੰਘ ਵਿਰੁੱਧ

## ਕਿਹਾ ਸੰਘ ਸੰਗਠਨਾਂ ਨੂੰ ਕੱਟੜਪੰਥੀ ਸਮੂਹ ਐਲਾਨੋ

## ਜਸਟਿਨ ਟਰੂਡੋ ਨੂੰ ਇੱਕ ਖੁੱਲ੍ਹਾ ਪੱਤਰ ਲਿਖਿਆ

ਕੈਨੇਡਾ ਵਿੱਚ ਦੱਖਣੀ ਏਸ਼ੀਆਈ ਭਾਈਚਾਰੇ ਦੇ 25 ਮੈਂਬਰਾਂ ਨੇ ਦੇਸ਼ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਇੱਕ ਖੁੱਲ੍ਹਾ ਪੱਤਰ ਲਿਖ ਕੇ ਕੈਨੇਡੀਅਨ ਸਰਕਾਰ ਨੂੰ ਰਾਸ਼ਟਰੀ ਸਵੈਮ ਸੇਵਕ ਸੰਘ (ਆਰ.ਐੱਸ.ਐੱਸ.) ਅਤੇ ਇਸ ਦੇ ਸਹਿਯੋਗੀ ਸੰਗਠਨਾਂ ਨੂੰ ਨਫ਼ਰਤੀ ਸਮੂਹਾਂ ਅਤੇ ਕੱਟੜਪੰਥੀ ਸੰਗਠਨਾਂ ਵਜੋਂ ਸੂਚੀਬੱਧ ਕਰਨ ਦੀ ਅਪੀਲ ਕੀਤੀ ਹੈ।

ਰਿਪੋਰਟ ਮੁਤਾਬਕ ਇਹ ਘਟਨਾਕ੍ਰਮ ਅਜਿਹੇ ਸਮੇਂ ਸਾਹਮਣੇ ਆਇਆ ਹੈ ਜਦੋਂ ਖ਼ਾਲਿਸਤਾਨ ਪੱਖੀ ਨੇਤਾ ਹਰਦੀਪ ਸਿੰਘ ਨਿੱਝਰ ਦੇ ਕਤਲ ਨੂੰ ਲੈ ਕੇ ਭਾਰਤ ਅਤੇ ਕੈਨੇਡਾ ਵਿਚਾਲੇ ਤਣਾਅ ਵਿੱਚ ਬੇਮਿਸਾਲ ਵਾਧਾ ਹੋਇਆ ਹੈ। ਕੈਨੇਡਾ ਨੇ ਦੋਸ਼ ਲਾਇਆ ਹੈ ਕਿ ਨਿੱਝਰ ਦੇ ਕਤਲ ਵਿੱਚ ਭਾਰਤ ਸਰਕਾਰ ਦੇ ਏਜੰਟ ਸ਼ਾਮਲ ਸਨ।

ਪਤਾ ਲੱਗਾ ਹੈ ਕਿ ਇਸ ਸਬੰਧ ਵਿੱਚ ਦੱਖਣੀ ਏਸ਼ੀਆਈ ਭਾਈਚਾਰੇ ਦੇ ਮੈਂਬਰਾਂ ਨੇ ਇੱਕ ਬਿਆਨ ਜਾਰੀ ਕੀਤਾ ਹੈ, ਜਿਸ ਵਿੱਚ ਨੈਸ਼ਨਲ ਕੌਂਸਲ ਆਫ਼ ਕੈਨੇਡੀਅਨ ਮੁਸਲਿਮ ਦੁਆਰਾ ਪ੍ਰਕਾਸ਼ਿਤ 2023 ਦੀ ਰਿਪੋਰਟ ਦਾ ਹਵਾਲਾ ਦਿੱਤਾ ਗਿਆ ਹੈ। ਇਸ ਵਿੱਚ ਕੈਨੇਡਾ ਵਿੱਚ ਹੋਈ ਸਿੱਖ ਵਿਰੋਧੀ ਹਿੰਸਾ ਨੂੰ ਆਰ.ਐਸ.ਐਸ. ਅਤੇ ਸੰਘ ਪਰਿਵਾਰ ਨਾਲ ਜੋੜਿਆ ਗਿਆ ਹੈ।

ਇਸ 2023 ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਅਫ਼ਸੋਸ ਦੀ ਗੱਲ ਹੈ ਕਿ ਪਰ ਅਨੁਮਾਨਤ ਤੌਰ 'ਤੇ, ਸੰਘ ਪਰਿਵਾਰ ਅਤੇ ਆਰ.ਐਸ.ਐਸ. ਨਾਲ ਸਬੰਧਿਤ ਸਮੂਹਾਂ ਦੀ ਮੌਜੂਦਗੀ ਹਿੰਦੂ ਫ਼ਾਸ਼ੀਵਾਦ ਦੀ ਬਿਆਨਬਾਜ਼ੀ ਅਤੇ ਕੈਨੇਡਾ ਵਿੱਚ ਵੱਖ-ਵੱਖ ਘਟਨਾਵਾਂ ਨਾਲ ਜੁੜੀ ਹੋਈ ਹੈ।

ਦੱਖਣੀ ਏਸ਼ੀਆਈ ਭਾਈਚਾਰੇ ਦੇ ਬਿਆਨ ਵਿੱਚ ਕਿਹਾ ਗਿਆ ਹੈ ਕਿ ਭਾਰਤੀ ਜਨਤਾ ਪਾਰਟੀ (ਭਾਜਪਾ) ਆਰ.ਐਸ.ਐਸ. ਦਾ ਸਿਆਸੀ ਵਿੰਗ ਹੈ, ਜੋ ਯੂਰਪੀਅਨ ਹਿਟਲਰੀ ਫ਼ਾਸ਼ੀਵਾਦ ਤੋਂ ਪ੍ਰੇਰਿਤ ਅਰਧ ਸੈਨਿਕ ਸੰਗਠਨ ਵਜੋਂ 'ਹਿੰਦੂਤਵ' ਜਾਂ ਹਿੰਦੂ ਰਾਸ਼ਟਰਵਾਦ ਨੂੰ



ਉਤਸ਼ਾਹਿਤ ਕਰਦਾ ਹੈ।

ਬਿਆਨ ਵਿੱਚ ਕਿਹਾ ਗਿਆ ਹੈ, 'ਆਰ.ਐਸ.ਐਸ. ਦੇ ਸੰਸਥਾਪਕਾਂ ਨੇ ਸਪਸ਼ਟ ਤੌਰ 'ਤੇ ਹਿਟਲਰੀ ਫ਼ਾਸ਼ੀਵਾਦੀ ਵਿਚਾਰਧਾਰਾ ਦਾ ਸਮਰਥਨ ਕੀਤਾ ਹੈ। ਅਸੀਂ ਭਾਰਤ ਵਿੱਚ ਭਾਜਪਾ ਦੇ 10 ਸਾਲਾਂ ਦੇ ਸ਼ਾਸਨ ਵਿੱਚ ਇਸ ਦੀਆਂ ਸਪੱਸ਼ਟ ਉਦਾਹਰਣਾਂ ਦੇਖੀਆਂ ਹਨ ਕਿਉਂਕਿ ਇਹ ਸਰਕਾਰ 20 ਕਰੋੜ ਮੁਸਲਿਮ ਆਬਾਦੀ ਦੇ ਨਾਲ-ਨਾਲ ਹੋਰ ਘੱਟ ਗਿਣਤੀ ਆਬਾਦੀ ਜਿਵੇਂ ਕਿ ਸਿੱਖਾਂ, ਦਲਿਤਾਂ, ਆਦਿਵਾਸੀਆਂ ਨਾਲ ਮਾੜਾ ਵਿਹਾਰ ਕਰ ਰਹੀ ਹੈ। ਦੂਜੇ ਨੰਬਰ ਦਾ ਨਾਗਰਿਕ ਸਮਝ ਰਹੀ ਹੈ। ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਦੇ ਆਪਣੇ ਟੀਚੇ ਵੱਲ ਵਧ ਰਹੀ ਹੈ।

ਪੱਤਰ ਦੇ ਵੱਖ-ਵੱਖ ਹਸਤਾਖਰ ਕਰਨ ਵਾਲਿਆਂ ਵਿੱਚ ਹਿੰਦੂਜ਼ ਫ਼ਾਰ ਹਿਊਮਨ ਰਾਈਟਸ, ਕੈਨੇਡੀਅਨ ਕੌਂਸਲ ਆਫ਼ ਇੰਡੀਅਨ ਮੁਸਲਿਮ (ਸੀ.ਸੀ.ਆਈ.ਐਮ.), ਕੈਨੇਡੀਅਨ ਕੌਂਸਲ ਆਫ਼ ਮੁਸਲਿਮ ਵੂਮੈਨ, ਮਾਂਟਰੀਅਲ, ਕੈਨੇਡੀਅਨ ਫ਼ੋਰਮ ਫ਼ਾਰ ਹਿਊਮਨ ਰਾਈਟਸ ਐਂਡ ਡੈਮੋਕਰੇਸੀ ਇਨ ਇੰਡੀਆ, ਕੈਨੇਡੀਅਨਜ਼ ਅਗੇਂਸਟ ਅਪਰੇਸ਼ਨ ਐਂਡ ਪਰਸੀਕਿਊਸ਼ਨ (ਸੀ.ਏ.ਓ.ਪੀ.), ਕੈਨੇਡੀਅਨਜ਼ ਫ਼ਾਰ ਇੰਡੀਅਨ ਡੈਮੋਕਰੇਸੀ (ਸੀ.ਆਈ.ਡੀ.) ਅਤੇ ਫ਼ਲਸਤੀਨ ਐਂਡ ਜੂਰੀਸ ਯੂਨਿਟੀ (ਪੀ.ਏ.ਜੇ.ਯੂ.)ਸ਼ਾਮਲ ਹਨ।

ਬਿਆਨ ਵਿੱਚ ਅੱਗੇ ਕਿਹਾ ਗਿਆ ਹੈ, 'ਭਾਰਤ ਵਿੱਚ ਹਿੰਦੂ ਰਾਸ਼ਟਰਵਾਦੀ ਸਰਕਾਰ ਦੀ ਸਰਪ੍ਰਸਤੀ ਹੇਠ, ਘੱਟ ਗਿਣਤੀਆਂ ਵਿਰੁੱਧ ਅੱਤਿਆਚਾਰ ਅਕਸਰ ਸਰਕਾਰ ਅਤੇ ਪ੍ਰਸ਼ਾਸਨ ਦੀ ਮਿਲੀਭੁਗਤ ਨਾਲ ਕੀਤੇ ਜਾਂਦੇ ਹਨ ਅਤੇ ਇਸ ਲਈ ਕੋਈ ਸਜ਼ਾ ਨਹੀਂ ਦਿੱਤੀ ਜਾਂਦੀ ਹੈ। ਹਾਲੀਆ ਰਿਪੋਰਟਾਂ ਦੇ ਸਬੂਤ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਇਹਨਾਂ ਕੱਟੜਪੰਥੀ ਸਮੂਹਾਂ ਦਾ ਇੱਕ ਨੈਟਵਰਕ ਕੈਨੇਡਾ ਅਤੇ ਅਮਰੀਕਾ ਵਿੱਚ ਸਿੱਖਾਂ ਅਤੇ ਹੋਰ ਪ੍ਰਵਾਸੀ ਘੱਟ ਗਿਣਤੀ ਭਾਈਚਾਰਿਆਂ ਅਤੇ ਕਾਰਕੁਨਾਂ ਨੂੰ

# ਭਾਈ ਰਾਜੋਆਣਾ ਵੱਲੋਂ ਦਾਇਰ ਪਟੀਸ਼ਨ ’ਤੇ ਸੁਪਰੀਮ ਕੋਰਟ ਵਿੱਚ ਸੁਣਵਾਈ ਟਲ਼ੀ

## ਕੇਂਦਰ ਸਰਕਾਰ 18 ਨਵੰਬਰ ਨੂੰ ਕਰੇਗੀ ਜਵਾਬ ਦਾਇਰ



ਦਿੱਲੀ/ਏ.ਟੀ.ਨਿਊਜ਼ : ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਕੇਸ ਵਿੱਚ ਫ਼ਾਂਸੀ ਦੀ ਸਜ਼ਾ ਭੁਗਤ ਰਹੇ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਪਟੀਸ਼ਨ ’ਤੇ ਸੁਪਰੀਮ ਕੋਰਟ ਵਿੱਚ ਸੁਣਵਾਈ ਦੋ ਹਫ਼ਤਿਆਂ ਲਈ ਟਾਲ ਦਿੱਤੀ ਗਈ ਹੈ। ਹੁਣ ਇਸ ਮਾਮਲੇ ਦੀ ਸੁਣਵਾਈ 18 ਨਵੰਬਰ ਨੂੰ ਹੋਵੇਗੀ। ਇਸ ਦੌਰਾਨ ਕੇਂਦਰ ਸਰਕਾਰ ਵੱਲੋਂ ਜਵਾਬ ਦਾਇਰ ਕਰਨਾ ਹੋਵੇਗਾ। ਪਟੀਸ਼ਨ ਵਿੱਚ ਉਸ ਨੇ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਬਦਲਣ ਦੀ ਮੰਗ ਕੀਤੀ ਹੈ। ਰਾਜੋਆਣਾ ਨੇ ਆਪਣੀ ਪਟੀਸ਼ਨ ਵਿੱਚ ਦਲੀਲ ਦਿੱਤੀ ਹੈ ਕਿ ਭਾਰਤ ਸਰਕਾਰ ਨੇ ਉਸ ਦੀ ਰਹਿਮ ਦੀ ਅਪੀਲ ’ਤੇ ਫ਼ੈਸਲਾ ਲੈਣ ਵਿੱਚ ਕਾਫ਼ੀ ਦੇਰੀ ਕੀਤੀ ਹੈ।

ਬਲਵੰਤ ਸਿੰਘ ਰਾਜੋਆਣਾ ਕਰੀਬ 28 ਸਾਲਾਂ ਤੋਂ ਜੇਲ੍ਹ ਵਿੱਚ ਹਨ। ਪਿਛਲੇ ਸਾਲ ਇਸ ਮਾਮਲੇ ਦੀ ਸੁਣਵਾਈ ਕਰਦਿਆਂ ਸੁਪਰੀਮ ਕੋਰਟ ਨੇ ਰਾਜੋਆਣਾ ਦੀ ਮੌਤ ਦੀ ਸਜ਼ਾ ਮੁਆਫ਼ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਅਦਾਲਤ ਨੇ ਰਹਿਮ ਦੀ ਅਪੀਲ ’ਤੇ ਵਿਚਾਰ ਕਰਨ ਦਾ ਕੰਮ ਕੇਂਦਰ ਸਰਕਾਰ ਦੇ ਅਧਿਕਾਰੀ ’ਤੇ ਛੱਡ ਦਿੱਤਾ ਸੀ। ਉਸ ਨੇ ਆਪਣੀ ਪਟੀਸ਼ਨ ’ਚ ਦਲੀਲ ਦਿੱਤੀ ਹੈ ਕਿ ਅਦਾਲਤੀ ਹੁਕਮਾਂ ਤੋਂ ਬਾਅਦ ਵੀ ਸਮਰੱਥ ਅਧਿਕਾਰੀ ਨੇ ਉਸ ਦੀ ਰਹਿਮ ਦੀ ਅਪੀਲ ’ਤੇ ਜ਼ਰੂਰੀ ਫ਼ੈਸਲਾ ਨਹੀਂ ਲਿਆ ਹੈ। ਉਸ ਹੁਕਮ ਨੂੰ ਅਜੇ ਤੱਕ ਲਾਗੂ ਨਹੀਂ ਕੀਤਾ ਗਿਆ ਹੈ।

**ਬੇਅੰਤ ਸਿੰਘ ਕਤਲ ਦੇ ਦੋਸ਼ੀ ਰਾਜੋਆਣਾ**

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੀ 31 ਅਗਸਤ 1995 ਨੂੰ ਹੱਤਿਆ ਕਰ ਦਿੱਤੀ ਗਈ ਸੀ ਜੋ ਕਿ ਸਿੱਖ ਨਸਲਕੁਸ਼ੀ ਦਾ ਜ਼ਿੰਮੇਵਾਰ ਮੰਨਿਆ ਜਾਂਦਾ ਸੀ। ਬਲਵੰਤ ਸਿੰਘ ਰਾਜੋਆਣਾ ਦੇ ਬਿਆਨ ਅਨੁਸਾਰ ਉਸ ਨੇ ਅਤੇ ਪੰਜਾਬ ਪੁਲਿਸ ਦੇ ਮੁਲਾਜ਼ਮ ਦਿਲਾਵਰ ਸਿੰਘ ਨੇ ਬੇਅੰਤ ਸਿੰਘ ਨੂੰ ਮਨੁੱਖੀ ਬੰਬ ਨਾਲ ਉਡਾ ਦਿੱਤਾ ਸੀ। ਦਿਲਾਵਰ ਸਿੰਘ ਨੇ ਬੇਅੰਤ ਸਿੰਘ ਨੂੰ ਮਨੁੱਖੀ ਬੰਬ ਦੱਸ ਕੇ ਹਮਲਾ ਕੀਤਾ ਸੀ। ਸਾਜ਼ਿਸ਼ ਇਸ ਤਰ੍ਹਾਂ ਰਚੀ ਗਈ ਸੀ ਕਿ ਜੇਕਰ ਦਿਲਾਵਰ ਨਾਕਾਮ ਹੋ ਜਾਂਦਾ ਤਾਂ ਹਮਲਾ ਭਾਈ ਰਾਜੋਆਣਾ ਵਾਲੇ ਪਾਸਿਓਂ ਹੀ ਕੀਤਾ ਜਾਣਾ ਸੀ। ਅਦਾਲਤ ਨੇ ਰਾਜੋਆਣਾ ਨੂੰ ਮੌਤ ਦੀ ਸਜ਼ਾ ਸੁਣਾਈ ਸੀ।

# ਦੋਸ਼ੀਆਂ ਨੂੰ 40 ਸਾਲ ਬਾਅਦ ਵੀ ਸਜ਼ਾਵਾਂ ਨਾ ਮਿਲਣਾ ਲੋਕਤੰਤਰ ’ਤੇ ਖੜ੍ਹੇ ਕਰਦੈ ਸਵਾਲ: ਪ੍ਰੋ. ਬਡੂੰਗਰ



ਪਟਿਆਲਾ/ਏ.ਟੀ.ਨਿਊਜ਼: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕ੍ਰਿਪਾਲ ਸਿੰਘ ਬਡੂੰਗਰ ਨੇ 1984 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ 40 ਸਾਲ ਬੀਤ ਜਾਣ ਦੇ ਬਾਵਜੂਦ ਵੀ ਸਜਾਵਾਂ ਨਾ ਮਿਲਣਾ ਅਤੇ ਪੰਜਾਬੀ ਬੋਲਦੇ ਪੰਜਾਬ ਦੇ ਵੱਖ-ਵੱਖ ਪਿੰਡਾਂ ਨੂੰ ਉਜਾੜ ਕੇ ਬਣਾਏ ਗਏ ਚੰਡੀਗੜ੍ਹ ਨੂੰ ਪੰਜਾਬ ਸਰਕਾਰ ਦੇ ਮੁੱਖ ਸਕੱਤਰ ਵੱਲੋਂ ਪੰਜਾਬ ਦੀ ਰਾਜਧਾਨੀ ਨਾ ਹੋਣ ਸਬੰਧੀ ਦਿੱਤੇ ਗਏ ਪ੍ਰਤੀ ਕਰਮ ’ਤੇ ਗਹਿਰੀ ਚਿੰਤਾ ਦਾ ਪ੍ਰਗਟਾਵਾ ਲੋਕਤੰਤਰ ’ਤੇ ਵੱਡੇ ਸਵਾਲ ਚਿੰਨ੍ਹ ਖੜ੍ਹੇ ਕਰਦਿਆਂ ਕਿਹਾ ਕਿ ਇੱਕ ਨਵੰਬਰ 1966 ਨੂੰ ਪੰਜਾਬ ਦੇ ਟੁੱਕੜੇ ਕਰਕੇ ਹਿਮਾਚਲ ਅਤੇ ਹਰਿਆਣਾ ਬਣਾ ਦਿੱਤਾ ਗਿਆ ਤੇ ਪੰਜਾਬ ਨੂੰ ਉਸ ਦੇ ਬਣਦੇ ਹੱਕ ਵੀ ਨਹੀਂ ਦਿੱਤੇ ਗਏ, ਜਦਕਿ ਪੰਜਾਬ ਦੀ ਮੰਗ ਨੂੰ ਦਰਕਿਨਾਰ ਕਰਦੇ ਹੋਏ ਪੰਜਾਬੀ ਬੋਲਦੇ ਇਲਾਕੇ, ਚੰਡੀਗੜ੍ਹ ਦੀ ਹਾਈਕੋਰਟ ਤੇ ਚੰਡੀਗੜ੍ਹ ਪੰਜਾਬ ਨੂੰ ਦੇਣ, ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦਾ ਅਧਿਕਾਰ ਪੰਜਾਬ ਨੂੰ ਦੇਣ ਦੀ ਬਜਾਏ ਸਿੱਧਾ ਕੇਂਦਰ ਸਰਕਾਰ ਕੋਲ ਰੱਖ ਲਿਆ ਗਿਆ।

ਪ੍ਰੋ. ਬਡੂੰਗਰ ਨੇ ਕਿਹਾ ਕਿ ਦੇਸ਼ ਦੇ ਮਰਹੂਮ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ 1984 ਵਿੱਚ ਸਿੱਖ ਕੌਮ ਦੇ ਸਰਵ ਉੱਚ ਅਸਥਾਨ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ੍ਰੀ ਦਰਬਾਰ ਸਾਹਿਬ ਉੱਤੇ ਟੈਂਕਾਂ ਅਤੇ ਤੋਪਾਂ ਨਾਲ ਹਮਲਾ ਕਰਵਾ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਢਹਿ-ਢੇਰੀ ਕਰਵਾਇਆ ਗਿਆ, ਤੇ ਇਸ ਹਮਲੇ ਵਿੱਚ ਅਨੇਕਾਂ ਸਿੰਘਾਂ ਸਿੰਘਣੀਆਂ ਸ਼ਹੀਦ ਹੋਏ। ਪ੍ਰੋ. ਬਡੂੰਗਰ ਨੇ ਕਿਹਾ ਕਿ ਇੰਦਰਾ ਗਾਂਧੀ ਦੀ ਮੌਤ ਮਗਰੋਂ ਦੇਸ਼ ਦੇ ਤਤਕਾਲੀਨ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੇ ਕਹਿਣ ’ਤੇ ਸਾਰੇ ਦੇਸ਼ ਵਿੱਚ ਬੇਰਹਿਮੀ ਤੇ ਬੇਦਰਦੀ ਨਾਲ ਸਿੱਖਾਂ ਦੀ ਨਸਲਕੁਸ਼ੀ ਕੀਤੀ ਗਈ, ਸਿੱਖਾਂ ਦੇ ਗਲਾਂ ਵਿੱਚ ਟਾਇਰ ਜਲਾ ਕੇ ਜਿੰਦਾ ਸਾੜਿਆ ਗਿਆ, ਸਿੱਖਾਂ ਦੀਆਂ ਧੀਆਂ ਭੈਣਾਂ ਦੀ ਬੇਪਤੀ ਕੀਤੀ ਗਈ ਪਰ ਅਫ਼ਸੋਸ ਦੀ ਗੱਲ ਹੈ ਕਿ 40 ਸਾਲ ਬਾਅਦ ਇੱਕ ਵੀ ਕਾਤਲ ਨੂੰ ਸਜ਼ਾ ਨਹੀਂ ਮਿਲੀ। ਉਨ੍ਹਾਂ ਨੇ ਕੇਂਦਰ ਦੀ ਭਾਜਪਾ ਸਰਕਾਰ ਤੋਂ ਇਨਸਾਫ਼ ਦੀ ਮੰਗ ਕਰਦਿਆਂ ਕਿਹਾ ਕਿ ’84 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾਵਾਂ ਦਿਵਾਉਣ ਅਤੇ ਚੰਡੀਗੜ੍ਹ ਪੰਜਾਬ ਦੀ ਰਾਜਧਾਨੀ ਅਤੇ ਹਾਈ ਕੋਰਟ ਨੂੰ ਮੁੜ ਪੰਜਾਬ ਨੂੰ ਸੌਂਪਿਆ ਜਾਣਾ ਚਾਹੀਦਾ ਹੈ।

# ਪੰਥਕ ਸ਼ਕਤੀ ਨੂੰ ਇੱਕ ਮਾਲ਼ਾ ’ਚ ਪਰੋਣ ਦੀ ਲੋੜ : ਗਿ. ਰਘਬੀਰ ਸਿੰਘ

ਅੰਮ੍ਰਿਤਸਰ/ਏ.ਟੀ.ਨਿਊਜ਼: ਬੰਦੀ ਛੋੜ ਦਿਵਸ ਮੌਕੇ ਜਥੇਦਾਰ ਰਘਬੀਰ ਸਿੰਘ ਨੇ ਸਿੱਖ ਕੌਮ ਦੇ ਨਾਂਅ ਸੰਦੇਸ਼ ਦਿੱਤਾ। ਗਿਆਨੀ ਰਘਬੀਰ ਸਿੰਘ ਨੇ ਸਿੱਖ ਕੌਮ ਦੇ ਨਾਂ ਦਾ ਸੰਦੇਸ਼ ਦਿੰਦਿਆਂ ਕਿਹਾ ਕਿ ਪੰਥਕ ਸ਼ਕਤੀ ਨੂੰ ਇੱਕ ਮਾਲਾ ਵਿੱਚ ਪਰੋਣ ਦੀ ਲੋੜ ਹੈ।

ਇਸ ਦੌਰਾਨ ਉਨ੍ਹਾਂ ਵੱਲੋਂ ਕਿਸਾਨੀ ਦਾ ਜ਼ਿਕਰ ਵੀ ਕੀਤਾ ਗਿਆ। ਇਸ ਦੌਰਾਨ ਉਨ੍ਹਾਂ ਵੱਲੋਂ ਨੌਜਵਾਨਾਂ ਦਾ ਮਸਲਾ ਵੀ ਚੁੱਕਿਆ ਗਿਆ। ਉਨ੍ਹਾਂ ਕਿਹਾ ਕਿ ਪੰਜਾਬ ਦਾ ਡੈਮੋਗ੍ਰਾਫਿਕ ਢਾਂਚਾ ਵੀ ਬਦਲ ਰਿਹਾ ਹੈ। ਇਹ ਮਸਲੇ ਕੌਮ ਅੱਗੇ ਖੜ੍ਹੇ ਹਨ। ਉਨ੍ਹਾਂ ਵੱਲੋਂ ਭਾਈ ਹਰਦੀਪ ਸਿੰਘ ਨਿੱਝਰ ਅਤੇ ਭਾਈ ਖੰਡਾ ਦੇ ਕਤਲ ਨੂੰ ਲੈ ਕੇ ਚਿੰਤਾ ਜਤਾਈ ਗਈ।

ਗਿਆਨੀ ਰਘਬੀਰ ਸਿੰਘ ਨੇ ਸੰਦੇਸ਼ ਪੜ੍ਹਦੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਸਿਰਜਣਾ ਦਲਭੰਜਨ ਗੁਰ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ ਸਤਿਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲੋਂ ‘ਹਲੀਮੀ ਰਾਜ ਦੀ ਸਥਾਪਨਾ, ਸਚੁ ਸੁਣਾਇਸੀ ਸਚ ਕੀ ਬੇਲਾ’ ਅਨੁਸਾਰ ਹੱਕ-ਸੱਚ ਦੀ ਆਵਾਜ਼ ਨੂੰ ਬੁਲੰਦ ਕਰਨ, ਨਿਮਾਣਿਆਂ ਨਿਤਾਣਿਆਂ ਦੀ ਢਾਲ ਬਣਨ ਤੇ ਜਰਵਾਣਿਆਂ ਨੂੰ ਸਬਕ ਸਿਖਾਉਣ ਦੀ ਸਰਬ-ਕਲਿਆਣਕਾਰੀ ਤੇ ਸਰਬੱਤ ਦੇ ਭਲੇ ਨੂੰ ਪ੍ਰਣਾਈ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਨੂੰ ਵਿਵਹਾਰਿਕ ਰੂਪ ਵਿੱਚ ਲਾਗੂ ਕਰਨ ਤੇ ਸਿੱਖ ਪੰਥ ਦੀ ਅਜ਼ਾਦ ਹਸਤੀ ਦਾ ਪ੍ਰਗਟਾਵਾ ਕਰਨ ਲਈ ਕੀਤੀ ਗਈ ਸੀ। ਅਕਾਲ ਦੀ ਇਸ ਅਗੰਮੀ ਸੰਸਥਾ ਦੇ ਇਨ੍ਹਾਂ ਉਦੇਸ਼ਾਂ ਦੀ ਪੂਰਤੀ ਲਈ ਖ਼ਾਲਸੇ ਵੱਲੋਂ ਕੀਤੇ ਗਏ ਸੰਘਰਸ਼ ਦੀ ਇੱਕ ਫ਼ਖ਼ਰਯੋਗ ਗਾਥਾ ਹੈ। ਬੰਦੀ-ਛੋੜ ਦਿਵਸ ਵੀ



ਅਕਾਲ ਤਖ਼ਤ ਦੇ ਇਨ੍ਹਾਂ ਆਦਰਸ਼ਾਂ ਨੂੰ ਰੂਪਮਾਨ ਕਰਨ ਦੀ ਇਤਿਹਾਸਕ ਘਟਨਾ ਨਾਲ ਜੁੜਿਆ ਹੋਇਆ ਹੈ, ਜੋ ਬਦੀ ਦੀਆਂ ਪ੍ਰਤੀਕ ਸ਼ਕਤੀਆਂ ਨੂੰ ਅਣਡਿੱਠ ਜਾਂ ਉਨ੍ਹਾਂ ਨਾਲ ਸਮਝੌਤਾ ਕਰਨ ਦੀ ਬਜਾਏ ਉਨ੍ਹਾਂ ਵਿਰੁੱਧ ਸੰਘਰਸ਼ ਕਰਨ ਅਤੇ ਦੂਜਿਆਂ ਨਾਲ ਹੋ ਰਹੀ ਬੇਇਨਸਾਫ਼ੀ ਵਿਰੁੱਧ ਦ੍ਰਿੜਤਾ ਨਾਲ ਖੜ੍ਹਣ ਅਤੇ ਹਰ ਹੀਲੇ ਹੱਕ ਸੱਚ ਦੀ ਰਾਖੀ ਕਰਨ ਦਾ ਪੈਗਾਮ ਦਿੰਦੀ ਹੈ। ਉਨ੍ਹਾਂ ਕਿਹਾ ਕਿ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਗਵਾਲੀਅਰ ਦੇ ਕਿਲ੍ਹੇ ਵਿਚੋਂ 52 ਹਿੰਦੂ ਰਾਜਿਆਂ ਨੂੰ ਰਿਹਾਅ ਕਰਵਾ ਕੇ ਅੱਜ ਦੇ ਦਿਨ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਪੁੱਜੇ ਸਨ। ਮਾਤਾ ਗੰਗਾ ਜੀ ਨੇ ਬਾਬਾ ਬੁੱਢਾ ਜੀ ਨੂੰ ਪ੍ਰੇਰਨਾ ਦੇ ਕੇ ਸ੍ਰੀ ਅੰਮ੍ਰਿਤਸਰ ਸ਼ਹਿਰ ਵਿੱਚ ਦੀਪਮਾਲਾ ਕਰਵਾਈ ਸੀ, ਜਿਸ ਯਾਦ ਵਿੱਚ ਸਮੁੱਚਾ ਖ਼ਾਲਸਾ ਪੰਥ ਬੰਦੀਛੋੜ ਦਿਵਸ ਮਨਾਉਂਦਾ ਆ ਰਿਹਾ ਹੈ। ਗੁਰੂ ਕਾਲ ਤੋਂ ਬਾਅਦ ਭਾਈ ਮਨੀ ਸਿੰਘ ਜੀ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਵੇਲੇ ਦੀਆਂ ਸਿੱਖ ਰਵਾਇਤਾਂ ਅਨੁਸਾਰ ‘ਬੰਦੀ-ਛੋੜ ਦਿਵਸ’ ਮਨਾਉਣ ਦੀ ਪਰੰਪਰਾ ਮੁੜ ਸੁਰਜੀਤ ਕੀਤੀ। ਭਾਈ ਮਨੀ ਸਿੰਘ ਜੀ ਦੀ ਸ਼ਹਾਦਤ ਦਾ ਸਿੱਧਾ ਸਬੰਧ ਵੀ ਬੰਦੀ-ਛੋੜ ਦਿਵਸ ਨਾਲ ਹੀ ਜੁੜਦਾ ਹੈ।

ਉਨ੍ਹਾਂ ਕਿਹਾ ਕਿ ਖ਼ਾਲਸਾ ਜੀ! ਗੁਰੂ ਸਾਹਿਬਾਨ ਦੇ ਪਾਵਨ ਚਰਨਾਂ ਦੀ ਛੋਹ ਨਾਲ ਪਵਿੱਤਰ ਹੋਇਆ ਪੰਜਾਬ ਦਾ ਚੱਪਾ-ਚੱਪਾ ਕੁਦਰਤੀ ਨੂਰ ਨਾਲ ਰੁਸ਼ਨਾਇਆ ਹੋਇਆ ਹੈ। ਇਥੋਂ ਹੀ ਗੁਰੂ ਸਾਹਿਬਾਨ ਨੇ ਲੋਕਾਈ ਨੂੰ ਅੰਧਕਾਰ ਰੂਪੀ ਵਹਿਮਾਂ-ਭਰਮਾਂ ਨੂੰ ਤਿਆਗ ਕੇ ‘ਗੁਰਬਾਣੀ ਇਸੁ ਜਗ ਮਹਿ ਚਾਨਣੁ’ ਦੇ ਦੇਵੀ-ਗਿਆਨ ਅਧੀਨ ਜੀਵਨ ਜਿਊਣ ਦਾ ਇਕ ਮਾਣਮੱਤਾ ਮਾਰਗ ਦਿਖਾਇਆ ਸੀ। ਇਸ ਨੂੰ ਹੀ ਪ੍ਰੋ. ਪੂਰਨ ਸਿੰਘ ਨੇ ‘ਪੰਜਾਬ ਵਸਦਾ ਗੁਰਾਂ ਦੇ ਨਾਮ ’ਤੇ’ ਦੇ ਸ਼ਬਦਾਂ ਰਾਹੀਂ ਰੂਪਮਾਨ ਕੀਤਾ ਹੈ। ਇਹ ਵਿਚਾਰਧਾਰਾ ਹੀ ਪੰਜਾਬ ਤੇ ਸਿੱਖ ਪੰਥ ਦੀ ਵਿਰਾਸਤ ਹੈ। ਇਹ ਪੰਥ ਤੇ ਪੰਜਾਬ ਦਾ ਭਵਿੱਖ ਵੀ ਹੈ। ਸਿੱਖ-ਪੰਥ ਤੇ ਗੁਰੂ ਗ੍ਰੰਥ ਸਾਡੀ ਮਾਣਮੱਤੀ ਵਿਰਾਸਤ ਹੈ। ਇਹ ਦੋਵੇਂ ਖ਼ਾਲਸਾ ਪੰਥ ਦੀਆਂ ਜੀਵੰਤ ਸੰਸਥਾਵਾਂ ਹਨ।

# ਸਿੱਖ ਫ਼ੌਜ ਅਧਿਕਾਰੀ ਨੂੰ ਉਸ ਦੀਆਂ ਦੋ ਧੀਆਂ ਨੇ ਤਰੱਕੀ ਦੇ ਫ਼ੀਤੇ ਲਗਾਏ

## ਹਥਿਆਰਬੰਦ ਸੈਨਾਵਾਂ ਦੇ ਅੰਦਰ ਨਾਰੀਸ਼ਕਤੀ ਦੀ ਭਾਵਨਾ ਹੋਈ ਉਜਾਗਰ



ਪੁਣੇ/ਏ.ਟੀ.ਨਿਊਜ਼ : ਕੈਰੀਅਰ ’ਚ ਇੱਕ ਮਹੱਤਵਪੂਰਨ ਮੀਲ ਪੱਥਰ ਹਾਸਲ ਕਰਦਿਆਂ ਇੱਕ ਦੁਰਲੱਭ ਅਤੇ ਪ੍ਰੇਰਣਾਦਾਇਕ ਪਲ ’ਚ ਲੈਫ਼ਟੀਨੈਂਟ ਜਨਰਲ ਡੀ.ਪੀ. ਸਿੰਘ ਨੂੰ ਉਨ੍ਹਾਂ ਦੀਆਂ ਦੋ ਬੇਟੀਆਂ ਨੇ ਤਰੱਕੀ ਦੇ ਫ਼ੀਤੇ ਲਗਾਏ ਜੋ ਖ਼ੁਦ ਵੀ ਭਾਰਤੀ ਫ਼ੌਜ ’ਚ ਅਫ਼ਸਰ ਹਨ।

ਲੈਫ਼ਟੀਨੈਂਟ ਜਨਰਲ ਡੀ.ਪੀ. ਸਿੰਘ ਨੂੰ ਹਾਲ ਹੀ ’ਚ ਮਿਲਟਰੀ ਇੰਟੈਲੀਜੈਂਸ ਟ੍ਰੇਨਿੰਗ ਸਕੂਲ ਅਤੇ ਡਿਪੂ, ਪੁਣੇ ਕਮਾਂਡੈਂਟ ਵਜੋਂ ਤਰੱਕੀ ਅਤੇ ਨਿਯੁਕਤੀ ਦਿਤੀ ਗਈ ਸੀ। ਇਹ ਇਤਿਹਾਸਕ ਮੌਕਾ ਨਾ ਸਿਰਫ਼ ਵਰਦੀਧਾਰੀ ਔਰਤਾਂ ਦੀ ਤਾਕਤ, ਸਮਰਪਣ, ਵਿਰਾਸਤ ਦੀ ਯਾਦ ਦਿਵਾਉਂਦਾ ਹੈ, ਬਲਕਿ ਸਾਡੀਆਂ ਹਥਿਆਰਬੰਦ ਸੈਨਾਵਾਂ ਦੇ ਅੰਦਰ ਨਾਰੀਸ਼ਕਤੀ ਦੀ ਭਾਵਨਾ ਨੂੰ ਵੀ ਉਜਾਗਰ ਕਰਦਾ ਹੈ।

# ਜਨਵਰੀ ਤੱਕ ਹੋ ਸਕਦੀਆਂ ਹਨ ਐਚ.ਐਸ.ਜੀ.ਪੀ.ਸੀ. ਦੀਆਂ ਚੋਣਾਂ

## ਨਾਇਬ ਸੈਣੀ ਨੇ ਹਰਿਆਣਾ ਸਿੱਖ ਏਕਤਾ ਦਲ ਦੇ ਵਫ਼ਦ ਨੂੰ ਦਿੱਤਾ ਭਰੋਸਾ

ਚੰਡੀਗੜ੍ਹ/ਏ.ਟੀ.ਨਿਊਜ਼: ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਚ.ਐੱਸ.ਜੀ.ਪੀ.ਸੀ.) ਦੀਆਂ ਚੋਣਾਂ ਜਨਵਰੀ ਤੱਕ ਕਰਵਾ ਦਿੱਤੀਆਂ ਜਾਣਗੀਆਂ। ਇਸ ਦਾ ਅਧਿਕਾਰਤ ਐਲਾਨ ਹਰਿਆਣਾ ਸਿੱਖ ਗੁਰਦੁਆਰਾ ਚੋਣ ਕਮਿਸ਼ਨ ਛੇਤੀ ਕਰੇਗਾ। ਮੁੱਖ ਮੰਤਰੀ ਨਾਇਬ ਸੈਣੀ ਨੇ ਪਿਛਲੇ ਦਿਨੀਂ ਆਪਣੀ ਰਿਹਾਇਸ਼ ’ਤੇ ਪੁੱਜੇ ਹਰਿਆਣਾ ਸਿੱਖ ਏਕਤਾ ਦਲ ਦੇ ਵਫ਼ਦ ਨੂੰ ਇਹ ਭਰੋਸਾ ਦਿਵਾਇਆ। ਸਿੱਖ ਸਮਾਜ ਦੇ ਮੁੱਦਿਆਂ ’ਤੇ ਚਰਚਾ ਲਈ ਵਿਸ਼ੇਸ਼ ਤੌਰ ’ਤੇ ਬੁਲਾਏ ਗਏ ਸਿੱਖ ਨੁਮਾਇੰਦਿਆਂ ਨੂੰ ਮੁੱਖ ਮੰਤਰੀ ਨੇ ਦੱਸਿਆ ਕਿ ਚੋਣਾਂ ਲਈ ਹਰ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨੂੰ ਨੋਡਲ ਅਧਿਕਾਰੀ ਬਣਾ ਦਿੱਤਾ ਗਿਆ ਹੈ। ਸਿੱਖ ਸਮਾਜ ਦੇ ਲੋਕ ਛੇਤੀ ਆਪਣੀ ਵੋਟ ਬਣਵਾਉਣ, ਜਿਸ ਦੀ ਪ੍ਰਕਿਰਿਆ ਚੱਲ ਰਹੀ ਹੈ। ਉਨ੍ਹਾਂ ਵਾਅਦਾ ਕੀਤਾ ਕਿ ਸਿੱਖ ਸਮਾਜ ਦੀਆਂ ਹੋਰ ਮੰਗਾਂ ਵੀ ਛੇਤੀ ਪੂਰੀਆਂ ਕੀਤੀਆਂ ਜਾਣਗੀਆਂ। ਸਿੱਖ ਏਕਤਾ ਦਲ ਵੱਲੋਂ ਪ੍ਰੀਤਪਾਲ ਸਿੰਘ ਪੰਨੂ, ਜਗਦੀਪ ਸਿੰਘ ਔਲਖ, ਗੁਰਤੇਜ ਸਿੰਘ ਖ਼ਾਲਸਾ, ਅਮਰਜੀਤ ਸਿੰਘ ਮੋਹੜੀ ਸਮੇਤ ਹੋਰ ਨੁਮਾਇੰਦਿਆਂ ਨੇ ਮੁੱਖ ਮੰਤਰੀ ਨੂੰ ਮੰਗ ਪੱਤਰ ਦਿੱਤਾ। ਮੰਗ ਪੱਤਰ ’ਚ ਕਿਹਾ ਗਿਆ ਹੈ ਕਿ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੀ ਚੋਣ ਦੀ ਤਰੀਕ ਐਲਾਨ ਕੇ ਨਵੇਂ ਵੋਟ ਬਣਾਉਣ ਦੀ ਪ੍ਰਕਿਰਿਆ ਸਰਲ ਕੀਤੀ ਜਾਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਬਦੀ ਖ਼ਿਲਾਫ਼ ਸਖ਼ਤ ਕਾਨੂੰਨ ਬਣਾਇਆ ਜਾਵੇ ਤੇ ਏਲਨਾਬਾਦ ’ਚ ਸ਼ਾਂਤੀਪੂਰਨ ਮੁਜ਼ਾਹਰਾ ਕਰ ਰਹੇ ਸਿਰਸਾ ਦੇ 14 ਸਿੱਖਾਂ ’ਤੇ ਦੇਸ਼ ਧ੍ਰੋਹ ਤੇ ਹੋਰ ਧਾਰਾਵਾਂ ਤਹਿਤ ਦਰਜ ਕੇਸ ਰੱਦ ਕੀਤੇ ਜਾਣ। ਸਜ਼ਾ ਪੂਰੀ ਕਰ ਚੁੱਕੇ ਬੰਦੀ ਸਿੱਖਾਂ ਦੀ ਰਿਹਾਈ ਲਈ ਕੇਂਦਰ ਸਰਕਾਰ ਤੱਕ ਹਰਿਆਣਾ ਦੇ ਸਿੱਖਾਂ ਦੀ ਭਾਵਨਾ ਪਹੁੰਚਾਈ ਜਾਵੇ। ਪੰਜਾਬੀ ਭਾਸ਼ਾ ਨੂੰ ਪੂਰਨ ਰੂਪ ’ਚ ਦੂਜੀ ਭਾਸ਼ਾ ਦਾ ਦਰਜਾ ਦੇਣ ਲਈ ਸਰਕਾਰੀ ਤੇ ਨਿਜੀ ਸਕੂਲਾਂ ’ਚ ਪੰਜਾਬੀ ਅਧਿਆਪਕਾਂ ਦੀ ਭਰਤੀ, ਸਾਰੇ ਵਿਭਾਗਾਂ ’ਚ ਪੰਜਾਬੀ ਟ੍ਰਾਂਸਲੇਟਰ ਤੇ ਟਾਈਪਿਸਟ ਦੀ ਭਰਤੀ ਕੀਤੀ ਜਾਵੇ।

(ਬਾਕੀ ਸਫ਼ਾ 30 ’ਤੇ)

# ਪਾਕਿਸਤਾਨ ਨੇ ਭਾਰਤੀ ਸਿੱਖ ਸ਼ਰਧਾਲੂਆਂ ਲਈ ਕਰੰਸੀ ਨੂੰ ਲੈ ਕੇ ਲਗਾਈਆਂ ਨਵੀਆਂ ਸ਼ਰਤਾਂ

ਇਸਲਾਮਾਬਾਦ/ਏ.ਟੀ.ਨਿਊਜ਼: ਪਾਕਿਸਤਾਨ ਨੇ ਆਰਥਿਕ ਹਾਲਾਤ ਖਰਾਬ ਹੋਣ ਦੇ ਬਾਵਜੂਦ ਉੱਥੇ ਭਾਰਤੀ ਸਿੱਖ ਸ਼ਰਧਾਲੂਆਂ ਲਈ ਆਪਣੀ ਕਰੰਸੀ ਦੀ ਵਰਤੋਂ ਨੂੰ ਸੀਮਤ ਕਰਦੇ ਹੋਏ ਨਵੀਆਂ ਸ਼ਰਤਾਂ ਲਗਾਈਆਂ ਹਨ। ਪਾਕਿਸਤਾਨ ਹੁਣ ਭਾਰਤੀ ਰੁਪਏ ਨਹੀਂ ਲੈ ਰਿਹਾ ਅਤੇ ਉਥੇ ਜਾਣ ਵਾਲੇ ਸਿੱਖ ਜੱਥਿਆਂ ਨੂੰ ਡਾਲਰ ਜਾਂ ਪੌਂਡ ਲਿਆਉਣ ਲਈ ਕਿਹਾ ਗਿਆ ਹੈ। ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਖੀ ਅਤੇ ਪੰਜਾਬ ਸੂਬੇ ਦੇ ਘੱਟ ਗਿਣਤੀ ਮਾਮਲਿਆਂ ਦੇ ਮੰਤਰੀ ਰਮੇਸ਼ ਸਿੰਘ ਅਰੋੜਾ ਨੇ ਕਿਹਾ, "ਹੁਣ ਸੰਗਤ ਤੋਂ ਭਾਰਤੀ ਰੁਪਏ ਨਹੀਂ ਲਏ ਜਾਣਗੇ। ਸ਼ਰਧਾਲੂਆਂ ਨੂੰ ਡਾਲਰ ਜਾਂ ਪੌਂਡ ਲਿਆਉਣੇ ਪੈਣਗੇ।" ਇਹ ਨਵਾਂ ਨਿਯਮ 14 ਨਵੰਬਰ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਮਨਾਉਣ ਲਈ ਪਾਕਿਸਤਾਨ ਜਾਣ ਵਾਲੇ ਤਿੰਨ ਹਜ਼ਾਰ ਭਾਰਤੀ ਸਿੱਖ ਸ਼ਰਧਾਲੂਆਂ ਲਈ ਵੱਡੀ ਸਮੱਸਿਆ ਬਣ ਗਿਆ ਹੈ।

ਇਸ ਤੋਂ ਪਹਿਲਾਂ ਭਾਰਤੀ ਸ਼ਰਧਾਲੂ ਆਪਣੇ ਨਾਲ ਰੁਪਏ ਲੈ ਕੇ ਪਾਕਿਸਤਾਨ ਜਾਂਦੇ ਸਨ, ਜਿੱਥੇ ਉਨ੍ਹਾਂ ਨੂੰ ਆਸਾਨੀ ਨਾਲ ਭਾਰਤੀ ਰੁਪਏ ਨੂੰ ਪਾਕਿਸਤਾਨੀ ਨੋਟਾਂ ਵਿੱਚ ਬਦਲਣ ਦੀ ਸਹੂਲਤ ਮਿਲਦੀ ਸੀ। ਹਰ ਸਾਲ ਲਗਭਗ 7,200 ਭਾਰਤੀ ਸਿੱਖ ਸ਼ਰਧਾਲੂ ਆਪਣੇ ਧਾਰਮਿਕ ਤੀਰਥ ਸਥਾਨਾਂ ਦੇ ਦਰਸ਼ਨ ਕਰਨ ਲਈ ਪਾਕਿਸਤਾਨ ਜਾਂਦੇ ਹਨ, ਜਿੱਥੇ ਉਹ 10,000 ਤੋਂ 15,000 ਰੁਪਏ ਖਰਚ ਕਰਦੇ ਹਨ। ਹੁਣ, ਜਦੋਂ ਭਾਰਤੀ ਸ਼ਰਧਾਲੂਆਂ ਨੂੰ ਵਿਦੇਸ਼ੀ ਮੁਦਰਾ ਦਾ ਪ੍ਰਬੰਧ ਕਰਨਾ ਪੈ ਰਿਹਾ ਹੈ, ਕਈਆਂ ਨੂੰ ਇਹ ਇੱਕ ਨਵੀਂ ਚੁਣੌਤੀ ਲੱਗਦੀ ਹੈ। ਸ੍ਰੀ ਨਨਕਾਣਾ ਸਾਹਿਬ ਸਿੱਖ ਯਾਤਰੀ ਜਥੇ ਦੇ ਮੁਖੀ ਰੌਬਿਨ ਗਿੱਲ ਨੇ ਭਾਰਤ ਦੇ ਵਿਦੇਸ਼ ਮੰਤਰਾਲੇ ਨੂੰ ਬੇਨਤੀ ਕੀਤੀ ਹੈ ਕਿ 13-14 ਨਵੰਬਰ ਨੂੰ ਅਟਾਰੀ ਬਾਰਡਰ 'ਤੇ ਇੱਕ ਕਰੰਸੀ ਐਕਸਚੇਂਜ ਦਫ਼ਤਰ ਖੋਲ੍ਹਿਆ ਜਾਵੇ, ਤਾਂ ਜੋ ਸ਼ਰਧਾਲੂ ਬਿਨਾਂ ਕਿਸੇ ਪਰੇਸ਼ਾਨੀ ਦੇ ਡਾਲਰ ਅਤੇ ਪਾਊਂਡ ਖ਼ਰੀਦ ਸਕਣ।

ਗਿੱਲ ਨੇ ਇਹ ਵੀ ਕਿਹਾ ਕਿ ਇਸ ਸਮੂਹ ਵਿੱਚ ਜ਼ਿਆਦਾਤਰ ਲੋਕ ਬਜ਼ੁਰਗ ਕਿਸਾਨ ਹਨ, ਜਿਨ੍ਹਾਂ ਲਈ ਵਿਦੇਸ਼ੀ ਮੁਦਰਾ ਤੋਂ ਜਾਣੂ ਹੋਣਾ ਮੁਸ਼ਕਿਲ ਹੋ ਸਕਦਾ ਹੈ। ਜੇਕਰ ਸਰਕਾਰ ਸਰਹੱਦ 'ਤੇ ਐਕਸਚੇਂਜ ਕਾਊਂਟਰ ਖੋਲ੍ਹੇ ਤਾਂ ਸ਼ਰਧਾਲੂਆਂ ਨੂੰ ਹੋਰ ਸਹੂਲਤਾਂ ਮਿਲਣਗੀਆਂ। ਮਾਹਿਰਾਂ ਦਾ ਮੰਨਣਾ ਹੈ ਕਿ ਭਾਰਤ ਨਾਲ ਵਪਾਰਕ ਸਬੰਧਾਂ ਦੀ ਕਮੀ ਨੇ ਪਾਕਿਸਤਾਨ ਦੀ ਅਰਥਵਿਵਸਥਾ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ, ਜਿਸ ਦੇ ਨਤੀਜੇ ਵਜੋਂ ਪਾਕਿਸਤਾਨ ਨੇ ਭਾਰਤੀ ਰੁਪਏ ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਇਸ ਕਾਰਨ ਨਾ ਸਿਰਫ਼ ਸਿੱਖ ਸ਼ਰਧਾਲੂਆਂ ਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਸਗੋਂ ਪਾਕਿਸਤਾਨ ਦੀ ਆਰਥਿਕ ਹਾਲਤ ਵੀ ਪ੍ਰਭਾਵਿਤ ਹੋ ਰਹੀ ਹੈ।

## ਗੁਰਦੁਆਰਾ ਕਰਤਾਰਪੁਰ ਲਾਂਘੇ ਲਈ ਜਾਰੀ ਰਹੇਗੀ 20 ਡਾਲਰ ਦੀ ਫ਼ੀਸ



ਅੰਮ੍ਰਿਤਸਰ/ਏ.ਟੀ.ਨਿਊਜ਼ : ਪਾਕਿਸਤਾਨ ਸਥਿਤ ਗੁਰਦੁਆਰਾ ਕਰਤਾਰਪੁਰ ਸਾਹਿਬ ਲਾਂਘੇ ਲਈ ਪਾਕਿਸਤਾਨ ਵੱਲੋਂ ਲਾਈ ਗਈ 20 ਅਮਰੀਕੀ ਡਾਲਰ ਦੀ ਫੀਸ ਭਾਰਤੀ ਯਾਤਰੀਆਂ ਲਈ ਪਹਿਲਾਂ ਵਾਂਗ ਹੀ ਜਾਰੀ ਰਹੇਗੀ। ਇਹ ਖੁਲਾਸਾ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ ਲਹਿੰਦੇ ਪੰਜਾਬ ਦੇ ਘੱਟ ਗਿਣਤੀਆਂ ਬਾਰੇ ਮੰਤਰੀ ਰਮੇਸ਼ ਸਿੰਘ ਅਰੋੜਾ ਨੇ ਕੀਤਾ। ਉਨ੍ਹਾਂ ਇਸ ਸਬੰਧ ਵਿੱਚ ਵੀਡੀਓ ਸੁਨੇਹਾ ਜਾਰੀ ਕੀਤਾ।

ਸੋਸ਼ਲ ਮੀਡੀਆ 'ਤੇ ਵਾਇਰਲ ਹੋਏ ਵੀਡੀਓ ਸੁਨੇਹੇ ਵਿੱਚ ਸ੍ਰੀ ਅਰੋੜਾ ਦੱਸ ਰਹੇ ਹਨ ਕਿ ਪਿਛਲੇ ਕੁਝ ਦਿਨਾਂ ਤੋਂ ਉਨ੍ਹਾਂ ਨੂੰ ਮੀਡੀਆ, ਭਾਰਤੀ ਸੰਗਤ ਤੇ ਹੋਰ ਦੇਸ਼ਾਂ ਤੋਂ ਸਿੱਖ ਸੰਗਤਾਂ ਦੇ ਫੋਨ ਆ ਰਹੇ ਹਨ। ਸਾਰਿਆਂ ਵੱਲੋਂ ਗੁਰਦੁਆਰਾ ਕਰਤਾਰਪੁਰ ਲਾਂਘੇ ਦੀ 20 ਅਮਰੀਕੀ ਡਾਲਰ ਦੀ ਫੀਸ ਵਿੱਚ ਛੋਟ ਦੇਣ ਬਾਰੇ ਪੁੱਛਿਆ ਜਾ ਰਿਹਾ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਇਹ ਫੀਸ ਪਹਿਲਾਂ ਵਾਂਗ ਹੀ ਜਾਰੀ ਹੈ ਅਤੇ ਇਸ ਵਿੱਚ ਕੋਈ ਛੋਟ ਨਹੀਂ ਦਿੱਤੀ ਗਈ।

ਇਸ ਸਬੰਧੀ ਖੁਲਾਸਾ ਕਰਦਿਆਂ ਉਨ੍ਹਾਂ ਦੱਸਿਆ ਕਿ ਪਾਕਿਸਤਾਨ ਦੇ ਗ੍ਰਹਿ ਮੰਤਰੀ ਵੱਲੋਂ ਕੁਝ ਦਿਨ ਪਹਿਲਾਂ ਇਹ ਐਲਾਨ ਕੀਤਾ ਗਿਆ ਸੀ ਕਿ ਅਮਰੀਕਾ ਵਿੱਚ ਰਹਿੰਦੇ ਸਿੱਖ ਜਿਨ੍ਹਾਂ ਦਾ ਜਨਮ ਸਥਾਨ ਭਾਵੇਂ ਭਾਰਤ ਹੈ ਪਰ ਪਾਸਪੋਰਟ ਅਮਰੀਕਾ ਦਾ ਹੈ, ਨੂੰ ਪਾਕਿਸਤਾਨ ਵਿੱਚ ਆਮਦ ਸਮੇਂ 'ਆਨ ਅਰਾਈਵਲ ਵੀਜ਼ਾ' ਮਿਲੇਗਾ। ਸ੍ਰੀ ਅਰੋੜਾ ਨੇ ਦੱਸਿਆ ਕਿ ਇਸ ਐਲਾਨ ਮਗਰੋਂ ਚਰਚਾ ਸ਼ੁਰੂ ਹੋ ਗਈ ਸੀ ਕਿ ਗੁਰਦੁਆਰਾ ਕਰਤਾਰਪੁਰ ਲਾਂਘਾ ਲਈ ਲਾਈ ਗਈ 20 ਡਾਲਰ ਦੀ ਫੀਸ ਬੰਦ ਕਰ ਦਿੱਤੀ ਗਈ ਹੈ। ਜਦੋਂਕਿ ਅਜਿਹਾ ਕੁਝ ਨਹੀਂ ਹੈ।

ਉਨ੍ਹਾਂ ਦੱਸਿਆ ਕਿ ਅਮਰੀਕਾ ਅਤੇ ਕੈਨੇਡਾ ਵਿੱਚ ਵਸਦੇ ਸਿੱਖ ਜਿਨ੍ਹਾਂ ਕੋਲ ਉਥੋਂ ਦੇ ਮੁਲਕਾਂ ਦਾ ਪਾਸਪੋਰਟ ਹੈ, ਨੂੰ ਪਾਕਿਸਤਾਨ ਵਿੱਚ ਆਮਦ ਸਮੇਂ ਮੌਕੇ 'ਤੇ ਵੀਜ਼ਾ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਭਾਰਤ ਅਤੇ ਪਾਕਿਸਤਾਨ ਵਿਚਾਲੇ ਗੁਰਦੁਆਰਾ ਕਰਤਾਰਪੁਰ ਲਾਂਘੇ ਨੂੰ ਲੈ ਕੇ 24 ਅਕਤੂਬਰ ਨੂੰ ਸਮਝੌਤਾ ਨਵਿਆਇਆ ਗਿਆ ਹੈ ਅਤੇ ਇਸ ਵਿੱਚ ਪਹਿਲਾਂ ਵਾਲੀਆਂ ਸ਼ਰਤਾਂ ਨੂੰ ਹੀ ਬਰਕਰਾਰ ਰੱਖਿਆ ਗਿਆ ਹੈ।

**ਮਹਾਰਾਜਾ ਰਣਜੀਤ ਸਿੰਘ ਨਾਲ ਸਬੰਧਿਤ ਹਵੇਲੀ ਦਾ ਕੰਮ ਸਾਲ ਵਿੱਚ ਹੋਵੇਗਾ ਮੁਕੰਮਲ**

ਇੱਕ ਵੱਖਰੀ ਵੀਡੀਓ ਰਾਹੀਂ ਰਮੇਸ਼ ਸਿੰਘ ਅਰੋੜਾ ਨੇ ਦੱਸਿਆ ਕਿ ਪਾਕਿਸਤਾਨ ਸਥਿਤ ਗੁੱਜਰਾਂਵਾਲਾ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਜਨਮ ਸਥਾਨ ਨਾਲ ਸਬੰਧਿਤ ਹਵੇਲੀ ਦੀ ਸਾਂਭ ਸੰਭਾਲ ਦਾ ਕੰਮ ਕੀਤਾ ਜਾ ਰਿਹਾ। ਉਨ੍ਹਾਂ ਕਿਹਾ ਕਿ ਇਹ ਕੰਮ ਸਾਲ ਵਿੱਚ ਮੁਕੰਮਲ ਹੋ ਜਾਵੇਗਾ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮੌਕੇ ਇਸ ਨੂੰ ਖੋਲ੍ਹਿਆ ਜਾਵੇਗਾ।

## ਯੂ.ਕੇ., ਅਮਰੀਕਾ ਤੇ ਕੈਨੇਡਾ ਦੇ ਸਿੱਖ ਯਾਤਰੀਆਂ ਨੂੰ ਪਾਕਿ ਵਿੱਚ ਮਿਲੇਗਾ ਮੁਫ਼ਤ ਆਨਲਾਈਨ ਵੀਜ਼ਾ



ਇਸਲਾਮਾਬਾਦ/ਏ.ਟੀ.ਨਿਊਜ਼: ਪਾਕਿਸਤਾਨ ਦੇ ਗ੍ਰਹਿ ਮੰਤਰੀ ਮੌਹਸਿਨ ਨਕਵੀ ਨੇ ਕਿਹਾ ਕਿ ਯੂ.ਕੇ., ਅਮਰੀਕਾ ਤੇ ਕੈਨੇਡਾ ਤੋਂ ਪਾਕਿਸਤਾਨ 'ਚ ਆਪਣੇ ਧਾਰਮਿਕ ਅਸਥਾਨਾਂ ਦੇ ਦਰਸ਼ਨਾਂ ਲਈ ਆਉਣ ਵਾਲੇ ਸਿੱਖ ਯਾਤਰੀਆਂ ਨੂੰ ਮੁਲਕ 'ਚ ਪਹੁੰਚਣ 'ਤੇ ਅੱਧੇ ਘੰਟੇ ਦੇ ਅੰਦਰ ਮੁਫ਼ਤ ਆਨਲਾਈਨ ਵੀਜ਼ਾ ਮਿਲੇਗਾ। ਨਕਵੀ ਨੇ ਇਹ ਟਿੱਪਣੀ ਲਾਹੌਰ 'ਚ ਸਿੱਖ ਯਾਤਰੀਆਂ ਦੇ 44 ਮੈਂਬਰੀ ਵਿਦੇਸ਼ੀ ਵਫ਼ਦ ਨਾਲ ਮੁਲਾਕਾਤ ਤੋਂ ਬਾਅਦ ਕੀਤੀ ਹੈ। ਉਨ੍ਹਾਂ ਇਹ ਐਲਾਨ ਵੀ ਕੀਤਾ ਕਿ ਪਾਕਿਸਤਾਨ 'ਚ ਕਈ ਸਿੱਖ ਵਿਰਾਸਤੀ ਸਥਾਨ ਦਰਸ਼ਨਾਂ ਲਈ ਖੋਲ੍ਹੇ ਜਾਣਗੇ ਅਤੇ ਇਸ ਲਈ ਕਿਸੇ ਪਰਮਿਟ ਦੀ ਲੋੜ ਨਹੀਂ ਹੋਵੇਗੀ। ਗ੍ਰਹਿ ਮੰਤਰਾਲੇ ਵੱਲੋਂ ਜਾਰੀ ਬਿਆਨ ਮੁਤਾਬਕ ਮੰਤਰੀ ਨੇ ਪਾਕਿਸਤਾਨ 'ਚ ਸਿੱਖ ਸ਼ਰਧਾਲੂਆਂ ਦਾ ਨਿੱਘਾ ਸਵਾਗਤ ਕੀਤਾ। ਉਨ੍ਹਾਂ ਮੰਨਿਆ ਕਿ ਪਿਛਲੇ ਸਮੇਂ ਦੌਰਾਨ ਪਾਕਿਸਤਾਨ ਦੌਰੇ 'ਤੇ ਆਉਣ ਵਾਲੇ ਸਿੱਖ ਸ਼ਰਧਾਲੂਆਂ ਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਨਕਵੀ ਨੇ ਐਲਾਨ ਕੀਤਾ ਕਿ ਸਰਕਾਰ ਨੇ ਸਿੱਖ ਸ਼ਰਧਾਲੂਆਂ ਲਈ ਵੀਜ਼ਾ ਪ੍ਰਕਿਰਿਆ ਨੂੰ ਆਨਲਾਈਨ ਕਰਕੇ ਸੁਖਾਲਾ ਬਣਾ ਦਿੱਤਾ ਹੈ। ਉਨ੍ਹਾਂ ਨੇ ਕਿਹਾ ਕਿ ਅਮਰੀਕੀ, ਕੈਨੇਡਿਆਈ ਅਤੇ ਯੂਕੇ ਦੇ ਪਾਸਪੋਸਟ ਵਾਲੇ ਆਨਲਾਈਨ ਅਪਲਾਈ ਕਰ ਸਕਦੇ ਹਨ ਅਤੇ 30 ਮਿੰਟਾਂ ਦੇ ਅੰਦਰ ਬਿਨਾਂ ਕਿਸੇ ਫੀਸ ਤੋਂ ਆਪਣਾ ਵੀਜ਼ਾ ਪ੍ਰਾਪਤ ਕਰ ਸਕਦੇ ਹਨ। ਇਹ ਸਹੂਲਤ ਇਨ੍ਹਾਂ ਦੇਸ਼ਾਂ 'ਚ ਰਹਿਣ ਵਾਲੇ ਭਾਰਤੀ ਮੂਲ ਦੇ ਸਿੱਖਾਂ ਨੂੰ ਵੀ ਮਿਲੇਗੀ।

**ਸਿੱਖਾਂ ਨੂੰ ਸਹੂਲਤਾਂ ਦੇਣਾ ਸਰਕਾਰ ਦੀ ਤਰਜੀਹ**

ਮੰਤਰੀ ਨੇ ਆਖਿਆ ਕਿ ਸਿੱਖ ਭਾਈਚਾਰੇ ਨੂੰ ਹੋਰ ਜ਼ਿਆਦਾ ਸਹੂਲਤਾਂ ਮੁਹੱਈਆ ਕਰਵਾਉਣਾ ਉਨ੍ਹਾਂ ਦੀ ਸਰਕਾਰ ਦੀ ਤਰਜੀਹ ਹੈ। ਨਕਵੀ ਨੇ ਆਖਿਆ ਕਿ ਜਿਵੇਂ ਸਾਊਦੀ ਅਰਬ ਮੁਸਲਮਾਨਾਂ ਲਈ ਮੁਕੱਦਸ ਸਥਾਨ ਹੈ ਉਸੇ ਤਰ੍ਹਾਂ ਸਿੱਖਾਂ ਲਈ ਪਾਕਿਸਤਾਨ ਪਵਿੱਤਰ ਸਥਾਨ ਹੈ।

## 100 ਸੁਰੱਖਿਆ ਮੁਲਾਜ਼ਮਾਂ ਦੇ ਘੇਰੇ 'ਚ ਰਹੇਗਾ ਪਾਕਿਸਤਾਨ ਜਾਣ ਵਾਲਾ ਭਾਰਤੀ ਜਥਾ

**ਵਾਘਾ ਸਰਹੱਦ ਤੋਂ 20 ਬੱਸਾਂ ਦੇ ਕਾਫ਼ਲੇ 'ਚ ਹੋਵੇਗਾ ਰਵਾਨਾ**



ਅੰਮ੍ਰਿਤਸਰ/ਏ.ਟੀ.ਨਿਊਜ਼ : ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਸਬੰਧੀ ਪਾਕਿਸਤਾਨ ਸਥਿਤ ਗੁਰੂਧਾਮਾਂ ਦੇ ਦਰਸ਼ਨਾਂ ਲਈ 14 ਨਵੰਬਰ ਨੂੰ ਅਟਾਰੀ ਸੜਕ ਮਾਰਗ ਰਾਹੀਂ 3,000 ਤੋਂ ਵੱਧ ਸ਼ਰਧਾਲੂਆਂ ਦਾ ਭਾਰਤੀ ਜਥਾ ਰਵਾਨਾ ਹੋਵੇਗਾ। ਜਥੇ ਦੇ ਵਾਘਾ ਬਾਰਡਰ ਪੁੱਜਦੇ ਹੀ 100 ਤੋਂ ਵੱਧ ਸੁਰੱਖਿਆ ਮੁਲਾਜ਼ਮ ਉਨ੍ਹਾਂ ਨੂੰ ਸੁਰੱਖਿਆ ਘੇਰੇ 'ਚ ਲੈ ਲੈਣਗੇ। ਪਿਛਲੀ ਵਾਰ 70 ਸੁਰੱਖਿਆ ਮੁਲਾਜ਼ਮ ਨਾਲ ਗਏ ਸਨ। ਪਾਕਿਸਤਾਨ ਸਥਿਤ ਵਾਘਾ ਸਰਹੱਦ ਤੋਂ ਭਾਰੀ ਸੁਰੱਖਿਆ ਪ੍ਰਬੰਧਾਂ 'ਚ ਸੰਗਤ ਨੂੰ 20 ਬੱਸਾਂ 'ਚ ਸੜਕ ਮਾਰਗ ਰਾਹੀਂ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਲਿਜਾਇਆ ਜਾਵੇਗਾ। ਸ੍ਰੀ ਨਨਕਾਣਾ ਸਾਹਿਬ ਸਿੱਖ ਯਾਤਰੀ ਜਥੇ ਦੇ ਉਪ ਪ੍ਰਧਾਨ ਰੋਬਿਨ ਗਿੱਲ ਨੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤੇ ਪੰਜਾਬ ਸੂਬੇ ਦੇ ਘੱਟ ਗਿਣਤੀ ਵਰਗ ਦੇ ਮੰਤਰੀ ਰਮੇਸ਼ ਸਿੰਘ ਅਰੋੜਾ ਦੇ ਹਵਾਲੇ ਨਾਲ ਦੱਸਿਆ ਹੈ ਕਿ ਜਥੇ ਦੀ ਸੁਰੱਖਿਆ ਵਧਾਉਣ ਦਾ ਫ਼ੈਸਲਾ ਹੁਣੇ ਜਿਹੇ ਰਮੇਸ਼ ਸਿੰਘ ਅਰੋੜਾ ਦੀ ਅਗਵਾਈ 'ਚ ਹੋਈ ਉੱਚ ਪੱਧਰੀ ਬੈਠਕ 'ਚ ਲਿਆ ਗਿਆ ਹੈ। ਇਸ ਤੋਂ ਇਲਾਵਾ ਬੈਠਕ 'ਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਸੰਗਤ ਦੀਆਂ ਸਹੂਲਤਾਂ ਦੇ ਵਿਸ਼ੇਸ਼ ਪ੍ਰਬੰਧਾਂ ਨੂੰ ਧਿਆਨ 'ਚ ਰੱਖਦੇ ਹੋਏ ਸੇਵਾਦਾਰਾਂ ਤੇ ਗ੍ਰੰਥੀਆਂ ਦੀ ਗਿਣਤੀ 'ਚ ਵਾਧੇ ਦਾ ਵੀ ਫ਼ੈਸਲਾ ਲਿਆ ਗਿਆ ਹੈ। ਇਸ ਤਹਿਤ ਧਾਰਮਿਕ ਪ੍ਰੋਗਰਾਮਾਂ ਨੂੰ ਕਾਮਯਾਬੀ ਨਾਲ ਕਰਵਾਉਣ 'ਚ ਯੋਗਦਾਨ ਦੇਣ ਲਈ ਕਰੀਬ 15 ਹੋਰ ਗ੍ਰੰਥੀਆਂ ਦੀ ਨਿਯੁਕਤੀ ਵੀ ਕੀਤੀ ਜਾ ਰਹੀ ਹੈ। ਇਸ ਦੇ ਨਾਲ ਹੀ ਏਨੇ ਹੀ ਸੇਵਾਦਾਰਾਂ ਦੀ ਨਿਯੁਕਤੀ ਵੀ ਵੱਖ-ਵੱਖ ਗੁਰਦੁਆਰਿਆਂ 'ਚ ਕੀਤੀ ਜਾਵੇਗੀ।

**23 ਨੂੰ ਵਤਨ ਪਰਤੇਗਾ ਜਥਾ**

14 ਨਵੰਬਰ ਨੂੰ ਜਥਾ ਪਾਕਿਸਤਾਨ ਸਥਿਤ ਵਾਘਾ ਸਰਹੱਦ 'ਤੇ ਪੁੱਜਣ ਤੋਂ ਬਾਅਦ 20 ਵਿਸ਼ੇਸ਼ ਬੱਸਾਂ ਰਾਹੀਂ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਲਈ ਰਵਾਨਾ ਹੋਵੇਗਾ। 15 ਨਵੰਬਰ ਨੂੰ ਨਨਕਾਣਾ ਸਾਹਿਬ 'ਚ ਸ੍ਰੀ ਆਖੰਡ ਪਾਠ ਤੋਂ ਬਾਅਦ ਮੁੱਖ ਮੁੱਖ ਧਾਰਮਿਕ ਸਮਾਗਮ ਕੀਤਾ ਜਾਵੇਗਾ। 16 ਨਵੰਬਰ ਨੂੰ ਗੁਰਦੁਆਰਾ ਸੱਚਾ ਸੌਦਾ 'ਚ ਰਾਤ ਦੇ ਠਹਿਰਾਅ ਤੋਂ ਬਾਅਦ ਜਥਾ 17 ਨਵੰਬਰ ਨੂੰ ਗੁਰਦੁਆਰਾ ਪੰਜਾ ਸਾਹਿਬ ਰਵਾਨਾ ਹੋਵੇਗਾ। ਜਥਾ 18 ਨਵੰਬਰ ਨੂੰ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਨ ਤੋਂ ਬਾਅਦ 19 ਨਵੰਬਰ ਨੂੰ ਇੱਥੇ ਰੁਕੇਗਾ। 20 ਨਵੰਬਰ ਸਵੇਰੇ ਜਥਾ ਲਾਹੌਰ ਸਥਿਤ ਗੁਰਦੁਆਰਾ ਰੋੜੀ ਸਾਹਿਬ, 21 ਨਵੰਬਰ ਨੂੰ ਗੁਰਦੁਆਰਾ ਡੇਰਾ ਸਾਹਿਬ ਲਾਹੌਰ ਦੇ ਦਰਸ਼ਨ ਕਰੇਗਾ। 22 ਨਵੰਬਰ ਨੂੰ ਡੇਰਾ ਸਾਹਿਬ 'ਚ ਰਾਤ ਰੁਕਣ ਤੋਂ ਬਾਅਦ 23 ਨਵੰਬਰ ਨੂੰ ਜਥਾ ਵਤਨ ਪਰਤੇਗਾ।

## ਸ਼੍ਰੋਮਣੀ ਕਮੇਟੀ ਪੀੜ੍ਹਤ ਪਰਿਵਾਰਾਂ ਦੀ ਹਰ ਮਦਦ ਲਈ ਤਿਆਰ: ਧਾਮੀ



ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਨਵੰਬਰ 1984 ਸਿੱਖ ਕਤਲੇਆਮ ਦੇ ਪੀੜਤ ਪਰਿਵਾਰਾਂ ਦੀ ਹਰ ਤਰ੍ਹਾਂ ਦੀ ਮਦਦ ਲਈ ਤਿਆਰ ਹੈ ਅਤੇ ਇਨਸਾਫ਼ ਦੀ ਲੜਾਈ 'ਚ ਲੋੜੀਂਦੀ ਭੂਮਿਕਾ ਨਿਭਾਉਂਦੀ ਰਹੇਗੀ। ਉਨ੍ਹਾਂ ਪਿਛਲੇ ਦਿਨੀਂ ਦਿੱਲੀ ਵਿੱਚ ਸਿੱਖ ਕਤਲੇਆਮ ਦੀ 40ਵੀਂ ਵਰ੍ਹੇਗੰਢ ਮੌਕੇ ਗੁਰਦੁਆਰਾ ਸ਼ਹੀਦਗੰਜ ਸਾਹਿਬ, ਤਿਲਕ ਵਿਹਾਰ ਦਿੱਲੀ ਵਿੱਚ ਕਰਵਾਏ ਗੁਰਮਤਿ ਸਮਾਗਮ ਵਿੱਚ ਸ਼ਮੂਲੀਅਤ ਕੀਤੀ। ਧਾਮੀ ਨੇ ਸਿੱਖ ਕਤਲੇਆਮ ਵਿੱਚ ਜਾਨਾਂ ਗਵਾਉਣ ਵਾਲਿਆਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਸਰਕਾਰਾਂ ਦੀ ਕਾਰਗੁਜ਼ਾਰੀ 'ਤੇ ਸਵਾਲ ਚੁੱਕੇ। ਉਨ੍ਹਾਂ ਸ਼੍ਰੋਮਣੀ ਕਮੇਟੀ ਵੱਲੋਂ ਗੁਰਦੁਆਰਾ ਸ਼ਹੀਦਗੰਜ ਸਾਹਿਬ ਲਈ 10 ਲੱਖ ਰੁਪਏ ਦੇਣ ਦਾ ਐਲਾਨ ਕੀਤਾ। ਇਸ ਦੌਰਾਨ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ ਕੇ ਨੇ ਪੀੜਤਾਂ ਨੂੰ 1984 ਦਾ ਇਨਸਾਫ਼, ਮੁੜ ਵਸੇਬਾ ਤੇ ਹੋਰ ਸਮਾਜਿਕ ਸਹੂਲਤਾਂ ਮੁਹੱਈਆ ਕਰਵਾਉਣ ਬਾਰੇ ਸਰਕਾਰੀ ਤੰਤਰ ਦੇ ਰਵੱਈਏ 'ਤੇ ਨਾਰਾਜ਼ਗੀ ਜ਼ਾਹਿਰ ਕੀਤੀ। ਉਨ੍ਹਾਂ ਕੇਂਦਰ ਸਰਕਾਰ ਨੂੰ 1984 ਸਿੱਖ ਕਤਲੇਆਮ ਲਈ ਸਿੱਖ ਕੌਮ ਤੋਂ ਮੁਆਫ਼ੀ ਮੰਗਣ ਲਈ ਵੀ ਕਿਹਾ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

# ਸੰਪਾਦਕੀ

## ਕੀ ਹੋਵੇਗਾ ਅਕਾਲੀ ਦਲ ਦਾ ਭਵਿੱਖ?

ਸਾਲ 1920 ਵਿੱਚ ਇੱਕ ਵੱਡੇ ਅੰਦੋਲਨ ਵਿੱਚੋਂ ਪੈਦਾ ਹੋਈ ਸਿਆਸੀ ਪਾਰਟੀ 'ਸ਼੍ਰੋਮਣੀ ਅਕਾਲੀ ਦਲ' ਬਾਰੇ ਕਿਸੇ ਨੇ ਸੋਚਿਆ ਨਹੀਂ ਸੀ ਕਿ ਇੱਕ ਸਮਾਂ ਅਜਿਹਾ ਵੀ ਆਵੇਗਾ ਕਿ ਇਹ ਆਪਣੇ ਸਿਆਸੀ ਭਵਿੱਖ ਬਾਰੇ ਹੀ ਸੰਘਰਸ਼ ਕਰੇਗਾ। ।ਇਸ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬਾਨ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਤਨਖ਼ਾਹੀਆ ਕਰਾਰ ਦਿੱਤਾ ਹੋਇਆ ਹੈ ਅਤੇ ਉਨ੍ਹਾਂ ਦੇ ਚੋਣਾਂ ਲੜਨ 'ਤੇ ਵੀ ਪਾਬੰਦੀ ਲਗਾਈ ਹੋਈ ਹੈ ਪਰ ਅਕਾਲੀ ਦਲ ਦੇ ਜ਼ਿਮਨੀ ਚੋਣਾਂ ਨਾ ਲੜਨ ਦੇ ਫ਼ੈਸਲੇ 'ਤੇ ਜਥੇਦਾਰ ਸਾਹਿਬਾਨ ਨੇ ਇਹ ਵੀ ਸਪਸ਼ਟ ਕੀਤਾ ਹੈ ਕਿ ਤਨਖ਼ਾਹੀਆ ਸਿਰਫ਼ ਸੁਖਬੀਰ ਬਾਦਲ ਨੂੰ ਕਰਾਰ ਦਿੱਤਾ ਹੈ, ਸ਼੍ਰੋਮਣੀ ਅਕਾਲੀ ਦਲ ਨੂੰ ਨਹੀਂ ਅਤੇ ਚੋਣਾਂ ਲੜਨ 'ਤੇ ਪਾਬੰਦੀ ਸਿਰਫ਼ ਸੁਖਬੀਰ ਬਾਦਲ'ਤੇ ਲਗਾਈ ਗਈ ਹੈ, ਅਕਾਲੀ ਦਲ 'ਤੇ ਨਹੀਂ। ਇਸ ਦੇ ਬਾਵਜੂਦ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਨੇ ਆਪਣੇ ਜਰਨੈਲ ਦੀ ਅਗਵਾਈ ਤੋਂ ਬਿਨਾਂ ਪੰਜਾਬ ਦੀਆਂ ਚਾਰ ਜ਼ਿਮਨੀ ਚੋਣਾਂ ਲੜਨ ਤੋਂ ਇਨਕਾਰ ਕਰਕੇ ਇਹਨਾਂ ਚੋਣਾਂ ਤੋਂ ਦੂਰੀ ਬਣਾਈ ਹੋਈ ਹੈ, ਜਿਸ ਕਰਕੇ ਵਿਰੋਧੀ ਧਿਰਾਂ ਦੇ ਆਗੂ ਅਕਾਲੀ ਆਗੂਆਂ ਨੂੰ ਟਿੱਚਰਾਂ ਵੀ ਕਰ ਰਹੇ ਹਨ।

ਪਿਛਲੇ 104 ਸਾਲਾਂ ਤੋਂ ਅਨੇਕਾਂ ਵੱਡੀਆਂ ਚੁਣੌਤੀਆਂ ਦਾ ਸਾਹਮਣਾ ਕਰਦੇ ਆ ਰਹੇ ਅਕਾਲੀ ਦਲ ਦੇ ਅੱਗੇ ਹੁਣ ਆਪਣਾ ਵਜੂਦ ਕਾਇਮ ਰੱਖਣਾ ਹੀ ਵੱਡੀ ਚੁਣੌਤੀ ਬਣ ਗਿਆ ਹੈ। ਅਕਾਲੀ ਦਲ ਦੇ ਅਨੇਕਾਂ ਸੀਨੀਅਰ ਤੇ ਟਕਸਾਲੀ ਆਗੂ ਬਾਗੀ ਹੋ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸ਼ਰਨ ਵਿੱਚ ਪੁੱਜ ਚੁੱਕੇ ਹਨ, ਜਿਸ ਕਾਰਨ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬਾਨ ਨੂੰ ਇਸ ਮਾਮਲੇ ਵਿੱਚ ਦਖ਼ਲ ਅੰਦਾਜ਼ੀ ਕਰਨੀ ਪਈ। ਅਕਾਲੀ ਦਲ ਦਾ ਸੰਕਟ ਉਸ ਸਮੇਂ ਸ਼ੁਰੂ ਹੋਇਆ ਜਦੋਂ ਅਕਾਲੀ ਦਲ ਦੇ ਸੀਨੀਅਰ ਆਗੂ ਸੁਖਬੀਰ ਬਾਦਲ ਦੀ ਅਗਵਾਈ ਵਿੱਚ ਚੱਲਣ ਦੀ ਥਾਂ ਬਾਗੀ ਹੋ ਗਏ, ਦੂਜੇ ਪਾਸੇ ਸੁਖਬੀਰ ਬਾਦਲ ਆਪਣੀ ਪ੍ਰਧਾਨਗੀ ਕਾਇਮ ਰੱਖਣ 'ਤੇ ਅੜੇ ਰਹੇ। ਇਸ ਸਮੇਂ ਵੀ ਸੁਖਬੀਰ ਬਾਦਲ ਹੀ ਅਕਾਲੀ ਦਲ ਦੇ ਪ੍ਰਧਾਨ ਹਨ ਭਾਵੇਂਕਿ ਬਲਵਿੰਦਰ ਸਿੰਘ ਭੂੰਦੜ ਨੂੰ ਕਾਰਜਕਾਰੀ ਪ੍ਰਧਾਨ ਬਣਾਇਆ ਹੋਇਆ ਹੈ।

ਜੈਤੋ ਵਰਗੇ ਇਤਿਹਾਸਕ ਮੋਰਚੇ ਅਤੇ ਭਾਰਤ 'ਚ ਐਮਰਜੈਂਸੀ ਵਿਰੁੱਧ ਵੱਡਾ ਮੋਰਚਾ ਲਗਾਉਣ ਵਾਲੇ ਅਕਾਲੀ ਦਲ ਦੀ ਹਾਈਕਮਾਂਡ ਵਿਰੁੱਧ ਹੀ ਹੁਣ ਇਸ ਦੇ ਸੀਨੀਅਰ ਬਾਗੀ ਆਗੂ ਮੋਰਚਾ ਖੋਲੀ ਬੈਠੇ ਹਨ। ਦੋਵੇਂ ਧਿਰਾਂ ਹੀ ਜਥੇਦਾਰ ਸਾਹਿਬਾਨ ਦੇ ਫ਼ੈਸਲੇ ਦੀ ਉਡੀਕ ਕਰ ਰਹੀਆਂ ਹਨ। ਅੱਜ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸਿੰਘ ਸਾਹਿਬਾਨ ਦੀ ਹੋਈ ਮੀਟਿੰਗ ਵਿੱਚ ਅਕਾਲੀ ਦਲ ਅਤੇ ਸੁਖਬੀਰ ਬਾਦਲ ਸਬੰਧੀ ਸਿੱਖ ਵਿਦਵਾਨਾਂ ਵੱਲੋਂ ਸੁਝਾਅ ਪੇਸ਼ ਕੀਤੇ ਗਏ। ਇਸ ਤੋਂ ਮਗਰੋਂ ਫ਼ੈਸਲਾ ਹੁਣ ਜਥੇਦਾਰ ਸਾਹਿਬ ਨੇ ਹੀ ਲੈਣਾ ਹੈ। ਦੋਵੇਂ ਧਿਰਾਂ ਕਹਿ ਚੁੱਕੀਆਂ ਹਨ ਕਿ ਜਥੇਦਾਰ ਸਾਹਿਬ ਜੋ ਵੀ ਫ਼ੈਸਲਾ ਕਰਨਗੇ, ਉਸ ਨੂੰ ਪੂਰੀ ਤਰ੍ਹਾਂ ਨਿਮਾਣੇ ਸਿੱਖਾਂ ਵਾਂਗੂ ਮੰਨਣਗੇ।

ਇਸ ਸਮੇਂ ਇਹ ਧਾਰਨਾ ਪਾਈ ਜਾ ਰਹੀ ਹੈ ਕਿ ਅਕਾਲੀ ਹਾਈਕਮਾਂਡ ਨੇ ਪੰਥਕ ਭਾਵਨਾਵਾਂ ਅਤੇ ਮੁੱਦਿਆਂ ਨਾਲੋਂ ਚੁਣਾਂਵੀ ਗਿਣਤੀਆਂ ਮਿਣਤੀਆਂ ਨੂੰ ਮੂਹਰੇ ਰੱਖਿਆ ਹੈ। ਜਿਸ ਕਰਕੇ ਆਮ ਸਿੱਖ ਇਸ ਪਾਰਟੀ ਤੋਂ ਦੂਰ ਹੁੰਦੇ ਗਏ। ਭਾਵੇਂਕਿ ਕਦੇ ਵੀ ਸਾਰੇ ਸਿੱਖਾਂ ਨੇ ਅਕਾਲੀ ਦਲ ਨੂੰ ਵੋਟ ਨਹੀਂ ਸੀ ਪਾਈ ਫਿਰ ਵੀ ਬਹੁਗਿਣਤੀ ਸਿੱਖ ਅਕਾਲੀ ਦਲ ਨੂੰ ਹੀ ਪੰਥਕ ਪਾਰਟੀ ਅਤੇ ਅਕਾਲੀ ਦਲ ਦੇ ਉਮੀਦਵਾਰਾਂ ਨੂੰ ਪੰਥਕ ਉਮੀਦਵਾਰ ਸਮਝਦੇ ਰਹੇ ਅਤੇ ਪੰਥ ਦੇ ਨਾਂਅ 'ਤੇ ਅਕਾਲੀ ਦਲ ਨੂੰ ਵੋਟਾਂ ਪੈਂਦੀਆਂ ਰਹੀਆਂ। ਬੀਤੇ ਕੁਝ ਸਮੇਂ ਤੋਂ ਅਕਾਲੀ ਦਲ ਦੀ ਲੀਡਰਸ਼ਿਪ ਦੇ ਸਿੱਖ ਸਿਧਾਂਤਾਂ 'ਤੇ ਪੂਰਾ ਨਾ ਉੱਤਰਨ ਕਾਰਨ ਪਾਰਟੀ ਤੋਂ ਜਨ ਆਧਾਰ ਖੁੱਸਣਾ ਸ਼ੁਰੂ ਹੋ ਗਿਆ ਅਤੇ ਸਾਲ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਦੋ ਕੱਟੜ ਸਿੱਖ ਆਗੂਆਂ ਦੀ ਜਿੱਤ ਹੋ ਗਈ, ਜਿਸ ਨੇ ਅਕਾਲੀ ਦਲ ਨੂੰ ਸਪਸ਼ਟ ਸੁਨੇਹਾ ਦਿੱਤਾ ਕਿ ਸਿੱਖ ਹੁਣ ਆਪਣੇ ਧਾਰਮਿਕ ਅਤੇ ਭਾਈਚਾਰਕ ਖ਼ਦਸ਼ਿਆਂ ਲਈ ਅਕਾਲੀ ਦਲ ਦੀ ਥਾਂ ਕੱਟੜ ਸਿੱਖਾਂ ਆਗੂਆਂ 'ਤੇ ਟੇਕ ਰੱਖਣ ਲੱਗ ਪਏ ਹਨ। 2024 ਦੀਆਂ ਲੋਕ ਸਭਾ ਚੋਣਾਂ ਵਿੱਚ ਵੱਡੀ ਗਿਣਤੀ ਅਕਾਲੀ ਉਮੀਦਵਾਰਾਂ ਦੀ ਹਾਰ ਅਤੇ ਦੋ ਕੱਟੜ ਸਿੱਖਾਂ ਦੀ ਜਿੱਤ ਨੇ ਸਿੱਖ ਸਿਆਸਤ ਦਾ ਮੁਹਾਂਦਰਾ ਬਦਲਣ ਦਾ ਯਤਨ ਕੀਤਾ। ਇਸ ਦੇ ਬਾਵਜੂਦ ਅਕਾਲੀ ਦਲ ਦੀ ਲੀਡਰਸ਼ਿਪ ਨੇ ਆਪਣੇ ਆਪ ਵਿੱਚ ਕੋਈ ਸੁਧਾਰ ਲਿਆਉਣ ਦਾ ਯਤਨ ਨਾ ਕੀਤਾ, ਜਿਸ ਕਾਰਨ ਅਕਾਲੀ ਦਲ ਮੌਜੂਦਾ ਸਥਿਤੀ ਵਿੱਚ ਪਹੁੰਚ ਚੁੱਕਿਆ ਹੈ।

ਇਹ ਤਾਂ ਸਭ ਨੂੰ ਪਤਾ ਹੈ ਕਿ ਸਿੱਖ ਭਾਵੇਂ ਭਾਰਤ ਦੇ ਕਿਸੇ ਵੀ ਹਿੱਸੇ ਵਿੱਚ ਰਹਿੰਦੇ ਹੋਣ ਪਰ ਉਹਨਾਂ ਦੇ 'ਪੇਕੇ' ਪੰਜਾਬ ਵਿੱਚ ਹੀ ਹੁੰਦੇ ਹਨ। ਇਸੇ ਕਾਰਨ ਭਾਰਤ ਦੇ ਵੱਖ-ਵੱਖ ਰਾਜਾਂ ਵਿੱਚ ਰਹਿੰਦੇ ਸਿੱਖ ਅਕਾਲੀ ਦਲ ਨੂੰ ਸਿੱਖਾਂ ਦੀ ਪਾਰਟੀ ਸਮਝਦੇ ਰਹੇ। ਇਸੇ ਕਾਰਨ ਉਹ ਅਕਾਲੀ ਦਲ ਨੂੰ ਲੰਬਾ ਸਮਾਂ ਆਪਣਾ ਮੂਕ ਸਮਰਥਨ ਦਿੰਦੇ ਰਹੇ। ਇਸ ਤੋਂ ਇਲਾਵਾ ਸਰਕਾਰੀ ਨੌਕਰੀਆਂ ਕਰਦੇ ਸਿੱਖ ਭਾਈਚਾਰੇ ਦੇ ਵੱਡੀ ਗਿਣਤੀ ਲੋਕ ਵੀ ਅਕਸਰ ਅਕਾਲੀ ਦਲ ਨੂੰ ਵੋਟਾਂ ਪਾਉਂਦੇ ਰਹੇ। ਪੰਜਾਬ ਦਾ ਬਹੁ ਗਿਣਤੀ ਕਿਸਾਨ ਭਾਈਚਾਰਾ ਵੀ ਕਦੇ ਅਕਾਲੀ ਦਲ ਦਾ ਪੱਕਾ ਵੋਟ ਬੈਂਕ ਸੀ ਪਰ ਅਕਾਲੀ ਆਗੂਆਂ ਦੀਆਂ ਨੀਤੀਆਂ ਅਤੇ ਪੰਥ ਦੀ ਥਾਂ ਆਪਣੇ ਪਰਿਵਾਰ ਨੂੰ ਅੱਗੇ ਰੱਖਣ ਦੀ ਨੀਤੀ ਕਾਰਨ ਅਕਾਲੀ ਦਲ ਦੀਆਂ ਪੱਕੀਆਂ ਵੋਟਾਂ ਵੀ ਅਕਾਲੀ ਦਲ ਤੋਂ ਦੂਰ ਹੋ ਗਈਆਂ, ਜਿਸ ਕਾਰਨ ਅਕਾਲੀ ਦਲ ਮੌਜੂਦਾ ਸਥਿਤੀ ਵਿੱਚ ਪਹੁੰਚ ਗਿਆ ਤੇ ਉਸ ਨੂੰ ਜ਼ਿਮਨੀ ਚੋਣਾਂ ਤੋਂ ਹੀ ਦੂਰ ਰਹਿਣਾ ਪੈ ਗਿਆ।

ਅਕਾਲੀ ਦਲ ਪੰਜਾਬ ਦੀ ਸਭ ਤੋਂ ਪੁਰਾਣੀ ਖੇਤਰੀ ਪਾਰਟੀ ਹੈ ਪਰ ਇਸ ਸਮੇਂ ਇਹ ਅੰਦਰੂਨੀ ਸੰਕਟ ਦਾ ਸ਼ਿਕਾਰ ਹੈ। ਇਸ ਸੰਕਟ ਕਾਰਨ ਹੀ ਅਕਾਲੀ ਦਲ ਦੀ ਹੋਂਦ 'ਤੇ ਹੀ ਸਵਾਲ ਖੜੇ ਹੋ ਰਹੇ ਹਨ। ਕਿਹਾ ਜਾਂਦਾ ਹੈ ਕਿ ਅਕਾਲੀ ਦਲ ਦੇ ਵੈਰੀਆਂ ਨੇ ਅਕਾਲੀ ਦਲ ਦਾ ਓਨਾ ਨੁਕਸਾਨ ਨਹੀਂ ਕੀਤਾ, ਜਿੰਨਾ ਨੁਕਸਾਨ ਇਸ ਦੇ ਆਪਣਿਆਂ ਨੇ ਹੀ ਕੀਤਾ ਹੈ। ਅਕਾਲੀ ਦਲ ਦੀ ਮੌਜੂਦਾ ਲੀਡਰਸ਼ਿਪ ਸਿੱਖ ਭਾਈਚਾਰੇ, ਪੰਜਾਬੀ ਸਮਾਜ ਤੇ ਖੇਤੀ ਅਰਥਚਾਰੇ ਦੇ ਬਦਲ ਰਹੇ ਫ਼ਿਕਰਾਂ ਨੂੰ ਸਮਝਣ ਵਿੱਚ ਨਾਕਾਮ ਸਾਬਤ ਹੋ ਗਈ ਹੈ, ਜਿਸ ਕਾਰਨ ਇਸ ਦਾ ਸੰਕਟ ਡੂੰਘਾ ਹੋ ਗਿਆ ਹੈ। ਮੌਜੂਦਾ ਸਮੇਂ ਦੀ ਮੰਗ ਇਹ ਹੈ ਕਿ ਅਕਾਲੀ ਲੀਡਰਸ਼ਿਪ ਕੰਧ 'ਤੇ ਲਿਖਿਆ ਪੜ੍ਹ ਲਵੇ ਅਤੇ ਸਾਰੇ ਆਗੂ ਸਿਰ ਜੋੜ ਕੇ ਸਾਂਝੇ ਰੂਪ ਵਿੱਚ ਅਕਾਲੀ ਦਲ ਦੀ ਮਜ਼ਬੂਤੀ ਲਈ ਨਵੀਂ ਰੂਪ ਰੇਖਾ ਉਲੀਕਣ। ਅਕਾਲੀ ਲੀਡਰਸ਼ਿਪ ਨੂੰ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਕੰਧ 'ਤੇ ਪਈਆਂ ਤਰੇੜਾਂ ਨੂੰ ਕਾਗ਼ਜ਼ ਲਗਾ ਕੇ ਨਹੀਂ ਮੇਟਿਆ ਜਾ ਸਕਦਾ । ਇਸ ਲਈ ਮਨਾਂ ਵਿੱਚ ਪਈਆਂ ਦੂਰੀਆਂ ਖ਼ਤਮ ਕਰਨ ਲਈ ਠੋਸ ਕਦਮ ਪੁੱਟੇ ਜਾਣੇ ਚਾਹੀਦੇ ਹਨ। ਜੇ ਅਕਾਲੀ ਲੀਡਰਸ਼ਿਪ ਹੁਣ ਵੀ ਨਾ ਸੰਭਲੀ ਤਾਂ ਸਮਾਂ ਉਨ੍ਹਾਂ ਨੂੰ ਅਜਿਹੀ ਹਨੇਰੀ ਗੁਫ਼ਾ ਵਿੱਚ ਸੁੱਟ ਦੇਵੇਗਾ, ਜਿਥੋਂ ਨਿਕਲਣਾ ਮੁਸ਼ਕਿਲ ਹੀ ਨਹੀਂ ਸਗੋਂ ਅਸੰਭਵ ਹੋਵੇਗਾ।

# ਭਾਰਤ ਅਤੇ ਕੈਨੇਡਾ ਦਰਮਿਆਨ ਵਧਦਾ ਕੂਟਨੀਤਿਕ ਤਣਾਅ



ਕੁੱਕੀ ਗਿੱਲ



ਸੰਯੁਕਤ ਰਾਜ ਨੇ ਭਾਰਤ ਨੂੰ ਅਪੀਲ ਕੀਤੀ ਕਿ ਉਸ ਦੇ ਅਧਿਕਾਰੀ ਕੈਨੇਡਾ ਵਿੱਚ ਹਿੰਸਕ ਅਪਰਾਧਾਂ ਵਿੱਚ ਸ਼ਾਮਲ ਹੋਣ ਦੇ ਦੋਸ਼ਾਂ ਨੂੰ ਗੰਭੀਰਤਾ ਨਾਲ ਲੈਣ ਅਤੇ ਕੈਨੇਡੀਅਨ ਜਾਂਚਾਂ ਵਿੱਚ ਸਹਿਯੋਗ ਕਰਨ, ਕਿਉਂਕਿ ਓਟਾਵਾ ਵਿੱਚ ਸਿਆਸੀ ਪਾਰਟੀਆਂ ਨੇ ਇਸ ਵਿਵਾਦ ਸੰਬੰਧੀ ਐਮਰਜੈਂਸੀ ਸੰਸਦੀ ਅਧਿਐਨ ਸ਼ੁਰੂ ਕਰਨ ਲਈ ਕਦਮ ਚੁੱਕੇ ਹਨ। ਸੰਯੁਕਤ ਰਾਜ ਦੀਆਂ ਟਿੱਪਣੀਆਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਸਰਕਾਰ ਲਈ ਸੁਆਗਤ ਕਰਨ ਵਾਲੀਆਂ ਖ਼ਬਰਾਂ ਹੋਣਗੀਆਂ, ਜਿਸ ਨੇ ਇਹ ਨਹੀਂ ਕਿਹਾ ਕਿ ਕੈਨੇਡਾ ਦੇ ਸਭ ਤੋਂ ਨੇੜਲੇ ਆਰਥਿਕ ਅਤੇ ਸੁਰੱਖਿਆ ਸਹਿਯੋਗੀ ਸ੍ਰੀ ਟਰੂਡੋ ਅਤੇ ਆਰ.ਸੀ.ਐਮ.ਪੀ. ਦੁਆਰਾ ਲਗਾਏ ਗਏ ਗੰਭੀਰ ਦੋਸ਼ਾਂ ਦਾ ਜਵਾਬ ਕਿਵੇਂ ਦੇ ਰਹੇ ਹਨ।

ਵਾਸ਼ਿੰਗਟਨ ਵਿੱਚ ਰੋਜ਼ਾਨਾ ਅਮਰੀਕੀ ਵਿਦੇਸ਼ ਵਿਭਾਗ ਦੀ ਬ੍ਰੀਫ਼ਿੰਗ ਵਿੱਚ, ਬੁਲਾਰੇ ਮੈਥਿਊ ਮਿਲਰ ਨੇ ਕਿਹਾ ਕਿ ਭਾਰਤ ਕੈਨੇਡੀਅਨ ਅਧਿਕਾਰੀਆਂ ਨਾਲ ਸਹਿਯੋਗ ਨਹੀਂ ਕਰ ਰਿਹਾ ਹੈ, ਕਿਉਂਕਿ ਵ੍ਹਾਈਟ ਹਾਊਸ ਨੂੰ ਉਮੀਦ ਸੀ ਕਿ ਅਜਿਹਾ ਹੋਵੇਗਾ। ਅਸੀਂ ਸਪੱਸ਼ਟ ਕਰ ਦਿੱਤਾ ਹੈ ਕਿ ਦੋਸ਼ ਬੇਹੱਦ ਗੰਭੀਰ ਹਨ ਅਤੇ ਇਨ੍ਹਾਂ ਨੂੰ ਗੰਭੀਰਤਾ ਨਾਲ ਲੈਣ ਦੀ ਲੋੜ ਹੈ ਅਤੇ ਅਸੀਂ ਭਾਰਤ ਸਰਕਾਰ ਨੂੰ ਇਸ ਦੀ ਜਾਂਚ ਵਿੱਚ ਕੈਨੇਡਾ ਨਾਲ ਸਹਿਯੋਗ ਕਰਨਾ ਚਾਹੁੰਦੇ ਹਾਂ। ਸਪੱਸ਼ਟ ਹੈ, ਉਨ੍ਹਾਂ ਨੇ ਉਹ ਰਸਤਾ ਨਹੀਂ ਚੁਣਿਆ ਹੈ।

ਆਰ.ਸੀ.ਐਮ.ਪੀ. ਅਤੇ ਮਿਸਟਰ ਟਰੂਡੋ ਨੇ ਵੱਖ-ਵੱਖ ਪ੍ਰੈਸ ਕਾਨਫ਼ਰੰਸਾਂ ਕੀਤੀਆਂ ਜਿਸ ਵਿੱਚ ਉਨ੍ਹਾਂ ਨੇ ਦੋਸ਼ ਲਗਾਇਆ ਕਿ ਭਾਰਤੀ ਡਿਪਲੋਮੈਟ ਅਤੇ ਕੌਂਸਲਰ ਅਧਿਕਾਰੀ ਕੈਨੇਡਾ ਵਿੱਚ ਸੰਗਠਿਤ ਅਪਰਾਧ ਅਤੇ ਹੱਤਿਆਵਾਂ, ਜਬਰਦਸਤੀ, ਪਰੇਸ਼ਾਨੀ, ਧਮਕੀਆਂ ਅਤੇ ਜ਼ਬਰਦਸਤੀ ਸਮੇਤ ਦੱਖਣੀ ਏਸ਼ੀਆਈ ਭਾਈਚਾਰੇ ਨੂੰ ਨਿਸ਼ਾਨਾ ਬਣਾਉਣ ਵਾਲੀਆਂ ਹਿੰਸਕ ਘਟਨਾਵਾਂ ਨਾਲ ਜੁੜੇ ਹੋਏ ਹਨ।

ਆਰ.ਸੀ.ਐਮ.ਪੀ. ਨੇ ਇਹ ਵੀ ਕਿਹਾ ਕਿ ਪੁਲਿਸ ਨੇ ਕੈਨੇਡਾ ਵਿੱਚ ਇੱਕ ਦਰਜਨ ਤੋਂ ਵੱਧ ਭਰੋਸੇਯੋਗ ਅਤੇ ਨੇੜਲੇ ਖ਼ਤਰਿਆਂ ਦੀ ਪਛਾਣ ਕੀਤੀ ਹੈ ਜੋ ਖ਼ਾਲਿਸਤਾਨ ਪੱਖੀ ਲਹਿਰ ਨਾਲ ਜੁੜੇ ਹੋਏ ਹਨ, ਜਿਸਦਾ ਟੀਚਾ ਭਾਰਤੀ ਖੇਤਰ ਤੋਂ ਇੱਕ ਵੱਖਰਾ ਸਿੱਖ ਰਾਜ ਬਣਾਉਣਾ ਹੈ। ਸ੍ਰੀ ਟਰੂਡੋ ਨੇ ਕਿਹਾ ਕਿ ਅਧਿਕਾਰੀ ਗੁਪਤ ਰੂਪ ਵਿੱਚ ਕੈਨੇਡੀਅਨਾਂ ਬਾਰੇ ਜਾਣਕਾਰੀ ਇਕੱਠੀ ਕਰ ਰਹੇ ਸਨ ਅਤੇ ਫਿਰ ਇਸ ਨੂੰ ਅਪਰਾਧਿਕ ਨੈਟਵਰਕ ਨਾਲ ਸਾਂਝਾ ਕਰ ਰਹੇ ਸਨ। ਭਾਰਤ ਨੇ ਇਨ੍ਹਾਂ ਦੋਸ਼ਾਂ ਤੋਂ ਸਾਫ਼ ਇਨਕਾਰ ਕੀਤਾ ਹੈ।

ਓਟਾਵਾ ਨੇ ਹਾਈ ਕਮਿਸ਼ਨਰ ਸਮੇਤ ਛੇ ਭਾਰਤੀ ਡਿਪਲੋਮੈਟਾਂ ਨੂੰ ਕੱਢ ਦਿੱਤਾ, ਜਦੋਂ ਸਰਕਾਰ ਨੇ ਕਿਹਾ ਕਿ ਭਾਰਤ ਨੇ ਅਧਿਕਾਰੀਆਂ ਨੂੰ ਜਾਂਚ ਵਿੱਚ ਹਿੱਸਾ ਲੈਣ ਦੀ ਇਜਾਜ਼ਤ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਭਾਰਤ ਨੇ ਬਦਲੇ ਵਿੱਚ ਛੇ ਕੈਨੇਡੀਅਨ ਡਿਪਲੋਮੈਟਾਂ ਨੂੰ ਕੱਢ ਦਿੱਤਾ। ਮਾਊਂਟੀਜ਼ ਨੇ ਬਿਨਾਂ ਕਿਸੇ ਵਿਸਤ੍ਰਿਤ ਸਬੂਤ ਦੇ ਦੋਸ਼ਾਂ ਨੂੰ ਜਾਰੀ ਕੀਤਾ ਅਤੇ ਭਾਰਤੀ ਅਧਿਕਾਰੀਆਂ ਨਾਲ ਜੁੜੇ ਅਪਰਾਧਾਂ ਦੀ ਗਿਣਤੀ ਜਾਂ ਕਿੰਨੀਆਂ ਜਾਂਚਾਂ ਖੁੱਲ੍ਹੀਆਂ ਰਹਿੰਦੀਆਂ ਹਨ, ਇਸ ਬਾਰੇ ਸਪੱਸ਼ਟੀਕਰਨ ਦੇਣ ਤੋਂ ਇਨਕਾਰ ਕਰ ਦਿੱਤਾ। ਆਰ.ਸੀ.ਐਮ.ਪੀ. ਨੇ ਕਿਹਾ ਕਿ ਖਾਸ ਤੌਰ 'ਤੇ ਉਠਾਏ ਗਏ ਮੁੱਦਿਆਂ ਨਾਲ ਜੁੜੇ ਪਿਛਲੇ ਦੋ ਸਾਲਾਂ ਵਿੱਚ ਤਿੰਨ ਕਤਲ ਹੋਏ ਹਨ। ਹਾਲਾਂਕਿ, ਪੁਲਿਸ ਬੁਲਾਰੇ ਸ਼ਾਰਲੋਟ ਹਿਬਾਰਡ ਨੇ ਕਿਹਾ ਕਿ ਇਨ੍ਹਾਂ ਵਿੱਚੋਂ ਕੁਝ ਜਾਂਚਾਂ ਵਿੱਚ ਭਾਰਤ ਸਰਕਾਰ ਦੇ ਏਜੰਟਾਂ ਨਾਲ ਸਬੰਧਾਂ ਦਾ ਖੁਲਾਸਾ ਹੋਇਆ ਹੈ। ਉਸਨੇ ਕਈ ਬੇਨਤੀਆਂ ਦੇ ਬਾਵਜੂਦ ਕੋਈ ਹੋਰ ਸਪੱਸ਼ਟਤਾ ਪ੍ਰਦਾਨ ਕਰਨ ਤੋਂ ਇਨਕਾਰ ਕਰ ਦਿੱਤਾ।

ਫ਼ੈਡਰਲ ਸਰਕਾਰ ਨੇ ਪਹਿਲਾਂ ਹੀ ਕਿਹਾ ਹੈ ਕਿ ਭਾਰਤੀ ਅਧਿਕਾਰੀ ਬੀ ਸੀ ਵਿੱਚ 2023 ਵਿੱਚ ਹਰਦੀਪ ਸਿੰਘ ਨਿੱਝਰ ਦੀ ਗੋਲੀਬਾਰੀ ਵਿੱਚ ਹੋਈ ਮੌਤ ਨਾਲ ਭਰੋਸੇਯੋਗ ਤੌਰ 'ਤੇ ਜੁੜੇ ਹੋਏ ਹਨ, ਮੰਗਲਵਾਰ ਨੂੰ ਦੋ ਸੀਨੀਅਰ ਸਰਕਾਰੀ ਸੂਤਰਾਂ ਨੇ ਦੱਸਿਆ ਕਿ ਭਾਰਤ ਨਾਲ ਜੁੜੀ ਦੂਜੀ ਹੱਤਿਆ ਸਤੰਬਰ, 2023 ਵਿੱਚ ਸੁਖਦੂਲ ਸਿੰਘ ਗਿੱਲ ਦੀ ਹੱਤਿਆ ਹੈ। ਭਾਰਤੀ ਅਧਿਕਾਰੀਆਂ ਅਨੁਸਾਰ ਉਹ ਸੁਖਦੂਲ ਸਿੰਘ ਉਰਫ਼ ਸੁੱਖਾ ਦੁਨੇਕੇ ਨਾਮ ਵਰਤਦਾ ਸੀ

ਭਾਰਤ ਨੇ ਇੱਕ ਪ੍ਰੈਸ ਰਿਲੀਜ਼ ਵਿੱਚ, ਆਰ.ਸੀ.ਐਮ.ਪੀ. ਅਤੇ ਮਿਸਟਰ ਟਰੂਡੋ ਦੇ ਦਾਅਵਿਆਂ ਨੂੰ ਅਵਿਵਹਾਰਕ ਅਤੇ ਲਿਬਰਲ ਪਾਰਟੀ ਦੇ ਘਰੇਲੂ ਸਿਆਸੀ ਲਾਭ ਲਈ ਸਿਆਸੀ ਤੌਰ 'ਤੇ ਪ੍ਰੇਰਿਤ ਕਿਹਾ। ਨਵੀਂ ਦਿੱਲੀ ਨੇ ਕੈਨੇਡੀਅਨ ਅਧਿਕਾਰੀਆਂ 'ਤੇ ਬਿਨਾਂ ਤੱਥਾਂ ਦੇ ਦਾਅਵੇ ਕਰਨ ਦਾ ਦੋਸ਼ ਵੀ ਲਾਇਆ।

ਕਿਉਂਕਿ ਓਟਾਵਾ ਨੇ ਪਹਿਲੀ ਵਾਰ ਕੈਨੇਡਾ ਵਿੱਚ ਅਪਰਾਧਾਂ ਵਿੱਚ ਕਥਿਤ ਸ਼ਮੂਲੀਅਤ ਲਈ ਭਾਰਤ ਉੱਤੇ ਦੋਸ਼ ਲਾਏ ਸਨ, ਸੰਯੁਕਤ ਰਾਜ ਨੇ ਨਵੀਂ ਦਿੱਲੀ ਨੂੰ ਸਹਿਯੋਗ ਕਰਨ ਦੀ ਅਪੀਲ ਕੀਤੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਕੈਨੇਡਾ ਨਾਲ ਪਹੁੰਚ ਉਸ ਸਥਿਤੀ ਤੋਂ ਬਹੁਤ ਵੱਖਰੀ ਹੈ ਜੋ ਉਨ੍ਹਾਂ ਨੇ ਰਾਸ਼ਟਰਪਤੀ ਜੋ ਬਾਇਡੇਨ ਦੇ ਪ੍ਰਸ਼ਾਸਨ ਨਾਲ ਲਿਆ ਹੈ।

ਭਾਰਤੀ ਜਾਂਚ ਕਮੇਟੀ ਨੇ ਇੱਕ ਹੋਰ ਜਾਂਚ 'ਤੇ ਅਮਰੀਕੀ ਅਧਿਕਾਰੀਆਂ ਨਾਲ ਮੁਲਾਕਾਤ ਕੀਤੀ, ਅਮਰੀਕਾ ਦੇ ਦੋਸ਼ਾਂ ਵਿੱਚ ਕਿ ਇੱਕ ਭਾਰਤੀ ਖੁਫ਼ੀਆ ਅਧਿਕਾਰੀ ਨਿਊਯਾਰਕ ਵਿੱਚ ਇੱਕ ਹੋਰ ਸਿੱਖ ਵੱਖਵਾਦੀ, ਦੋਹਰੇ ਅਮਰੀਕੀ-ਕੈਨੇਡੀਅਨ ਨਾਗਰਿਕ ਗੁਰਪਤਵੰਤ ਸਿੰਘ ਪੰਨੂ ਦੀ ਹੱਤਿਆ ਦੀ ਇੱਕ ਨਾਕਾਮ ਸਾਜ਼ਿਸ਼ ਵਿੱਚ ਸ਼ਾਮਲ ਸੀ। ਭਾਰਤੀ ਅਧਿਕਾਰੀ, ਜਿਸਦਾ ਅਮਰੀਕੀ ਅਧਿਕਾਰੀਆਂ ਨੇ ਨਾਮ ਨਹੀਂ ਲਿਆ ਹੈ, ਉੱਤੇ ਨਿਖਿਲ ਗੁਪਤਾ ਨਾਮਕ ਇੱਕ ਕਥਿਤ ਅੰਤਰਰਾਸ਼ਟਰੀ ਡਰੱਗ ਅਤੇ ਬੰਦੂਕ ਤਸਕਰੀ ਦੇ ਨਾਲ ਕੰਮ ਕਰਨ ਦੇ ਇਲਜ਼ਾਮ ਵਿੱਚ ਨਿਆਂ ਵਿਭਾਗ ਦੇ ਇੱਕ ਇਲਜ਼ਾਮ ਵਿੱਚ ਦੋਸ਼ ਲਗਾਇਆ ਗਿਆ ਹੈ ਕਿ ਉਹ ਸ੍ਰੀ ਪੰਨੂ ਦੇ ਕਤਲ ਦਾ ਇੰਤਜ਼ਾਮ ਕਰ ਸਕੇ। ਪੰਨੂ ਦੇ ਮਾਮਲੇ ਵਿੱਚ, ਵਿਦੇਸ਼ ਵਿਭਾਗ ਦੇ ਬੁਲਾਰੇ ਨੇ ਕਿਹਾ ਕਿ ਨਵੀਂ ਦਿੱਲੀ ਨੇ ਜ਼ੋਰ ਦੇ ਕੇ ਕਿਹਾ ਹੈ ਕਿ ਉਹ ਮਾਮਲੇ ਦੀ ਜਾਂਚ ਕਰ ਰਿਹਾ ਹੈ ਅਤੇ ਅਮਰੀਕੀ ਦੋਸ਼ਾਂ ਨੂੰ ਗੰਭੀਰਤਾ ਨਾਲ ਲੈਂਦਾ ਹੈ। ਹਾਲਾਂਕਿ ਮਿੱਲਰ ਨੇ ਇਹ ਨਹੀਂ ਦੱਸਿਆ ਕਿ ਕੀ ਭਾਰਤ ਜਾਂਚ 'ਚ ਅਮਰੀਕਾ ਨਾਲ ਸਹਿਯੋਗ ਕਰ ਰਿਹਾ ਹੈ। ਕੈਨੇਡਾ ਅਤੇ ਅਮਰੀਕਾ ਵਿੱਚ ਅਪਰਾਧਿਕ ਮਾਮਲਿਆਂ ਨੇ ਭਾਰਤ ਨਾਲ ਉਨ੍ਹਾਂ ਦੇ ਸਬੰਧਾਂ ਦੀ ਪਰਖ ਕੀਤੀ ਹੈ, ਕਿਉਂਕਿ ਪੱਛਮੀ ਦੇਸ਼ ਚੀਨ ਦੇ ਵਧਦੇ ਵਿਸ਼ਵ ਪ੍ਰਭਾਵ ਦਾ ਮੁਕਾਬਲਾ ਕਰਨ ਲਈ ਨਵੀਂ ਦਿੱਲੀ ਨਾਲ ਡੂੰਘੇ ਸਬੰਧ ਬਣਾਉਣ ਦੀ ਉਮੀਦ ਕਰਦੇ ਹਨ।

ਉੱਚ ਭੂ-ਰਾਜਨੀਤਿਕ ਦਾਅਵਿਆਂ ਨੂੰ ਰੇਖਾਂਕਿਤ ਕਰਦੇ ਹੋਏ, ਮਿਸਟਰ ਮਿਲਰ ਨੇ ਕਿਹਾ ਕਿ ਅਮਰੀਕਾ ਅਜੇ ਵੀ ਖੇਤਰ ਦੇ ਮੁੱਦਿਆਂ 'ਤੇ ਭਾਰਤ ਨਾਲ ਕੰਮ ਕਰਨ ਵਿੱਚ ਦਿਲਚਸਪੀ ਰੱਖਦਾ ਹੈ। ਭਾਰਤ ਸੰਯੁਕਤ ਰਾਜ ਅਮਰੀਕਾ ਦਾ ਇੱਕ ਅਵਿਸ਼ਵਾਸ਼ਯੋਗ ਮਜ਼ਬੂਤ ਸਾਥੀ ਬਣਿਆ ਹੋਇਆ ਹੈ।

ਕੈਨੇਡਾ ਵੀ ਇਸੇ ਤਰ੍ਹਾਂ ਭਾਰਤ ਨਾਲ ਆਪਣੇ ਸਬੰਧਾਂ ਦੇ ਕੁਝ ਹਿੱਸਿਆਂ ਨੂੰ ਡੂੰਘੀ ਠੰਢ ਤੋਂ ਬਚਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਵਪਾਰ ਮੰਤਰੀ ਮੈਰੀ ਐਨਗ ਨੇ ਇੱਕ ਬਿਆਨ ਜਾਰੀ ਕਰਦਿਆਂ ਕਿਹਾ ਕਿ ਸੰਘੀ ਸਰਕਾਰ ਭਾਰਤ ਨਾਲ ਆਪਣੇ ਵਪਾਰਕ ਸਬੰਧਾਂ ਨੂੰ ਬਣਾਈ ਰੱਖਣ ਲਈ ਵਚਨਬੱਧ ਹੈ। ਅਸੀਂ ਭਾਰਤ ਨਾਲ ਜੁੜੇ ਸਾਰੇ ਕੈਨੇਡੀਅਨ ਉੱਦਮਾਂ ਨਾਲ ਮਿਲ ਕੇ ਕੰਮ ਕਰਾਂਗੇ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਇਹ ਮਹੱਤਵਪੂਰਨ ਆਰਥਿਕ ਸਬੰਧ ਮਜ਼ਬੂਤ ਬਣੇ ਰਹਿਣ। ਕੈਨੇਡਾ ਸਰਕਾਰ ਭਾਰਤ ਨਾਲ ਗੱਲਬਾਤ ਲਈ ਖੁੱਲ੍ਹੀ ਹੈ ਅਤੇ ਅਸੀਂ ਆਪਣੇ ਕੀਮਤੀ ਰਿਸ਼ਤੇ ਨੂੰ ਜਾਰੀ ਰੱਖਣ ਦੀ ਉਮੀਦ ਰੱਖਦੇ ਹਾਂ।

ਪਾਰਲੀਮੈਂਟ ਹਿੱਲ 'ਤੇ, ਕੰਜ਼ਰਵੇਟਿਵਜ਼ ਅਤੇ ਬਲਾਕ ਕਿਊਬੇਕੋਇਸ ਨੇ ਕਿਹਾ ਕਿ ਉਹ ਐਮਰਜੈਂਸੀ ਸੁਣਵਾਈ ਲਈ ਇੱਕ ਐਨ.ਡੀ.ਪੀ. ਦੀ ਕਾਲ ਦਾ ਸਮਰਥਨ ਕਰਨਗੇ ਤਾਂ ਜੋ ਇਹ ਅਧਿਐਨ ਕੀਤਾ ਜਾ ਸਕੇ ਕਿ ਸਰਕਾਰ ਕੈਨੇਡੀਅਨਾਂ ਦੀ ਸੁਰੱਖਿਆ ਲਈ ਕਿਹੜੇ ਕਦਮ ਚੁੱਕ ਸਕਦੀ ਹੈ। ਲਿਬਰਲਾਂ ਨੇ ਇਹ ਕਹਿਣ ਤੋਂ ਇਨਕਾਰ ਕਰ ਦਿੱਤਾ ਕਿ ਕੀ ਉਹ ਇਸ ਕਦਮ ਦਾ ਸਮਰਥਨ ਕਰਦੇ ਹਨ।

ਇੱਕ ਪ੍ਰੈਸ ਕਾਨਫ਼ਰੰਸ ਵਿੱਚ, ਐਨ.ਡੀ.ਪੀ. ਆਗੂ ਜਗਮੀਤ ਸਿੰਘ ਨੇ ਸ੍ਰੀ ਟਰੂਡੋ ਨੂੰ ਕੈਨੇਡਾ ਦੁਆਰਾ ਕੱਢੇ ਗਏ ਛੇ ਭਾਰਤੀ ਡਿਪਲੋਮੈਟਾਂ ਉੱਤੇ ਪਾਬੰਦੀਆਂ ਲਗਾਉਣ ਅਤੇ ਰਾਸ਼ਟਰੀ ਸਵੈਮ ਸੇਵਕ ਸੰਘ ਦੇ ਨੈਟਵਰਕ ਉੱਤੇ ਪਾਬੰਦੀ ਲਗਾਉਣ ਦੀ ਅਪੀਲ ਕੀਤੀ, ਜਿਸ ਨੂੰ ਸ੍ਰੀ ਸਿੰਘ ਨੇ ਸੱਜੇ ਪੱਖੀ, ਕੱਟੜਪੰਥੀ ਅੱਤਵਾਦੀ ਸਮੂਹ ਦੱਸਿਆ। ਘੱਟ ਗਿਣਤੀ ਲਿਬਰਲਾਂ ਨੇ ਵੀ ਐਨ.ਡੀ.ਪੀ. ਦੀਆਂ ਦੋ ਹੋਰ ਮੰਗਾਂ ਬਾਰੇ ਕੋਈ ਟਿੱਪਣੀ ਨਹੀਂ ਕੀਤੀ। ਪੱਤਰਕਾਰਾਂ ਦੇ ਵਾਰ-ਵਾਰ ਸਵਾਲਾਂ ਦੇ ਬਾਵਜੂਦ, ਸ੍ਰੀ ਸਿੰਘ ਨੇ ਇਹ ਕਹਿਣ ਤੋਂ ਇਨਕਾਰ ਕਰ ਦਿੱਤਾ ਕਿ ਕੀ ਉਹ ਅਤੇ ਉਨ੍ਹਾਂ ਦਾ ਪਰਿਵਾਰ ਭਾਰਤ ਸਰਕਾਰ ਦੁਆਰਾ ਨਿਸ਼ਾਨਾ ਬਣਾਏ ਗਏ ਲੋਕਾਂ ਵਿੱਚੋਂ ਸੀ। ਜੂਨ ਵਿੱਚ, ਉਸਨੇ ਪੱਤਰਕਾਰਾਂ ਨੂੰ ਦੱਸਿਆ ਕਿ ਉਸਨੂੰ ਪਤਾ ਲੱਗਾ ਹੈ ਕਿ ਉਹ ਵਿਦੇਸ਼ੀ ਦਖ਼ਲ-ਅੰਦਾਜ਼ੀ ਦਾ ਨਿਸ਼ਾਨਾ ਹੈ ਪਰ ਉਸਨੇ ਇਹ ਨਹੀਂ ਦੱਸਿਆ ਕਿ ਕਿਸ ਦੇਸ਼ ਤੋਂ ਹੈ। ਇਹ ਮੇਰੇ ਬਾਰੇ ਨਹੀਂ ਹੈ। ਆਪਣੇ ਬਾਰੇ ਗੱਲ ਕਰਨਾ ਕਿਸੇ ਵੀ ਤਰ੍ਹਾਂ ਕੈਨੇਡੀਅਨਾਂ ਦੀ ਮਦਦ ਨਹੀਂ ਕਰਦਾ। ਕੈਨੇਡੀਅਨ ਖੁਫ਼ੀਆ ਏਜੰਸੀਆਂ ਦੁਆਰਾ ਚੀਨ ਅਤੇ ਭਾਰਤ ਦੀ ਪਛਾਣ ਇਸ ਦੇਸ਼ ਵਿੱਚ ਵਿਦੇਸ਼ੀ ਦਖ਼ਲ-ਅੰਦਾਜ਼ੀ ਦੇ ਪ੍ਰਮੁੱਖ ਦੋਸ਼ੀਆਂ ਵਜੋਂ ਕੀਤੀ ਜਾਂਦੀ ਹੈ।

# ਬਹੁਪੱਖੀ ਸੰਕਟਾਂ ਵਿੱਚ ਫ਼ਸੇ ਪੰਜਾਬ ਦਾ ਹੱਲ ਕੀ ਹੋਵੇ ?





ਡਾ. ਪਰਮਜੀਤ ਸਿੰਘ ਢੀਂਗਰਾ

ਜਦੋਂ ਅਸੀਂ ਅਜੋਕੇ ਪੰਜਾਬ ਦੇ ਸਰੋਕਾਰਾਂ ਦੀ ਗੱਲ ਕਰਦੇ ਹਾਂ ਤਾਂ ਇਹ ਸਪੱਸ਼ਟ ਕਰਨਾ ਜ਼ਰੂਰੀ ਹੈ ਕਿ ਸਾਡਾ ਇਸ ਤੋਂ ਭਾਵ 21ਵੀਂ ਸਦੀ ਦੇ ਪਹਿਲੇ 3 ਦਹਾਕਿਆਂ ਦਾ ਪੰਜਾਬ ਹੈ। ਭਾਵੇਂ ਪਿਛਲੀ ਸਦੀ ਦੇ ਅਖੀਰਲੇ ਦਹਾਕੇ ਵਿੱਚ ਐਲ.ਪੀ.ਜੀ. (ਲਿਬਰਲਾਈਜੇਸ਼ਨ, ਪ੍ਰਾਈਵੇਟਾਈਜੇਸ਼ਨ, ਗਲੋਬਲਾਈਜੇਸ਼ਨ) ਭਾਵ ਉਦਾਰੀਕਰਨ, ਨਿੱਜੀਕਰਨ ਤੇ ਵਿਸ਼ਵੀਕਰਨ ਦੇ ਮਾਡਲ ਅਧੀਨ ਜੋ ਨੀਤੀਆਂ ਘੜੀਆਂ ਗਈਆਂ ਤੇ ਕੌਮਾਂਤਰੀ ਵਪਾਰ ਸਮਝੌਤੇ ਕੀਤੇ ਗਏ, ਜਿਨ੍ਹਾਂ ਦਾ ਜ਼ਹਿਰੀਲਾ ਅਸਰ 21ਵੀਂ ਸਦੀ 'ਚ ਧੀਮੇ ਜ਼ਹਿਰ ਵਜੋਂ ਸ਼ੁਰੂ ਹੋਇਆ ਤੇ ਹੁਣ ਵੀ ਲਗਾਤਾਰ ਹੋ ਰਿਹਾ ਹੈ। ਇਸ ਨੇ ਆਰਥਿਕ, ਸਮਾਜਿਕ, ਰਾਜਨੀਤਕ, ਭਾਸ਼ਾਈ ਤੇ ਸੱਭਿਆਚਾਰਕ ਸਰੋਕਾਰਾਂ ਦੇ ਨਾਲ ਹੀ ਸਿੱਖਿਆ, ਸਿਹਤ ਤੇ ਕੁਦਰਤੀ ਸਰੋਤਾਂ ਨੂੰ ਨਸ਼ਟ ਕਰਨ 'ਚ ਕੋਈ ਕਸਰ ਨਹੀਂ ਛੱਡੀ। ਪੰਜਾਬ ਦੀ ਹਾਲਤ ਦਿਨ-ਬ-ਦਿਨ ਬਦ ਤੋਂ ਬਦਤਰ ਹੁੰਦੀ ਜਾ ਰਹੀ ਹੈ। ਇਸ ਦੇ ਮੁੱਖ ਕਾਰਨਾਂ ਦੀ ਘੋਖ ਕਰਕੇ ਹੀ ਅਸੀਂ ਪੰਜਾਬ ਦੀ ਬਿਹਤਰੀ ਲਈ ਕੋਈ ਸੂਝ ਭਰਿਆ ਹੱਲ ਲੱਭ ਸਕਦੇ ਹਾਂ।

ਰਾਜਨੀਤਕ ਤੌਰ 'ਤੇ ਪੰਜਾਬ ਦਾ ਮੌਜੂਦਾ ਦ੍ਰਿਸ਼ ਬੇਹੱਦ ਨਿਰਾਸ਼ਾਜਨਕ ਹੈ। ਪਿਛਲੀਆਂ ਸਰਕਾਰਾਂ ਤੇ ਵਰਤਮਾਨ ਹਾਕਮ ਧਿਰ ਕੋਲ ਡੁੱਬਦੇ ਜਾ ਰਹੇ ਪੰਜਾਬ ਨੂੰ ਬਚਾਉਣ/ਸਾਂਭਣ ਦਾ ਕੋਈ ਨੀਤੀਗਤ ਮਾਡਲ ਨਹੀਂ ਹੈ। ਜਿਹੜੀ ਵੀ ਸਰਕਾਰ ਆਉਂਦੀ ਹੈ ਉਹ ਨੀਤੀਆਂ ਦੀ ਬਜਾਏ ਜੁਮਲੇ ਘੜਦੀ ਹੈ। ਕੋਈ ਸੂਬੇ ਨੂੰ ਕੈਲੀਫ਼ੋਰਨੀਆ ਬਣਾਉਣ ਤੇ ਕੋਈ ਰੰਗਲਾ ਪੰਜਾਬ ਬਣਾਉਣ ਦਾ ਜੁਮਲਾ ਘੜਦਾ ਹੈ, ਪਰ ਪੰਜਾਬ ਨਾ ਤਾਂ ਕੈਲੇਫ਼ੋਰਨੀਆ ਤੇ ਨਾ ਹੀ ਰੰਗਲਾ ਬਣ ਸਕਿਆ। ਪੰਜਾਬ ਨੂੰ ਆਉਣ ਵਾਲੇ ਨੋਟਾਂ ਦੇ ਭਰੇ ਕਥਿਤ ਟਰੱਕ ਕਿਤੇ ਰਾਹ 'ਚ ਹੀ ਲੁੱਟ ਲਏ ਗਏ। ਪੰਜਾਬ 'ਤੇ ਕਾਬਜ਼ ਰਾਜਨੀਤਕ ਧਿਰਾਂ ਨੇ ਕਦੇ ਵੀ ਇਤਿਹਾਸ ਤੋਂ ਕੋਈ ਸਬਕ ਨਹੀਂ ਸਿੱਖਿਆ। ਸਿੱਖਾਂ ਨੇ ਕਦੇ ਦਿੱਲੀ ਜਿੱਤ ਕੇ ਨਿਸ਼ਾਨ ਸਾਹਿਬ ਗੱਡ ਕੇ ਛੱਡ ਦਿੱਤੀ ਸੀ ਤੇ ਉਹ ਅੰਗਰੇਜ਼ਾਂ ਦੇ ਖ਼ਿਲਾਫ਼ ਜਾਨ ਹੂਲ ਕੇ ਲੜੇ, ਪਰ ਪੰਜਾਬ 'ਤੇ ਅੰਗਰੇਜ਼ਾਂ ਨੇ ਕਾਬਜ਼ ਹੋਣ ਤੋਂ ਬਾਅਦ ਉਨ੍ਹਾਂ ਨੇ ਸਿੱਖਾਂ ਨੂੰ ਨਿਹੱਥੇ ਕਰਕੇ ਉਨ੍ਹਾਂ ਦੇ ਹਥਿਆਰ ਵੀ ਖੋਹ ਲਏ। ਫ਼ਿਰ ਵੀ ਅੰਗਰੇਜ਼ਾਂ ਨੂੰ ਸਭ ਤੋਂ ਵੱਧ ਚੁਣੌਤੀ ਪੰਜਾਬ ਤੋਂ ਹੀ ਮਿਲੀ। ਪੰਜਾਬੀ ਫ਼ਾਂਸੀਆਂ ਚੜ੍ਹਨ, ਕਾਲੇ ਪਾਣੀਆਂ ਦੀਆਂ ਸਜ਼ਾਵਾਂ ਤੇ ਉਮਰ ਕੈਦ ਕੱਟਣ 'ਚ ਪਹਿਲੇ ਨੰਬਰ 'ਤੇ ਹਨ, ਪੰਜਾਬ ਨੇ ਕਦੇ ਵੀ ਦਿੱਲੀ ਦੀ ਈਨ ਨਹੀਂ ਮੰਨੀ। ਸ਼ਾਹ ਮੁਹੰਮਦ 'ਜੰਗ ਹਿੰਦ, ਪੰਜਾਬ ਦਾ ਹੋਣ ਲੱਗਾ' 'ਚ ਪੰਜਾਬ ਨੂੰ ਵੱਖਰੀ ਇਕਾਈ ਮੰਨਦਾ ਹੈ, ਪੰਜਾਬੀਆਂ ਲਈ ਇਹ ਧਰਤੀ ਦੇਸ਼ ਪੰਜਾਬ ਹੈ।

ਪੰਜਾਬ ਦੀ ਰਾਜਨੀਤੀ 'ਚ ਦਿੱਲੀ ਦੀ ਵਧਦੀ ਦਖ਼ਲਅੰਦਾਜ਼ੀ ਨੇ ਪੰਜਾਬੀਆਂ ਦੇ ਮਨਾਂ ਵਿੱਚ ਇਸ ਸ਼ੱਕ ਨੂੰ ਵਧਾ ਦਿੱਤਾ ਹੈ ਕਿ ਪੰਜਾਬ ਦੀ ਵੰਡ ਤੋਂ ਲੈ ਕੇ ਇਸ ਦੇ ਪੁਨਰਗਠਨ, ਰਾਜਧਾਨੀ ਚੰਡੀਗੜ੍ਹ, ਪੰਜਾਬੀ ਬੋਲਦੇ ਇਲਾਕੇ, ਬਿਜਲੀ, ਪਾਣੀਆਂ, ਹੈੱਡ ਵਰਕਸ ਤੇ ਆਰਥਿਕ ਸਰੋਤਾਂ ਤੱਕ ਹਰ ਥਾਂ ਇਸ ਨਾਲ ਧ੍ਰੋਹ ਕਮਾਇਆ ਗਿਆ ਹੈ। ਪੰਜਾਬ ਦੀ ਹਰ ਸਰਕਾਰ ਨੇ ਪੰਜਾਬ ਦੀ ਇਤਿਹਾਸਕ ਸੋਚ ਦੇ ਨੀਤੀਗਤ ਮਾਡਲ ਨੂੰ ਸਿਰਜਣ ਦੀ ਥਾਂ ਦਿੱਲੀ ਦੀ ਨੌਕਰਸ਼ਾਹੀ 'ਤੇ ਵਧੇਰੇ ਟੇਕ ਰੱਖੀ ਹੈ। ਜਦੋਂ ਵੀ ਦਿੱਲੀ ਤੋਂ ਆਰਥਿਕ ਸਲਾਹਕਾਰ ਲਿਆਂਦੇ ਗਏ, ਤਾਂ ਇਸ ਦੀ ਆਲੋਚਨਾ ਹੋਈ, ਫ਼ਿਰ ਵੀ ਉਨ੍ਹਾਂ ਨੂੰ ਹਮੇਸ਼ਾ ਸ਼ਾਹੀ ਰੁਤਬੇ ਦੇ ਕੇ ਨਿਵਾਜਿਆ ਗਿਆ ਹੈ। ਅਜਿਹੇ ਆਰਥਿਕ ਸਲਾਹਕਾਰ ਅਕਸਰ ਕਾਰਪੋਰੇਟ ਪੱਖੀ ਹੁੰਦੇ ਹਨ, ਜੋ ਲੋਕ ਹਿੱਤਾਂ ਦੀ ਬਜਾਏ ਕਾਰਪੋਰੇਟ ਸੈਕਟਰ ਦਾ ਵਧੇਰੇ ਧਿਆਨ ਰੱਖਦੇ ਹਨ। ਕੀ ਪੰਜਾਬ ਨੂੰ ਸਮਝਣ ਵਾਲੇ ਪੰਜਾਬੀ ਨੀਤੀ ਘਾੜਿਆਂ ਦਾ ਕਾਲ ਹੈ ? ਕੀ ਪੰਜਾਬ ਕੋਲ ਅਕਾਦਮਿਕ ਯੋਗਤਾ ਦੀ ਘਾਟ ਹੈ ? ਪਿਛਲੀਆਂ ਸਰਕਾਰਾਂ ਦੀ ਕਾਰਗੁਜ਼ਾਰੀ ਉਨ੍ਹਾਂ ਦੇ ਜੁਮਲਿਆਂ ਤੇ ਫ਼ੋਕੀਆਂ ਤਸੱਲੀਆਂ ਤੋਂ ਅੱਕੇ ਲੋਕਾਂ ਨੇ ਦਿੱਲੀ ਵਲੋਂ ਆਈ ਹਨੇਰੀ 'ਤੇ ਭਰੋਸਾ ਕਰ ਲਿਆ ਤੇ ਬਦਲਾਅ ਦਾ ਨਾਅਰਾ ਦੇਣ ਵਾਲਿਆਂ ਦੀ ਅਜਿਹੀ ਸਰਕਾਰ ਬਣਾ ਦਿੱਤੀ, ਜਿਸ ਬਾਰੇ ਸ਼ਾਇਦ ਉਨ੍ਹਾਂ ਖ਼ੁਦ ਵੀ ਨਾ ਸੋਚਿਆ ਹੋਵੇ। ਪਰ ਪੰਜਾਬੀਆਂ ਨੂੰ ਛੇਤੀ ਅਹਿਸਾਸ ਹੋ ਗਿਆ ਕਿ ਇਹ ਬਦਲਾਅ ਤਾਂ ਪਹਿਲਾਂ ਵਾਲੇ ਜੁਮਲੇਬਾਜ਼ਾਂ ਤੋਂ ਵੱਖਰਾ ਨਹੀਂ ਹੈ। ਇਸ ਸਰਕਾਰ ਨੇ ਗਾਰੰਟੀਆਂ ਦਾ ਇੱਕ ਨਵਾਂ ਵਿਧਾਨ ਘੜ ਕੇ ਮੁਫ਼ਤ ਦੀ ਝਾਕ ਵਾਲੇ ਲੋਕਾਂ ਦੇ ਲਾਲਚ ਨੂੰ ਖ਼ੂਬ ਹੁਲਾਰਾ ਦਿੱਤਾ। ਆਮ ਲੋਕ ਗੰਧਲੀ ਹੋ ਚੁੱਕੀ ਰਾਜਨੀਤੀ ਤੋਂ ਬੇਚੈਨ ਹੋਣ ਲੱਗੇ ਹਨ।

ਅਕਾਲੀ ਦਲ ਕਦੇ ਪੰਜਾਬ ਦੇ ਮੁੱਦਿਆਂ ਨੂੰ ਉਠਾਉਂਦਾ ਰਿਹਾ ਤੇ ਉਸ ਨੂੰ ਲੋਕਾਂ ਦਾ ਪੂਰਾ ਸਾਥ ਵੀ ਮਿਲਿਆ ਤੇ ਉਸ ਨੂੰ ਪੰਜਾਬ ਪ੍ਰਸਤ ਪਾਰਟੀ ਵਜੋਂ ਵੇਖਿਆ ਜਾਂਦਾ ਰਿਹਾ। ਪਰ ਪਿਛਲੇ ਕੁਝ ਅਰਸੇ ਤੋਂ ਅਕਾਲੀ ਦਲ ਨੂੰ ਇੱਕ ਰਾਜਨੀਤਕ ਪਾਰਟੀ ਦੀ ਬਜਾਏ ਪ੍ਰਾਈਵੇਟ ਕੰਪਨੀ ਵਾਂਗ ਚਲਾਇਆ ਜਾ ਰਿਹਾ ਹੈ। ਕਦੇ ਕਾਂਗਰਸ ਦੀ ਤਬਾਹੀ ਦਾ ਕਾਰਨ ਪਰਿਵਾਰਵਾਦ ਬਣਿਆ ਹੈ, ਜਿਸ ਨੇ ਦੇਸ਼ 'ਚੋਂ ਪਾਰਟੀ ਦੀ ਸਰਦਾਰੀ ਖ਼ਤਮ ਕਰ ਦਿੱਤੀ। ਹੁਣ ਅਕਾਲੀ ਦਲ ਵੀ ਇੱਕ ਪਰਿਵਾਰਕ ਪਾਰਟੀ ਬਣਦਾ ਜਾ ਰਿਹਾ ਹੈ। ਪਾਰਟੀਆਂ ਦੀ ਅਜਿਹੀ ਰਾਜਨੀਤਕ ਸੋਚ ਕਰਕੇ ਪੰਜਾਬ ਦੇ ਹੱਕਾਂ ਦੀ ਗੱਲ ਕਰਨ ਤੇ ਲੜਨ ਵਾਲੀ ਕਿਸੇ ਸਿਆਸੀ ਜਮਾਤ ਦੀ ਅਣਹੋਂਦ ਕਰਕੇ ਪੰਜਾਬ ਦਾ ਰਾਜਨੀਤਕ ਸੰਕਟ ਡੂੰਘਾ ਹੁੰਦਾ ਜਾ ਰਿਹਾ ਹੈ। ਲੀਡਰਾਂ ਦੇ ਇੱਕ ਸਿਆਸੀ ਪਾਰਟੀ ਨੂੰ ਛੱਡ ਕੇ ਦੂਜੀ ਵਿੱਚ ਜਾਣ ਨਾਲ ਰਾਜਸੀ ਖਲਾਅ ਵਧਣ ਦੇ ਨਾਲ ਹੀ ਲੀਡਰਾਂ ਦੀ ਲੋਕਾਂ ਪ੍ਰਤੀ ਜੁਆਬਦੇਹੀ ਵੀ ਖ਼ਤਮ ਹੁੰਦੀ ਜਾ ਰਹੀ ਹੈ।

ਕਿਸੇ ਵੀ ਖਿੱਤੇ ਦੀ ਖੁਸ਼ਹਾਲੀ ਉਸ ਦੇ ਪੈਦਾਵਾਰੀ ਸਾਧਨਾਂ 'ਤੇ ਨਿਰਭਰ ਕਰਦੀ ਹੈ। ਪੰਜਾਬ ਸ਼ੁਰੂ ਤੋਂ ਇੱਕ ਖੇਤੀਬਾੜੀ ਪ੍ਰਧਾਨ ਸੂਬਾ ਰਿਹਾ ਹੈ। ਐਲ.ਪੀ.ਜੀ. ਨੀਤੀ ਨੇ ਖੇਤੀਬਾੜੀ ਨੂੰ ਸਭ ਤੋਂ ਵੱਧ ਪ੍ਰਭਾਵਿਤ ਕੀਤਾ ਹੈ। ਕੇਂਦਰ ਨੇ ਇਸੇ ਕੜੀ ਵਿੱਚ 3 ਖੇਤੀ ਕਾਨੂੰਨ ਲਿਆਂਦੇ ਸਨ, ਜੋ ਵਾਪਸ ਲੈਣੇ ਪਏ ਹਨ। ਇਹ ਅਟੱਲ ਸੱਚਾਈ ਹੈ ਕਿ ਭਵਿੱਖ 'ਚ ਖੇਤੀ ਹੀ ਸਭ ਤੋਂ ਵੱਡਾ ਆਰਥਿਕ ਤੇ ਸੁਰੱਖਿਅਤ ਖੇਤਰ ਹੈ। ਮਨੁੱਖ ਨੂੰ ਜਿਊਂਦੇ ਰਹਿਣ ਲਈ ਹਮੇਸ਼ਾ ਖਾਣੇ ਦੀ ਲੋੜ ਰਹੇਗੀ, ਜਿਸ ਦੀ ਪੂਰਤੀ ਸਿਰਫ਼ ਖੇਤੀ ਹੀ ਕਰ ਸਕਦੀ ਹੈ। ਕਦੇ ਭਾਰਤ ਭੁੱਖਮਰੀ ਦਾ ਸ਼ਿਕਾਰ ਸੀ, ਦੇਸ਼ ਨੂੰ ਪੰਜਾਬ ਨੇ ਹਰੇ ਇਨਕਲਾਬ ਰਾਹੀਂ ਅਨਾਜ ਪੱਖੋਂ ਆਤਮ ਨਿਰਭਰ ਬਣਾ ਦਿੱਤਾ। ਪਰ ਇਸ ਦੌਰਾਨ ਪੰਜਾਬ ਦੀ ਸਿਹਤ ਤੇ ਵਾਤਾਵਰਨ ਬੁਰੀ ਤਰ੍ਹਾਂ ਪਲੀਤ ਹੋ ਗਿਆ ਹੈ। ਪੰਜਾਬ ਦੇ ਬਹੁਤੇ ਬਲਾਕ ਪਾਣੀ ਪੱਖੋਂ 'ਡਾਰਕ ਜ਼ੋਨ' ਵਿੱਚ ਆ ਗਏ ਹਨ। 15 ਲੱਖ ਤੋਂ ਵੱਧ ਟਿਊਬਵੈੱਲ ਧਰਤੀ ਨੂੰ ਖੋਖਲਾ ਕਰਦੇ ਜਾ ਰਹੇ ਹਨ। ਫ਼ਸਲੀ ਵਿਭਿੰਨਤਾ ਤੇ ਫ਼ਸਲਾਂ ਦੇ ਉਚਿਤ ਮੰਡੀਕਰਨ ਵੱਲ ਕਿਸੇ ਸਰਕਾਰ ਨੇ ਧਿਆਨ ਨਹੀਂ ਦਿੱਤਾ। ਮਿਡਲ ਈਸਟ 'ਚ ਸਬਜ਼ੀਆਂ, ਫ਼ਲਾਂ ਦੀ ਭਾਰੀ ਮੰਗ ਹੈ ਤੇ ਇਹ ਖਿੱਤਾ ਪੰਜਾਬ ਦੇ ਨੇੜੇ ਹੈ। ਅਨਾਜ, ਸਬਜ਼ੀਆਂ ਤੇ ਫ਼ਲਾਂ ਨੂੰ ਸਹਿਜੇ ਹੀ ਕੌਮਾਂਤਰੀ ਮੰਡੀ ਵਿੱਚ ਭੇਜਿਆ ਜਾ ਸਕਦੇ ਹੈ, ਪਰ ਇਸ ਬਾਰੇ ਕੋਈ ਸਰਕਾਰੀ ਨੀਤੀ ਨਹੀਂ ਬਣੀ। ਪੰਜਾਬ ਦੀ ਖੇਤੀਬਾੜੀ ਯੂਨੀਵਰਸਿਟੀ ਵੀ ਕਿਸਾਨੀ ਨੂੰ ਲਾਹੇਵੰਦ ਧੰਦਾ ਬਣਾਉਣ ਲਈ ਕੋਈ ਠੋਸ ਯੋਜਨਾ ਤਿਆਰ ਨਹੀਂ ਕਰ ਸਕੀ।

ਪੰਜਾਬ ਦੀ ਆਰਥਿਕਤਾ ਦਾ ਦੂਜਾ ਸਰੋਤ ਉਦਯੋਗ ਹੈ। ਪੰਜਾਬ ਵਿਚਲੇ ਬਹੁਤੇ ਉਦਯੋਗ ਸਰਕਾਰਾਂ ਦੀ ਉਦਾਸੀਨਤਾ ਕਰਕੇ ਦੂਜੇ ਸੂਬਿਆਂ 'ਚ ਚਲੇ ਗਏ ਹਨ। ਲੁਧਿਆਣਾ, ਮੰਡੀ ਗੋਬਿੰਦਗੜ੍ਹ, ਰਾਜਪੁਰਾ ਤੇ ਬਟਾਲਾ ਜਿਹੇ ਸ਼ਹਿਰ ਉਦਯੋਗਿਕ ਹੁਲਾਰਾ ਨਾ ਮਿਲਣ ਕਰਕੇ ਸੁਸਤ ਪੈ ਗਏ ਹਨ। ਪੰਜਾਬ ਦੀਆਂ ਸਭ ਸਰਕਾਰਾਂ ਦੇ ਮੁਖੀਆਂ ਵਲੋਂ ਭਾਸ਼ਨ ਤਾਂ ਬਹੁਤ ਦਿੱਤੇ, ਪਰ ਅਮਲੀ ਤੌਰ 'ਤੇ ਉਦਯੋਗ ਨੂੰ ਆਰਥਿਕਤਾ ਦਾ ਧੁਰਾ ਬਣਾਉਣ 'ਚ ਚੁੱਪ ਵੱਟੀ ਰੱਖੀ। ਜੇਕਰ ਟਾਟਾ ਵਰਗੀਆਂ ਕੰਪਨੀਆਂ ਪੰਜਾਬ ਵਿੱਚ ਆਉਂਦੀਆਂ ਵੀ ਹਨ ਤਾਂ ਵੀ ਇਥੋਂ ਦੀ ਆਰਥਿਕਤਾ ਨੂੰ ਉਸ ਸਮੇਂ ਤੱਕ ਬਹੁਤਾ ਫ਼ਾਇਦਾ ਨਹੀਂ ਹੋਣਾ, ਜਦੋਂ ਤੱਕ ਖੇਤੀ ਆਧਾਰਿਤ ਉਦਯੋਗਾਂ ਨੂੰ ਵਿਕਸਿਤ ਨਹੀਂ ਕੀਤਾ ਜਾਂਦਾ। ਇਸ ਨਾਲ ਹੀ ਪਰਾਲੀ ਤੇ ਰਹਿੰਦ ਖੂੰਹਦ ਨੂੰ ਸਮੇਟ ਕੇ ਵਾਤਾਵਰਨ ਦੀ ਸਮੱਸਿਆ ਨੂੰ ਹੱਲ ਕਰਨਾ ਵੀ ਬੇਹੱਦ ਜ਼ਰੂਰੀ ਹੈ। ਸੂਬੇ 'ਚ ਟੂਰਇਜ਼ਮ ਨੂੰ ਵਿਕਸਿਤ ਕਰਕੇ ਰੁਜ਼ਗਾਰ ਤੇ ਪੱਕੇ ਆਰਥਿਕ ਸਰੋਤ ਪੈਦਾ ਕੀਤੇ ਜਾ ਸਕਦੇ ਹਨ। ਰੇਤੇ ਦੀਆਂ ਖੱਡਾਂ ਤੋਂ ਲਾਭ ਕਮਾਇਆ ਜਾ ਸਕਦਾ ਹੈ, ਪਰ ਸਰਕਾਰ ਰੇਤ ਮਾਫ਼ੀਏ ਨੂੰ ਨੱਥ ਪਾਉਣ ਵਿੱਚ ਨਾਕਾਮ ਰਹੀ ਹੈ। ਪੰਜਾਬ ਗੈਂਗਸਟਰਵਾਦੀ ਸਭਿਆਚਾਰ ਤੇ ਨਸ਼ੇ ਦੀ ਹਨੇਰੀ 'ਚ ਡੋਲ ਰਿਹਾ ਹੈ। ਹੁਣ ਫ਼ਿਰੌਤੀਆਂ, ਕਤਲ, ਹਿੰਸਾ, ਨਫ਼ਰਤ, ਚਾਪਲੂਸੀ ਸਮਾਜ ਦੇ ਅੰਗ ਬਣ ਗਏ ਹਨ, ਨੈਤਿਕਤਾ ਲੱਭਿਆਂ ਨਹੀਂ ਲੱਭਦੀ। ਧਾਰਮਿਕ ਕੱਟੜਤਾ ਦੇ ਜਨੂੰਨ 'ਚ ਲੋਕ ਤਰਕ ਨਾਲ ਕੋਈ ਗੱਲ ਸੁਣਨ ਨੂੰ ਤਿਆਰ ਨਹੀਂ। ਹਿੰਸਾ, ਲੁੱਟਾਂ-ਖੋਹਾਂ ਆਮ ਗੱਲ ਹੋ ਗਈ ਹੈ, ਬੇਰੁਜ਼ਗਾਰੀ, ਰਿਸ਼ਵਤਖੋਰੀ ਦਾ ਬੋਲਬਾਲਾ ਹੈ। ਦਫ਼ਤਰਾਂ, ਕਚਹਿਰੀਆਂ, ਥਾਣਿਆਂ ਵਿੱਚ ਰਿਸ਼ਵਤ ਬਿਨਾਂ ਕੋਈ ਕੰਮ ਨਹੀਂ ਹੁੰਦਾ।

ਨਸ਼ਿਆਂ ਨੇ ਜਿਸ ਤਰ੍ਹਾਂ ਪੰਜਾਬ ਦੀ ਜਵਾਨੀ ਨੂੰ ਖੋਖਲਾ ਕਰ ਦਿੱਤਾ ਹੈ, ਉਸ ਦੀ ਹਾਨੀਪੂਰਤੀ ਕਦੇ ਵੀ ਨਹੀਂ ਹੋ ਸਕੇਗੀ। ਜੇ ਨਸ਼ੇ ਸਰਹੱਦ ਪਾਰੋਂ ਆਉਂਦੇ ਹਨ ਤਾਂ ਇਨ੍ਹਾਂ ਨੂੰ ਰੋਕਣ ਦੀ ਜ਼ਿੰਮੇਵਾਰੀ ਕਿਸ ਦੀ ਹੈ, ਜੇਕਰ ਦੇਸ਼ ਅੰਦਰ ਵੀ ਬਣ ਰਹੇ ਹਨ ਤਾਂ ਇਨ੍ਹਾਂ ਦੀ ਰੋਕਥਾਮ ਕਿਵੇਂ ਹੋਵੇਗੀ ? ਨਸ਼ੇ ਦੇ ਸੌਦਾਗਰਾਂ, ਰਾਜਤੰਤਰ ਤੇ

(ਬਾਕੀ ਸਫ਼ਾ 31 'ਤੇ)

# ਭਾਰਤੀ ਹਾਕਮਾਂ ਦੇ ਦਾਅਵੇ ਅਤੇ ਹਕੀਕਤਾਂ



ਗੁਰਮੀਤ ਸਿੰਘ ਪਲਾਹੀ
9815802070

ਦੇਸ਼ ਦੇ ਦੂਜੇ ਵੱਡੇ ਸੂਬੇ ਮਹਾਰਾਸ਼ਟਰ ਅਤੇ ਝਾਰਖੰਡ ਦੇ ਨਾਲ-ਨਾਲ ਤਿੰਨ ਲੋਕ ਸਭਾ ਅਤੇ ਘੱਟੋ-ਘੱਟ 47 ਵਿਧਾਨ ਸਭਾਵਾਂ ਦੀਆਂ ਜ਼ਿਮਨੀ ਚੋਣਾਂ 2024 ਦੀ ਨਵੰਬਰ 13 ਅਤੇ 20 ਨੂੰ ਭਾਰਤੀ ਚੋਣ ਕਮਿਸ਼ਨ ਨੇ ਕਰਵਾਉਣ ਦਾ ਐਲਾਨ ਕੀਤਾ ਹੈ। ਇਹ ਦੋ ਰਾਜਾਂ ਦੀਆਂ ਚੋਣਾਂ ਹਰਿਆਣਾ ਅਤੇ ਜੰਮੂ-ਕਸ਼ਮੀਰ ਦੀਆਂ ਚੋਣਾਂ ਵੇਲੇ ਹੀ ਹੋਣੀਆਂ ਸਨ ਪਰ ਕੁਝ ਦਿਸਦੇ-ਅਣਦਿਸਦੇ ਸਿਆਸੀ ਕਾਰਨਾਂ ਕਾਰਨ ਉਸ ਵੇਲੇ ਨਹੀਂ ਕਰਵਾਈਆਂ ਗਈਆਂ। ਪੰਜਾਬ 'ਚ 4 ਵਿਧਾਨ ਸਭਾ ਸੀਟਾਂ ਉੱਤੇ ਵੀ ਜ਼ਿਮਨੀ ਚੋਣਾਂ ਹੋਣਗੀਆਂ, ਜਿਹਨਾਂ 'ਚ ਚੱਬੇਵਾਲ, ਬਰਨਾਲਾ, ਡੇਰਾ ਬਾਬਾ ਨਾਨਕ ਅਤੇ ਗਿੱਦੜਬਾਹਾ ਪੰਜਾਬ ਵਿਧਾਨ ਸਭਾ ਹਲਕੇ ਸ਼ਾਮਲ ਹਨ।

ਦੇਸ਼ ਇੱਕ ਹੋਰ ਚੋਣ-ਤਮਾਸ਼ਾ ਵੇਖੇਗਾ। ਵੱਡੇ ਨੇਤਾ ਵੱਡੇ ਭਾਸ਼ਣ ਦੇਣਗੇ। ਲੋਕਾਂ ਨੂੰ ਸਬਜ਼ ਬਾਗ਼ ਦਿਖਾਉਣਗੇ। ਲੋਕਾਂ ਦੇ ਦਰੀਂ ਢੁਕਣਗੇ। ਵਾਅਦੇ ਕਰਨਗੇ। ਵੋਟਾਂ ਪ੍ਰਾਪਤ ਕਰਨ ਲਈ ਸਾਮ-ਦਾਮ-ਦੰਡ ਦੇ ਪਰਖੇ ਹੋਏ ਫਾਰਮੂਲੇ ਦੀ ਵਰਤੋਂ ਕਰਨਗੇ। ਦੇਸ਼ ਦੇ ਗੋਦੀ ਮੀਡੀਏ ਦੀ ਵਰਤੋਂ ਚੋਣਾਂ 'ਚ ਭਰਪੂਰ ਹੋਏਗੀ। ਸੋਸ਼ਲ-ਮੀਡੀਆ ਵੀ ਵਾਹ-ਲੱਗਦੀ ਆਪਣੀ ਗੱਲ ਕਹੇਗਾ। ਕੌਣ ਜਿੱਤੇਗਾ, ਕੌਣ ਹਾਰੇਗਾ, ਇਹ ਤਹਿ ਕਰਨ ਦਾ ਯਤਨ ਹੋਏਗਾ।

ਦੇਸ਼ ਦੇ ਹਾਲਾਤ ਕਿਹੋ ਜਿਹੇ ਹਨ ? ਦੇਸ਼ਵਾਸੀ ਕਿਸ ਕਿਸਮ ਦੇ ਦੌਰ 'ਚੋਂ ਗੁਜ਼ਰ ਰਹੇ ਹਨ ? ਇਸ ਦੀ ਬਾਤ ਕੌਣ ਪਾਏਗਾ ਕਿਸੇ ਨੂੰ ਕੁਝ ਪਤਾ ਨਹੀਂ ? ਅਤੇ ਜੇਕਰ ਬਾਤ ਪਾਏਗਾ ਵੀ ਤਾਂ ਉਸ ਬਾਤ ਦਾ ਸਿੱਟਾ ਆਖ਼ਰ ਕੀ ਹੋਏਗਾ ?

ਲੋਕਾਂ ਨੂੰ ਤਾਂ ਰੋਟੀ-ਕੱਪੜਾ-ਮਕਾਨ ਚਾਹੀਦਾ ਹੈ। ਲੋਕ ਮਹਿੰਗਾਈ ਦੀ ਮਾਰ ਤੋਂ ਬਚਣਾ ਚਾਹੁੰਦੇ ਹਨ। ਕੀ ਦੇਸ਼ ਦੇ ਹਾਕਮ ਜਾਣਦੇ ਹਨ ਕਿ ਮਹਿੰਗਾਈ ਸਿਖ਼ਰਾਂ ਛੂਹ ਰਹੀ ਹੈ। ਟਮਾਟਰ ਸੂਹਾ ਲਾਲ ਹੋ ਗਿਆ ਹੈ, ਪਿਆਜ਼ ਇੰਨਾ ਕੌੜਾ ਹੋ ਗਿਆ ਹੈ ਕਿ ਅੱਖਾਂ 'ਚੋਂ ਨਿਰੰਤਰ ਅੱਥਰੂ ਵਗਣ ਲੱਗੇ ਹਨ। ਹੋਰ ਤਾਂ ਹੋਰ ਦੇਸ਼ ਦੀ ਆਰਥਿਕਤਾ ਡਿਗੂੰ-ਡਿਗੂੰ ਕਰ ਰਹੀ ਹੈ। ਇੱਕ ਪੌਂਡ 109 ਰੁਪਏ ਦਾ ਇੱਕ ਅਮਰੀਕੀ ਡਾਲਰ 86 ਰੁਪਈਆਂ ਨੂੰ ਢੁਕ ਗਿਆ ਹੈ ਅਤੇ ਦੇਸ਼ ਦਾ ਹਾਕਮ 'ਸੀਟੀਆਂ' ਵਜਾ ਰਿਹਾ ਹੈ।

ਦੇਸ਼ ਦਾ ਹਾਕਮ ਦਾਅਵਾ ਕਰਦਾ ਹੈ ਕਿ ਦੇਸ਼ ਤਰੱਕੀ ਕਰ ਰਿਹਾ ਹੈ। ਦੁਨੀਆਂ ਦੀ ਵੱਡੀ ਆਰਥਿਕਤਾ ਬਨਣ ਵੱਲ ਅੱਗੇ ਵੱਧ ਰਿਹਾ ਹੈ। ਦੇਸ਼ 'ਚ ਵੱਡੀਆਂ ਸੜਕਾਂ ਬਣ ਰਹੀਆਂ ਹਨ, ਮੌਲ ਉਸਰ ਰਹੇ ਹਨ, ਦੇਸ਼ ਤਰੱਕੀਆਂ ਕਰ ਰਿਹਾ ਹੈ। ਪਰ ਕੀ ਦੇਸ਼ ਦਾ ਹਾਕਮ ਇਸ ਗੱਲ ਤੋਂ ਜਾਣੂ ਹੈ ਕਿ ਦੁਨੀਆਂ ਭਰ ਦੇ 1.1 ਅਰਬ ਅਤਿ ਗਰੀਬੀ ਵਿਚ ਰਹਿ ਰਹੇ ਲੋਕਾਂ 'ਚ ਪਹਿਲਾ ਨੰਬਰ ਭਾਰਤ ਦਾ ਹੈ, ਜਿਸ ਦੇ 23.4 ਕਰੋੜ ਲੋਕ ਅਤਿ ਗਰੀਬ ਹਨ, ਜਿਹਨਾਂ ਦੇ ਪੇਟ ਨੂੰ ਇਕ ਡੰਗ ਦੀ ਰੋਟੀ ਮਸਾਂ ਨਸੀਬ ਹੁੰਦੀ ਹੈ। ਇਹਨਾਂ ਅਤਿ ਗਰੀਬ ਲੋਕਾਂ 'ਚੋਂ ਅੱਧੇ ਬੱਚੇ ਹਨ, ਇਹ ਰਿਪੋਰਟ ਸੰਯੁਕਤ ਰਾਸ਼ਟਰ ਨੇ ਛਾਪੀ ਹੈ, ਅਤੇ ਜਿਸ 'ਚ ਦਰਸਾਇਆ ਗਿਆ ਹੈ ਕਿ ਭਾਰਤ ਦਾ ਗਰੀਬਾਂ ਦੀ ਗਿਣਤੀ 'ਚ ਪਹਿਲਾ ਨੰਬਰ ਹੈ। ਇਹ ਰਿਪੋਰਟ ਉਹਨਾਂ ਲੋਕਾਂ ਦੀਆਂ ਮੁਸ਼ਕਿਲ ਹਕੀਕਤਾਂ ਨੂੰ ਉਜਾਗਰ ਕਰਦੀ ਹੈ ਜੋ ਇਕੋ ਸਮੇਂ ਸੰਘਰਸ਼ ਅਤੇ ਗਰੀਬੀ ਦਾ ਸਾਹਮਣਾ ਕਰ ਰਹੇ ਹਨ।

ਸਾਡੇ ਦੇਸ਼ ਦੇ ਹਾਕਮਾਂ ਦਾ ਹਾਲ ਵੇਖੋ, ਮਰਦਿਆਂ ਡੁਬਦਿਆਂ ਲਈ ਕੁਝ 'ਆਕਰਸ਼ਤ' ਸਕੀਮਾਂ ਚਲਾਈਆਂ ਜਾਂਦੀਆਂ ਹਨ, ਉਹਨਾਂ ਦਾ ਪ੍ਰਚਾਰ ਕੀਤਾ ਜਾਂਦਾ ਹੈ, ਧਰਮ ਦਾ ਸਿੱਕਾ ਚਲਾਇਆ ਜਾਂਦਾ ਹੈ, ਇਤਿਹਾਸ ਦੇ ਪੰਨਿਆਂ ਨੂੰ ਤਰੋੜਿਆਂ-ਮਰੋੜਿਆਂ ਜਾਂਦਾ ਹੈ, ਦੇਸ਼ਵਾਸੀਆਂ ਨੂੰ ਧਰਮ ਦੇ ਨਾਂਅ 'ਤੇ ਵੰਡਿਆ ਜਾਂਦਾ ਹੈ, ਵੋਟ ਵਟੋਰੇ ਜਾਂਦੇ ਹਨ ਅਤੇ ਤਾਕਤ ਆਪਣੇ ਹੱਥ-ਬੱਸ ਕਰਕੇ 'ਕੁੰਭਕਰਨੀ' ਨੀਂਦੇ ਸੋਇਆਂ ਜਾਂਦਾ ਹੈ। ਇਹੀ ਇਸ ਸਮੇਂ ਭਾਰਤੀ ਲੋਕਤੰਤਰ ਦਾ ਵੱਡਾ ਨਜ਼ਾਰਾ ਹੈ।

ਵੈਸੇ ਤਾਂ 'ਲੋਕਤੰਤਰ ਦਾ ਨਜ਼ਾਰਾ' ਪੰਜਾਬ ਦੀਆਂ ਪੰਚਾਇਤੀ ਚੋਣਾਂ 'ਚ ਪੰਜਾਬ ਦੇ ਲੋਕਾਂ ਨੇ ਵੇਖਿਆ, ਜਿੱਥੇ ਅਰਬਾਂ ਦੀ ਸ਼ਰਾਬ ਪੰਜਾਬੀਆਂ ਦੇ ਪੱਲੇ ਵੱਡੀਆਂ ਢੁੱਠਾਂ ਵਾਲਿਆਂ ਨੇ ਪਾਈ, ਅਰਬਾਂ ਰੁਪਏ ਦੀਆਂ ਵੋਟਾਂ ਖਰੀਦ ਕੇ ਸਰਪੰਚੀਆਂ ਹਥਿਆਈਆਂ, ਚਾਰ ਦਿਨ ਹੱਲਾ-ਗੁੱਲਾ ਕੀਤਾ, ਪਰ ਹਰਿਆਣਾ ਵੀ ਪਿੱਛੇ ਨਹੀਂ ਰਿਹਾ, ਧਰਮ ਧਰੁਵੀਕਰਨ ਦੀ ਨੀਤੀ ਹੀ ਹਾਕਮਾਂ ਨੇ ਨਹੀਂ ਵਰਤੀ ਸਗੋਂ ਜੱਟ, ਗ਼ੈਰ ਜੱਟ ਦਾ ਜਾਤੀਵਾਦੀ ਸਿੱਕਾ ਚਲਾ ਕੇ, ਹੱਥੋ ਜਾਂਦੀ-ਜਾਂਦੀ ਤਾਕਤ ਮੁੜ ਹਥਿਆ ਲਈ। ਲੋਕਤੰਤਰ ਦਾ ਉਹ ਨੰਗਾ ਨਾਚ ਵੇਖਣ ਨੂੰ ਮਿਲਿਆ, ਜਿਸ ਨਾਲ ਲੋਕ ਜਿੱਤਦੇ-ਜਿੱਤਦੇ ਹਰਦੇ ਦਿਸੇ। ਗੁਰਮੀਤ ਰਾਮ ਰਹੀਮ ਵਰਗੇ ਜੇਲ੍ਹ ਕੱਟ ਰਹੇ ਵਿਅਕਤੀ ਨੂੰ ਚੋਣਾਂ ਦੇ ਐਨ ਮੌਕੇ ਪੈਰੋਲ 'ਤੇ ਛੱਡ ਦਿੱਤਾ ਗਿਆ ਤਾਂ ਕਿ ਉਸ ਦੇ ਪੈਰੋਕਾਰਾਂ ਦੀਆਂ ਵੋਟਾਂ ਆਪਣੇ ਪਾਲ਼ੇ ਲਿਆਂਦੀਆਂ ਜਾ ਸਕਣ। ਹਰਿਆਣਾ ਹਾਕਮ ਨੇ ਤਾਂ ਇਸ 'ਮਹਾਂਪੁਰਸ਼' ਸੰਬੰਧੀ ਕਾਨੂੰਨ ਦੀਆਂ ਧੱਜੀਆਂ ਉਡਾ ਦਿੱਤੀਆਂ, ਜਿਸਨੂੰ ਬਾਵਜੂਦ ਉਮਰ ਕੈਦ ਦੀ ਸਜ਼ਾ ਦੇ ਪੈਰੋਲ ਰਿਹਾਈ ਦਿੱਤੀ ਗਈ। ਇਹ ਵਿਅਕਤੀ ਬਲਾਤਕਾਰ ਅਤੇ ਹੱਤਿਆ ਕੇਸ 'ਚ ਸਜ਼ਾ ਕੱਟ ਰਿਹਾ ਹੈ। ਗੁਰਮੀਤ ਰਾਮ ਰਹੀਮ ਨੂੰ ਪਿਛਲੇ 4 ਵਰ੍ਹਿਆਂ 'ਚ 11 ਵੇਰ ਪੈਰੋਲ ਰਿਹਾਈ ਮਿਲ ਚੁੱਕੀ ਹੈ। ਯਾਦ ਰਹੇ ਹਰਿਆਣਾ 'ਚ ਉਸ ਦੇ ਲੱਖਾਂ ਪੈਰੋਕਾਰ ਹਨ। ਹੈਰਾਨੀ ਨਹੀਂ ਹੋਈ, ਇਹ ਸਭ ਕੁਝ ਵੇਖ, ਸੁਣ, ਜਾਣ ਕੇ ਕਿਉਂਕਿ ਆਮ ਲੋਕਾਂ ਦੀ ਦੇਸ਼ 'ਚ ਸੁਣਵਾਈ ਕੋਈ ਨਹੀਂ ਹੈ, ਉਨ੍ਹਾਂ ਦੀ ਆਵਾਜ਼ ਇੰਨੀ ਕਮਜ਼ੋਰ ਹੈ ਕਿ ਸੱਤਾ ਦੇ ਗਲਿਆਰਿਆਂ 'ਚ ਪੁੱਜਦੀ ਹੀ ਨਹੀਂ। ਜੇਕਰ ਉਹਨਾਂ ਦੀ ਆਵਾਜ਼ ਉਹਨਾਂ ਤੱਕ ਪੁੱਜਦੀ ਵੀ ਹੈ ਤਾਂ ਅਣਦੇਖੀ ਕੀਤੀ ਜਾਂਦੀ ਹੈ।

ਕੀ ਦੇਸ਼ ਦਾ ਹਾਕਮ ਨਹੀਂ ਜਾਣਦਾ ਕਿ ਆਮ ਲੋਕ ਬੇਰੁਜ਼ਗਾਰੀ ਦੀ ਮਾਰ ਹੇਠ ਹਨ। ਗੰਦੀਆਂ ਬਸਤੀਆਂ 'ਚ ਜੀਵਨ ਬਸਰ ਕਰਨ ਲਈ ਮਜਬੂਰ ਹਨ। ਇਹਨਾਂ ਬਸਤੀਆਂ 'ਚ ਜ਼ਿਆਦਾਤਰ ਮਕਾਨ ਕੱਚੇ ਹਨ। ਉਹਨਾਂ 'ਚ ਫਰਸ਼ ਕੋਈ ਨਹੀਂ, ਬੱਚੇ ਨੰਗੇ ਘੁੰਮਦੇ ਹਨ ਨੰਗੇ ਪੈਰਾਂ ਨਾਲ, ਚਿਹਰਿਆਂ ਤੋਂ ਪਤਾ ਲੱਗਦਾ ਹੈ ਕਿ ਉਹ ਕੁਪੋਸ਼ਣ ਦੇ ਸ਼ਿਕਾਰ ਹਨ। ਗਰਮੀਆਂ, ਸਰਦੀਆਂ, ਬਰਸਾਤਾਂ 'ਚ ਉਹਨਾਂ ਦਾ ਜੀਵਨ ਨਰਕਾਂ ਵਾਲਾ ਹੈ। ਹਾਲ-ਬੇਹਾਲ ਇਹ ਬਸਤੀਆਂ ਜੀਵਨ ਮਰਨ ਦਾ ਚੱਕਰ ਹੰਢਾ ਰਹੀਆਂ ਹਨ।

ਗਰੀਬੀ ਦੀ ਸਮੱਸਿਆ ਭਾਰਤ 'ਚ ਪੁਰਾਣੀ ਹੈ। ਗਰੀਬੀ ਤੇ ਭਾਰਤ ਇਕ ਹਕੀਕਤ ਹੈ। ਕੀ ਇਸ ਹਕੀਕਤ ਨੂੰ ਦੇਸ਼ ਦੇ ਹਾਕਮਾਂ (ਰਾਜਿਆਂ, ਮਹਾਰਾਜਿਆਂ) ਨੇ ਕਦੇ ਸਮਝਿਆ ? ਕਦੇ ਉਹਨਾਂ ਬਾਰੇ ਚਿੰਤਾ ਕੀਤੀ। ਗਰੀਬੀ ਹਟਾਓ ਦਾ ਨਾਹਰਾ ਤਾਂ ਲੱਗਾ ਪਰ ਹਕੀਕਤ ਇਹ ਕਿ ਗਰੀਬ ਵੀ ਹਟਾ ਦਿੱਤੇ ਗਏ।

ਰਾਜ ਨੇਤਾ ਜਨਤਾ ਦੇ ਸੇਵਕ ਕਹਕੇ ਜਾਣੇ ਜਾਂਦੇ ਹਨ, ਇਹ ਉਹ ਦਾਅਵਾ ਵੀ ਕਰਦੇ ਹਨ, ਪਰ ਹਕੀਕਤ ਇਹ ਹੈ ਕਿ ਰਾਜਨੀਤੀ ਇਕ ਵਪਾਰ ਬਣ ਗਈ ਹੈ। ਨੇਤਾ ਜਨਤਾ ਦੀ ਸੇਵਾ ਕਰਦੇ ਤਾਂ ਦਿਖਦੇ ਹਨ, ਪਰ ਇਸ ਸੇਵਾ 'ਚ ਉਹਨਾਂ ਦਾ ਆਪਣਾ ਸਵਾਰਥ ਲੁਕਿਆ ਹੁੰਦਾ ਹੈ।

(ਬਾਕੀ ਸਫ਼ਾ 31 'ਤੇ)

# ਪੱਛਮੀ ਦੇਸ਼ਾਂ ਵਿੱਚ ਬੇਰੁਜ਼ਗਾਰੀ ਅਤੇ ਵਧਦੀ ਬੇਚੈਨੀ



ਮਨਦੀਪ



ਕਰੋਨਾ ਮਹਾਮਾਰੀ ਤੋਂ ਬਾਅਦ ਮੱਧ ਪੂਰਬੀ ਖਿੱਤੇ ਦੇ ਜੰਗੀ/ਸਰਹੱਦੀ ਕਲੇਸ਼ ਦਾ ਅਸਰ ਦਿਨ-ਬ-ਦਿਨ ਕੁੱਲ ਆਲਮ ਨੂੰ ਆਪਣੀ ਲਪੇਟ ਵਿੱਚ ਲੈ ਰਿਹਾ ਹੈ। ਰੂਸ ਯੂਕ੍ਰੇਨ ਅਤੇ ਇਜ਼ਰਾਈਲ ਫ਼ਲਸਤੀਨ ਜੰਗ ਜਿੱਥੇ ਹੋਰ ਲੰਮੀ ਖਿੱਚੀ ਜਾ ਰਹੀ ਹੈ ਉੱਥੇ ਮੱਧ ਪੂਰਬੀ ਖਿੱਤੇ ਦੇ ਇਰਦ-ਗਿਰਦ ਜੰਗੀ ਕਲੇਸ਼ ਦਾ ਘੇਰਾ ਲਗਾਤਾਰ ਵਧ ਰਿਹਾ ਹੈ। ਸੰਸਾਰ ਦੀਆਂ ਮਹਾਂ ਸ਼ਕਤੀਆਂ ਦੀ ਸਰਪ੍ਰਸਤੀ ਹੇਠ ਚੱਲ ਰਹੀਆਂ ਜੰਗਾਂ ਵਿੱਚ ਉਲਝੇ ਦੇਸ਼ਾਂ ਦੁਆਲੇ ਕਈ ਖੇਤਰੀ ਝਗੜੇ ਹੋਰ ਤਿੱਖੇ ਹੋ ਰਹੇ ਹਨ। ਸੰਸਾਰ ਦੇ ਦੋ ਵੱਡੇ ਤੇ ਪੁਰਾਣੇ ਵਿਰੋਧੀ ਧੜੇ ਦੁਨੀਆਂ ਦੇ ਸਾਰੇ ਮੁਲਕਾਂ ਨੂੰ ਇਨ੍ਹਾਂ ਜੰਗਾਂ ਦੇ ਇਰਦ-ਗਿਰਦ ਵੰਡਣ ਅਤੇ ਲਾਮਬੰਦ ਕਰਨ ਵਿੱਚ ਮਸਰੂਫ਼ ਹਨ।

ਇੱਕ ਪਾਸੇ ਅਮਰੀਕਾ ਦੀ ਅਗਵਾਈ ਵਾਲੀਆਂ ਪੱਛਮੀ ਤਾਕਤਾਂ ਦਾ ਗੱਠਜੋੜ ਹੈ ਅਤੇ ਦੂਜੇ ਪਾਸੇ ਰੂਸ ਤੇ ਉਸ ਦੇ ਕਮਜ਼ੋਰ ਭਾਈਵਾਲਾਂ ਦਾ ਧੜਾ ਹੈ। ਚੀਨ ਭਾਵੇਂ ਸਿੱਧੀ-ਅਸਿੱਧੀ ਫੌਜੀ ਕਾਰਵਾਈ ਜਾਂ ਜੰਗ ਦਾ ਹਿੱਸਾ ਨਹੀਂ ਬਣ ਰਿਹਾ ਪਰ ਆਲਮੀ ਵਪਾਰਕ ਜੰਗ ਦੇ ਹਿੱਤਾਂ ਦੀ ਰਾਖੀ ਲਈ ਉਸ ਦਾ ਅਮਰੀਕਾ ਵਿਰੋਧੀ ਤਾਕਤਾਂ ਨੂੰ ਕੂਟਨੀਤਿਕ ਅਤੇ ਵਿੱਤੀ-ਵਪਾਰਕ ਸਹਿਯੋਗ ਬੇਰੋਕ ਜਾਰੀ ਹੈ। ਸੰਸਾਰ ਦੇ ਦੋਵੇਂ ਧੜੇ ਆਪੋ-ਆਪਣੇ ਕੌਮਾਂਤਰੀ ਪਸਾਰਵਾਦੀ ਆਰਥਿਕ-ਸਿਆਸੀ ਹਿੱਤਾਂ ਲਈ ਜ਼ੋਰ-ਅਜ਼ਮਾਇਸ਼ ਕਰ ਰਹੇ ਹਨ। ਇਨ੍ਹਾਂ ਤਾਕਤਾਂ ਦੀ ਨੂਰਾ ਕੁਸ਼ਤੀ ਵਿਚਕਾਰ ਸੰਸਾਰ ਦੇ ਆਮ ਲੋਕ ਪਿਸ ਰਹੇ ਹਨ। ਸਾਮਰਾਜੀ ਜੰਗਾਂ-ਝਗੜਿਆਂ ਅਤੇ ਇਨ੍ਹਾਂ ਤਾਕਤਾਂ ਦੀਆਂ ਆਰਥਿਕ-ਸਿਆਸੀ ਤੇ ਕੂਟਨੀਤਕ ਨੀਤੀਆਂ ਕਰ ਕੇ ਕੁੱਲ ਸੰਸਾਰ ਵਿੱਚ ਮਹਿੰਗਾਈ, ਬੇਰੁਜ਼ਗਾਰੀ, ਗਰੀਬੀ, ਰਿਹਾਇਸ਼ੀ ਘਰਾਂ ਦਾ ਸੰਕਟ, ਟੈਕਸ ਬੋਝ, ਨਸਲੀ ਵਿਤਕਰੇਬਾਜ਼ੀ, ਸ਼ਰਨਾਰਥੀ ਤੇ ਪਰਵਾਸ ਸੰਕਟ ਲਗਾਤਾਰ ਹੋਰ ਗਹਿਰਾ ਹੋ ਰਿਹਾ ਹੈ। ਜਿੱਥੇ ਇਸ ਸਾਮਰਾਜੀ ਉਜਾੜੇ ਦਾ ਸਭ ਤੋਂ ਵੱਧ ਸ਼ਿਕਾਰ ਸੰਸਾਰ ਦੇ ਵਿਕਾਸਸ਼ੀਲ ਮੁਲਕਾਂ ਦੇ ਲੋਕ ਹੋ ਰਹੇ ਹਨ, ਉੱਥੇ ਇਸ ਦੇ ਦੁਰਪ੍ਰਭਾਵ ਦੇ ਚਿੰਨ੍ਹ ਵਿਕਾਸਸ਼ੀਲ ਮੁਲਕਾਂ ਵਿੱਚ ਵੀ ਉੱਘੜ ਰਹੇ ਹਨ।

ਵਿਕਾਸਸ਼ੀਲ ਮੁਲਕਾਂ ਦੀ ਤੁਲਨਾ ਵਿੱਚ ਵਿਕਸਿਤ ਪੂੰਜੀਵਾਦੀ ਮੁਲਕਾਂ ਵਿੱਚ ਗਰੀਬੀ, ਬੇਰੁਜ਼ਗਾਰੀ, ਮਹਿੰਗਾਈ ਆਦਿ ਸੰਕਟ ਬਹੁਤੀ ਦਫ਼ਾ 'ਆਮ ਵਰਤਾਰਾ' ਨਹੀਂ ਰਹੇ ਪਰ ਵਿਸ਼ਵੀਕਰਨ ਅਧੀਨ ਸੰਸਾਰ ਦੇ ਲਗਾਤਾਰ ਤੇਜ਼ੀ ਨਾਲ ਹੋ ਰਹੇ ਪੂੰਜੀਵਾਦੀ ਵਿਕਾਸ ਅਤੇ ਇਸ ਤੋਂ ਪੈਦਾ ਹੋਏ ਵਿਨਾਸ਼ ਕਾਰਨ, ਵਿਸ਼ਵ ਤਾਕਤਾਂ ਵੀ ਪੂੰਜੀਵਾਦੀ ਉਜਾੜੇ ਦੇ ਦੁਰਪ੍ਰਭਾਵਾਂ ਦੀ ਲਪੇਟ ਵਿੱਚ ਆ ਰਹੀਆਂ ਹਨ। ਪਿਛਲੇ ਕੁਝ ਦਹਾਕਿਆਂ ਤੋਂ ਗਿਣਤੀ ਦੇ ਘੱਟ-ਵੱਧ ਅੰਤਰ ਨਾਲ ਕੈਨੇਡਾ, ਅਮਰੀਕਾ, ਆਸਟਰੇਲੀਆ, ਨਿਊਜ਼ੀਲੈਂਡ, ਇੰਗਲੈਂਡ ਆਦਿ ਮੁਲਕਾਂ ਵਿੱਚ ਬੇਸ਼ੁਮਾਰ ਪਰਵਾਸ ਦੇ ਬਾਵਜੂਦ ਬੇਰੁਜ਼ਗਾਰੀ ਆਮ ਵਰਤਾਰਾ ਨਹੀਂ ਰਹੀ। ਇਸ ਦੇ ਉਲਟ ਇਨ੍ਹਾਂ ਮੁਲਕਾਂ ਵਿੱਚ ਵੱਖ-ਵੱਖ ਖੇਤਰਾਂ ਵਿੱਚ ਹੁਨਰਮੰਦ ਕਾਮਿਆਂ ਦੀ ਵਕਤੀ-ਬੇਵਕਤੀ ਘਾਟ ਰਹੀ ਹੈ। ਵੱਖ-ਵੱਖ ਖੇਤਰਾਂ ਵਿੱਚ ਲੇਬਰ ਦੀ ਇਸੇ ਘਾਟ ਦੀ ਪੂਰਤੀ ਲਈ ਇਨ੍ਹਾਂ ਵਿਕਸਿਤ ਪੂੰਜੀਵਾਦੀ ਮੁਲਕਾਂ ਨੇ ਵਿਕਾਸਸ਼ੀਲ ਮੁਲਕਾਂ ਦੇ ਹੁਨਰਮੰਦ ਕਾਮਿਆਂ ਲਈ ਵੱਖ-ਵੱਖ ਤਰ੍ਹਾਂ ਦੇ ਇਮੀਗ੍ਰੇਸ਼ਨ ਪ੍ਰੋਗਰਾਮ ਚਲਾ ਕੇ ਆਪਣੇ ਮੁਲਕਾਂ ਦੇ ਪੈਦਾਵਾਰੀ ਖੇਤਰਾਂ ਨੂੰ ਹੋਰ ਵੱਧ ਨਿਪੁੰਨ ਤੇ ਵਿਕਸਿਤ ਕੀਤਾ ਹੈ।

ਸਾਮਰਾਜੀ ਮੁਲਕਾਂ ਦੇ ਇਨ੍ਹਾਂ ਪੈਦਾਵਾਰੀ ਖੇਤਰਾਂ ਦੀਆਂ ਪੈਦਾਵਾਰੀ ਵਸਤੂਆਂ ਦੀਆਂ ਮੰਡੀਆਂ ਵੀ ਮੋੜਵੇਂ ਰੂਪ ਵਿੱਚ ਵਿਕਾਸਸ਼ੀਲ ਮੁਲਕ ਹੀ ਬਣਦੇ ਰਹੇ ਹਨ। ਪਿਛਲੇ ਇੱਕ ਦਹਾਕੇ ਵਿੱਚ ਇਨ੍ਹਾਂ ਮੁਲਕਾਂ ਦੇ ਪੈਦਾਵਾਰੀ ਖੇਤਰ ਵਿੱਚ ਆਈ ਤੇਜ਼ੀ ਵਿੱਚ ਜਿੱਥੇ ਸਾਮਰਾਜੀ ਸਰਮਾਏ ਤੇ ਨਵੀਂ ਤਕਨੀਕ ਦੀ ਮਹੱਤਵਪੂਰਨ ਭੂਮਿਕਾ ਰਹੀ ਹੈ, ਉੱਥੇ ਸਸਤੀ ਤੇ ਹੁਨਰਮੰਦ ਪਰਵਾਸੀ ਕਿਰਤ ਦੀ ਵਰਤੋਂ ਨਾਲ ਇਨ੍ਹਾਂ ਸਾਮਰਾਜੀ ਮੁਲਕਾਂ ਨੇ ਮੰਡੀ ਦੀਆਂ ਲੋੜਾਂ ਤੋਂ ਵੱਧ ਪੈਦਾਵਾਰ ਕਰ ਕੇ ਵੱਖ-ਵੱਖ ਜਿਣਸਾਂ ਦੇ ਅੰਬਾਰ ਲਾ ਲਏ। ਇਸ ਵਾਧੂ ਪੈਦਾਵਾਰ ਦੀ ਖਪਤ ਲਈ ਸਾਮਰਾਜੀ ਤਾਕਤਾਂ ਵਿਚਕਾਰ ਵਪਾਰਕ ਜੰਗ ਦੇ ਚੱਲਦਿਆਂ ਸੰਸਾਰ ਭਰ ਵਿੱਚ ਮੰਡੀਆਂ ਦੇ ਪਸਾਰ ਦੀ ਹੋੜ ਲੱਗ ਗਈ। ਜਿਣਸਾਂ ਦੀ ਖਪਤ, ਮੰਡੀ ਦੇ ਪਸਾਰ ਅਤੇ ਸੰਸਾਰ ਚੌਧਰ ਲਈ ਇੱਕ ਤੋਂ ਬਾਅਦ ਇੱਕ ਜੰਗਾਂ ਤੇ ਖੇਤਰੀ-ਸਰਹੱਦੀ ਝਗੜਿਆਂ-ਵਿਵਾਦਾਂ ਦੀ ਲੜੀ ਸ਼ੁਰੂ ਕੀਤੀ ਗਈ।

ਸਰਹੱਦੀ ਵਿਵਾਦਾਂ, ਜੰਗਾਂ ਤੇ ਖੇਤਰੀਆਂ ਝਗੜਿਆਂ ਕਾਰਨ ਵਪਾਰਕ ਸਬੰਧਾਂ ਅਤੇ ਆਰਥਿਕ-ਵਪਾਰਕ ਰੋਕਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ। ਪੱਛਮੀ ਖੇਮੇ ਦੇ ਦੇਸ਼ਾਂ ਨੇ ਮਿਲ ਕੇ ਰੂਸ ਉੱਤੇ ਆਰਥਿਕ ਰੋਕਾਂ ਲਗਾ ਦਿੱਤੀਆਂ। ਰੂਸ ਨੇ ਭਾਰਤ-ਚੀਨ ਸਮੇਤ ਅਮਰੀਕਾ ਵਿਰੋਧੀ ਮੱਧ-ਪੂਰਬੀ ਤੇ ਖੱਬੇ ਪੱਖੀ ਅਤੀਤ ਵਾਲੇ ਕਈ ਲਾਤੀਨੀ ਮੁਲਕਾਂ ਨਾਲ ਵਪਾਰਕ ਸਾਂਝ ਦਾ ਹੱਥ ਵਧਾ ਦਿੱਤਾ। ਰੂਸ ਨਾਲ ਵਪਾਰਕ ਸਾਂਝ ਰੱਖਣ ਵਾਲੇ ਦੇਸ਼ਾਂ ਨੂੰ ਲਗਾਤਾਰ ਅਮਰੀਕੀ ਸਾਮਰਾਜੀ ਵਿਰੋਧ ਤੇ ਕੂਟਨੀਤਕ ਘੁਰਕੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਸਾਮਰਾਜੀ ਤਾਕਤਾਂ ਦੀ ਧੜੇਬੰਦੀ ਕਾਰਨ ਵਿਸ਼ਵ ਵਪਾਰਕ ਆਵਾਜਾਈ ਲਈ ਅਹਿਮ ਲਾਲ ਸਾਗਰ, ਕਾਲਾ ਸਾਗਰ ਅਤੇ ਹਿੰਦ ਪ੍ਰਸ਼ਾਂਤ ਮਹਾਸਾਗਰ ਦੇ ਆਲੇ-ਦੁਆਲੇ ਦਾ ਖੇਤਰ ਵਿਸ਼ਵ ਵਪਾਰ ਨੂੰ ਬੁਰੇ ਰੁਖ ਪ੍ਰਭਾਵਿਤ ਕਰ ਰਿਹਾ ਹੈ। ਇਨ੍ਹਾਂ ਜੰਗਾਂ ਤੇ ਝਗੜਿਆਂ ਤੋਂ ਪ੍ਰਭਾਵਿਤ ਵਿਸ਼ਵ ਵਪਾਰ ਕਾਰਨ ਵਸਤਾਂ ਦੀ ਸਪਲਾਈ ਦੀ ਘਾਟ ਅਤੇ ਸਪਲਾਈ ਦੀ ਇਸ ਘਾਟ ਵਿੱਚੋਂ ਪੈਦਾ ਹੋਈ ਮੰਗ ਕਾਰਨ ਕੀਮਤਾਂ ਵਿੱਚ ਹੋਏ ਬੇਸ਼ੁਮਾਰ ਵਾਧੇ ਕਰ ਕੇ ਕੁੱਲ ਆਲਮ ਮਹਿੰਗਾਈ ਦੀ ਮਾਰ ਹੇਠ ਆ ਗਿਆ ਹੈ। ਇਸੇ ਕਰ ਕੇ ਕਰੋਨਾ ਕਾਲ ਤੋਂ ਲੈ ਕੇ ਮੌਜੂਦਾ ਜੰਗਾਂ-ਝਗੜਿਆਂ ਦੇ ਚੱਲਦਿਆਂ ਆਮ ਲੋਕਾਂ ਦਾ ਗੁਜ਼ਰ-ਬਸਰ ਬੇਹੱਦ ਮੁਸ਼ਕਿਲ ਹੋ ਰਿਹਾ ਹੈ ਅਤੇ ਸੰਸਾਰ ਕਾਰਪੋਰੇਟ ਘਰਾਣਿਆਂ ਦੇ ਸੁਪਰ ਮੁਨਾਫਿਆਂ ਵਿੱਚ ਕਈ-ਕਈ ਸੌ ਫੀਸਦੀ ਇਜ਼ਾਫਾ ਹੋ ਰਿਹਾ ਹੈ। ਸਾਮਰਾਜੀ ਨੀਤੀਆਂ ਕਾਰਨ ਧੀਮੀ ਹੋਈ ਗਲੋਬਲ ਆਰਥਿਕਤਾ ਕਾਰਨ ਵਸਤੂਆਂ ਅਤੇ ਸੇਵਾਵਾਂ ਦੀ ਮੰਗ ਲਗਾਤਾਰ ਘਟੀ ਹੈ ਜਿਸ ਨਾਲ ਵੱਡੇ ਕਾਰੋਬਾਰੀਆਂ ਨੇ ਇੱਕ ਤਾਂ ਆਪਣੇ ਕਾਮਿਆਂ ਦੀ ਛਾਂਟੀ ਕਰ ਕੇ ਲਾਗਤਾਂ ਨੂੰ ਘੱਟ ਕੀਤਾ ਹੈ; ਦੂਸਰਾ ਨਵੀਂ ਤਕਨੀਕ (ਖਾਸਕਰ ਮਸਨੂਈ ਬੁੱਧੀ) ਦੇ ਵਾਧੇ ਨਾਲ ਰਵਾਇਤੀ ਉਦਯੋਗ ਅਤੇ ਰਵਾਇਤੀ ਕਾਮੇ ਕਿਰਤ ਮੰਡੀ ਵਿੱਚ ਬੇਮੇਚੇ ਹੁਨਰ ਕਰਕੇ ਮੁਕਾਬਲੇ ਵਿੱਚੋਂ ਬਾਹਰ ਹੋ ਗਏ ਹਨ ਜਿਸ ਨਾਲ ਰੁਜ਼ਗਾਰ ਸੰਕਟ ਹੋਰ ਗਹਿਰਾ ਹੋ ਗਿਆ ਹੈ। ਸਾਮਰਾਜੀ ਮੁਲਕਾਂ ਵਿੱਚੋਂ ਕ੍ਰਮਵਾਰ ਅਮਰੀਕਾ, ਆਸਟਰੇਲੀਆ ਅਤੇ ਇੰਗਲੈਂਡ ਵਿੱਚ ਸਾਲ 2024 (ਅਗਸਤ-ਸਤੰਬਰ) ਵਿੱਚ ਬੇਰੁਜ਼ਗਾਰੀ ਦਰ 4.1% ਰਹੀ ਹੈ। ਨਿਊਜ਼ੀਲੈਂਡ ਵਿੱਚ ਬੇਰੁਜ਼ਗਾਰੀ ਦਰ 4.3% ਅਤੇ ਸਤੰਬਰ 2024 ਦੇ ਤਾਜ਼ਾ ਅੰਕੜਿਆਂ ਮੁਤਾਬਕ ਕੈਨੇਡਾ ਵਿੱਚ ਸਭ ਤੋਂ ਵੱਧ 6.5% ਰਹੀ ਹੈ। ਇਨ੍ਹਾਂ ਦੇਸ਼ਾਂ ਵਿੱਚ ਹਕੀਕੀ ਹਾਲਾਤ ਬੇਰੁਜ਼ਗਾਰੀ ਦੇ ਸਰਕਾਰੀ ਅੰਕੜਿਆਂ ਤੋਂ ਕਿਤੇ ਬਦਤਰ ਹਨ। ਇਨ੍ਹਾਂ ਮੁਲਕਾਂ ਵਿੱਚ ਨਵੇਂ ਪਰਵਾਸੀਆਂ ਤੇ ਆਮ ਲੋਕਾਂ ਕੋਲ ਨੌਕਰੀ ਜਾਂ ਛੋਟਾ-ਮੋਟਾ ਧੰਦਾ ਨਾ ਹੋਣ ਦਾ ਅਰਥ ਜ਼ਿੰਦਗੀ ਦੀ ਬਰਬਾਦੀ। ਵੱਡੀਆਂ ਕੰਪਨੀਆਂ ਦੀ ਇਜਾਰੇਦਾਰੀ, ਧੀਮੀ ਹੋਈ ਗਲੋਬਲ ਆਰਥਿਕਤਾ ਤੇ ਮੁਕਾਬਲੇਬਾਜ਼ੀ ਕਾਰਨ ਛੋਟੇ-ਮੋਟੇ ਕਾਰੋਬਾਰ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹਨ ਬਲਕਿ ਛੋਟੇ ਕਾਰੋਬਾਰ ਲਗਾਤਾਰ ਬੰਦ ਹੋ ਰਹੇ ਹਨ। ਦੂਸਰਾ ਇਨ੍ਹਾਂ ਮੁਲਕਾਂ ਵਿੱਚ ਰੋਟੀ-ਕੱਪੜਾ-ਮਕਾਨ, ਸਿੱਖਿਆ, ਸਿਹਤ, ਕਾਰ ਆਦਿ ਜਿਹੀਆਂ ਮਹਿੰਗੀਆਂ ਤੇ ਬੁਨਿਆਦੀ ਲੋੜਾਂ ਲਈ ਰੁਜ਼ਗਾਰ ਅਣਸਰਦੀ ਲੋੜ ਹੈ। ਅਰਧ ਬੇਰੁਜ਼ਗਾਰੀ ਵਿੱਚ ਸ਼ੁਮਾਰ ਅਸਥਾਈ ਨੌਕਰੀਆਂ, ਘੱਟ ਉਜਰਤਾਂ ਤੇ ਘੱਟ ਸਹੂਲਤਾਂ ਵਾਲੀਆਂ ਨੌਕਰੀਆਂ, ਅਸੁਰੱਖਿਅਤ ਤੇ ਬਿਨਾਂ ਲਾਭ ਵਾਲੀਆਂ ਨੌਕਰੀਆਂ ਅਤੇ ਪਾਰਟ-ਟਾਈਮ ਨੌਕਰੀਆਂ ਬੇਰੁਜ਼ਗਾਰੀ ਦੇ ਅੰਕੜਿਆਂ ਤੋਂ ਬਾਹਰ ਹਨ। 'ਫਾਈਵ ਆਈਜ਼' ਨਾਲ ਜਾਣੇ ਜਾਂਦੇ ਇਹੀ ਉਹ ਵਿਕਸਿਤ ਪੂੰਜੀਵਾਦੀ ਮੁਲਕ ਹਨ ਜਿਨ੍ਹਾਂ ਵੱਲ ਦੁਨੀਆਂ ਭਰ ਦੇ ਵੱਖ-ਵੱਖ ਮੁਲਕਾਂ ਵਿੱਚੋਂ ਪਰਵਾਸ ਦਾ ਵਹਿਣ ਸਭ ਤੋਂ ਵੱਧ ਵਹਿ ਰਿਹਾ ਹੈ ਅਤੇ ਇਨ੍ਹਾਂ ਮੁਲਕਾਂ ਵਿੱਚ ਨਵੇਂ ਪਰਵਾਸੀਆਂ ਨੂੰ ਸਭ ਤੋਂ ਵੱਧ ਬੇਰੁਜ਼ਗਾਰੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਨ੍ਹਾਂ ਪੰਜਾਂ ਮੁਲਕਾਂ ਨੇ ਪਿਛਲੇ ਦੋ-ਤਿੰਨ ਸਾਲਾਂ ਤੋਂ ਬੜੀ ਤੇਜ਼ੀ ਨਾਲ ਆਪਣੀਆਂ ਇਮੀਗ੍ਰੇਸ਼ਨ ਤੇ ਉਸ ਦੇ ਅਨੁਸਾਰੀ ਵੀਜ਼ਾ ਤੇ ਸਿੱਖਿਆ ਨੀਤੀਆਂ ਵਿੱਚ ਵੱਡੀਆਂ ਤੇ ਤਿੱਖੀਆਂ ਤਬਦੀਲੀਆਂ ਕੀਤੀਆਂ ਹਨ। ਇਨ੍ਹਾਂ ਮੁਲਕਾਂ ਵਿੱਚ ਨਸਲੀ ਵਿਤਕਰੇ, ਧੋਖਾਧੜੀ, ਸ਼ੋਸ਼ਣ ਅਤੇ ਕਿਰਤ ਲੁੱਟ ਦੇ ਸਭ ਤੋਂ ਵੱਧ ਕੇਸ ਸਾਹਮਣੇ ਆਏ ਹਨ ਅਤੇ ਕਿਰਤ ਕਰਨ ਵਾਲਿਆਂ ਵਿੱਚ ਬੇਗਾਨਗੀ ਤੇ ਬੇਚੈਨੀ ਦਾ ਤਿੱਖਾ ਇਜ਼ਹਾਰ ਹੋ ਰਿਹਾ ਹੈ। ਹਾਲਤ ਦਾ ਕਰੂਰ ਪਹਿਲੂ ਇਹ ਵੀ ਹੈ ਕਿ ਕੈਨੇਡਾ ਵਰਗੇ ਮੁਲਕ ਵਿੱਚ 2022 ਵਿੱਚ ਪ੍ਰਤੀ ਵਿਅਕਤੀ ਆਮਦਨ ਵਿੱਚ 3% ਦਾ ਵਾਧਾ ਹੋਇਆ ਪਰ ਮਹਿੰਗਾਈ ਦਰ 6.8% ਦੀ ਗਤੀ ਨਾਲ ਛੜੱਪੇ ਮਾਰ ਕੇ ਵਧੀ। ਵਿਕਸਿਤ ਮੁਲਕਾਂ ਵਿੱਚ ਗੁਜ਼ਰ-ਬਸਰ ਦੀਆਂ ਕੀਮਤਾਂ, ਫੈਡਰਲ ਬੈਂਕਾਂ ਦੀਆਂ ਵਿਆਜ ਦਰਾਂ, ਰਿਹਾਇਸ਼ੀ ਘਰਾਂ ਦੇ ਕਿਰਾਏ ਤੇ ਟੈਕਸ ਲਗਾਤਾਰ ਉਪਰ ਵੱਲ ਜਾ ਰਹੇ ਹਨ ਅਤੇ ਲੋਕਾਂ ਦੀ ਆਮਦਨ, ਨੌਕਰੀਆਂ ਤੇ ਰਿਹਾਇਸ਼ੀ ਘਰਾਂ ਦੀ ਜ਼ਰੂਰਤ ਲੁੜਕ ਰਹੀ ਹੈ। ਇਨ੍ਹਾਂ ਦੇਸ਼ਾਂ ਵਿੱਚ ਆਰਥਿਕ ਸੰਕਟ ਦੀ ਤੇਜ਼ੀ ਨਾਲ ਹੋ ਰਹੀ ਆਮਦ ਦਾ ਸਹਿਮ ਵਧ ਰਿਹਾ ਹੈ ਅਤੇ ਸ਼ੇਅਰ ਮਾਰਕਿਟ, ਰੀਅਲ ਅਸਟੇਟ ਤੇ ਬੈਂਕਿੰਗ ਸੈਕਟਰ ਲਗਾਤਾਰ ਉਤਰਾਅ-ਚੜ੍ਹਾਅ ਦੀ ਘੁੰਮਣਘੇਰੀ ਵਿੱਚ ਫਸਿਆ ਹੋਇਆ ਹੈ।

(ਬਾਕੀ ਸਫ਼ਾ 31 'ਤੇ)

# ਕੀ ਹੈ ਸਿੱਖ ਸਿਆਸਤ ਦਾ ਮੂੰਹ ਮੁਹਾਂਦਰਾ ?



ਗਿਆਨੀ ਕੇਵਲ ਸਿੰਘ
ਸਾਬਕਾ ਜਥੇਦਾਰ
ਤਖ਼ਤ ਸ੍ਰੀ ਦਮਦਮਾ ਸਾਹਿਬ।

ਸੰਸਾਰ ਦੇ ਤਕਰੀਬਨ 172 ਮੁਲਕਾਂ ਅੰਦਰ ਆਬਾਦ ਦੱਸੀਦੀ ਹੈ ਸਿੱਖ ਕੌਮ! ਸਿੱਖ ਕੌਮ ਦੀ ਵਸੋਂ ਘੱਟ ਵੱਧ ਰੂਪ ਵਿੱਚ ਹੈ ਇਨ੍ਹਾਂ ਸਾਰੇ ਦੇਸ਼ਾਂ ਵਿੱਚ। ਸਿੱਖ ਦੇ ਸਰੋਕਾਰ ਜਾਤੀ ਨਹੀਂ ਹੁੰਦੇ ਹਮੇਸ਼ਾਂ ਜਮਾਤੀ ਤਥਾ ਪੰਥਕ ਹੁੰਦੇ ਹਨ। ਬਹੁਤ ਵਾਰ ਸਿੱਖ ਸਿਆਸਤ ਨੂੰ ਅਸੀਂ ਕੇਵਲ ਜੱਥੇਬੰਦੀਆਂ ਦੀ ਸੋਚ ਤੇ ਕਰਮ ਤੱਕ ਸੀਮਤ ਕਰਕੇ ਵੇਖਣ ਦੀ ਭੁੱਲ ਕਰਦੇ ਹਾਂ। ਸਿੱਖੀ ਸਰੋਕਾਰ ਬਹੁ-ਪੱਖੀ ਹਨ। ਸਿੱਖ ਦੀ ਸੋਚ ਦਾ ਘੇਰਾ ਸਰਬੱਤ ਦਾ ਭਲਾ ਨਿਯਤ ਕੀਤਾ ਹੈ ਸਾਡੇ ਸਤਿਗੁਰੂ ਸਾਹਿਬਾਨ ਨੇ। ਗੁਰੂ ਨਜ਼ਰੀਆ ਵੀ ਬਹੁਤ ਵਸੀਹ ਹੈ ਤੇ ਗੁਰੂ ਕਰਮ ਵੀ। ਇਹ ਨਜ਼ਰੀਆ 'ਚੜ੍ਹਿਆ ਸੋਧਣਿ ਧਰਤਿ ਲੁਕਾਈ' ਵਾਲਾ ਮਿਲਦਾ ਹੈ। ਸਿੱਖ ਸਿਆਸਤ ਵਿੱਚ, ਸਿੱਖ, ਸਵਾਰਥ ਰਹਿਤ ਪਾਤਰ ਹੈ ਜੋ 24 ਘੰਟੇ ਚੇਤੰਨ ਅਵਸਥਾ ਵਿੱਚ ਰਹਿੰਦਾ ਹੈ। ਗੁਰੂ ਬਖਸ਼ੀ ਦ੍ਰਿਸ਼ਟੀ ਵੀ ਚੌਕੰਨੇ ਰਹਿ ਕੇ ਚੌਗਿਰਦੇ 'ਤੇ ਟਿਕਾਈ ਰੱਖਦਾ ਹੈ।

ਵਰਤਮਾਨ ਸਿੱਖ ਕੌਮ ਦਾ ਭਾਵੇਂ ਉਨ੍ਹਾ ਜੱਥੇਬੰਦ ਨਹੀਂ ਹੈ ਜਿਵੇਂ ਦਾ ਗੁਰੂ ਜੀ ਨੇ ਕੀਤਾ ਸੀ। ਫ਼ਿਰ ਵੀ ਸੰਸਾਰ ਦੀ ਬਹੁਤ ਛੋਟੀ ਕੌਮ ਹੋਣ ਦੇ ਬਾਵਜੂਦ ਸੰਸਾਰ ਵਿੱਚ ਵੱਖਰੀ ਪਹਿਚਾਣ ਰੱਖਦੀ ਹੈ।

ਸਿੱਖ ਦਾ ਸਮੁੱਚਾ ਜੀਵਨ ਇਨ੍ਹਾਂ ਛੇ ਅਸੂਲਾਂ ਦੇ ਚੌਗਿਰਦੇ ਘੁੰਮਦਾ ਹੈ 'ਕਿਰਤ ਕਰੋ, ਨਾਮ ਜਪੋ, ਵੰਡ ਛੱਡੋ' ਤੇ ' ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ, ਦੀਦਾਰ ਖਾਲਸੇ ਕਾ'। ਗੁਰਬਾਣੀ ਅਤੇ ਇਤਿਹਾਸ, ਪੀੜ੍ਹੀ ਦਰ ਪੀੜ੍ਹੀ ਇਹ ਸਬਕ ਪਕਾਉਣ, ਦ੍ਰਿੜ ਕਰਵਾਉਣ ਦੀ ਨਿਰੰਤਰ ਕਿਰਿਆ ਕਰਦੇ ਹਨ। ਵਰਤਮਾਨ ਕਈ ਦੁਸ਼ਵਾਰੀਆਂ ਲੈ ਕੇ ਖੜ੍ਹਾ ਮਿਲਦਾ ਹੈ ਕਿਉਂਕਿ ਹਰ ਵਕਤ ਸਿੱਖ ਕੌਮ ਨੂੰ ਇਸ ਦੀ ਹਸਤੀ ਤੇ ਹੋਂਦ ਤੋਂ ਘਬਰਾਉਣ ਵਾਲੀਆਂ ਸ਼ਕਤੀਆਂ ਕਿਸੇ ਨ ਕਿਸੇ ਇਮਤਿਹਾਨ ਵਿੱਚ ਉਲਝਾਈ ਰੱਖਦੀਆਂ ਹਨ। ਸਿੱਖ ਨੂੰ ਸਮਝਣ ਲਈ ਓਪਰੀ ਦ੍ਰਿਸ਼ਟੀ ਕੰਮ ਨਹੀਂ ਆਉਂਦੀ। ਘੋਖਵੀਂ ਦ੍ਰਿਸ਼ਟੀ ਦੀ ਲੋੜ ਹੈ ਸਿੱਖ ਨੂੰ ਸਮਝਣ ਲਈ।




ਬਹੁਤ ਵਾਰੀ ਇਸ ਦੀਆਂ ਚੰਦ ਜੱਥੇਬੰਦੀਆਂ ਦੇ ਵਰਤਾਰਿਆਂ 'ਚੋਂ ਇਸ ਬਾਰੇ ਅੰਦਾਜ਼ੇ ਲਾਏ ਜਾਂਦੇ ਹਨ ਤੇ ਨਜ਼ਰੀਆ ਘੜਿਆ ਜਾਂਦਾ ਹੈ। ਇਹ ਸਭ ਓਪਰੀ ਦ੍ਰਿਸ਼ਟੀ ਦੀਆਂ ਕੀਤੀਆਂ ਜਾਣ ਵਾਲੀਆਂ ਕਿਰਿਆਵਾਂ ਹਨ ਜਿਨ੍ਹਾਂ ਰਾਹੀਂ ਨਿੱਕਲਦੇ ਨਤੀਜੇ ਭਰਮ ਭਰੇ ਹੀ ਹੁੰਦੇ ਹਨ। ਉਹ ਸਹੀ ਰੂਪ ਤੇ ਸਹੀ ਨਤੀਜੇ ਨਹੀਂ ਹੁੰਦੇ।

ਪਿਛਲੇ ਕੁਝ ਅਰਸੇ ਤੋਂ ਪੰਜਾਬ ਅੰਦਰ ਧੜਿਆਂ ਦੀ ਸਿਆਸਤ , ਵੱਡੇ ਨਿਘਾਰ ਵੱਲ ਹੈ ਖਾਸ ਕਰਕੇ ਬਾਦਲ ਧੜਾ ਆਪਣੀਆਂ ਕੀਤੀਆਂ ਅੰਧਾ ਧੁੰਦ ਗ਼ਲਤੀਆਂ ਦੀ ਮਾਰ ਨਾਲ ਪੀੜਤ ਹੋ ਕੇ ਜਾਰ ਜਾਰ ਹੈ। ਕੁਰਸੀ ਦੀ ਰਾਜਨੀਤੀ ਤੋਂ ਜਨ ਸਾਧਾਰਨ ਵੀ ਹਮੇਸ਼ਾਂ ਪ੍ਰਭਾਵਿਤ ਹੁੰਦਾ ਸੀ ਹੁੰਦਾ ਹੈ ਤੇ ਹੁੰਦਾ ਰਹੇਗਾ। ਇਹ ਨਵੀਂ ਗੱਲ ਨਹੀਂ ਹੈ। ਧੜੇ ਕਦੀ ਵੀ ਕੌਮ ਦਾ ਅਸਲ ਮੂੰਹ ਮੁਹਾਂਦਰਾ ਨਹੀਂ ਹੁੰਦੇ। ਧੜੇ ਦਾ ਕੋਈ ਸਿਰਾ ਕੌਮ ਨਾਲ ਕੱਚੇ ਪੱਕੇ ਰੂਪ ਵਿੱਚ ਜੁੜਿਆ ਹੋਣ ਕਰਕੇ ਉਹ ਇਨ੍ਹਾਂ ਦੇ ਵਰਤਾਰਿਆਂ ਰਾਹੀਂ ਪੂਰੀ ਕੌਮੀ ਹੋਣੀ ਨੂੰ ਰੂਪਮਾਨ ਕਰਨ ਵਿੱਚ ਭੁਲੇਖੇ ਖੜ੍ਹੇ ਕਰਨ ਦਾ ਕਾਰਨ ਬਣ ਜਾਂਦਾ ਹੈ।

ਜੇ ਅਸੀਂ ਅੱਜ ਸਿੱਖ ਸਿਆਸਤ ਦੇ ਮੂੰਹ ਮੁਹਾਂਦਰੇ ਨੂੰ ਜੱਥੇਬੰਦ ਰੂਪ ਵਿੱਚ ਕਿਧਰੇ ਤੱਕਣਾ ਜਾਂ ਵੇਖਣ ਦੀ ਗੱਲ ਕਰੀਏ ਤਾਂ ਸਾਡੇ ਹੱਥ ਤਾਂ ਇਸ ਪੱਖੋਂ ਨਿਰਾਸ਼ਾ ਵੀ ਪੈਂਦੀ ਹੈ। ਉਮੀਦ ਦੀ ਕਿਰਨ ਲਈ ਸੰਸਾਰ ਭਰ ਵਿੱਚ ਕਿਰਤ ਤੇ ਕਰਮ ਖੇਤਰ ਵਿੱਚ ਵਿਚਰਦੇ ਸਿੱਖਾਂ ਨੂੰ ਕੌਮ ਦਾ ਜਾਤੀ ਜਾਂ ਜਮਾਤੀ ਤੌਰ ਤਰੀਕਾ ਵੇਖਣਾ ਬਣਦਾ ਹੈ। ਪ੍ਰਾਪਤੀਆਂ ਦਾ ਅੰਦਾਜ਼ਾ ਇਸ ਨੂੰ ਮਿਲਦੇ ਮਾਣ ਸਨਮਾਨ ਦੇ ਅੰਕੜਿਆਂ ਤੋਂ ਲਾਇਆ ਜਾ ਸਕਦਾ ਹੈ। ਭਾਵੇਂ ਇਹ ਅੰਕੜੇ ਇਕ ਥਾਂ ਸੰਗ੍ਰਹਿ ਕੀਤੇ ਨਹੀਂ ਮਿਲਦੇ ਫ਼ਿਰ ਵੀ ਘੱਟ ਵੱਧ ਚਰਚਾ ਵਿੱਚ ਆ ਹੀ ਜਾਂਦੇ ਹਨ।

ਸੱਚ ਤਾਂ ਇਹ ਹੈ ਕਿ ਸਿੱਖ ਸਿਆਸਤ ਦਾ ਮੂੰਹ ਮੁਹਾਂਦਰਾ ਵਰਤਮਾਨ ਹਾਲਾਤਾਂ ਵਿੱਚ ਮੁੜ ਵਿਚਾਰਨ ਤੇ ਨਿਰਧਾਰਤ ਕਰਨ ਦੀ ਲੋੜ ਹੈ।

ਅਗਲਾ ਸਵਾਲ ਇਹ ਹੋਵੇ ਕਿਵੇਂ ਜਾਂ ਕਰੇ ਕੌਣ ? ਕੌਮੀ ਸੋਚ ਦਾ ਧੁਰਾ ਗਿਆਨ ਦੇ ਪੱਖੋਂ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ ਅਤੇ ਨਿਰਣੇ ਲੈਣ ਲਈ ਸ਼ਕਤੀ ਕੇਂਦਰ ਸ੍ਰੀ ਅਕਾਲ ਤਖ਼ਤ ਹੈ। ਅਕਾਲ ਤਖ਼ਤ ਦਾ ਪ੍ਰਬੰਧ ਖ਼ਾਲਸਾ ਪੰਥ ਦੇ ਹੱਥ ਹੋਣਾ ਜ਼ਰੂਰੀ ਹੈ। ਓੱਥੇ ਕੰਮ ਕਿਵੇਂ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਸੰਸਾਰ ਭਰ ਵਿੱਚ ਵੱਸਦੇ ਸਿੱਖ ਵਿਸ਼ਵਾਸ ਬੱਝ ਸਕੇ।

ਅਸੰਭਵ ਤੇ ਕੁਝ ਵੀ ਨਹੀਂ ਹੁੰਦਾ ਜੇ ਕੌਮ ਆਪਣੇ ਭਲੇ 'ਚ ਕਰਨਾ ਚਾਹੇ।

ਪਿਛਲੇ ਲੰਮੇ ਅਰਸੇ ਤੋਂ ਸ੍ਰੀ ਅਕਾਲ ਤਖ਼ਤ ਦੇ ਪ੍ਰਬੰਧ ਤੇ ਕੰਮ ਵਿਧੀ ਨੂੰ ਲੈ ਕੇ ਕੌਮ ਵਿੱਚ ਫ਼ੈਲੀ ਨਿਰਾਸ਼ਤਾ ਨੇ ਬਹੁਤ ਨੁਕਸਾਨ ਪਹੁੰਚਾਇਆ ਹੈ। ਆਪਸੀ ਦੂਰੀਆਂ ਵਧੀਆਂ ਹਨ ਬੇਵਿਸ਼ਵਾਸੀ ਵਿੱਚ ਢੇਰ ਵਾਧਾ ਹੋਇਆ ਹੈ। ਜੱਥਿਆਂ ਸੰਸਥਾਵਾਂ ਨੇ ਆਪਣੀ ਆਪਣੀ ਹੋਂਦ ਤੇ ਕਰਮ ਜੁਗਤਿ ਪੂਰੇ ਪੰਥ ਦਾ ਕਰਮ ਤੇ ਨਿਰਣਾ ਮੰਨਣ ਦਾ ਭਰਮ ਪਾਲਣਾ ਆਰੰਭ ਲਿਆ ਹੈ। ਇਹ ਬਹੁਤ ਖਤਰਨਾਕ ਰੁਝਾਨ ਹੈ ਇਸ ਦੇ ਕਾਇਮ ਰਹਿੰਦਿਆਂ ਕੌਮੀ ਤੌਰ 'ਤੇ ਨ ਕੋਈ ਨਿਰਣਾ ਲਿਆ ਜਾ ਸਕਦਾ ਨ ਹੀ ਕੌਮੀ ਜੁਗਤੀ ਨੂੰ ਸੰਸਾਰ ਸਾਹਮਣੇ ਰੱਖਿਆ ਜਾ ਸਕਦਾ ਹੈ।

ਹਾਲ ਦੀ ਘੜੀ 'ਤੇ ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਹੋਰ ਉਡੀਕਣਾ ਪਵੇਗਾ ਸਿੱਖ ਸਿਆਸਤ ਦੇ ਕੌਮੀ ਮੁਹਾਂਦਰੇ ਸਾਕਾਰ ਕਰਨ ਵਾਸਤੇ। ਹਾਂ ਇਹ ਸੰਕਲਪ ਹਰ ਸਿੱਖ ਅਤੇ ਜੱਥੇਬੰਦੀ ਵਿੱਚ ਪੈਦਾ ਹੋਵੇ। ਹਰ ਪਾਸੇ ਤੋਂ ਐਸਾ ਕਰਨ ਦੀ ਕੌਮੀ ਮੰਗ ਤੇ ਉਮੀਦ ਨੇਕ ਭਾਵਨਾ ਦੇ ਰੂਪ ਵਿੱਚ ਹਰ ਪਾਸਿਓਂ ਉੱਠੇ।

ਜੋ ਕੁਝ ਹੁਣ ਘਟ ਰਿਹਾ ਹੈ ਇਸ ਨਾਲ ਸਿੱਖ ਮਾਨਸਿਕਤਾ ਬਹੁਤ ਪੱਛੀ ਗਈ ਹੈ। ਇਹ ਸਭ ਤਰ੍ਹਾਂ ਦੁੱਖਦਾਈ ਹੈ। ਗੱਲ ਕਿਸੇ ਵਿਅਕਤੀ ਵਿਸ਼ੇਸ਼ ਨੂੰ ਉੱਚਾ ਨੀਵਾਂ ਕਰਕੇ ਵੇਖਣ ਜਾਂ ਬਿਆਨ ਕਰਨ ਦੀ ਨਹੀਂ ਹੈ। ਧੜਿਆਂ ਦੀ ਦਲ ਦਲ ਬਹੁਤ ਖ਼ਤਰਨਾਕ ਹੈ। ਖ਼ੁਦ ਨੂੰ ਸੰਭਾਲ ਕੇ ਨਿਰਲੇਪ ਰੱਖਣ ਵਾਲੀ ਸਮਝ ਗੁਰਬਾਣੀ ਤੇ ਇਤਿਹਾਸ ਵਿਚੋਂ ਲੈਣ ਦੀ ਲੋੜ ਹੈ। ਵਰਤਮਾਨ ਦੇ ਵਿਅਕਤੀ ਵਿਸ਼ੇਸ਼ ਤੋਂ ਨਹੀਂ।

# ਸਿੱਖ ਜਵਾਨੀ ਨੂੰ ਵੰਗਾਰ

## ਆਪਣਾ ਵਿਰਸਾ, ਪਰੰਪਰਾਵਾਂ, ਧਰਮ ਤੇ ਰਾਜਨੀਤੀ ਸੰਭਾਲ਼ੋ



ਗੁਰਤੇਜ ਸਿੰਘ ਆਈ.ਏ.ਐਸ.



ਜਿਹੜੇ ਉਮਰ ਦੇ ਓਸ ਪੜਾਅ ਉਤੇ ਹਨ, ਜਿਸ ਉੱਤੇ ਪੰਥ ਦੀ ਚੜ੍ਹਦੀਕਲਾ ਦੀ ਕਨਸੋਅ ਸੁਣਕੇ ਜਾਣ ਨੂੰ ਜੀਅ ਤਰਸਦਾ ਹੈ, ਉਹਨਾਂ ਨੂੰ ਵਧਾਈ। ਸੱਚੇ ਤੇ ਸੁੱਚੇ ਤਖ਼ਤ ਤੋਂ ਸੁਣੇ ਹੱਕ -ਸੱਚ, ਨਿੱਗਰ ਤੇ ਸਾਊ ਬੋਲ ਉਹਨਾਂ ਲਈ ਪਹਿਲੀ ਕਨਸੋਅ ਹਨ। ਜਿਹੜੇ ਸਾਡੇ ਪਰਉਪਕਾਰੀ ਵੀਰ ਅੱਧੀ ਸਦੀ ਤੋਂ ਅੰਨੇ ਕਨੂੰਨ ਦੀਆਂ ਸਲਾਖਾਂ, ਸਰਹੰਦ ਦੀਆਂ ਕੰਧਾਂ ਵਿੱਚ ਦਫਨ ਹਨ,ਉਹਨਾਂ ਲਈ ਵੀ ਏਸ ਕਨਸੋਅ ਵਿੱਚ ਖੁਸ਼ਖਬਰੀ ਹੈ ਕਿ ਉਹਨਾਂ ਦੇ ਹਮਦਰਦ ਨੀਂਦ ਤੋਂ ਜਾਗ ਪਏ ਹਨ। ਹੁਣ ਸਲਾਖਾਂ ਗਲ ਜਾਣਗੀਆਂ, ਕੰਧਾਂ ਢਹਿਣਗੀਆਂ, ਸਰਹਿੰਦ ਦੀ ਤਰਜ਼ ਉਤੇ ਇੱਟ ਨਾਲ ਇੱਟ ਖੜਕੇਗੀ। ਜਿਹੜੇ ਪਿਤਾ ਪੁਰਖੀ ਜਾਇਦਾਦਾਂ ਨਾਲੋਂ ਧਾਹਾਂ ਮਾਰਕੇ ਵਿਛੜੇ ਹਨ,ਜਿੰਨ੍ਹਾਂ ਗੈਰਾਂ ਦੀ ਧਰਤਿ ਉਤੇ ਜਾ ਆਲ੍ਹਣੇ ਪਾਏ ਹਨ,ਉਹਨਾਂ ਨੂੰ ਵੀ ਏਸ ਵਰਤਾਰੇ ਨੂੰ ਠੱਲ ਪਾਉਣ ਤੇ ਪਰਤ ਆਉਣ ਦੇ ਭਰੋਸੇ ਦਾ ਸੋਹਣਾ ਮੁਖੜਾ ਇਹਨਾਂ ਕਨਸੋਆਂ ਵਿਚੋਂ ਦੀਦਾਰ ਦੇਵੇਗਾ।

ਅੰਨਦਾਤਾ ਹੁੰਦਿਆਂ ਮੰਡੀਆਂ ਵਿੱਚ ਆਪਣੀ ਅਣਮੁਲੀ ਦਾਤ ਨੂੰ ਭੁੱਖੇ ਮੂੰਹਾਂ ਤੱਕ ਪਹੁੰਚਾਉਣ ਲਈ ਚਿੱਲੇ ਕਟਦਿਆਂ ਨੂੰ ਵੀ ਹੱਕ- ਸੱਚ ਦੇ ਬੋਲ ਧਰਵਾਸ ਦੇਣਗੇ। ਪਹਿਲਾਂ ਖਰੂਦੀ, ਨਕਸਲੀ, ਅੱਤਵਾਦੀ, ਵੱਖਵਾਦੀ, ਦੇਸ- ਧ੍ਰੋਹੀ ਆਖਕੇ ਗੋਲੀਆਂ ਨਾਲ ਨਿਸ਼ਾਨਾ ਬਣਾਉਣ ਦੀ ਪ੍ਰਕਿਰਿਆ ਹੁਣ ਬੰਦ ਹੋਵੇਗੀ। ਮਾਵਾਂ ਦੇ ਪੁੱਤ ਗੋਦੀਆਂ ਸੁੱਨੀਆਂ ਨਹੀਂ ਕਰਨਗੇ, ਸ਼ੇਰਾਂ ਵਰਗੇ ਗੱਭਰੂ ਨਸ਼ਿਆਂ ਨਾਲ ਨਿਢਾਲ ਨਹੀਂ ਹੋਣਗੇ। ਤਖਤਾਂ-ਤਾਜਾਂ ਵਾਲੇ ਨਚਾਰ ਬਣਕੇ ਤਖਤਾਂ ਸਾਹਮਣੇ ਨਹੀਂ ਨੱਚਣਗੇ, ਨਹੀਂ ਗਾਉਣਗੇ। ਅਣਖਾਂ ਜਾਗਣਗੀਆਂ, ਭੈਣਾਂ ਦੀ,ਬੇਟੀਆਂ ਦੀ ਇੱਜ਼ਤ ਨਹੀਂ ਰੁਲੇਗੀ।

ਗੁਰੂ ਗ੍ਰੰਥ ਸਾਹਿਬ ਦੇ ਸਾਵੇਂ ਤੇ ਸਾਦੇ ਬੋਲਾਂ ਵਿੱਚ ਮਾਨਵਤਾ ਦੀ ਹੂਕ ਹੈ,ਚੜ੍ਹਦੀਕਲਾ ਦਾ ਸੁਨੇਹਾ ਹੈ,ਪਰ ਸਭ ਤੋਂ ਵਧ ਆਪਣੀ ਅਜ਼ਾਦ ਹਸਤੀ ਕਾਇਮ ਰੱਖਣ ਲਈ ਆਪਣੇ ਆਪ ਉਤੇ ਸਿੱਖੀ ਦਾ ਜ਼ਾਬਤਾ ਦ੍ਰਿੜਤਾ ਨਾਲ ਲਾਉਣ ਦਾ ਅਟਲ ਹੁਕਮ ਹੈ। ਕੋਈ ਕੌਮ ਆਪਣੀ ਜਮਾਤ ਦੀਆਂ ਵਾਗਾਂ ਗਦਾਰਾਂ ਦੇ ਹੱਥ ਦੇਕੇ ਅਣਖ ਦਾ ਜੀਵਨ ਨਹੀਂ ਜੀਉ ਸਕਦੀ। ਇਹ ਸਬਕ ਤਾਂ ਅਸੀਂ ਫੇਰੂ ਸ਼ਹਿਰ ਤੇ ਸਭਰਾਵਾਂ ਦੀ ਜੰਗ ਤੋਂ ਹੀ ਸਿਖ ਲਿਆ ਸੀ। ਕਿਹੜੀ ਮਜਬੂਰੀ ਵਿਚ ਅਸੀਂ ਧੁਰ ਤੋਂ ਗੁਰੂ ਦੇ ਅਜ਼ਾਦ ਕੀਤੇ ਬੰਦਿਆਂ ਨੇ ਆਪਣੇ ਨੱਕ ਵਿੱਚ ਆਪੇ ਨਕੇਲ ਪਾਈ ਤੇ ਆਪਣੇ ਹੱਥੀ ਆਪਣੀ ਮੁਹਾਰ ਨਵੇਂ ਡੋਗਰਿਆਂ ਦੇ ਹੱਥ ਫੜਾਈ। ਸ਼ਹੀਦ ਸਾਧੂ ਕੂਕਦਾ ਗਿਆ, ਅਸੀਂ ਕਿਉਂ ਸਾਵਧਾਨ ਨਾ ਹੋ ਸਕੇ। ਕਿਉਂ ਅਸੀਂ ਜ਼ੁਲਮ ,ਤਸ਼ੱਦਦ,ਕਤਲੇਆਮ ਨੂੰ ਸੱਦੇ ਦਿੱਤੇ।

ਆਗੇ ਸਮਝ ਚਲੋ ਨੰਦ ਲਾਲਾ, ਜੋ ਬੀਤੀ ਸੋ ਬੀਤੀ।

ਗੁਰੂ ਕਲਗੀਧਰ ਅੱਜ ਦੇ ਨੌਜਵਾਨਾਂ ਨੂੰ ਸੱਦਾ ਦੇ ਰਿਹਾ ਹੈ। ਕੰਨ ਲਾਕੇ ਸੁਣੋ। ਨੱਚਣਾ,ਟੱਪਣਾ,ਗਾਉਣਾ ਹਰ ਸ਼ੁਹਦਾਪਣ ਤੁਰੰਤ ਤਿਆਗੋ। ਜਿਸਨੇ ਤੁਹਾਡੇ ਉਪਰ ਚਾਰ ਪੁੱਤ ਵਾਰੇ ਸਨ ਓਸ ਨੂੰ ਹਲੇਮੀ ਨਾਲ ਤੇ ਕਰਮ ਨਾਲ ਸੁਨੇਹਾ ਦਿਉ ਕਿ ਅਸੀਂ ਕਈ ਹਜ਼ਾਰ ਜਿਉਂਦੇ ਹਾਂ,ਉਹਨਾਂ ਵਾਂਗ ਹੀ ਆਪਣੇ ਅਕਾਲ ਰੂਪ ਬਾਪ ਦੇ ਸਾਹਮਣੇ ਹੱਕ -ਸੱਚ ਲਈ ਜੂਝਣ ਨੂੰ ਤਿਆਰ ਹਾਂ। ਹਥਿਆਰਾਂ ਤੋਂ ਬਿਨਾਂ ਵੀ ਸੱਚ,ਧਰਮ ,ਨਿਆਂ ਦੇ ਆਸਰੇ ਨੰਗੇ ਧੜ ਲੜਨ ਦਾ ਯਕੀਨ ਦਿਵਾਓ। ਆਪਣੇ ਸਿਰਾਂ ਉਤੇ ਸਭ ਤੋਂ ਪਹਿਲਾਂ ਗੁਰੂ ਕਲਗੀਧਰ ਬਾਪ ਦਾ ਬਖਸ਼ਿਆ ਤਾਜ਼ ਰਖੋ,ਜਿਸਨੂੰ ਉਤਾਰਨ ਲਈ ਖੂਣਸੀਆਂ ਤੇ ਨਸਲਵਾਦੀਆਂ ਦੀਆਂ ਫੌਜਾਂ ਹਰਲ- ਹਰਲ ਕਰਦੀਆਂ ਫਿਰਦੀਆਂ ਹਨ। ਉਹਨਾਂ ਕੇਸ ਦਾਹੜੀਆਂ ਨੂੰ ਧਾਰੋ,ਜਿਹਨਾਂ ਵਿਚੋਂ ਹਰੇਕ ਦੀ ਕੀਮਤ ਦੋ ਜਹਾਨ ਹੈ। ਅੰਮ੍ਰਿਤ ਦੀ ਦਾਤ ਲਈ ਅਜੇ ਚੁਲੇ ਤਿਆਰ ਕਰੋ। ਬੀਰ ਆਸਣ ਹੋਣ ਦਾ ਅਭਿਆਸ ਕਰੋ। ਪਰ ਛਕਣਾ ਓਸ ਦਿਨ ਜਿਸ ਮੁਬਾਰਕ ਦਿਨ ਤੁਹਾਡੇ ਮਨਾਂ ,ਬਚਨਾਂ ਤੇ ਕਰਮਾਂ ਵਿਚੋਂ ਅੰਮ੍ਰਿਤ ਦੀ ਖੁਸ਼ਬੂ ਆਉਣ ਲਗ ਜਾਵੇ। ਅੰਮ੍ਰਿਤ ਸ਼ੇਰਨੀ ਦਾ ਦੁੱਧ ਹੈ,ਇਹ ਸੋਨੇ ਦੇ ਭਾਂਡੇ ਵਿੱਚ ਹੀ ਸਮਾ ਸਕਦਾ ਹੈ।

ਗੁਰੂ ਕਲਗੀਧਰ ਦਾ ਰੂਪ ਧਾਰੋ। ਸੁਚੱਜੇ ਪ੍ਰਚਾਰਕਾਂ, ਜਿਹਨਾਂ ਦੀ ਅਜੇ ਵੀ ਘਾਟ ਨਹੀਂ,ਦੇ ਅੱਖਰ ਬੋਲ ਸੁਣੋ,ਆਪਣੇ ਆਪ ਨੂੰ ਪਰਖ ਦੀ ਘੜੀ ਲਈ ਸਾਧੋ।

ਗੁਰੂ ਗ੍ਰੰਥ ਦਾ ਹੁਕਮ ਹੈ ਕਿ ਸਭ ਧੜੇ ਤਿਆਗ ਕੇ ਨਿਰਵੈਰ ਸਤਿਗੁਰੂ ਦੇ ਧੜੇ ਵਿੱਚ ਸ਼ਾਮਲ ਹੋਵੋ, ਸੱਚੀ ਬਾਣੀ ਗਾਉ। ਸੁੱਚਾ ਆਚਰਣ ਬਣਾਉ। ਸਿੱਖੇ ਤਿੱਤਰਾਂ ਦੇ ਤਿੱਖੇ ਬੋਲ ਨਾ ਸੁਣੋ, ਇਹਨਾਂ ਦੀਆਂ ਲਾਈਆਂ ਫਾਹੀਆਂ ਵਿੱਚ ਫਸਕੇ ਭੋਲੇ ਪੰਛੀਆਂ ਵਾਂਗ ਛੁਰੀਆਂ ਹੇਠ ਨਾ ਆਉ।

ਜਮਾਨਾ ਤੁਹਾਡਾ ਅਕਾਲੀ ਜਲਾਲ ਵੇਖਣ ਨੂੰ ਅੱਖਾਂ ਵਿਛਾਈ ਬੈਠਾ ਹੈ। ਸਤਿਗੁਰੂ ਨੇ ਜਿਹਨਾਂ ਦੇ ਪੈਰਾਂ ਦੀ ਬੇੜੀ ਕੱਟੀ ਹੈ,ਉਹ ਆਪਣੀ ਸੁਰੱਖਿਆ ਢਾਲ ਨੂੰ ਚਾਵਾਂ, ਮਲ੍ਹਾਰਾਂ ਨਾਲ ਉਡੀਕ ਰਹੇ ਹਨ। ਬੇਗਮਪੁਰਾ,ਹਲੇਮੀ ਰਾਜ ਦੀਆਂ ਨਉਬਤਾਂ ਦੇ ਸੰਘਾਂ ਵਿੱਚ ਸੁਰਾਂ ਸੁਕੀਆਂ ਪਈਆਂ ਹਨ। ਆਉ ਸੁਰਜੀਤ ਕਰੀਏ।

ਸਚੇ ਤਖਤ ਦੇ ਸੁਨੇਹੇ ਅਨੁਸਾਰ ਪਹਿਲੇ ਹਲੇ ਨਵਾਂ ਨਰੋਆ ਅਕਾਲੀ ਦਲ ਸਿਰਜੋ ਜੋ ਅਕਾਲ ਦੇ ਜਗਤ ਕਲਿਆਣਕਾਰੀ ਉਪਦੇਸ਼ ਨਾਲ ਇਕਸੁਰ ਹੋਵੋ। ਬੜੀ ਮੁਦਤ ਬਾਅਦ ਅਕਾਲ ਦਾ ਸੁਨੇਹਾ ਅਕਾਲ ਤਖਤ ਤੋਂ ਆਇਆ ਹੈ ਇਸ ਨੂੰ ਬੰਜਰ ਧਰਤੀ ਉੱਤੇ ਨਾ ਡਿੱਗਣ ਦੇਵੋ ।ਆਪਣੇ ਜਰਖੇਜ਼ ਮਨਾਂ ਵਿਚ ਸੰਭਾਲੋ ਤੇ ਦਸ ਪਾਤਸ਼ਾਹੀਆਂ ਦੇ ਕਉਲ ਨੂੰ ਪਾਲੋ ,ਜਿਸ ਦਾ ਜਸ ਕਵੀਆਂ,ਉਚੀਆਂ ਹਸਤੀਆਂ ਨੇ @ਸਭ ਧਰਤੀ ਕੀਨੀ ਗੁਲਜ਼ਾਰੇ ਆਖਕੇ ਗਾਇਆ ਹੈ।

ਕਬ ਤਕਾਜਾ ਹੈ ਫਕਤੁ ਮੇਰੇ ਦਿਲੇ ਸ਼ਰਸ਼ਾਰ ਕਾ
ਮੁੰਤਜਿਰ ਹੈ ਇਕ ਜਮਾਨਾ ਸੁਬਹ ਪੁਰ ਅਨਵਾਰ ਕਾ
ਆ ਰਹਾ ਹੈ ਬਹਾਰੋਂ ਕਾ ਮੌਸਮ ਕਰੀਬ
ਗੁੰਚਾ ਗੁੰਚਾ ਹਸ ਪੜੇਗਾ ਜਬ ਮੇਰੀ ਗੁਲਜਾਰ ਕਾ।

# ਡਰੱਗ ’ਚ ਫ਼ਸਿਆ ਪੰਜਾਬ ਬਨਾਮ ਗ਼ੈਰ ਜ਼ਿੰਮੇਵਾਰ ਸਰਕਾਰਾਂ

ਗੁਰਦੀਪ





ਪੰਜਾਬ ਤ੍ਰਾਸਦੀ ਵਿਚੋਂ ਦੋ ਬੜੇ ਵੱਡੇ ਕਾਰਨ ਸਾਡੇ ਸਾਹਮਣੇ ਆਉਂਦੇ ਹਨ ਅਤੇ ਦੋਨਾਂ ਦਾ ਹੀ ਸਬੰਧ ਪੰਜਾਬ ਦੇ ਉਜਾੜੇ ਨਾਲ ਹੈ। ਪਹਿਲਾ ਉਜਾੜਾ ਰੁਜ਼ਗਾਰ ਖ਼ਾਤਰ ਆਪਣਾ ਦੇਸ਼-ਗਰਾਂ ਛੱਡ ਕੇ ਵਿਦੇਸ਼ੀ ਧਰਤੀ ’ਤੇ ਜਾਣ ਵਾਲੇ, ਹੁਣ ਰੁਜ਼ਗਾਰ ਨਾਲੋਂ ਕਿਤੇ ਜਿਆਦਾ ਹੋਰਨਾਂ ਕਾਰਨਾਂ ਕਰ ਕੇ, ਪੰਜਾਬੋਂ ਉੱਜੜ ਕੇ ਸੱਤ ਸਮੰਦਰੋਂ ਪਾਰ ਜਾਣ ਵਾਲੀ ਸਥਿਤੀ ਵਿੱਚ ਆ ਗਏ ਹਨ। ਦੂਸਰਾ ਉਜਾੜਾ ਨਸ਼ਿਆਂ ਦੀ ਦਲਦਲ ਨੇ ਪੈਦਾ ਕਰ ਦਿੱਤਾ ਹੈ। ਪਿੰਡਾਂ ਸ਼ਹਿਰਾਂ ਵਿੱਚ ਜਿੱਥੇ ਕਦੇ ਜਵਾਨੀਆਂ ਘਰ ਦੇ ਕੰਮਾਂ-ਕਾਰਾਂ ਤੋਂ ਵਿਹਲੀਆਂ ਹੋ ਕੇ ਬਾਹੂ-ਬਲ ਵਧਾਉਣ ਤੇ ਜ਼ੋਰ ਲਾਇਆ ਕਰਦੀਆਂ ਸਨ, ਉੱਥੇ ਹੁਣ ਉਜਾੜ ਬੀਆਬਾਨ ਵਾਲੀਆਂ ਥਾਵਾਂ ’ਤੇ ਨਸ਼ੇ ਵਾਲੇ ਟੀਕੇ, ਚਿੱਟਾ, ਹੈਰੋਇਨ, ਗੋਲੀਆਂ ਆਦਿ ਵਰਗੇ ਨਸ਼ਿਆਂ ਕਾਰਨ ਮੌਤ ਦੇ ਮੂੰਹ ਵਿੱਚ ਜਾਣ ਦੀਆਂ ਤਿਆਰੀਆਂ ਕਰ ਰਹੇ ਹੁੰਦੇ ਹਨ। ਇਨ੍ਹਾਂ ਨਸ਼ਿਆਂ ਕਾਰਨ ਘਰਾਂ ਦੇ ਘਰ ਬਰਬਾਦ ਹੋ ਰਹੇ ਹਨ; ਪਿੰਡਾਂ, ਘਰਾਂ ਵਿੱਚ ਹਰ ਰੋਜ਼ ਸੱਥਰ ਵਿਛ ਰਹੇ ਹਨ। ਘਰੇਲੂ ਲੋੜਾਂ ਦੀਆਂ ਚੀਜ਼ਾਂ ਇਨ੍ਹਾਂ ਦੇ ਨਸ਼ਿਆਂ ਦੀ ਪੂਰਤੀ ਦੀ ਭੇਂਟ ਚੜ੍ਹ ਰਹੀਆਂ ਹਨ ਅਤੇ ਮਾਵਾਂ ਭੈਣਾਂ ਕੀਰਨੇ ਪਾ ਰਹੀਆਂ ਹਨ।

ਅਕਾਲੀ-ਭਾਜਪਾ ਸਰਕਾਰ ਦੇ 2007 ਤੋਂ 2017 ਦੇ ਦੋ ਕਾਰਜਕਾਲਾਂ ਦੇ ਸਮੇਂ ਵਿੱਚ ਇਸ ਦੇ ਨੇਤਾਵਾਂ, ਮੰਤਰੀਆਂ ਅਤੇ ਹੋਰ ਵੱਡੇ ਛੋਟੇ ਨੇਤਾਵਾਂ ’ਤੇ ਨਸ਼ਿਆਂ ਦੇ ਕਾਰੋਬਾਰ ਕਰਨ ਦੇ ਇਲਜ਼ਾਮ ਲੱਗਦੇ ਰਹੇ ਹਨ। ਇਸ ਦੀ ਪੁਖਤਾ ਮਿਸਾਲ ਆਮ ਆਦਮੀ ਪਾਰਟੀ (ਆਪ) ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਦੁਆਰਾ ਲਾਏ ਇਲਜ਼ਾਮਾਂ ਕਾਰਨ, ਉਨ੍ਹਾਂ ਤੇ ਦਰਜ ਹੋਏ ਹੱਤਕ ਇੱਜ਼ਤ ਦੇ ਕੇਸ ਹਨ। 2017 ਦੀਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਤੋਂ ਪਹਿਲਾਂ, ਚੋਣਾਂ ਦੀ ਵਾਗਡੋਰ ਸੰਭਾਲਣ ਵਾਲੇ ਕੈਪਟਨ ਅਮਰਿੰਦਰ ਸਿੰਘ ਨੇ ਗੁਟਕਾ ਸਾਹਿਬ ਹੱਥ ਵਿੱਚ ਲੈ ਕੇ ਸਹੁੰ ਖਾਧੀ ਸੀ ਕਿ ਉਹ ਚਾਰ ਹਫ਼ਤਿਆਂ ਵਿੱਚ ਪੰਜਾਬ ਨੂੰ ਨਸ਼ਿਆਂ ਦੀ ਭਿਆਨਕਤਾ ਤੋਂ ਨਿਜ਼ਾਤ ਦਿਵਾ ਦੇਣਗੇ। ਉਨ੍ਹਾਂ ਨੇ ਪੰਜਾਬ ’ਤੇ ਪੰਜ ਸਾਲਾਂ ਤੋਂ ਥੋੜ੍ਹਾ ਜਿਹਾ ਘੱਟ ਸਮਾਂ ਰਾਜ ਕੀਤਾ ਅਤੇ ਕੇਵਲ ਰਾਜ ਹੀ ਕੀਤਾ। ਇਸ ਤੋਂ ਅੱਗੇ ਉਨ੍ਹਾਂ ਦੀ ਕੋਈ ਵਿਸ਼ੇਸ਼ਤਾ ਦੱਸਣ ਵਾਲਾ ਕੰਮ ਨਜ਼ਰ ਨਹੀਂ ਆਉਂਦਾ। ਚਰਨਜੀਤ ਸਿੰਘ ਚੰਨੀ ਦੇ ਪੰਜ ਮਹੀਨਿਆਂ ਦੇ ਰਾਜ ਦੀ ਕੋਈ ਗੱਲ ਕਰਨੀ ਨਹੀਂ ਬਣਦੀ ਹੈ। 2022 ਦੀਆਂ ਚੋਣਾਂ ਤੋਂ ਪਹਿਲਾਂ ‘ਆਪ’ ਦੇ ਅਰਵਿੰਦ ਕੇਜਰੀਵਾਲ ਸਮੇਤ ਭਗਵੰਤ ਮਾਨ ਨੇ ਸਿਹਤ ਅਤੇ ਸਿੱਖਿਆ ਵਿੱਚ ਗੁਣਵੱਤੀ ਸੁਧਾਰਾਂ ਦੀ ਗੱਲ ਕਰਨ ਦੇ ਨਾਲ ਹੀ ਪੰਜਾਬ ਵਿਚੋਂ ਨਸ਼ਿਆਂ ਦਾ ਸਫ਼ਾਇਆ ਕਰਨ ਦੀ ਗੱਲ ਵੀ ਕੀਤੀ ਸੀ। ਪੰਜਾਬ ਦੇ ਲੋਕਾਂ ਨੇ ਆਸਵੰਦ ਹੁੰਦਿਆਂ ਬੜੇ ਵੱਡੇ ਬਹੁਮਤ ਨਾਲ 92 ਸੀਟਾਂ ਨਾਲ ‘ਆਪ’ ਨੂੰ ਜਿਤਾਇਆ ਪਰ ਅਫ਼ਸੋਸ ਦੀ ਗੱਲ ਹੈ ਕਿ ਨਾ ਤਾਂ ਸਿਹਤ, ਸਿੱਖਿਆ ਵਿੱਚ ਕੋਈ ਗੁਣਵੱਤੀ ਸੁਧਾਰ ਹੋਇਆ ਅਤੇ ਨਾ ਹੀ ਨਸ਼ਿਆਂ ਦੇ ਕਾਰੋਬਾਰ ਨੂੰ ਕੋਈ ਠੱਲ੍ਹ ਪਈ।

ਇੱਥੇ ਮੈਨੂੰ ਮੇਰੇ ਗੁਆਂਢ ਵਿੱਚ ਰਹਿੰਦੇ ਏ.ਐੱਸ.ਆਈ. ਦੀ ਗੱਲ ਕਰਨ ਦੀ ਲੋੜ ਮਹਿਸੂਸ ਹੋ ਰਹੀ ਹੈ। ਸਾਧਾਰਨ ਗੱਲਬਾਤ ਕਰਦਿਆਂ ਉਹ ਦੱਸ ਰਿਹਾ ਸੀ, ਸਾਨੂੰ ਆਪਣੇ ਏਰੀਏ ਵਿੱਚ ਹੋਣ ਵਾਲੇ ਹਰ ਕੰਮ ਦੀ ਜਾਣਕਾਰੀ ਹੁੰਦੀ ਹੈ। ਤੁਹਾਨੂੰ ਪਤੇ ਦੀ ਗੱਲ ਦੱਸਾਂ- ਓਨਾ ਤੁਹਾਨੂੰ ਤੁਹਾਡੇ ਆਪਣੇ ਬਾਰੇ ਪਤਾ ਨਹੀਂ ਹੋਣਾ, ਜਿੰਨੀ ਸਾਨੂੰ ਤੁਹਾਡੇ ਬਾਰੇ ਜਾਣਕਾਰੀ ਹੈ। ਇਹ ਗੱਲ ਸਹੀ ਵੀ ਜਾਪਦੀ ਹੈ। ਨਸ਼ੇ ਵਰਤਣ ਵਾਲਿਆਂ ਬਾਰੇ ਤਾਂ ਪੁਲਿਸ ਨੂੰ ਸਾਰੀ ਜਾਣਕਾਰੀ ਹੁੰਦੀ ਹੀ ਹੈ ਬਲਕਿ ਨਸ਼ੇ ਦੇ ਸੌਦਾਗਰਾਂ ਦੀ ਵੀ ਪੁਲਿਸ ਕੋਲ ਪੂਰੀ ਸੂਹ ਹੁੰਦੀ ਹੈ। ਫ਼ਿਰ ਕੀ ਕਾਰਨ ਹਨ ਕਿ ਨਸ਼ਾ ਵਰਤਣ ਵਾਲੇ ਕੁਝ ਕੁ ਵਿਅਕਤੀਆਂ ਨੂੰ ਤਾਂ ਪੁਲਿਸ ਦੋ ਚਾਰ ਦਿਨਾਂ ਵਾਸਤੇ ਥਾਣਿਆਂ ਵਿੱਚ ਲੈ ਆਉਂਦੀ ਹੈ ਪਰ ਨਸ਼ਿਆਂ ਦੀ ‘ਸਪਲਾਈ ਲਾਈਨ’ ਕਿਤਿਓਂ ਵੀ ਟੁੱਟਣ ਦਾ ਪਤਾ ਨਹੀਂ ਲੱਗਦਾ। ਨਸ਼ੇ ਦੇ ਇੱਕ ਵੀ ਸੌਦਾਗਰ ਨੂੰ ਤਾਂ ਹੱਥ ਪਾਉਣ ਤੋਂ ਪਹਿਲਾਂ ‘ਉਪਰਾਲਿਆਂ’ ਤੋਂ ਇਜਾਜ਼ਤ ਲੈਣੀ ਪੈਂਦੀ ਹੈ। ਨਸ਼ਿਆਂ ਦੇ ਖ਼ਾਤਮੇ ਲਈ ਨਸ਼ਾ ਵਰਤਣ ਵਾਲੇ ਨਾਲੋਂ ਨਸ਼ਿਆਂ ਦੇ ਸੌਦਾਗਰ ਨੂੰ ਫ਼ੜਨਾ ਵਧੇਰੇ ਜ਼ਰੂਰੀ ਹੈ ਪਰ ਪੁਲਿਸ ਸੇਰ ਵਿਚੋਂ ਪੂਣੀ ਕੱਤ ਕੇ ਇਸ ਨੂੰ ਵੱਡੀ ਖ਼ਬਰ ਬਣਾ ਕੇ ਅਖ਼ਬਾਰਾਂ ਦਾ ਸ਼ਿੰਗਾਰ ਬਣਾ ਕੇ ਆਪਣੇ ਵੱਲੋਂ ਬਹੁਤ ਵੱਡਾ ਕੀਤਾ ਗਿਆ ਕੰਮ ਦਰਸਾਉਣ ਦਾ ਭੁਲੇਖਾ ਪਾਲਦੀ ਹੈ। ਹਕੀਕਤ ਵਿੱਚ ਨਸ਼ੇ ਹਰ ਰੋਜ਼ ਵੱਡੀ ਗਿਣਤੀ ਵਿੱਚ ਨੌਜਵਾਨਾਂ ਨੂੰ ਆਪਣੀ ਗ੍ਰਿਫ਼ਤ ਵਿੱਚ ਲੈ ਰਹੇ ਹਨ।

ਸਰਕਾਰ ਵੱਲੋਂ ਆਪਣੇ ਅਧਿਕਾਰੀਆਂ/ ਕਰਮਚਾਰੀਆਂ ਦੀਆਂ ਨਿੱਤ ਦਿਹਾੜੇ ਬਦਲੀਆਂ ਕਰਨਾ ਕਿਸੇ ਸਮੱਸਿਆ ਦਾ ਹੱਲ ਨਹੀਂ ਹੈ। ਕੋਈ ਅਧਿਕਾਰੀ, ਕਰਮਚਾਰੀ ਜੇਕਰ ਕੰਮ ਨਹੀਂ ਕਰ ਰਿਹਾ ਹੈ ਤਾਂ ਉਸ ਬਾਰੇ ਬਰੀਕ ਛਾਣਨਾ ਲਾ ਕੇ ਦੇਖਣ-ਜਾਣਨ ਦੀ ਲੋੜ ਹੈ ਕਿ ਉਸ ਦੇ ਨਿਕੰਮੇਪਣ ਪਿੱਛੇ ਕੋਈ ਸਿਆਸੀ ਹੱਥ ਜਾਂ ਵੱਡਾ ਅਧਿਕਾਰੀ ਤਾਂ ਨਹੀਂ ਹੈ। ਕੋਈ ਵੀ ਕਰਮਚਾਰੀ ਜਾਂ ਅਧਿਕਾਰੀ ਆਪਣੇ ਪੱਧਰ ਤੇ ਕੋਈ ਗਲਤ ਕੰਮ ਕਰਨ ਦੀ ਜ਼ਹਿਮਤ ਨਹੀਂ ਉਠਾ ਸਕਦਾ। ਉਸ ਨੂੰ ਸਿਆਸੀ ਸ਼ਹਿ ਹੁੰਦੀ ਹੈ। ਅਗਸਤ ਮਹੀਨੇ ਵਿੱਚ ਸੂਤਰਾਂ ਦੇ ਹਵਾਲੇ ਨਾਲ ਇਹ ਖ਼ਬਰ ਪ੍ਰਕਾਸ਼ਤ ਹੋਈ ਸੀ ਕਿ ਪਹਿਲੀਆਂ ਪਾਰਟੀਆਂ ਦੀ ਤਰਜ਼ ’ਤੇ ਵਰਤਮਾਨ ਸਰਕਾਰ ਨੇ ਵੀ ਆਪਣੇ ਵਿਧਾਇਕਾਂ ਅਤੇ ਹਲਕਾ ਇੰਚਾਰਜਾਂ ਨੂੰ ਆਪਣੀ ਮਰਜ਼ੀ ਦੇ ਅਫ਼ਸਰ/ਕਰਮਚਾਰੀ ਆਪਣੇ ਹਲਕੇ ਵਿੱਚ ਲੁਆਉਣ ਦੇ ਅਧਿਕਾਰ ਦੇ ਦਿੱਤੇ ਹਨ। ਕੀ ਵਿਧਾਇਕਾਂ ਜਾਂ ਹਲਕਾ ਇੰਚਾਰਜਾਂ ਦੇ ਕੇਵਲ ਅਧਿਕਾਰ ਹੀ ਹਨ ? ਜਾਂ ਫ਼ਿਰ ਉਨ੍ਹਾਂ ਸਿਰ ਕੋਈ ਜ਼ਿੰਮੇਵਾਰੀ ਵੀ ਲਾਈ ਗਈ ਹੈ। ਇੱਕ ਗੱਲ ਲੋਹੇ ’ਤੇ ਲਕੀਰ ਵਾਂਗ ਹੈ ਕਿ ਜਿੰਨਾ ਚਿਰ ਅਧਿਕਾਰਾਂ ਅਤੇ ਫ਼ਰਜ਼ਾਂ ਵਿੱਚ ਸੰਤੁਲਨ ਕਾਇਮ ਨਾ ਕੀਤਾ ਜਾਵੇ, ਓਨਾਂ ਚਿਰ ਕੰਮ ਵਿੱਚ ਗੁਣਵੱਤੀ ਸੁਧਾਰਾਂ ਦੀ ਉਮੀਦ ਹੀ ਨਹੀਂ ਕੀਤੀ ਜਾ ਸਕਦੀ। ਇਸ ਲਈ ਵਿਧਾਇਕਾਂ, ਹਲਕਾ ਇੰਚਾਰਜਾਂ ਸਮੇਤ ਜ਼ਿੰਮੇਵਾਰ ਅਧਿਕਾਰੀਆਂ ਦੀ ਜਵਾਬਦੇਹੀ ਤੈਅ ਹੋਣੀ ਬੇਹੱਦ ਜ਼ਰੂਰੀ ਹੈ। ਪਿੰਡਾਂ ਵਿਚੋਂ ਹਕੀਕਤ ਵਿੱਚ ਸਰਕਾਰ ਚਲਾਉਣ ਵਾਸਤੇ ਮੀਟਿੰਗਾਂ ਵਿੱਚ ਆਮ ਵਿਅਕਤੀਆਂ ਦੀ ਹਾਜ਼ਰੀ ਹੋਣੀ ਚਾਹੀਦੀ ਹੈ।

(ਬਾਕੀ ਸਫ਼ਾ 30 ’ਤੇ)



# ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ...

# ਕੈਨੇਡਾ ਤੇ ਭਾਰਤ ਵਿਚਾਲੇ ਤਨਾਓ ਦਾ ਪੰਜਾਬੀਆਂ 'ਤੇ ਪੈ ਸਕਦਾ ਹੈ ਅਸਰ

## ਐਨ.ਆਰ.ਆਈ. ਪੰਜਾਬੀਆਂ ਅਤੇ ਅੰਨਦਾਤਾ ਕਾਰਨ ਹੀ ਘੁੰਮਦਾ ਹੈ ਪੰਜਾਬ ਦੀ ਆਰਥਿਕਤਾ ਦਾ ਪਹੀਆ

## ਮੰਡੀਆਂ 'ਚ ਰੁਲਦਾ ਅੰਨਦਾਤਾ, ਆਵਾਜਾਈ ਠੱਪ ਹੋਣ ਕਾਰਨ ਪ੍ਰੇਸ਼ਾਨ ਹੁੰਦੇ ਲੋਕ








ਇਹ ਸਤਰਾਂ ਲਿਖਣ ਵੇਲੇ ਇੱਕ ਪਾਸੇ ਪੰਜਾਬੀਆਂ ਦੀ ਸੁਪਨਨਗਰੀ ਮੰਨੇ ਜਾਂਦੇ ਦੇਸ਼ ਕੈਨੇਡਾ ਅਤੇ ਭਾਰਤ ਵਿਚਾਲੇ ਕੁਝ ਕਾਰਨਾਂ ਕਰਕੇ ਤਨਾਓ ਚੱਲ ਰਿਹਾ ਹੈ, ਦੂਜੇ ਪਾਸੇ ਪੰਜਾਬ ਵਿੱਚ ਅੰਨਦਾਤਾ ਮੰਡੀਆਂ ਵਿੱਚ ਝੋਨੇ ਦੀ ਫਸਲ ਦੀ ਵਿਕਰੀ ਅਤੇ ਚੁਕਵਾਈ ਲਈ ਰੁਲ ਰਿਹਾ ਹੈ। ਤੀਜੇ ਪਾਸੇ ਕਿਸਾਨ ਜਥੇਬੰਦੀਆਂ ਵੱਖ- ਵੱਖ ਥਾਂਵਾਂ 'ਤੇ ਧਰਨੇ ਦੇ ਰਹੀਆਂ ਹਨ ਅਤੇ ਉਹਨਾਂ ਵੱਲੋਂ ਪੰਜਾਬ ਦੇ ਕੁਝ ਟੋਲ ਪਲਾਜ਼ੇ ਮੁਫ਼ਤ ਵੀ ਕੀਤੇ ਗਏ ਹਨ। ਇਸ ਤੋਂ ਪਹਿਲਾਂ ਕਿਸਾਨ ਜਥੇਬੰਦੀਆਂ ਵੱਖ- ਵੱਖ ਥਾਂਵਾਂ 'ਤੇ ਆਵਾਜਾਈ ਵੀ ਠੱਪ ਕਰ ਚੁੱਕੀਆਂ ਹਨ। ਇਸ ਤੋਂ ਇਲਾਵਾ ਦਿਵਾਲੀ ਮੌਕੇ ਚੱਲੇ ਪਟਾਕਿਆਂ, ਖੇਤਾਂ ਵਿੱਚ ਕਿਸਾਨਾਂ ਵੱਲੋਂ ਪਰਾਲੀ ਨੂੰ ਲਗਾਈ ਗਈ ਅੱਗ, ਵਾਹਨਾਂ/ਫ਼ੈਕਟਰੀਆਂ, ਉਦਯੋਗਾਂ 'ਚੋਂ ਨਿਕਲਦੇ ਧੂੰਏਂ ਕਾਰਨ ਪੰਜਾਬ ਵਿੱਚ ਇਸ ਸਮੇਂ 'ਧੁਆਂਖੀ ਧੁੰਦ' ਛਾਈ ਹੋਈ ਹੈ, ਜਿਸ ਕਾਰਨ ਜਨ-ਜੀਵਨ ਪ੍ਰਭਾਵਿਤ ਹੋ ਰਿਹਾ ਹੈ ਅਤੇ ਵਾਹਨਾਂ ਨੂੰ ਦਿਨ ਸਮੇਂ ਵੀ ਲਾਈਟਾਂ ਜਗਾ ਕੇ ਚਲਾਉਣਾ ਪੈ ਰਿਹਾ ਹੈ।

ਪੰਜਾਬ ਦੇ ਜੰਮੇ ਜਾਇਆਂ ਨੂੰ ਇਸ ਸਮੇਂ ਕਈ ਮੁਹਿੰਮਾਂ 'ਤੇ ਜੂਝਣਾ ਪੈ ਰਿਹਾ ਹੈ। ਕੈਨੇਡਾ ਅਤੇ ਭਾਰਤ ਦੇ ਰਿਸ਼ਤਿਆਂ ਵਿੱਚ ਆਈਆਂ ਤਰੇੜਾਂ ਦਾ ਕੁਝ ਹੱਦ ਤੱਕ ਅਸਰ ਪੰਜਾਬੀਆਂ 'ਤੇ ਪੈਣ ਦੀ ਸੰਭਾਵਨਾ ਬਣ ਗਈ ਹੈ, ਕਿਉਂਕਿ ਪੰਜਾਬੀ ਕੈਨੇਡਾ ਵਿੱਚ ਬਹੁਤ ਵੱਡੀ ਗਿਣਤੀ ਵਿੱਚ ਰਹਿੰਦੇ ਹਨ। ਪੰਜਾਬ ਵਿੱਚ ਇਸ ਸਮੇਂ ਹਲਕੀ ਗੁਲਾਬੀ ਠੰਡ ਸ਼ੁਰੂ ਹੋ ਗਈ ਹੈ ਅਤੇ ਇਸ ਮੌਸਮ ਵਿੱਚ ਕੈਨੇਡਾ ਅਤੇ ਹੋਰ ਮੁਲਕਾਂ ਤੋਂ ਵੱਡੀ ਗਿਣਤੀ ਐਨ.ਆਰ.ਆਈ. ਪੰਜਾਬੀ ਪੰਜਾਬ ਆਉਂਦੇ ਹਨ। ਇਸ ਸਮੇਂ ਵੀ ਅਨੇਕਾਂ ਪੰਜਾਬੀ ਕੈਨੇਡਾ ਅਤੇ ਹੋਰ ਮੁਲਕਾਂ ਤੋਂ ਪੰਜਾਬ ਆਏ ਹੋਏ ਹਨ ਅਤੇ ਹਰ ਦਿਨ ਆ ਰਹੇ ਹਨ ਪਰ ਕੈਨੇਡਾ -ਭਾਰਤ ਵਿਚਾਲੇ ਦੁਵੱਲੇ ਸੰਬੰਧਾਂ ਵਿੱਚ ਆਈ ਕੁੜੱਤਣ ਕਾਰਨ ਇਹਨਾਂ ਐਨ.ਆਰ.ਆਈ. ਪੰਜਾਬੀਆਂ ਅਤੇ ਉਹਨਾਂ ਦੇ ਪੰਜਾਬ ਰਹਿੰਦੇ ਪਰਿਵਾਰਕ ਮੈਂਬਰਾਂ ਦੇ ਚਿਹਰਿਆਂ 'ਤੇ ਚਿੰਤਾ ਦੀਆਂ ਲਕੀਰਾਂ ਦੇਖੀਆਂ ਜਾ ਰਹੀਆਂ ਹਨ। ਇਸ ਤੋਂ ਇਲਾਵਾ ਕੈਨੇਡਾ ਤੇ ਭਾਰਤ ਦੇ ਵਿਗੜ ਰਹੇ ਰਿਸ਼ਤਿਆਂ ਕਾਰਨ ਕੈਨੇਡਾ ਰਹਿੰਦੇ ਅਨੇਕਾਂ ਪੰਜਾਬੀ ਵੀ ਚਿੰਤਤ ਹਨ ਕਿਉਂਕਿ ਕੈਨੇਡਾ ਉਹਨਾਂ ਦੀ 'ਕਰਮ ਭੂਮੀ' ਹੈ ਤੇ ਭਾਰਤ ਵਿੱਚ ਪੰਜਾਬ ਉਹਨਾਂ ਦੀ 'ਜਨਮ ਭੂਮੀ' ਹੈ। ਇਸ ਕਰਕੇ ਨਾ ਤਾਂ ਉਹ ਆਪਣੀ 'ਜਨਮ ਭੂਮੀ' ਪੰਜਾਬ ਨਾਲੋਂ ਟੁੱਟ ਸਕਦੇ ਹਨ ਤੇ ਨਾ ਹੀ ਆਪਣੀ 'ਕਰਮ ਭੂਮੀ' ਕੈਨੇਡਾ ਨੂੰ ਛੱਡ ਸਕਦੇ ਹਨ। ਇਸ ਕਰਕੇ ਵੱਡੀ ਗਿਣਤੀ ਪੰਜਾਬੀ ਕੈਨੇਡਾ ਅਤੇ ਭਾਰਤ ਵਿਚਾਲੇ ਦੁਵੱਲੇ ਸਬੰਧ ਮਜ਼ਬੂਤ ਹੋਣ ਦੀ ਅਰਜੋਈ ਕਰ ਰਹੇ ਹਨ।

ਵਿਦੇਸ਼ਾਂ ਤੋਂ ਆਏ ਲੋਕ ਪੰਜਾਬ ਵਿੱਚ ਰੱਜ ਕੇ ਖਰੀਦਦਾਰੀ ਕਰਦੇ ਹਨ ਅਤੇ ਨਵੀਂ ਦਿੱਲੀ ਦੇ ਏਅਰਪੋਰਟ ਤੋਂ ਪੰਜਾਬ ਆਉਂਦੇ ਹੋਏ ਰਸਤੇ ਵਿੱਚ ਸਥਿਤ ਵੱਖ- ਵੱਖ ਢਾਬਿਆਂ 'ਤੇ ਰੋਟੀ ਪਾਣੀ ਛਕਦੇ ਹਨ। ਜਿਥੇ ਕਿ ਉਹ ਡਾਲਰਾਂ ਬਦਲੇ ਲਏ ਹੋਏ ਪੈਸੇ ਦਿੰਦੇ ਹਨ। ਫਿਰ ਇਹਨਾਂ ਹੀ ਪੈਸਿਆਂ ਨਾਲ ਢਾਬਿਆਂ ਵਾਲੇ ਅਤੇ ਦੁਕਾਨਦਾਰ ਹੋਲ਼ ਸੇਲ



ਵਾਲਿਆਂ ਤੋਂ ਸਬਜ਼ੀਆਂ, ਦਾਲਾਂ, ਕੱਪੜੇ ਅਤੇ ਹੋਰ ਸਮਾਨ ਖ਼ਰੀਦਦੇ ਹਨ। ਫਿਰ ਹੋਲ਼ ਸੇਲ ਸਮਾਨ ਵੇਚਣ ਵਾਲੇ ਉਹਨਾਂ ਹੀ ਪੈਸਿਆਂ ਨਾਲ ਕੰਪਨੀਆਂ ਤੋਂ ਸਮਾਨ ਖ਼ਰੀਦਦੇ ਹਨ। ਇਸ ਤਰ੍ਹਾਂ ਵਿਦੇਸ਼ੀਆਂ ਦੇ ਪੈਸਿਆਂ ਨਾਲ ਪੰਜਾਬ ਵਿੱਚ ਆਰਥਿਕਤਾ ਦਾ ਪਹੀਆ ਤੇਜ਼ ਘੁੰਮਣ ਲੱਗ ਜਾਂਦਾ ਹੈ ਤੇ ਪੰਜਾਬ ਦੀ ਆਰਥਿਕਤਾ ਮਜ਼ਬੂਤ ਹੁੰਦੀ ਹੈ, ਜਿਸ ਦਾ ਲਾਭ ਪੰਜਾਬ ਨੂੰ ਹੀ ਹੁੰਦਾ ਹੈ।

ਹੁਣ ਗੱਲ ਕਰਦੇ ਹਾਂ ਪੰਜਾਬ ਦੀ ਤਾਂ ਪੰਜਾਬ ਦਾ ਅੰਨਦਾਤਾ ਕਈ ਦਿਨਾਂ ਤੋਂ ਮੰਡੀਆਂ ਵਿੱਚ ਬੈਠਾ ਹੈ। ਕਿਸਾਨ ਆਗੂਆਂ ਦਾ ਕਹਿਣਾ ਹੈ ਕਿ ਕਈ ਦਿਨ ਲਗਾਤਾਰ ਝੋਨੇ ਦੀ ਵਿਕਰੀ ਨਹੀਂ ਹੋਈ ਤੇ ਨਾ ਹੀ ਵਿਕੀ ਹੋਈ ਫਸਲ ਦੀ ਚੁਕਵਾਈ ਹੋਈ, ਜਿਸ ਕਰਕੇ ਕਿਸਾਨ ਜਥੇਬੰਦੀਆਂ ਨੂੰ ਵੱਖ- ਵੱਖ ਥਾਂਵਾਂ 'ਤੇ ਆਵਾਜਾਈ ਠੱਪ ਕਰਨੀ ਪਈ। ਉਸ ਤੋਂ ਬਾਅਦ ਪੰਜਾਬ ਸਰਕਾਰ ਨਾਲ ਹੋਈ ਮੀਟਿੰਗ ਤੋਂ ਬਾਅਦ ਕਿਸਾਨਾਂ ਨੂੰ ਕੁਝ ਰਾਹਤ ਮਿਲੀ ਅਤੇ ਮੰਡੀਆਂ ਵਿੱਚ ਝੋਨੇ ਦੀ ਵਿਕਰੀ ਤੇ ਚੁਕਵਾਈ ਆਰੰਭ ਹੋਈ। ਕਿਸਾਨ ਆਗੂ ਇਹ ਵੀ ਕਹਿ ਰਹੇ ਹਨ ਕਿ ਅਗਲੀ ਫਸਲ ਕਣਕ ਦੀ ਬੀਜਾਈ ਲਈ ਡੀ.ਏ.ਪੀ ਖਾਦ ਵੀ ਸਮੇਂ ਸਿਰ ਨਹੀਂ ਮਿਲ ਰਹੀ, ਜਿਸ ਕਾਰਨ ਕਣਕ ਦੀ ਬੀਜਾਈ ਲੇਟ ਹੋ ਸਕਦੀ ਹੈ। ਕਿਸਾਨ ਆਗੂ ਤਾਂ ਇਹ ਵੀ ਦਾਅਵਾ ਕਰ ਰਹੇ ਹਨ ਕਿ ਪੰਜਾਬ ਦੇ ਕਿਸਾਨਾਂ ਨੂੰ ਮੰਡੀਆਂ ਵਿੱਚ ਰਾਤ ਸਮੇਂ ਝੋਨੇ ਦੀਆਂ ਬੋਰੀਆਂ 'ਤੇ ਸੌਣਾ ਪੈ ਰਿਹਾ ਹੈ।

ਖੇਤੀਬਾੜੀ ਪੰਜਾਬ ਦਾ ਮੁੱਖ ਕਿੱਤਾ ਹੈ ਅਤੇ ਪੰਜਾਬ ਦੇ ਵੱਡੀ ਗਿਣਤੀ ਲੋਕ ਖੇਤੀਬਾੜੀ ਜਾਂ ਖੇਤੀਬਾੜੀ ਨਾਲ ਸਬੰਧਿਤ ਜਾਂ ਸਹਾਇਕ ਧੰਦਿਆਂ ਨਾਲ ਜੁੜੇ ਹੋਏ ਹਨ। ਅਸਲ ਵਿੱਚ ਖੇਤੀਬਾੜੀ ਹੀ ਪੰਜਾਬ ਦੀ ਆਰਥਿਕਤਾ ਦੀ ਗੀੜ੍ਹ ਦੀ ਹੱਡੀ ਹੈ। ਜੇ ਪੰਜਾਬ ਦਾ ਅੰਨਦਾਤਾ ਮੰਡੀਆਂ ਵਿੱਚ ਰੁਲੇਗਾ ਤਾਂ ਇਸ ਨਾਲ ਪੰਜਾਬ ਦੀ ਆਰਥਿਕਤਾ ਵੀ ਡਾਵਾਂਡੋਲ ਹੋਵੇਗੀ। ਇਹ ਗੱਲ ਸਭ ਨੂੰ ਪਤਾ ਹੈ ਕਿ ਮੰਡੀ ਵਿੱਚ ਫਸਲ ਵੇਚ ਕੇ ਕਿਸਾਨ ਕੋਲ ਪੈਸੇ ਆਉਂਦੇ ਹਨ, ਉਹਨਾਂ ਪੈਸਿਆਂ ਨਾਲ ਹੀ ਉਹ ਆਪਣੇ ਸਾਲ ਭਰ ਦੇ ਕੰਮਾਂ ਅਤੇ ਲੋੜਾਂ ਦੀ ਪੂਰਤੀ ਲਈ ਸਮਾਨ ਖਰੀਦਦਾ ਹੈ। ਮੰਡੀ ਵਿੱਚ ਫਸਲ ਵੇਚਣ ਤੋਂ ਬਾਅਦ ਆਈ ਆਮਦਨ ਨਾਲ ਹੀ ਕਿਸਾਨ ਆਪਣੇ ਬੱਚਿਆਂ ਦੇ ਵਿਆਹ ਕਰਦੇ ਹਨ ਅਤੇ ਜੀ ਭਰ ਕੇ ਸ਼ਾਪਿੰਗ ਕਰਦੇ ਹਨ। ਇਸ ਤੋਂ ਇਲਾਵਾ ਫਸਲ ਵੇਚਣ ਤੋਂ ਬਾਅਦ ਕਿਸਾਨਾਂ ਅਤੇ ਉਹਨਾਂ ਦੇ ਪਰਿਵਾਰਾਂ ਵੱਲੋਂ ਖੁੱਲ੍ਹੇ ਦਿਲ ਨਾਲ ਹਰ ਤਰ੍ਹਾਂ ਦੇ ਸਮਾਨ ਦੀ ਖਰੀਦਦਾਰੀ ਕੀਤੀ ਜਾਂਦੀ ਹੈ, ਜਿਸ ਕਾਰਨ ਦੁਕਾਨਦਾਰਾਂ ਦਾ ਅਤੇ ਹੋਰ ਕਿੱਤਿਆਂ ਵਾਲਿਆਂ ਦਾ ਕੰਮ ਕਾਫ਼ੀ ਚੱਲ ਪੈਂਦਾ ਹੈ ਅਤੇ ਉਹਨਾਂ ਨੂੰ ਚੰਗੀ ਆਮਦਨੀ ਹੁੰਦੀ ਹੈ। ਜਿਸ ਨਾਲ ਪੈਸਾ ਮਾਰਕੀਟ ਵਿੱਚ ਆ ਜਾਂਦਾ ਹੈ ਅਤੇ ਪੰਜਾਬ ਦੀ ਆਰਥਿਕਤਾ ਨੂੰ ਚੰਗਾ ਹੁਲਾਰਾ ਮਿਲਦਾ ਹੈ।

ਹੁਣ ਗੱਲ ਕਰਦੇ ਹਾਂ ਕਿਸਾਨ ਜਥੇਬੰਦੀਆਂ ਵੱਲੋਂ ਆਵਾਜਾਈ ਠੱਪ ਕਰਨ ਕਰਕੇ ਪ੍ਰੇਸ਼ਾਨ ਹੁੰਦੇ ਪੰਜਾਬੀਆਂ ਦੀ। ਪੰਜਾਬ ਦੇ ਕਿਸਾਨ ਜਦੋਂ ਜਥੇਬੰਦੀਆਂ ਦੀ ਅਗਵਾਈ ਵਿੱਚ ਵੱਖ- ਵੱਖ ਥਾਂਵਾਂ 'ਤੇ ਆਵਾਜਾਈ ਠੱਪ ਕਰਦੇ ਹਨ ਤਾਂ ਇਸ ਕਾਰਨ ਸਭ ਤੋਂ ਜ਼ਿਆਦਾ ਪ੍ਰੇਸ਼ਾਨੀ ਪੰਜਾਬੀਆਂ ਨੂੰ ਹੀ ਹੁੰਦੀ ਹੈ। ਆਵਾਜਾਈ ਠੱਪ ਹੋਣ ਕਰਕੇ ਦੂਰ- ਦੂਰ ਤੱਕ ਵਾਹਨਾਂ ਦੀਆਂ ਲੰਬੀਆਂ ਕਤਾਰਾਂ ਲੱਗ ਜਾਂਦੀਆਂ ਹਨ ਅਤੇ ਵਾਹਨਾਂ ਵਿੱਚ ਬੈਠੇ ਲੋਕ ਖੱਜਲ ਖੁਆਰ ਹੁੰਦੇ ਹੋਏ ਆਵਾਜਾਈ ਠੱਪ ਕਰਨ ਵਾਲਿਆਂ ਨੂੰ ਪਾਣੀ ਪੀ ਪੀ ਕੇ ਕੋਸਦੇ ਹਨ। ਇਸ ਜਾਮ ਵਿੱਚ ਕਈ ਵਾਰ ਐਂਬੂਲੈਂਸਾਂ ਅਤੇ ਵਿਦੇਸ਼ਾਂ ਤੋਂ ਆਉਂਦੇ ਜਾਂਦੇ ਐਨ.ਆਰ.ਆਈ. ਪੰਜਾਬੀਆਂ ਦੀਆਂ ਗੱਡੀਆਂ ਵੀ ਫਸ ਜਾਂਦੀਆਂ ਹਨ, ਜਿਸ ਕਾਰਨ ਜਿਥੇ ਐਂਬੂਲੈਂਸਾਂ ਵਿੱਚ ਸਵਾਰ ਮਰੀਜ਼ਾਂ ਦੀ ਸਥਿਤੀ ਗੰਭੀਰ ਹੋਣ ਦਾ ਖਤਰਾ ਬਣ ਜਾਂਦਾ ਹੈ, ਉਥੇ ਵਿਦੇਸ਼ ਜਾ ਰਹੇ ਐਨ.ਆਰ.ਆਈ. ਪੰਜਾਬੀਆਂ ਦੀਆਂ ਜਾਮ ਵਿੱਚ ਫਸੇ ਹੋਣ ਕਰਕੇ ਫਲਾਈਟਾਂ ਹੀ ਮਿਸ ਹੋ ਜਾਂਦੀਆਂ ਹਨ।

ਹੁਣ ਜ਼ਰ੍ਹਾ ਸੋਚੋ ਖਾਂ ਉਸ ਵੇਲੇ ਬਾਰੇ, ਜੇ ਕੈਨੇਡਾ ਅਤੇ ਭਾਰਤ ਵਿਚਾਲੇ ਤਨਾਓ ਕਾਰਨ ਦੋਵਾਂ ਦੇਸ਼ਾਂ ਵਿਚਾਲੇ ਚਲਦੀ ਹਵਾਈ ਸੇਵਾ ਬੰਦ ਹੋ ਗਈ ਤਾਂ ਫਿਰ ਕੈਨੇਡਾ ਤੋਂ ਐਨ.ਆਰ.ਆਈ. ਪੰਜਾਬੀ ਪੰਜਾਬ ਆ ਕੇ ਕਿਸ ਤਰ੍ਹਾਂ ਖਰੀਦਦਾਰੀ ਕਰਨਗੇ? ਅਤੇ ਨਵੀਂ ਦਿੱਲੀ ਦੇ ਏਅਰਪੋਰਟ ਤੋਂ ਪੰਜਾਬ ਆਉਂਦੇ ਰਸਤੇ 'ਤੇ ਬਣੇ ਵੱਖ- ਵੱਖ ਢਾਬਿਆਂ 'ਤੇ ਰੋਟੀ ਕਿਵੇਂ ਖਾਣਗੇ? ਕਿਹਾ ਜਾਂਦਾ ਹੈ ਕਿ ਅਜਿਹੇ ਅਨੇਕਾਂ ਢਾਬੇ ਚਲਦੇ ਹੀ ਐਨ.ਆਰ.ਆਈ. ਪੰਜਾਬੀਆਂ ਕਰਕੇ ਹਨ। ਇਸ ਤੋਂ ਇਲਾਵਾ ਪੰਜਾਬ ਦੇ ਵੱਖ- ਵੱਖ ਸ਼ਹਿਰਾਂ ਦੇ ਵੱਡੀ ਗਿਣਤੀ ਦੁਕਾਨਦਾਰਾਂ ਦਾ ਕੰਮ ਐਨ.ਆਰ.ਆਈ. ਪੰਜਾਬੀਆਂ ਵੱਲੋਂ ਕੀਤੀ ਜਾਂਦੀ ਵੱਡੀ ਖਰੀਦਦਾਰੀ ਕਰਕੇ ਹੀ ਚਲਦਾ ਹੈ। ਇਸ ਤਰ੍ਹਾਂ ਢਾਬਿਆਂ, ਦੁਕਾਨਦਾਰਾਂ ਅਤੇ ਹੋਰ ਕਿੱਤਿਆਂ ਦਾ ਕੰਮ ਮੰਦਾ ਪੈ ਜਾਵੇਗਾ। ਇਸ ਤੋਂ ਇਲਾਵਾ ਜੇ ਪੰਜਾਬ ਦੇ ਅੰਨਦਾਤਾ ਨੂੰ ਮੰਡੀਆਂ ਵਿੱਚ ਉਹਨਾਂ ਦੀਆਂ ਫਸਲਾਂ ਦਾ ਸਹੀ ਭਾਅ ਨਾ ਮਿਲਿਆ ਤਾਂ ਉਹ ਖੁੱਲ੍ਹੇ ਦਿਲ ਨਾਲ ਵੱਖ- ਵੱਖ ਤਰ੍ਹਾਂ ਦੇ ਸਮਾਨ ਦੀ ਬਾਜ਼ਾਰਾਂ ਵਿੱਚੋਂ ਖਰੀਦਦਾਰੀ ਕਿਵੇਂ ਕਰਨਗੇ? ਕਿਉਂਕਿ ਵੱਡੀ ਗਿਣਤੀ ਕਿੱਤੇ ਅਤੇ ਦੁਕਾਨਾਂ ਚਲਦੀਆਂ ਹੀ ਕਿਸਾਨਾਂ ਵੱਲੋਂ ਖਰੀਦਦਾਰੀ ਕਰਨ ਨਾਲ ਹਨ। ਜੇ ਕਿਸਾਨਾਂ ਨੂੰ ਫਸਲਾਂ ਤੋਂ ਆਮਦਨੀ ਘੱਟ ਹੋਵੇਗੀ ਤਾਂ ਉਹ ਖਰੀਦਦਾਰੀ ਵੀ ਘੱਟ ਕਰਨਗੇ ਜਿਸ ਕਰਕੇ ਹੋਰਨਾਂ ਕਿੱਤਿਆਂ ਦਾ ਕੰਮ ਅਤੇ ਆਮਦਨੀ ਘੱਟ ਜਾਣਗੇ ਤੇ ਪੰਜਾਬ ਦੀ ਆਰਥਿਕਤਾ ਮੰਦੀ ਪੈ ਜਾਵੇਗੀ। ਅਸੀਂ ਰੱਬ ਅੱਗੇ ਦੁਆ ਕਰਦੇ ਹਾਂ ਕਿ ਕੈਨੇਡਾ ਅਤੇ ਭਾਰਤ ਵਿਚਾਲੇ ਦੁਵੱਲੇ ਸੰਬੰਧਾਂ ਵਿੱਚ ਜਲਦੀ ਹੀ ਸ਼ਾਂਤੀ ਸਥਾਪਿਤ ਹੋਵੇ, ਕਿਸਾਨਾਂ ਨੂੰ ਉਹਨਾਂ ਦੀਆਂ ਫਸਲਾਂ ਦਾ ਸਹੀ ਭਾਅ ਮਿਲੇ। ਇਸ ਦੇ ਨਾਲ ਹੀ ਕਿਸਾਨ ਜਥੇਬੰਦੀਆਂ ਨੂੰ ਵੀ ਅਪੀਲ ਹੈ ਕਿ ਉਹ ਆਵਾਜਾਈ ਠੱਪ ਕਰਨ ਤੋਂ ਗੁਰੇਜ਼ ਕਰਨ ਤੇ ਸਰਕਾਰ ਦਾ ਵਿਰੋਧ ਕਰਨ ਦਾ ਕੋਈ ਹੋਰ ਤਰੀਕਾ ਅਪਨਾਉਣ।



# ਅੱਲੜ ਸਿੱਖ ਕੁੜੀਆਂ ਕਿਉਂ ਮੁਸਲਮਾਨ ਮੁੰਡਿਆਂ ਵੱਲ ਹੋ ਰਹੀਆਂ ਨੇ ਪ੍ਰਭਾਵਿਤ

## ਕਸ਼ਮੀਰੀ ਸਿੱਖਾਂ ਵਿੱਚ ਵੱਡੀ ਸਮੱਸਿਆ ਬਣੀ

## ਕਸ਼ਮੀਰੀ ਸਿੱਖ ਪੁੱਛਦੇ ਹਨ ਕਿ ਧੀਆਂ ਨੂੰ ਮੁਸਲਮਾਨ ਬਣਨ ਤੋਂ ਕਿਵੇਂ ਬਚਾਇਆ ਜਾਵੇ ?

## ਕਸ਼ਮੀਰ 'ਚ ਪਿਆਰ ਦੇ ਨਾਮ ਉੱਪਰ ਸਿੱਖ ਧੀਆਂ ਦਾ ਇਸਲਾਮ ਧਰਮ ਗ੍ਰਹਿਣ ਕਰਨ ਵੱਲ ਪ੍ਰੇਰਿਤ ਹੋਣਾ ਕਸ਼ਮੀਰੀ ਸਿੱਖਾਂ ਲਈ ਵੱਡਾ ਮਸਲਾ ਬਣਿਆ ਹੋਇਐ

52 ਸਾਲਾ ਸਿੱਖ ਪ੍ਰਚਾਰਕ ਬੀਬੀ ਗੁਰਦੀਪ ਕੌਰ ਸ੍ਰੀਨਗਰ ਦੇ ਇੱਕ ਗੁਰਦੁਆਰੇ ਦੀ ਬੇਸਮੈਂਟ ਵਿੱਚ ਇੱਕ ਅਹਿਮ ਮੀਟਿੰਗ ਦੀ ਅਗਵਾਈ ਕਰ ਰਹੀ ਸੀ। ਗੁਰਦੀਪ ਕੌਰ, ਜੋ ਹਫ਼ਤਾਵਾਰੀ ਸੰਗਤਾਂ ਵਿੱਚ ਧਾਰਮਿਕ ਲੈਕਚਰ ਦਿੰਦੀ ਹੈ ਅਤੇ ਪੰਜਾਬੀ ਪੜ੍ਹਾਉਂਦੀ ਹੈ, ਉਸਨੇ ਹੁਣੇ ਜਿਹੇ ਲੈਕਚਰ ਦਿੱਤਾ ਕਿ ਆਪਣੀਆਂ ਸਿੱਖ ਧੀਆਂ ਨੂੰ ਇਸਲਾਮ ਵਿੱਚ ਜਾਣ ਤੋਂ ਕਿਵੇਂ ਰੋਕਿਆ ਜਾਵੇ ? ਉਸਨੇ ਕਿਹਾ ਕਿ ਸਾਨੂੰ ਆਪਣੀਆਂ ਧੀਆਂ ਨੂੰ ਧਰਮ ਦਾ ਗਿਆਨ ਦੇਣ ਦੀ ਲੋੜ ਹੈ। ਸਾਨੂੰ ਉਨ੍ਹਾਂ ਨੂੰ ਗੁਰਬਾਣੀ ਸਿਖਾਉਣੀ,ਪੜ੍ਹਾਉਣੀ ਚਾਹੀਦੀ ਹੈ ਕਿ ਉਸ ਵਿੱਚ ਗੁਰੂ ਸਾਹਿਬ ਨੇ ਕੀ ਉਪਦੇਸ਼ ਦਿੱਤਾ ਹੈ। ਜੇਕਰ ਤੁਹਾਡੀ ਧੀ ਸਿੱਖ ਧਰਮ ਤੇ ਇਤਿਹਾਸ ਦਾ ਗਿਆਨ ਨਹੀਂ ਲੈਂਦੀ ਤੇ ਨਹੀਂ ਪੜ੍ਹਦੀ ਤਾਂ ਤੁਸੀਂ ਮਾਂ ਦੇ ਤੌਰ 'ਤੇ ਫੇਲ੍ਹ ਹੋ। ਉੱਥੇ ਬੈਠੀਆਂ ਤਿੰਨ ਦਰਜਨ ਦੇ ਕਰੀਬ ਸਿੱਖ ਬੀਬੀਆਂ ਨੇ ਸਹਿਮਤੀ ਪ੍ਰਗਟਾਈ। ਉਨ੍ਹਾਂ ਦੀ ਗੱਲਬਾਤ ਹਾਲ ਹੀ ਵਿੱਚ ਇੱਕ ਕਸ਼ਮੀਰੀ ਸਿੱਖ ਔਰਤ ਦੇ ਇਸਲਾਮ ਕਬੂਲ ਕਰਨ ਤੋਂ ਪ੍ਰੇਰਿਤ ਸੀ, ਜਿਸਦੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ।



ਵੀਡੀਓ ਵਿੱਚ ਉਸ ਔਰਤ ਭਵਨੀਤ ਕੌਰ ਨੂੰ ਇਹ ਦਾਅਵਾ ਕਰਦਿਆਂ ਦੇਖਿਆ ਅਤੇ ਸੁਣਿਆ ਜਾ ਸਕਦਾ ਹੈ ਕਿ ਉਸਨੇ ਸੱਤ ਸਾਲ ਤੋਂ ਵੱਧ ਸਮੇਂ ਤੱਕ ਇਸਲਾਮ ਦੀ ਖੋਜ ਕਰਨ ਤੋਂ ਬਾਅਦ ਇਸਲਾਮ ਕਬੂਲ ਕੀਤਾ ਹੈ। ਹੁਣ ਉਸਦਾ ਨਵਾਂ ਨਾਮ ਕੁਰਤ ਉਲ ਫਾਤਿਮਾ ਹੈ। ਉਸ ਦਾ ਕਹਿਣਾ ਹੈ ਕਿ ਸਿੱਖ ਧਰਮ ਲਗਭਗ 300 ਸਾਲ ਪਹਿਲਾਂ ਆਇਆ ਸੀ, ਪਰ ਉਸ ਤੋਂ ਪਹਿਲਾਂ ਧਰਮ ਕੀ ਸੀ ? ਮੈਂ ਇਹ ਜਾਣਨ ਲਈ ਉਤਸੁਕ ਸੀ ਅਤੇ ਇਸ ਤਰ੍ਹਾਂ ਮੈਂ ਇਸਲਾਮ ਦੇ ਨੇੜੇ ਆਈ। ਮੈਂ ਇਹ ਵੀਡੀਓ ਰਿਕਾਰਡ ਕਰ ਰਹੀ ਹਾਂ ਤਾਂ ਜੋ ਮੇਰੇ ਮਾਤਾ-ਪਿਤਾ ਅਤੇ ਮੇਰੇ ਸਿੱਖ ਭਾਈਚਾਰੇ ਦੇ ਮੈਂਬਰਾਂ ਨੂੰ ਪਤਾ ਲੱਗ ਸਕੇ ਕਿ ਮੈਂ ਆਪਣੇ ਮੂਲ ਧਰਮ ਵਿੱਚ ਵਾਪਸ ਚਲੀ ਗਈ ਹਾਂ।

ਕਸ਼ਮੀਰ ਵਿੱਚ ਸਿੱਖ ਬੀਬੀਆਂ ਦੇ ਮੁਸਲਮਾਨਾਂ ਵੱਲ ਝੁਕਾਅ ਕਾਰਨ ਇੱਕ ਨਵੀਂ ਦਰਾੜ ਪੈਦਾ ਹੋਈ ਹੈ। ਕਸ਼ਮੀਰ ਵਿੱਚ ਲਗਭਗ 40,000 ਸਿੱਖਾਂ ਦਾ ਛੋਟਾ ਭਾਈਚਾਰਾ ਹੈ ਜੋ ਕਸ਼ਮੀਰ ਦੀ ਆਬਾਦੀ ਦਾ ਲਗਭਗ 1 ਪ੍ਰਤੀਸ਼ਤ ਹੈ ਤੇ ਜਿਹਾਦੀ ਹਿੰਸਾ ਦੇ ਖਤਰੇ ਵਿੱਚ ਉਹ ਰਹਿ ਰਿਹਾ। ਉਹ ਸਿੱਖ ਧਰਮ ਲਈ ਪੈਦਾ ਹੋਈਆਂ ਚੁਣੌਤੀਆਂ ਦਾ ਸਾਹਮਣਾ ਕਰਦੇ ਹੋਏ ਆਪਣੀ ਸੱਭਿਆਚਾਰਕ ਅਤੇ ਧਾਰਮਿਕ ਪਛਾਣ ਨੂੰ ਕਾਇਮ ਰੱਖਣ ਦੀ ਕੋਸ਼ਿਸ਼ ਕਰ ਰਿਹਾ ਹੈ। ਸ਼੍ਰੋਮਣੀ ਕਮੇਟੀ ਵੀ ਉਨ੍ਹਾਂ ਦੀ ਸਾਰ ਨਹੀਂ ਲੈ ਰਹੀ। ਉਥੇ ਉਨ੍ਹਾਂ ਦੀ ਸਾਰ ਲੈਣ ਲਈ ਅਜੇ ਤੱਕ ਨਾ ਅਕਾਲੀ ਦਲ ਦਾ, ਨਾ ਸ਼੍ਰੋਮਣੀ ਕਮੇਟੀ ਦਾ ਵਫਦ ਸਾਰ ਲੈਣ ਲਈ ਗਿਆ ਹੈ।

ਧਰਮ ਪਰਿਵਰਤਨ ਬਾਰੇ ਵੀਡੀਓ ਕਸ਼ਮੀਰੀ ਵਿੱਚ ਬੋਲਣ ਵਾਲੇ ਇੱਕ ਵਿਅਕਤੀ ਨਾਲ ਸ਼ੁਰੂ ਹੁੰਦਾ ਹੈ ਅਤੇ ਲੋਕਾਂ ਨੂੰ ਇਹ ਵੀਡੀਓ ਵੱਧ ਤੋਂ ਵੱਧ ਸ਼ੇਅਰ ਕਰਨ ਦੀ ਅਪੀਲ ਕਰਦਾ ਹੈ। ਇਸ ਵੀਡੀਓ ਨੂੰ 8.5 ਲੱਖ ਵਾਰ ਦੇਖਿਆ ਜਾ ਚੁੱਕਾ ਹੈ। ਜ਼ਿਆਦਾਤਰ ਟਿੱਪਣੀਆਂ ਵਿੱਚ ਸਿੱਖ ਤੋਂ ਮੁਸਲਮਾਨ ਬਣੀ ਔਰਤ ਨੂੰ ਵਧਾਈ ਦਿੱਤੀ ਗਈ, ਜਦਕਿ ਸਿੱਖ ਭਾਈਚਾਰੇ ਨੇ ਇਸ 'ਤੇ ਹੈਰਾਨੀ ਪ੍ਰਗਟਾਈ ਹੈ ਕਿ ਇਹ ਸਿੱਖ ਪੰਥ ਨੂੰ ਜ਼ਲੀਲ ਕਰਨ ਦੀ ਕਾਰਵਾਈ ਹੈ।



ਉਸ ਵੀਡੀਓ ਹੇਠ ਜਗਬੀਰ ਸਿੰਘ ਨੇ ਟਿੱਪਣੀ ਕੀਤੀ ਹੈ ਕਿ ਤੁਸੀਂ ਖੁਸ਼ ਹੋ ਸਕਦੀਆਂ ਹੋ, ਪਰ ਤੁਹਾਡੇ ਮਾਤਾ-ਪਿਤਾ ਦੁਖੀ ਹਨ। ਇਹ ਨਾ ਤਾਂ ਸਿੱਖ ਕੌਮ ਲਈ ਚੰਗਾ ਹੈ ਅਤੇ ਨਾ ਹੀ ਮੁਸਲਿਮ ਭਾਈਚਾਰੇ ਲਈ। ਮਾਵਾਂ ਸਭ ਤੋਂ ਪਹਿਲਾਂ ਦੋਸ਼ੀ ਹਨ ਜੋ ਆਪਣੀਆਂ ਧੀਆਂ ਨੂੰ ਸਿੱਖੀ ਨਾਲ ਨਹੀਂ ਜੋੜ ਸਕੀਆਂ। ਸਿੱਖ ਭਾਈਚਾਰੇ ਦੇ ਲੋਕ ਆਪਣੀਆਂ ਧੀਆਂ ਵਿੱਚ ਸਿੱਖ ਕਦਰਾਂ-ਕੀਮਤਾਂ ਨਾ ਪੈਦਾ ਕਰਨ ਲਈ ਮਾਵਾਂ 'ਤੇ ਦੋਸ਼ ਲਗਾ ਰਹੇ ਹਨ। ਜਦੋਂ ਕਿ ਕੁਝ ਅੰਤਰ-ਧਰਮੀ ਅਜਿਹੇ ਜੋੜਿਆਂ ਨੇ ਆਪਣੇ ਫੈਸਲਿਆਂ 'ਤੇ ਪਛਤਾਵਾ ਨਾ ਕਰਨ ਅਤੇ ਆਪਣੀ ਪਸੰਦ ਦੇ ਨਾਲ ਖੁਸ਼ੀ ਨਾਲ ਜੀ ਰਹੇ ਹੋਣ ਦੀ ਗੱਲ ਕੀਤੀ। ਇਸ ਸੰਦਰਭ ਵਿੱਚ ਵੱਡਾ ਸੁਆਲ ਇਹ ਹੈ ਕਿ ਅਜਿਹੇ ਹਿੰਸਕ ਤੇ ਫਿਰਕੂ ਮਹੌਲ ਵਿੱਚ ਸਿੱਖ ਕਿਵੇਂ ਰਹਿੰਦੇ ਹਨ।

ਸੋਸ਼ਲ ਮੀਡੀਆ 'ਤੇ ਜਦੋਂ ਵੀ ਕੋਈ ਕਸ਼ਮੀਰੀ ਸਿੱਖ ਔਰਤ ਇਸਲਾਮ ਕਬੂਲ ਕਰਦੀ ਹੈ ਤਾਂ ਉਸ ਦਾ ਮੁਸਲਮਾਨ ਭਾਈਚਾਰੇ ਵਲੋਂ ਜਸ਼ਨ ਮਨਾਉਣਾ ਘੱਟ-ਗਿਣਤੀ ਸਿੱਖ ਭਾਈਚਾਰੇ ਲਈ ਬਹੁਤ ਭੜਕਾਊ ਹੈ।

ਸ਼੍ਰੀਨਗਰ ਦੇ 28 ਸਾਲਾ ਅੰਗਦ ਸਿੰਘ ਦਾ ਕਹਿਣਾ ਹੈ ਕਿ ਕਸ਼ਮੀਰੀ ਸਿੱਖ ਸਮਾਜ ਨੇ ਅੰਤਰ-ਧਾਰਮਿਕ ਵਿਆਹਾਂ ਨੂੰ ਸਵੀਕਾਰ ਨਹੀਂ ਕੀਤਾ। ਜਦੋਂ ਅਜਿਹੀਆਂ ਘਟਨਾਵਾਂ ਦੀ ਵਡਿਆਈ ਕੀਤੀ ਜਾਂਦੀ ਹੈ, ਤਾਂ ਇਹ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਂਦੀ ਹੈ ਅਤੇ ਭੜਕਾਉਂਦੀ ਹੈ।

ਜੰਮੂ-ਕਸ਼ਮੀਰ ਦੇ ਮੁਸਲਮਾਨ ਪ੍ਰਚਾਰਕ ਗ੍ਰੈਂਡ ਮੁਫਤੀ ਨਾਸਿਰ-ਉਲ-ਇਸਲਾਮ ਨੇ ਕਿਹਾ ਕਿ ਉਹ ਵਿਆਹ ਦੇ ਨਾਂ 'ਤੇ ਧਰਮ ਪਰਿਵਰਤਨ ਨੂੰ ਮਨਜ਼ੂਰੀ ਨਹੀਂ ਦਿੰਦੇ। ਕਿਸੇ ਨੂੰ ਇਸਲਾਮ ਬਾਰੇ ਪੜ੍ਹ ਕੇ ਤੇ ਸਮਝਣ ਤੋਂ ਬਾਅਦ ਹੀ ਧਰਮ ਬਦਲਣਾ ਚਾਹੀਦਾ ਹੈ। ਅੰਤਰ-ਧਾਰਮਿਕ ਵਿਆਹਾਂ ਬਾਰੇ ਬੋਲਦਿਆਂ, ਗ੍ਰੈਂਡ ਮੁਫਤੀ ਨੇ ਕਿਹਾ ਕਿ ਲੋਕਾਂ ਨੂੰ ਸੰਵਿਧਾਨ ਤਹਿਤ ਅਧਿਕਾਰ ਹਨ ਅਤੇ ਉਹ ਉਨ੍ਹਾਂ ਦੀ ਪਾਲਣਾ ਕਰਨ ਲਈ ਆਜ਼ਾਦ ਹਨ। ਉਸ ਨੇ ਕਿਹਾ ਕਿ ਮੈਂ ਇਨ੍ਹਾਂ ਮਾਮਲਿਆਂ ਵਿੱਚ ਦਖਲ ਨਹੀਂ ਦਿੰਦਾ, ਪਰ ਜੇਕਰ ਤੁਸੀਂ ਮੈਨੂੰ ਪੁੱਛੋ ਤਾਂ ਲੋਕਾਂ ਨੇ ਧਰਮ ਦੀ ਸਹੀ ਜਾਣਕਾਰੀ ਤੋਂ ਬਿਨਾਂ ਵਿਆਹ ਕਰ ਲਿਆ ਹੈ। ਮੈਂ ਉਸ ਨੂੰ ਮੁਸਲਮਾਨ ਨਹੀਂ ਮੰਨਦਾ।



ਬਾਰਾਮੂਲਾ ਦੀਆਂ ਤੰਗ ਗਲੀਆਂ ਦੇ ਇੱਕ ਸ਼ਾਂਤ ਕੋਨੇ ਵਿੱਚ ਸਥਿਤ, ਇੱਕ ਆਮ ਘਰ ਕੁਝ ਸਾਲ ਪਹਿਲਾਂ ਮੁਸਲਿਮ ਇਲਾਕੇ ਦੀ ਚਰਚਾ ਬਣ ਗਿਆ ਸੀ। ਇੱਕ ਮੁਸਲਿਮ ਆਦਮੀ ਅਤੇ ਇੱਕ ਸਿੱਖ ਔਰਤ ਨੇ ਵਿਆਹ ਕਰਵਾ ਲਿਆ ਸੀ, ਜਿਸ ਤੋਂ ਬਾਅਦ ਔਰਤ ਨੇ ਇਸਲਾਮ ਕਬੂਲ ਕਰ ਲਿਆ - ਉਨ੍ਹਾਂ ਦੀ ਇਸ ਪ੍ਰੇਮ ਕਹਾਣੀ ਨੇ ਦੋਵਾਂ ਭਾਈਚਾਰਿਆਂ ਵਿੱਚ ਤਣਾਅ ਪੈਦਾ ਕਰ ਦਿੱਤਾ ਸੀ। ਦੋਵਾਂ ਭਾਈਚਾਰਿਆਂ ਵਿਚਕਾਰ ਤਣਾਅ ਦੇ ਕਾਰਨ, ਸਿੱਖ ਤੋਂ ਮੁਸਲਮਾਨ ਬਣੀ ਔਰਤ ਨੂੰ ਇੱਕ ਵੀਡੀਓ ਬਣਾਉਣਾ ਪਿਆ ਸੀ, ਜਿਸ ਵਿੱਚ ਉਸਨੇ ਕਬੂਲ ਕੀਤਾ ਸੀ ਕਿ ਉਸਨੇ ਮਰਦ ਦੇ ਪਰਿਵਾਰ ਦੇ ਦਬਾਅ ਤੋਂ ਬਿਨਾਂ ਆਪਣੀ ਮਰਜ਼ੀ ਨਾਲ ਇਸਲਾਮ ਕਬੂਲ ਕੀਤਾ ਸੀ। ਇਸ ਵੀਡੀਓ ਅਨੁਸਾਰ ਅਸਮਾ ਦਸਦੀ ਹੈ ਕਿ ਉਸ ਦੀ ਮੁਲਾਕਾਤ ਆਮਿਰ (ਬਦਲਿਆ ਹੋਇਆ ਨਾਂ) ਨਾਲ ਉਦੋਂ ਹੋਈ ਜਦੋਂ ਉਹ ਸਿਰਫ਼ 13 ਸਾਲ ਦੀ ਸੀ। ਆਮਿਰ ਨੇ ਉਸ ਨੂੰ ਪਹਿਲੀ ਵਾਰ ਦੇਖਿਆ ਜਦੋਂ ਉਹ ਟਿਊਸ਼ਨ ਕਲਾਸਾਂ ਲਈ ਜਾ ਰਹੀ ਸੀ ਅਤੇ ਫਿਰ ਉਹ ਹਰ ਰੋਜ਼ ਉਸ ਦਾ ਪਿੱਛਾ ਕਰਨ ਲੱਗਾ। ਸ਼੍ਰੀਨਗਰ ਦੇ ਰਹਿਣ ਵਾਲੇ ਜੋੜੇ ਨੇ ਵਿਆਹ ਤੋਂ ਪਹਿਲਾਂ ਸੱਤ ਸਾਲ ਤੱਕ ਡੇਟ ਕੀਤੀ ਸੀ।



ਆਪਣੇ ਰਿਸ਼ਤੇ ਦੇ ਪਹਿਲੇ ਸਾਲ ਵਿੱਚ, ਆਮਿਰ ਨੇ ਉਸ ਨੂੰ ਇੱਕ ਸੋਨੇ ਦੀ ਅੰਗੂਠੀ ਤੋਹਫੇ ਵਿੱਚ ਦਿੱਤੀ ਸੀ ਅਤੇ ਅਸਮਾ ਨੇ ਘਰ ਵਿੱਚ ਗੁਪਤ ਰੂਪ ਵਿੱਚ ਨਮਾਜ਼ ਅਦਾ ਕਰਨੀ ਸ਼ੁਰੂ ਕਰ ਦਿੱਤੀ ਸੀ। ਅਖੀਰ ਦੋਹਾਂ ਨੇ ਵਿਆਹ ਕਰਵਾ ਲਿਆ। ਅਸਮਾ ਦਸਦੀ ਹੈ ਕਿ ਉਸ ਲਈ ਧਰਮ ਕਦੇ ਵੀ ਮੁੱਦਾ ਨਹੀਂ ਰਿਹਾ।

ਅਸਮਾ ਅਤੇ ਆਮਿਰ ਨੂੰ ਸਿੱਖ ਭਾਈਚਾਰੇ ਦੇ ਗੁੱਸੇ ਦਾ ਸਾਹਮਣਾ ਕਰਨਾ ਪਿਆ, ਜਿਨ੍ਹਾਂ ਨੇ ਆਮਿਰ 'ਤੇ ਛੋਟੀ ਉਮਰ ਵਿੱਚ ਆਪਣੀ ਧੀ ਨੂੰ ਪਿਆਰ ਦੀ ਆੜ ਵਿੱਚ ਉਸ ਦਾ ਧਰਮ ਬਦਲਣ ਦਾ ਦੋਸ਼ ਲਗਾਇਆ। ਦੂਜੇ ਪਾਸੇ, ਅਸਮਾ ਨੂੰ ਆਪਣੇ ਨਵੇਂ ਧਾਰਮਿਕ ਮੁਸਲਮਾਨ ਭਾਈਚਾਰੇ ਵਿੱਚ ਫਿੱਟ ਹੋਣ ਲਈ ਸਖ਼ਤ ਮਿਹਨਤ ਕਰਨੀ ਪਈ ।

ਅਸਮਾ ਨੇ ਕਿਹਾ ਕਿ ਉਹ ਆਮਿਰ ਤੋਂ ਖੁਸ਼ ਹੈ ਅਤੇ ਸਾਰਿਆਂ ਨੇ ਉਸ ਨੂੰ ਸਵੀਕਾਰ ਕਰ ਲਿਆ ਹੈ, ਪਰ ਉਸ ਨੂੰ ਆਪਣੇ ਮਾਤਾ-ਪਿਤਾ ਦੀ ਯਾਦ ਆਉਂਦੀ ਹੈ, ਪਰ ਉਨ੍ਹਾਂ ਕੋਲ ਜਾਣ ਦੀ ਹਿੰਮਤ ਨਹੀਂ ਹੈ। ਇਹ ਉਸਦੇ ਰਿਸ਼ਤੇ ਲਈ ਦੁਖਾਂਤਕ ਹੈ। ਅਸਮਾ ਨੇ ਕਿਹਾ ਕਿ ਜੇ ਉਸਦੇ ਮਾਂ -ਬਾਪ ਨੂੰ ਪਤਾ ਲੱਗ ਗਿਆ ਤਾਂ ਉਹ ਸਾਨੂੰ ਮਾਰ ਦੇਣਗੇ। ਮੈਂ ਅਕਸਰ ਸੋਚਦਾ ਹਾਂ ਕਿ ਸਾਡੇ ਵਰਗੇ ਅੰਤਰਜਾਤੀ ਜੋੜਿਆਂ ਲਈ ਦਿੱਲੀ ਬਿਹਤਰ ਹੈ। ਉੱਥੇ ਆਜ਼ਾਦੀ ਹੈ ਅਤੇ ਕੋਈ ਵੀ ਪਰੇਸ਼ਾਨ ਨਹੀਂ ਕਰਦਾ।

**ਸਿੱਖ ਭਾਈਚਾਰੇ ਦਾ ਇਸ ਦੁਖਾਂਤ ਬਾਰੇ ਪੱਖ**

ਗੁਰਦੁਆਰੇ ਵਿੱਚ ਸਥਿਤ ਲਾਇਬ੍ਰੇਰੀ ਸਿੱਖ ਭਾਈਚਾਰੇ ਦੇ ਮੈਂਬਰਾਂ ਲਈ ਅਜਿਹੇ ਧਰਮ ਪਰਿਵਰਤਨ ਦੇ ਕਾਰਨਾਂ ਬਾਰੇ ਚਰਚਾ ਕਰਨ ਦਾ ਕੇਂਦਰ ਬਣ ਗਈ ਹੈ। ਸਿੱਖ ਭਾਈਚਾਰੇ ਨੇ ਇਸ ਸਮਸਿਆ ਨੂੰ ਤਿੰਨ ਮੁੱਖ ਕਾਰਨਾਂ ਤੱਕ ਸੀਮਤ ਕਰ ਦਿੱਤਾ ਹੈ: ਵਾਸਨਾ, ਇੱਛਾ ਅਤੇ ਕਿਸ਼ੋਰ ਦਾ ਮੋਹ।

47 ਸਾਲਾ ਜਗਜੀਤ ਸਿੰਘ ਨੇ ਦਾਅਵਾ ਕੀਤਾ ਕਿ ਹਰ ਸਾਲ ਚਾਰ ਤੋਂ ਪੰਜ ਸਿੱਖ ਔਰਤਾਂ ਕਸ਼ਮੀਰੀ ਮੁਸਲਮਾਨਾਂ ਨਾਲ ਵਿਆਹ ਕਰਨ ਲਈ ਇਸਲਾਮ ਕਬੂਲ ਕਰਦੀਆਂ ਹਨ। ਹਾਲਾਂਕਿ, ਸਿੰਘ ਨੇ ਮੰਨਿਆ ਕਿ ਉਨ੍ਹਾਂ ਕੋਲ ਇਸ ਬਾਰੇ ਕੋਈ ਦਸਤਾਵੇਜ਼ ਨਹੀਂ ਹੈ ਕਿ ਹੁਣ ਤੱਕ ਕਿੰਨੀਆਂ ਸਿੱਖ ਔਰਤਾਂ ਧਰਮ ਪਰਿਵਰਤਨ ਕਰ ਚੁੱਕੀਆਂ ਹਨ। ਉਸ ਅਨੁਸਾਰ ਅੱਲੜ ਸਿੱਖ ਕੁੜੀਆਂ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ। ਉਹ ਇੱਕ ਰਿਸ਼ਤੇ ਵਿੱਚ ਆ ਜਾਂਦੇ ਹਨ ਅਤੇ ਫਿਰ ਅਚਾਨਕ ਉਨ੍ਹਾਂ ਨੂੰ ਵਿਆਹ ਲਈ ਧਰਮ ਬਦਲਣ ਲਈ ਕਿਹਾ ਜਾਂਦਾ ਹੈ।

ਲਾਇਬ੍ਰੇਰੀ ਵਿੱਚ ਮੌਜੂਦ ਇੱਕ ਹੋਰ ਸਿਖ ਔਰਤ ਨੇ ਇਸ ਸਮੱਸਿਆ ਲਈ ਸਿੱਖ ਮਾਵਾਂ ਨੂੰ ਜ਼ਿੰਮੇਵਾਰ ਠਹਿਰਾਇਆ। ਉਸਨੇ ਕਿਹਾ ਕਿ ਜੇ ਘਰ ਵਿੱਚ ਗੁਰਮਤਿ ਦਾ ਮਾਹੌਲ ਨਹੀਂ ਤਾਂ ਉਸ ਘਰ ਦੀਆਂ ਬੱਚੀਆਂ ਭਾਵਨਾਤਮਕ ਤੇ ਸਿਧਾਂਤਕ ਤੌਰ 'ਤੇ ਕਮਜ਼ੋਰ ਹੁੰਦੀਆਂ ਹਨ, ਤੇ ਅਜਿਹੇ ਧਰਮ ਪਰਿਵਰਤਨ ਦਾ ਸ਼ਿਕਾਰ ਹੁੰਦੀਆਂ ਹਨ।

ਲਾਇਬਰੇਰੀ ਵਿੱਚ ਇਕੱਠੇ ਹੋਏ ਸਿੱਖਾਂ ਨੇ ਦੁੱਖ ਪ੍ਰਗਟ ਕੀਤਾ ਕਿ ਅਸੀਂ ਸਿੱਖ ਕਸ਼ਮੀਰ ਵਿੱਚ ਇੱਕ ਘੱਟ ਗਿਣਤੀ ਭਾਈਚਾਰਾ ਹਾਂ। ਸਾਡੇ ਕੋਲ ਕੋਈ ਰਾਜਨੀਤਿਕ ਪ੍ਰਤੀਨਿਧਤਾ ਜਾਂ ਅਧਿਕਾਰ ਨਹੀਂ ਹਨ। ਸਰਕਾਰ ਨੇ ਸਾਨੂੰ ਘੱਟ ਗਿਣਤੀ ਦਾ ਦਰਜਾ ਵੀ ਨਹੀਂ ਦਿੱਤਾ। ਇਹ ਸਾਡਾ ਵੱਡਾ ਦੁਖਾਂਤ ਹੈ। ਉਨ੍ਹਾਂ ਕਿਹਾ ਕਿ ਧਰਮ ਪਰਿਵਰਤਨ ਦੀਆਂ ਅਜਿਹੀਆਂ ਘਟਨਾਵਾਂ ਵਾਦੀ ਵਿੱਚ ਸਿੱਖਾਂ ਅਤੇ ਮੁਸਲਮਾਨਾਂ ਦਰਮਿਆਨ ਵਧ ਰਹੇ ਤਣਾਅ ਨੂੰ ਹੋਰ ਵਧਾ ਰਹੀਆਂ ਹਨ।





# ਪਾਖੰਡੀ ਬਾਬਿਆਂ ਤੇ ਅੰਧ ਵਿਸ਼ਵਾਸ ਰੋਕੂ ਕਾਨੂੰਨ ਬਣਾਉਣ ਤੋਂ ਟਾਲਾ ਕਿਉਂ ਵੱਟ ਰਹੀ ਹੈ ਸਰਕਾਰ

ਸੁਮੀਤ ਸਿੰਘ

ਪਿਛਲੇ ਕੁਝ ਸਾਲਾਂ ਵਿੱਚ ਪੰਜਾਬ ਵਿੱਚ ਕਈ ਪਾਖੰਡੀ ਬਾਬਿਆਂ, ਤਾਂਤਰਿਕਾਂ, ਕਥਿਤ ਸਿਆਣਿਆਂ ਵੱਲੋਂ ਕਿਸੇ ਮਾਨਸਿਕ ਰੋਗ ਨਾਲ ਪੀੜਤ ਬੰਦੇ ਵਿੱਚੋਂ ਅਖੌਤੀ ਬੁਰੀ ਆਤਮਾ, ਓਪਰੀ ਸ਼ੈਅ ਜਾਂ ਭੂਤ ਪ੍ਰੇਤ ਕੱਢਣ ਦੀ ਆੜ ਹੇਠ ਕਤਲ, ਔਰਤਾਂ ਨਾਲ ਜ਼ਬਰਦਸਤੀ, ਗਰਮ ਚਿਮਟਿਆਂ ਨਾਲ ਤਸੀਹੇ ਦੇਣ ਅਤੇ ਮਾਸੂਮ ਬੱਚਿਆਂ ਦੀ ਬਲੀ ਦੀਆਂ ਦਿਲ ਕੰਬਾਊ ਅਪਰਾਧਿਕ ਘਟਨਾਵਾਂ ਵਾਪਰ ਚੁੱਕੀਆਂ ਹਨ। ਹਕੂਮਤਾਂ ਦੀ ਘੋਰ ਅਣਗਹਿਲੀ ਕਾਰਨ ਇਹ ਘਟਨਾਵਾਂ ਲਗਾਤਾਰ ਵਧ ਰਹੀਆਂ ਹਨ।

ਪਿਛਲੇ ਸਾਲ 3 ਅਕਤੂਬਰ ਨੂੰ ਖੰਨਾ ਨੇੜਲੇ ਪਿੰਡ ਅਲੌੜ ਵਿੱਚ ਇੱਕ ਸ਼ਖ਼ਸ ਨੇ ਕਿਸੇ ਦੇਵੀ ਦੇਵਤੇ ਦੀ ਪੂਜਾ ਦੇ ਨਾਮ ਹੇਠ ਕਿਸੇ ਤਾਂਤਰਿਕ ਦੇ ਕਹਿਣ 'ਤੇ ਚਾਰ ਸਾਲਾ ਮਾਸੂਮ ਲੜਕੇ ਰਵੀ ਰਾਜ ਦੀ ਬੜੀ ਦੀ ਬਲੀ ਦੇ ਦਿੱਤੀ। ਇਸੇ ਤਰ੍ਹਾਂ ਦੀ ਦਿਲ ਕੰਬਾਊ ਘਟਨਾ ਵਿੱਚ ਪਿਛਲੇ ਸਾਲ 11 ਜੁਲਾਈ ਨੂੰ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਮੂਧਲ (ਅੰਮ੍ਰਿਤਸਰ) ਵਿੱਚ ਸਕੇ ਰਿਸ਼ਤੇਦਾਰਾਂ ਨੇ ਆਪਣਾ ਕਾਰੋਬਾਰ ਵਧਾਉਣ ਲਈ ਕਿਸੇ ਤਾਂਤਰਿਕ ਦੇ ਕਹਿਣ 'ਤੇ 9 ਸਾਲਾ ਮਾਸੂਮ ਲੜਕੀ ਸੁਖਮਨਦੀਪ ਕੌਰ ਦੀ ਬਲੀ ਦੇ ਦਿੱਤੀ। ਇਸ ਤਾਂਤਰਿਕ ਨੇ ਉਨ੍ਹਾਂ ਨੂੰ ਕਿਹਾ ਸੀ ਕਿ ਤੁਹਾਡੇ ਵਪਾਰ ਉਤੇ ਕਿਸੇ ਸ਼ੈਤਾਨ ਦਾ ਸਾਇਆ ਹੈ, ਕਿਸੇ ਮਾਸੂਮ ਬੱਚੀ ਦੀ ਬਲੀ ਦੇਣ ਤੋਂ ਬਾਅਦ ਤੁਹਾਡੇ ਕਾਰੋਬਾਰ ਵਿੱਚ ਲਹਿਰਾਂ ਬਹਿਰਾਂ ਹੋ ਜਾਣਗੀਆਂ। ਚਾਰੇ ਦੋਸ਼ੀਆਂ ਨੂੰ ਭਾਵੇਂ ਗ੍ਰਿਫ਼ਤਾਰ ਕਰ ਲਿਆ ਗਿਆ ਪਰ ਮੁੱਖ ਮੁਲਜ਼ਮ ਤਾਂਤਰਿਕ ਅਜੇ ਵੀ ਕਾਨੂੰਨੀ ਗ੍ਰਿਫਤ ਵਿੱਚੋਂ ਬਾਹਰ ਹੈ।

2017 ਵਿੱਚ ਬਠਿੰਡਾ ਜ਼ਿਲ੍ਹੇ ਦੇ ਪਿੰਡ ਕੋਟ ਫੱਤਾ ਵਿੱਚ ਕਿਸੇ ਤਾਂਤਰਿਕ ਦੇ ਪਿੱਛਲੱਗੂ ਬਣੇ ਪਰਿਵਾਰ ਦੇ ਛੇ ਜੀਆਂ ਨੇ ਆਪਣੇ ਹੀ ਸਕੇ ਤਿੰਨ ਅਤੇ ਪੰਜ ਸਾਲ ਦੇ ਮਾਸੂਮ ਬੱਚਿਆਂ ਦੀ ਬਲੀ ਦੇ ਦਿੱਤੀ ਸੀ ਅਤੇ ਇਸ ਅਤਿ ਘਿਨਾਉਣੇ ਅਪਰਾਧ ਕਾਰਨ 23 ਮਾਰਚ 2023 ਨੂੰ ਅਦਾਲਤ ਨੇ ਤਾਂਤਰਿਕ ਸਮੇਤ ਇਨ੍ਹਾਂ ਸੱਤੇ ਦੋਸ਼ੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਸੀ। ਕੁਝ ਸਾਲ ਪਹਿਲਾਂ ਪਿੰਡ ਭਿੰਡਰ ਕਲਾਂ (ਮੋਗਾ) ਦੀ ਸਰਪੰਚ ਜੋ ਕਿਸੇ ਵਿਸ਼ੇਸ਼ ਦਿਨ 'ਤੇ ਚੌਂਕੀ ਲਗਾ ਕੇ ਪੁੱਛਾਂ ਦੇਣ ਦਾ ਗੈਰ-ਕਾਨੂੰਨੀ ਕੰਮ ਵੀ ਕਰਦੀ ਸੀ, ਨੇ ਆਪਣੀ ਹੀ ਇੱਕ ਰਿਸ਼ਤੇਦਾਰ ਮਾਸੂਮ ਲੜਕੀ ਵਿੱਚੋਂ ਅਖੌਤੀ ਭੂਤ ਪ੍ਰੇਤ ਕੱਢਣ ਦਾ ਕਹਿ ਕੇ ਚਿਮਟਿਆਂ ਨਾਲ ਕੁੱਟ ਕੁੱਟ ਕੇ ਉਸ ਦੀ ਹੱਤਿਆ ਕਰ ਦਿੱਤੀ ਸੀ।



ਇਹ ਕੋਈ ਸਾਧਾਰਨ ਕਤਲ ਨਹੀਂ ਬਲਕਿ ਖ਼ਤਰਨਾਕ ਅੰਧ-ਵਿਸ਼ਵਾਸੀ ਮਾਨਸਿਕਤਾ ਤਹਿਤ ਮਾਸੂਮ ਬੱਚਿਆਂ ਨੂੰ ਫੁਸਲਾ ਕੇ ਯੋਜਨਾਬੱਧ ਸਾਜਿਸ਼ ਹੇਠ ਕੀਤੀਆਂ ਹੱਤਿਆਵਾਂ ਹਨ। ਬੇਹੱਦ ਅਫ਼ਸੋਸ ਹੈ ਕਿ ਕਿਸੇ ਵੀ ਸਿਆਸੀ ਪਾਰਟੀ ਦੀ ਸਰਕਾਰ ਨੇ ਅਜਿਹੀਆਂ ਵਹਿਸ਼ੀ ਹੱਤਿਆਵਾਂ ਰੋਕਣ ਲਈ ਹੁਣ ਤਕ ਕੋਈ ਅੰਧ-ਵਿਸ਼ਵਾਸ ਰੋਕੂ ਕਾਨੂੰਨ ਲਾਗੂ ਕਰਨ ਦੀ ਸੰਵਿਧਾਨਿਕ ਜ਼ਿੰਮੇਵਾਰੀ ਨਹੀਂ ਨਿਭਾਈ।

ਮੌਜੂਦਾ ਵਿਗਿਆਨਕ ਯੁੱਗ ਵਿੱਚ ਧਾਰਮਿਕ ਆਸਥਾ ਦੀ ਆੜ ਹੇਠ ਮਨੁੱਖੀ ਬਲੀ ਦੇਣ ਦੀਆਂ ਅਜਿਹੀਆਂ ਹੱਤਿਆਵਾਂ ਜਿੱਥੇ ਸਰਕਾਰ ਅਤੇ ਪੁਲਿਸ ਪ੍ਰਸ਼ਾਸਨ ਦੀ ਘੋਰ ਨਲਾਇਕੀ, ਪਾਖੰਡੀ ਬਾਬਿਆਂ ਤੇ ਤਾਂਤਰਿਕਾਂ ਦੀ ਸਿਆਸੀ ਸਰਪ੍ਰਸਤੀ ਅਤੇ ਲੋਕ ਵਿਰੋਧੀ ਤੇ ਸਾਮਰਾਜ ਪੱਖੀ ਆਰਥਿਕ ਤੇ ਸਮਾਜਿਕ ਨੀਤੀਆਂ ਲਾਗੂ ਕਰਨ ਦਾ ਮਾੜਾ ਨਤੀਜਾ ਹੈ ਉਥੇ ਆਪਣੇ ਆਪ ਨੂੰ ਸੱਭਿਅਕ ਕਹਾਉਂਦੇ ਸਮਾਜ ਅਤੇ ਮਨੁੱਖਤਾ ਦੇ ਮੱਥੇ 'ਤੇ ਵੱਡਾ ਕਲੰਕ ਵੀ ਹਨ। ਸਾਡੇ ਦੇਸ਼ ਦਾ ਵਿੱਦਿਅਕ ਢਾਂਚਾ ਵੀ ਲੋਕਾਂ ਵਿੱਚ ਵਿਗਿਆਨਕ ਚੇਤਨਾ ਅਤੇ ਸੰਘਰਸ਼ ਦੀ ਭਾਵਨਾ ਪੈਦਾ ਕਰਨ ਦੀ ਥਾਂ ਉਨ੍ਹਾਂ ਨੂੰ ਅੰਧ-ਵਿਸ਼ਵਾਸੀ, ਅਧਿਆਤਮਵਾਦੀ ਅਤੇ ਕਿਸਮਤਵਾਦੀ ਬਣਾਉਣ ਵਲ ਜ਼ਿਆਦਾ ਰੁਚੀ ਰੱਖਦਾ ਹੈ।

ਇਹੀ ਵਜ੍ਹਾ ਹੈ ਕਿ ਸਾਡੇ ਸਮਾਜ ਦੇ ਬਹੁਗਿਣਤੀ ਲੋਕ ਮਾੜੀ ਆਰਥਿਕਤਾ ਅਤੇ ਹੋਰ ਵੱਖ-ਵੱਖ ਕਾਰਨਾਂ ਕਰ ਕੇ ਕਈ ਤਰ੍ਹਾਂ ਦੇ ਵਹਿਮਾਂ-ਭਰਮਾਂ, ਅੰਧ-ਵਿਸ਼ਵਾਸਾਂ, ਅਖੌਤੀ ਕਾਲੇ ਇਲਮ, ਕੀਤੇ ਕਰਾਏ, ਜਾਦੂ-ਟੂਣੇ, ਅਖੌਤੀ ਚਮਤਕਾਰਾਂ, ਕਿਸਮਤਵਾਦ, ਅਧਿਆਤਮਵਾਦ, ਰੂੜੀਵਾਦੀ ਰਸਮਾਂ, ਡੇਰਿਆਂ ਅਤੇ ਪਾਖੰਡੀ ਬਾਬਿਆਂ, ਤਾਂਤਰਿਕਾਂ ਅਤੇ ਜੋਤਸ਼ੀਆਂ ਦੇ ਮੱਕੜਜਾਲ ਵਿੱਚ ਬੜੀ ਬੁਰੀ ਤਰ੍ਹਾਂ ਜਕੜੇ ਹੋਏ ਹਨ।

ਲੋਕਾਂ ਨੂੰ ਇਹ ਤੱਥ ਗੰਭੀਰਤਾ ਨਾਲ ਵਿਚਾਰਨ ਦੀ ਲੋੜ ਹੈ ਕਿ ਜੇ ਇਨ੍ਹਾਂ ਪਾਖੰਡੀ ਤਾਂਤਰਿਕਾਂ, ਬਾਬਿਆਂ, ਜੋਤਸ਼ੀਆਂ ਅਤੇ ਸਵਾਮੀਆਂ ਕੋਲ ਲੋਕਾਂ ਦੀਆਂ ਸਭ ਸਮੱਸਿਆਵਾਂ ਹਲ ਕਰਨ, ਮਨਚਾਹੀਆਂ ਖਾਹਿਸ਼ਾਂ ਪੂਰੀਆਂ ਕਰਨ ਅਤੇ ਬਿਮਾਰੀਆਂ ਦੇ ਸਫਲ ਇਲਾਜ ਕਰਨ ਦੀ ਕੋਈ ਦੈਵੀ ਸ਼ਕਤੀ ਮੌਜੂਦ ਹੋਵੇ ਤਾਂ ਇਹ ਸਭ ਤੋਂ ਪਹਿਲਾਂ ਭਾਰਤ ਦੀਆਂ ਵੱਖ-ਵੱਖ ਤਰਕਸ਼ੀਲ਼ ਸੰਸਥਾਵਾਂ ਵੱਲੋਂ ਆਪਣੀ ਦੈਵੀ ਸ਼ਕਤੀ ਦਿਖਾਉਣ ਲਈ ਰੱਖੇ ਕਰੋੜਾਂ ਰੁਪਏ ਦੇ ਇਨਾਮ ਜਿੱਤਣ ਦੀ ਚੁਣੌਤੀ ਸਵੀਕਾਰ ਕਿਉਂ ਨਹੀਂ ਕਰਦੇ? ਇਹ ਭੋਲੇ ਭਾਲੇ ਲੋਕਾਂ ਨੂੰ ਫਸਾ ਕੇ ਲੁੱਟਣ ਦਾ ਧੰਦਾ ਹੀ ਕਿਉਂ ਕਰਦੇ ਹਨ? ਜੇਲ੍ਹਾਂ ਵਿੱਚ ਸਜ਼ਾਵਾਂ ਭੁਗਤ ਰਹੇ ਅਜਿਹੇ ਬਾਬੇ ਆਪਣੀਆਂ ਦੈਵੀ ਸ਼ਕਤੀਆਂ ਰਾਹੀਂ ਜੇਲ੍ਹਾਂ ਵਿੱਚੋਂ ਬਾਹਰ ਨਿਕਲਣ ਦੀ ਕਰਾਮਾਤ ਕਿਉਂ ਨਹੀਂ ਦਿਖਾਉਂਦੇ? ਸਰਕਾਰ ਅਤੇ ਪੁਲਿਸ ਨੂੰ ਇਹ ਤੱਥ ਭਲੀਭਾਂਤ ਪਤਾ ਹੈ ਕਿ ਅਜਿਹੇ ਪਾਖੰਡੀਆਂ ਦੀਆਂ ਖੁੱਲ੍ਹੀਆਂ ਗੈਰ-ਕਾਨੂੰਨੀ ਦੁਕਾਨਾਂ, ਅਪਰਾਧਿਕ ਗਤੀਵਿਧੀਆਂ ਅਤੇ ਝੂਠੀ ਤੇ ਗੈਰ-ਕਾਨੂੰਨੀ ਇਸ਼ਤਿਹਾਰਬਾਜ਼ੀ ਡਰੱਗਜ਼ ਤੇ ਮੈਜਿਕ ਰੈਮਡੀਜ਼ ਇਤਰਾਜ਼ਯੋਗ ਇਸ਼ਤਿਹਾਰਬਾਜ਼ੀ ਐਕਟ-1954, ਕੇਬਲ ਟੈਲੀਵਿਜ਼ਨ ਰੈਗੂਲੇਸ਼ਨ ਐਕਟ-1994 ਅਤੇ ਖਾਸ ਕਰ ਕੇ ਮੈਡੀਕਲ ਰਜਿਸਟ੍ਰੇਸ਼ਨ ਐਕਟ ਦੀ ਸਖਤ ਉਲੰਘਣਾ ਹੈ ਪਰ ਇਸ ਦੇ ਬਾਵਜੂਦ ਇਨ੍ਹਾਂ ਪਾਖੰਡੀਆਂ ਅਤੇ ਸਬੰਧਿਤ ਮੀਡੀਆ ਵਿਰੁੱਧ ਕੋਈ ਕਾਨੂੰਨੀ ਕਾਰਵਾਈ ਨਹੀਂ ਕੀਤੀ ਜਾਂਦੀ।

ਅਫ਼ਸੋਸ ਹੈ ਕਿ ਲੋਕਾਂ ਵਿੱਚ ਭਾਰਤੀ ਸੰਵਿਧਾਨ ਦੀ ਧਾਰਾ 51-ਏ(ਐੱਚ) ਤਹਿਤ ਵਿਗਿਆਨਕ ਸੋਚ ਪ੍ਰਫੁੱਲਿਤ ਕਰਨ ਦੀ ਥਾਂ ਸਾਡੀਆਂ ਹਕੂਮਤਾਂ ਵੀ ਆਪਣੀ ਜਨਤਾ ਨੂੰ ਪਾਖੰਡਵਾਦ, ਡੇਰਾਵਾਦ ਅਤੇ ਬਾਬਾਵਾਦ ਦੇ ਝਾਂਸਿਆਂ ਵਿੱਚ ਫਸਾ ਕੇ ਉਨ੍ਹਾਂ ਨੂੰ ਅੰਧ-ਵਿਸ਼ਵਾਸ ਅਤੇ ਫਿਰਕੂ ਨਫਰਤ ਦੇ ਹਨੇਰਿਆਂ ਦੀ ਦਲਦਲ ਵਿੱਚ ਸੁੱਟ ਰਹੀਆਂ ਹਨ। ਜ਼ਾਹਿਰ ਹੈ ਕਿ ਕਰੋੜਾਂ ਰੁਪਏ ਦੇ ਇਸ ਗੋਰਖ ਧੰਦੇ ਦੇ ਵਧਣ ਫੁਲਣ ਪਿੱਛੇ ਸਰਕਾਰੀ ਤੰਤਰ, ਉੱਚ ਪੁਲਿਸ ਅਧਿਕਾਰੀਆਂ ਅਤੇ ਭ੍ਰਿਸ਼ਟ ਤੇ ਫਿਰਕੂ ਸਿਆਸਤਦਾਨਾਂ ਦੀ ਮਿਲੀਭੁਗਤ ਸ਼ਾਮਿਲ ਹੈ।

ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਹੁਣ ਤਕ ਹਜ਼ਾਰਾਂ ਹੀ ਪਾਖੰਡੀ ਬਾਬਿਆਂ, ਤਾਂਤਰਿਕਾਂ, ਸਾਧਾਂ ਅਤੇ ਜੋਤਸ਼ੀਆਂ ਦੀ ਅਖੌਤੀ ਦੈਵੀ ਸ਼ਕਤੀ ਅਤੇ ਕਾਲੇ ਇਲਮ ਦਾ ਜਨਤਾ ਦੀ ਕਚਿਹਰੀ ਵਿੱਚ ਪਰਦਾਫਾਸ਼ ਕਰ ਕੇ ਉਨ੍ਹਾਂ ਦਾ ਇਹ ਗ਼ੈਰ-ਕਾਨੂੰਨੀ ਧੰਦਾ ਬੰਦ ਕਰਵਾਇਆ ਹੈ ਪਰ ਪੰਜਾਬ ਵਿੱਚ ਅੰਧ-ਵਿਸ਼ਵਾਸ ਰੋਕੂ ਕਾਨੂੰਨ ਦੀ ਅਣਹੋਂਦ ਕਰ ਕੇ ਅਜਿਹੇ ਦੋਸ਼ੀ ਕਾਨੂੰਨੀ ਸਜ਼ਾ ਤੋਂ ਬਚ ਜਾਂਦੇ ਹਨ ਅਤੇ ਫਿਰ ਹੋਰ ਕਿਤੇ ਦੂਜੀ ਜਗ੍ਹਾ ਜਾ ਕੇ ਆਪਣਾ ਧੰਦਾ ਸ਼ੁਰੂ ਕਰ ਲੈਂਦੇ ਹਨ।

ਇਸ ਸਬੰਧੀ ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਸਰਕਾਰਾਂ ਨੂੰ ਦਿੱਤੇ ਮੰਗ ਪੱਤਰਾਂ ਤੋਂ ਇਲਾਵਾ ਪਿਛਲੇ ਸਾਲ ਫਰਵਰੀ ਦੇ ਮਹੀਨੇ ਮੌਜੂਦਾ ਸਰਕਾਰ ਦੇ ਸਮੂਹ ਮੰਤਰੀਆਂ, ਵਿਧਾਇਕਾਂ ਸਮੇਤ ਸਾਰੀਆਂ ਹੀ ਸਿਆਸੀ ਪਾਰਟੀਆਂ ਦੇ ਵਿਧਾਇਕਾਂ ਨੂੰ ਪੰਜਾਬ ਕਾਲਾ ਜਾਦੂ ਮੰਤਰ ਅਤੇ ਅੰਧ-ਵਿਸ਼ਵਾਸ ਵਿਰੋਧੀ ਕਾਨੂੰਨ ਦੇ ਖਰੜੇ ਸਮੇਤ ਮੰਗ ਪੱਤਰ ਦਿੱਤੇ ਸਨ ਅਤੇ ਹੁਣ ਫਿਰ ਦਿੱਤੇ ਜਾ ਰਹੇ ਹਨ ਪਰ ਸਰਕਾਰ ਇਹ ਲੋਕ ਪੱਖੀ ਕਾਨੂੰਨ ਬਣਾਉਣ ਤੋਂ ਟਾਲਾ ਵੱਟ ਰਹੀ ਹੈ। ਸਰਕਾਰ ਨੂੰ ਭੋਲੇ ਭਾਲੇ ਲੋਕਾਂ ਨੂੰ ਅੰਧ-ਵਿਸ਼ਵਾਸਾਂ, ਵਹਿਮਾਂ-ਭਰਮਾਂ ਵਿੱਚ ਫਸਾ ਕੇ ਉਨ੍ਹਾਂ ਦਾ ਆਰਥਿਕ, ਮਾਨਸਿਕ ਅਤੇ ਸਰੀਰਕ ਸ਼ੋਸ਼ਣ ਕਰਨ, ਬਲਾਤਕਾਰ, ਕਤਲ ਅਤੇ ਮਨੁੱਖੀ ਬਲੀ ਦੇਣ ਵਰਗੇ ਅਪਰਾਧ ਕਰਨ ਵਾਲੇ ਪਾਖੰਡੀ ਬਾਬਿਆਂ, ਤਾਂਤਰਿਕਾਂ, ਜੋਤਸ਼ੀਆਂ ਦੀਆਂ ਗੈਰ-ਕਾਨੂੰਨੀ ਗਤੀਵਿਧੀਆਂ ਉੱਤੇ ਸਖ਼ਤ ਪਾਬੰਦੀ ਲਾਉਣ ਲਈ ਬਿਨਾਂ ਕਿਸੇ ਦੇਰੀ ਦੇ ਅੰਧ-ਵਿਸ਼ਵਾਸ ਰੋਕੂ ਕਾਨੂੰਨ ਲਾਗੂ ਕਰਨਾ ਚਾਹੀਦਾ ਹੈ। ਇਸ ਸਬੰਧੀ ਲੋਕ ਪੱਖੀ ਤੇ ਅਗਾਂਹਵਧੂ ਜਮਹੂਰੀ ਅਤੇ ਤਰਕਸ਼ੀਲ਼ ਸੰਸਥਾਵਾਂ ਵੱਲੋਂ ਹਰ ਵਰਗ ਦੇ ਲੋਕਾਂ ਨੂੰ ਚੇਤਨ ਕਰ ਕੇ ਵਿਸ਼ਾਲ ਲੋਕ ਲਹਿਰ ਖੜ੍ਹੀ ਕਰਨ ਅਤੇ ਫੈਸਲਾਕੁਨ ਜਨਤਕ ਸੰਘਰਸ਼ ਕਰਨ ਦੀ ਵੀ ਲੋੜ ਹੈ।



# .ਫ਼ਜ਼ੂਲ-ਖ਼ਰਚੇ ਦੇ ਪਹੀਏ 'ਚ ਪਿੱਸਦੇ ਲੋਕ

**ਦਵਿੰਦਰ ਕੌਰ ਖੁਸ਼ ਧਾਲੀਵਾਲ**



ਆਧੁਨਿਕ ਵਿਚਾਰਾਂ ਆਵਾਜਾਈ ਤੇ ਅਤਿ ਆਧੁਨਿਕ ਸੰਚਾਰ ਸਾਧਨਾਂ ਨੇ ਸਮਾਜ ਦਾ ਹੋਰ ਸਮਾਜਾਂ ਨਾਲ ਸੰਪਰਕ ਜੋੜ ਦਿੱਤਾ ਹੈ। ਵਿਆਹ ਸੰਬੰਧੀ ਸਮਾਜਿਕ ਰੋਕਾਂ ਕਮਜ਼ੋਰ ਪੈ ਗਈਆਂ ਹਨ। ਪਿਛਲੇ ਸਮੇਂ ਦੌਰਾਨ ਵਿਆਹ ਧਾਰਮਿਕ ਤੇ ਪਵਿੱਤਰ ਸੰਸਕਾਰ ਸਮਝਿਆ ਜਾਂਦਾ ਸੀ। ਅੱਜ ਵਿਆਹ ਸਮਾਜਿਕ ਸਮਝੌਤਾ ਹੈ। ਰਸਮਾਂ ਦਾ ਵਿਰੋਧ, ਪ੍ਰਕਿਰਤੀ ਦੇ ਵਿਰੋਧ ਵਿੱਚ ਅੱਜ ਦਾ ਮਨੁੱਖ ਖ਼ੁਦ ਨੂੰ ਇਕੱਲਾ ਤੇ ਅਸੁਰੱਖਿਅਤ ਮਹਿਸੂਸ ਨਹੀਂ ਕਰਦਾ ਹੈ।

### ਸੌਗਾਤਾਂ ਦਾ ਰਿਵਾਜ

ਵਿਆਹ ਤੋਂ ਪਹਿਲਾਂ ਸ਼ਗਨ ਕਰਨ ਸਮੇਂ ਵਿੱਤੋਂ ਪਰੋਖੇ ਹੋ ਕੇ ਮਹਿੰਗੀਆਂ ਤੋਂ ਮਹਿੰਗੀਆਂ ਸੌਗਾਤਾਂ ਦੇਣ ਜਾ ਰਿਵਾਜ ਪੈਂਦਾ ਜਾ ਰਿਹਾ। ਮੁੰਡੇ ਨੂੰ ਮੁੰਦਰੀ ਕੜ੍ਹਾ ਪਾਇਆ ਜਾਂਦਾ ਹੈ। ਮਠਿਆਈ ਦੇ ਡੱਬੇ ਦਿੱਤੇ ਜਾਂਦੇ ਹਨ। ਰਿਸ਼ਤੇਦਾਰਾਂ ਨੂੰ ਗੰਢਾ ਫੇਰਨ ਦੀ ਥਾਂ ਮਠਿਆਈ ਦਿੱਤੀ ਜਾਂਦੀ ਹੈ। ਰੁਪਏ ਨਕਦ ਦੇਣ ਦਾ ਰਿਵਾਜ ਵੱਧ ਗਿਆ ਹੈ। ਵਿਆਹ 'ਤੇ ਵਾਧੂ ਪੈਸਾ ਖ਼ਰਚ ਕੀਤਾ ਜਾਂਦਾ ਹੈ। ਇਹ ਸਭ ਕੁਝ ਲੋਕਾਂ ਵੱਲੋਂ ਸਮਾਜਿਕ ਰੁਤਬੇ ਲਈ ਜਾਂ ਆਖ ਲਵੋ ਆਪਣੀ ਸੋਭਾ ਵਧਾਉਣ ਲਈ ਕੀਤਾ ਜਾਂਦਾ ਹੈ। ਚਾਹੀਦਾ ਹੈ ਕਿ ਅਸੀਂ ਚਾਦਰ ਵੇਖ ਕੇ ਆਪਣੇ ਪੈਰ ਪਸਾਰੀਏ ਪਰ ਵਿਆਹਾਂ ਵਿੱਚ ਸਾਰੇ ਖ਼ਰਚੇ ਵੇਖੋ-ਵੇਖੀ ਕੀਤੇ ਜਾਂਦੇ ਹਨ। ਵਿਆਹਾਂ ਦਾ ਸੀਜ਼ਨ ਆਉਣ ਵਾਲਾ ਹੈ, ਲੋਕ ਸਮਾਜਿਕ ਟੌਹਰ ਖ਼ਾਤਿਰ ਕਰੋੜਾਂ ਰੁਪਏ ਫੂਕ ਦੇਣਗੇ, ਖਾਣ-ਪੀਣ ਦੀਆਂ ਚੀਜ਼ਾਂ ਉਤੇ ਵਾਧੂ ਖ਼ਰਚਾ ਕੀਤਾ ਜਾਂਦਾ ਹੈ, ਭਾਂਤ-ਭਾਂਤ ਦੇ ਸਟਾਲ ਲਾਏ ਜਾਂਦੇ ਹਨ, ਕੁਝ ਕੁ ਖਾਧਾ ਜਾਂਦਾ ਹੈ ਪਰ ਉਸ ਤੋਂ ਵੱਧ ਡਸਟਬੀਨ ਵਿੱਚ ਜਾਂਦਾ ਹੈ ਪਰ ਕਿਸੇ ਗ਼ਰੀਬ-ਗੁਰਬੇ ਦੀ ਮਦਦ ਨਹੀਂ ਕੀਤੀ ਜਾਂਦੀ। ਵਿਆਹਾਂ ਵਿੱਚ ਬੀਬੀਆਂ ਬੇਲੋੜਾ ਖ਼ਰਚਾ ਕਰਨ ਵਿੱਚ ਮੋਹਰੀ ਹੁੰਦੀਆਂ ਹਨ, ਕੱਪੜਿਆਂ ਅਤੇ ਗਹਿਣਿਆਂ 'ਤੇ ਬਹੁਤ ਜ਼ਿਆਦਾ ਖ਼ਰਚਾ ਕੀਤਾ ਜਾਂਦਾ ਹੈ ਜੋ ਸਿਰਫ਼ ਇੱਕ ਦਿਨ ਲਈ ਹੀ ਪੈਂਦੇ ਹਨ। ਸਮਾਜ ਵਿੱਚ ਆਪਣਾ ਅਸੀਂ ਨੱਕ (ਰੁਤਬਾ) ਰੱਖਦੇ ਰੱਖਦੇ ਕਰਜ਼ਾ ਸਿਰ ਤੋਂ ਉੱਪਰ ਕਰ ਲੈਂਦੇ ਹਾਂ। ਕੀ ਇਹ ਸਹੀ ਹੈ? ਇਹ ਬਹੁਤ ਵੱਡਾ ਸਵਾਲ ਹੈ।

### ਰਸਮਾਂ ਦਾ ਜੀਵਨ ਵਿੱਚ ਸਥਾਨ

ਇਸ ਗੱਲ ਤੋਂ ਮੁਨਕਰ ਨਹੀਂ ਹੋ ਸਕਦੇ ਕਿ ਵਿਆਹ ਵਿੱਚ ਨਿਭਾਉਣ ਵਾਲੀਆਂ ਇਹ ਸਾਰੀਆਂ ਰਸਮਾਂ ਦਾ ਆਮ ਜੀਵਨ ਵਿੱਚ ਬਹੁਤ ਵੱਡਾ ਸਥਾਨ ਹੈ। ਇਹ ਸਾਰੀਆਂ ਰਸਮਾਂ ਨੂੰ ਨਿਭਾਉਣ ਪਿੱਛੇ ਅਨੇਕਾਂ ਹੀ ਸੱਭਿਆਚਾਰਕ ਅਤੇ ਸਮਾਜਿਕ ਕਾਰਣ ਹੁੰਦੇ ਹਨ। ਵਿਆਹ ਦੀਆਂ ਰਸਮਾਂ ਰਾਹੀਂ ਮਨੁੱਖੀ ਰਿਸ਼ਤਿਆਂ ਦੀ ਆਪਸੀ ਸਾਂਝ ਨੂੰ ਪਛਾਣਿਆ ਜਾਂਦਾ ਹੈ ਜੋ ਕਿ ਮਨੁੱਖੀ ਜੀਵਨ ਦੀ ਬੁਨਿਆਦ ਹਨ ਜੋ ਕਿ ਸਮੇਂ ਵਿੱਚ ਵਿਆਹ ਦੀਆਂ ਇਨ੍ਹਾਂ ਰਸਮਾਂ ਨੂੰ ਨਿਭਾਉਣ ਦੀ ਪਰੰਪਰਾ ਹੌਲੀ-ਹੌਲੀ ਘੱਟਦੀ ਜਾ ਰਹੀ ਹੈ। ਇਨ੍ਹਾਂ ਨੂੰ ਸੰਭਾਲਣ ਤੇ ਅੱਗੇ ਤੋਰਨ ਲਈ ਲੋੜੀਂਦੇ ਉਪਰਾਲੇ ਕਰਨ ਦੀ ਲੋੜ ਹੈ। ਪੰਜਾਬੀ ਵਿਆਹ ਬਹੁਤ ਵਿਸਤ੍ਰਿਤ ਅਤੇ ਜਟਿਲ ਪ੍ਰਕਿਰਿਆ ਹੈ। ਇਹ ਪ੍ਰਕਿਰਿਆ ਸਮੇਂ ਅਨੁਸਾਰ ਬਹੁਤ ਵੱਡੇ ਸਮੇਂ ਤੀਕਰ ਫ਼ੈਲੀ ਹੁੰਦੀ ਹੈ। ਰੋਕੇ ਜਾਂ ਠਾਕੇ ਤੋਂ ਲੈ ਕੇ ਕੁੜੀ ਨੂੰ ਚੌਂਕੇ-ਚੁੱਲ੍ਹੇ ਚੜ੍ਹਾਉਣ ਤੱਕ ਇਹ ਚੱਲਦੀ ਰਹਿੰਦੀ ਹੈ। ਇਸ ਦੌਰਾਨ ਬਹੁਤ ਸਾਰੀਆਂ ਛੋਟੀਆਂ-ਵੱਡੀਆਂ ਰਸਮਾਂ ਹੁੰਦੀਆਂ ਹਨ ਜਿਨ੍ਹਾਂ ਰਾਹੀਂ ਵਿਆਹ ਦੀ ਸੰਸਥਾ ਦੀ ਸਮਾਜਿਕ ਸਥਾਪਨਾ ਹੁੰਦੀ ਹੈ। ਮੁੱਖ ਤੌਰ 'ਤੇ ਹੇਠ ਲਿਖੀਆਂ ਰਸਮਾਂ ਕੀਤੀਆਂ ਜਾਂਦੀਆਂ ਹਨ। ਭਾਵੇਂ ਪੰਜਾਬ ਦੇ ਵਖੋ-ਵੱਖ ਇਲਾਕਿਆਂ ਵਿੱਚ ਇਨ੍ਹਾਂ ਦੇ ਨਿਭਾਉਣ ਵਿੱਚ ਵੀ ਥੋੜ੍ਹਾ ਬਹੁਤ ਅੰਤਰ ਆ ਜਾਂਦਾ ਹੈ ਅਤੇ ਕਈ ਰਸਮਾਂ ਕਿਸੇ ਖ਼ਾਸ ਖੇਤਰ ਵਿੱਚ ਤਾਂ ਕੀਤੀਆਂ ਜਾਂਦੀਆਂ ਹਨ ਪਰ ਦੂਸਰੇ ਖੇਤਰਾਂ ਵਿਚ ਨਹੀਂ। ਵਰ ਦੀ ਚੋਣ, ਵਿਆਹ ਵਿੱਚ ਸਭ ਤੋ ਅਹਿਮ ਕਾਰਜ ਵਰ ਦੀ ਚੋਣ ਹੈ। ਇਹ ਸਭ ਤੋਂ ਔਖਾ ਕੰਮ ਹੈ ਕਿਉਂਕਿ ਕੁੜੀ ਮੁੰਡੇ ਦੇ ਹਾਣ ਦਾ ਰਿਸ਼ਤਾ ਲੱਭਣਾ, ਪਰਿਵਾਰਕ ਤੰਦਾਂ ਦਾ ਮਿਲਣਾ ਮਹੱਤਵਪੂਰਨ ਪੱਖ ਹਨ। ਰਿਸ਼ਤਾ ਕਰਨ ਵੇਲੇ ਆਮ ਤੌਰ 'ਤੇ ਕੁੜੀ ਦੇ ਸੁਹੱਪਣ ਤੇ ਮੁੰਡੇ ਦੀ ਜਾਇਦਾਦ ਨੂੰ ਪ੍ਰਮੁੱਖਤਾ ਦਿੱਤੀ ਜਾਂਦੀ ਹੈ। ਪੁਰਾਣੇ ਸਮੇਂ ਵਿਚ ਰਿਸ਼ਤਾ ਨਾਈ, ਪ੍ਰੋਹਿਤ ਪਾਂਧੇ ਹੀ ਕਰਵਾਉਂਦੇ ਸਨ ਤੇ ਲੋਕੀਂ ਉਨ੍ਹਾਂ ਦੇ ਕਹਿਣ 'ਤੇ ਹੀ ਰਿਸ਼ਤਾ ਕਰ ਦਿੰਦੇ ਸਨ। ਵਿਚੋਲਾ ਰਿਸ਼ਤਾ ਕਰਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ। ਵੇਖ-ਵਿਖਾਵਾ, ਜੇਕਰ ਮਾਂ-ਬਾਪ ਨੂੰ ਰਿਸ਼ਤਾ ਪਸੰਦ ਆ ਜਾਵੇ ਤਾਂ ਆਮ ਤੌਰ 'ਤੇ ਮੁੰਡੇ ਤੇ ਕੁੜੀ ਨੂੰ ਇੱਕ ਦੂਜੇ ਨੂੰ ਵਿਖਾਉਣ ਦੀ ਰਸਮ ਕੀਤੀ ਜਾਂਦੀ ਹੈ ਭਾਵੇਂ ਇਹ ਸਭ ਕੁਝ ਰਸਮੀ ਹੀ ਹੁੰਦਾ ਹੈ ਪਰ ਮੁੰਡਾ ਕੁੜੀ ਜੇ ਇੱਕ ਦੂਜੇ ਨੂੰ ਝਾਤੀ ਮਾਰ ਲੈਣ ਤਾਂ ਮਾਂ ਬਾਪ ਸੁਰਖ਼ਰੂ ਹੋ ਜਾਂਦੇ ਹਨ ਕਿ ਕੱਲ੍ਹ ਨੂੰ ਮੁੰਡਾ ਕੁੜੀ ਉਨ੍ਹਾਂ ਨਾਲ ਨੱਕ-ਬੁੱਲ੍ਹ ਨਹੀਂ ਵੱਟ ਸਕਦੇ ਕਿ ਤੁਸੀਂ ਆਪਣੀ ਮਰਜ਼ੀ ਕੀਤੀ ਹੈ।

### ਰੋਕਾ, ਠਾਕਾ ਤੇ ਮੰਗਣਾ

ਰੋਕਾ, ਠਾਕਾ, ਸ਼ਗਨ ਤੇ ਮੰਗਣਾ ਲਗਪਗ ਇਕੋ ਕਿਸਮ ਦੇ ਨਾਂ ਹਨ। ਇਸ ਵਿੱਚ ਲੜਕੇ ਦੇ ਘਰ ਵਾਲੇ ਲੜਕੀ ਦੇ ਘਰ ਜਾ ਕੇ ਉਸਨੂੰ ਸ਼ਗਨ ਤੇ ਹੋਰ ਸਮਾਨ ਦੇ ਕੇ ਆਉਂਦੇ ਹਨ। ਫਿਰ ਛੁਆਰਾ ਲਾਉਣ ਦੀ ਰਸਮ ਨਿਭਾਈ ਜਾਂਦੀ ਹੈ। ਇਸ ਵਿੱਚ ਲੜਕੀ ਦਾ ਪਿਤਾ ਲੜਕੇ ਦੇ ਹੱਥ 'ਤੇ ਸਵਾ ਰੁਪਿਆ ਧਰਦਾ ਹੈ ਤੇ ਸੁੱਕਾ ਮੇਵਾ ਉਸਦੀ ਝੋਲੀ ਵਿੱਚ ਪਾਉਂਦਾ ਹੈ ਪਰ ਅੱਜ-ਕੱਲ੍ਹ ਇਸ ਸਭ ਵਿੱਚ ਬਹੁਤ ਪੈਸਾ ਖ਼ਰਚਿਆ ਜਾਂਦਾ ਹੈ। ਅੱਜ-ਕੱਲ੍ਹ ਵਿਆਹ ਤੋਂ ਪਹਿਲਾਂ ਤਿਉਹਾਰ ਭੇਜਣ ਦਾ ਰਿਵਾਜ ਵੀ ਹੈ ਜਿਵੇਂ ਕਰਵਾ ਚੌਥ 'ਤੇ ਸਹੁਰਿਆਂ ਵੱਲੋਂ ਕੁੜੀ ਨੂੰ ਵਰਤ ਦਾ ਸਮਾਨ ਭੇਜਿਆ ਜਾਂਦਾ ਹੈ। ਸਾਵਣ ਦੇ ਮਹੀਨੇ ਸਹੁਰਿਆਂ ਵੱਲੋਂ ਕੁੜੀ ਨੂੰ ਸਾਵਣ ਤੇ ਤੀਆਂ ਦਾ ਤਿਉਹਾਰ ਵੀ ਭੇਜਿਆ ਜਾਂਦਾ ਹੈ ਜਿਸ ਵਿਚ ਮਿਠਿਆਈ, ਫਲ, ਕੁੜੀ ਦੇ ਕੱਪੜੇ, ਗਹਿਣੇ, ਮਹਿੰਦੀ, ਚੂੜੀਆਂ ਆਦਿ ਸਮਾਨ ਹੁੰਦਾ ਹੈ। ਕੁਝ ਤਿਉਹਾਰ ਵਿਆਹ ਤੋਂ ਬਾਅਦ ਵੀ ਭੇਜੇ ਜਾਂਦੇ ਹਨ, ਜਿਵੇਂ ਦਿਵਾਲੀ, ਲੋਹੜੀ ਆਦਿ ਇਹ ਤਿਉਹਾਰ ਕੁੜੀ ਦੇ ਪੇਕਿਆਂ ਵੱਲੋਂ ਕੁੜੀ ਦੇ ਸਹੁਰੇ ਵੀ ਭੇਜੇ ਜਾਂਦੇ ਹਨ। ਰਸਮ ਦੇ ਨਾਮ 'ਤੇ ਇਹ ਫ਼ਜ਼ੂਲ ਖ਼ਰਚੀ ਵਧਾਈ ਜਾਂਦੀ ਹੈ।

### ਵਰੀ ਬਣਾਉਣ ਦਾ ਰਿਵਾਜ

ਸਾਹੇ ਚਿੱਠੀ ਭੇਜਣਾ, ਸਾਹਾ ਕਢਵਾਉਣ ਤੋਂ ਬਾਅਦ ਅਹਿਮ ਕੰਮ ਸਾਹੇ ਚਿੱਠੀ ਭੇਜਣਾ ਹੁੰਦਾ ਹੈ। ਸਾਹੇ ਚਿੱਠੀ ਕੁੜੀ ਵਾਲਿਆਂ ਵੱਲੋਂ ਮੁੰਡੇ ਵਾਲਿਆਂ ਨੂੰ ਭੇਜੀ ਜਾਂਦੀ ਹੈ, ਜਿਸ ਵਿੱਚ ਆਪਣੀ ਸਮਰੱਥਾ ਦਰਸਾਉਂਦੇ ਹੋਏ ਬਰਾਤ ਦੀ ਗਿਣਤੀ, ਵਿਆਹ ਦਾ ਦਿਨ ਆਦਿ ਲਿਖਿਆ ਹੁੰਦਾ ਹੈ, ਸਾਹੇ ਚਿੱਠੀ ਲਿਜਾਣ ਵਾਲੇ ਨੂੰ ਦੋਵਾਂ ਧਿਰਾਂ ਵੱਲੋਂ ਸ਼ਗਨ ਦਿੱਤਾ ਜਾਂਦਾ ਹੈ। ਸਾਹੇ ਚਿੱਠੀ ਵਾਲੇ ਨੂੰ ਤੇਲ ਚੋਅ ਕੇ ਸ਼ਗਨਾਂ ਨਾਲ ਅੰਦਰ ਵਾੜਿਆ ਜਾਂਦਾ ਹੈ, ਚਿੱਠੀ ਪੜ੍ਹ ਕੇ ਸੁਣਾਉਣ ਵਾਲੇ ਨੂੰ ਵੀ ਲਾਗ ਦਿੱਤਾ ਜਾਂਦਾ ਹੈ। ਪੁਰਾਣੇ ਸਮਿਆਂ ਵਿੱਚ ਆਵਜਾਈ ਦੇ ਸੀਮਤ ਸਾਧਨ ਹੋਣ ਕਰਕੇ, ਸੰਚਾਰ ਸਾਧਨਾਂ ਦੀ ਘਾਟ ਹੋਣ ਕਰਕੇ, ਕੁੜੀ ਦੇ ਮਾਪਿਆਂ ਵੱਲੋਂ ਵਿਆਹ ਦੇ ਕਾਰਜ ਨੂੰ ਵਧੀਆ ਤਰੀਕੇ ਨਾਲ ਨੇਪਰੇ ਚਾੜ੍ਹਨ ਲਈ ਆਪਣੀ ਪੁਖ਼ਤਾ ਲਿਖਤੀ ਸਹਿਮਤੀ ਭੇਜੀ ਜਾਂਦੀ ਸੀ, ਪਰ ਅੱਜ ਲੋਕਾਂ ਨੇ ਇਸ ਨੂੰ ਮਹਿੰਗਾ ਰਿਵਾਜ ਬਣਾ ਲਿਆ ਹੈ। ਚੂੜੀਆਂ ਪਾਉਣ ਦੀ ਰਸਮ, ਵਿਆਹ ਤੋ ਇੱਕ ਮਹੀਨਾ ਪਹਿਲਾਂ ਕੁੜੀ ਨੂੰ ਚੂੜੀਆਂ ਪਾਉਣ ਦੀ ਰਸਮ ਕੀਤੀ ਜਾਂਦੀ ਹੈ ਵਰੀ ਬਣਾਉਣਾ, ਵਿਆਹ ਤੋਂ ਕੁਝ ਦਿਨ ਪਹਿਲਾਂ ਵਰੀ ਬਣਾਈ ਜਾਂਦੀ ਹੈ ਜਿਸ ਵਿੱਚ ਮੁੰਡੇ ਵਾਲੇ ਕੁੜੀ ਦੇ ਕੱਪੜੇ ਤੇ ਗਹਿਣੇ ਬਣਾਉਂਦੇ ਹਨ। ਵਰੀ ਬਣਾਉਣ ਲਈ ਆਮ ਤੌਰ 'ਤੇ ਨੇੜਲੇ ਰਿਸ਼ਤੇਦਾਰਾਂ ਨੂੰ ਲਿਜਾਇਆ ਜਾਂਦਾ ਹੈ, ਅੱਜ ਕੱਲ੍ਹ ਵਰੀ ਬਣਾਉਣ ਲਈ ਕੁੜੀ ਨੂੰ ਨਾਲ ਲਿਜਾਣ ਦਾ ਆਮ ਰਿਵਾਜ ਹੋ ਗਿਆ ਹੈ।

### ਕੰਗਣਾ

ਕੰਗਣਾ ਖੇਡਣ ਦੀ ਰਸਮ ਵਿੱਚ ਵੱਟਣਾ ਮਲਣ ਵਾਲੇ ਦਿਨ ਜਿਹੜੇ ਗਾਨੇ ਬੰਨ੍ਹੇ ਹੁੰਦੇ ਹਨ, ਇਸ ਰਸਮ ਵਿੱਚ ਲਾੜਾ-ਲਾੜੀ ਇੱਕ-ਦੂਜੇ ਦੇ ਗੁੱਟਾਂ 'ਤੇ ਬੰਨ੍ਹੇ ਗਾਨੇ ਖੋਲ੍ਹਦੇ ਹਨ। ਨੈਣ ਪਰਾਤ ਵਿੱਚ ਪਾਣੀ ਪਾ ਕੇ ਵਿੱਚ ਥੋੜ੍ਹਾ ਜਿਹਾ ਦੁੱਧ ਪਾ ਦਿੰਦੀ ਹੈ, ਜਿਸ ਨੂੰ ਕੱਚੀ ਲੱਸੀ ਕਿਹਾ ਜਾਂਦਾ ਹੈ। ਕਈ ਥਾਵਾਂ 'ਤੇ ਪਰਤ ਵਿੱਚ ਕੱਚੀ ਲੱਸੀ ਦੀ ਜਗ੍ਹਾ ਚੌਲ ਤੇ ਹਲਦੀ ਵੀ ਪਾਣੀ ਵਿੱਚ ਘੋਲ ਦਿੱਤੇ ਜਾਂਦੇ ਹਨ। ਪਹਿਲਾਂ ਲਾੜਾ-ਲਾੜੀ ਦਾ ਕੰਗਣਾ ਖੋਲ੍ਹਦਾ ਹੈ, ਫਿਰ ਲਾੜੀ-ਲਾੜੇ ਦੇ ਗਾਨੇ ਦੀਆਂ ਗੰਢਾਂ ਖੋਲ੍ਹਦੀ ਹੈ। ਫਿਰ ਨੈਣ ਵਹੁਟੀ ਦੀ ਛਾਪ ਲੈ ਕੇ ਜਾਂ ਇੱਕ ਚਾਂਦੀ ਦਾ ਸਿੱਕਾ ਪਰਾਤ ਵਿੱਚ ਸੁੱਟ ਦਿੰਦੀ ਹੈ। ਲਾੜਾ-ਲਾੜੀ ਦੋਹਾਂ ਨੂੰ ਇੱਕ ਦੂਜੇ ਦੇ ਸਾਹਮਣੇ ਬਿਠਾ ਦਿੱਤਾ ਜਾਂਦਾ ਹੈ। ਵਿਚਕਾਰ ਪਰਾਤ ਰੱਖ ਦਿੱਤੀ ਜਾਂਦੀ ਹੈ। ਫਿਰ ਦੋਵਾਂ ਨੂੰ ਪਰਾਤ ਵਿਚੋਂ ਸਿੱਕਾ ਜਾਂ ਛਾਪ ਲੱਭਣ ਲਈ ਕਿਹਾ ਜਾਂਦਾ ਹੈ। ਸਿੱਕਾ ਜਾਂ ਛਾਪ ਸੱਤ ਵਾਰੀ ਪਰਾਤ ਵਿੱਚ ਸੁੱਟਿਆ ਜਾਂਦਾ ਹੈ। ਜਿਹੜਾ ਸੱਤਵੀਂ ਵਾਰ ਸਿੱਕਾ ਪਹਿਲਾਂ ਲੱਭਦਾ ਹੈ, ਉਸਦਾ ਰੋਹਬ ਦੂਜੇ 'ਤੇ ਸਾਰੀ ਉਮਰ ਰਹਿੰਦਾ ਹੈ। ਪੁਰਾਣੇ ਸਮੇਂ ਵਿਚ ਮੁੰਡੇ ਕੁੜੀ ਨੇ ਵਿਆਹ ਤੋਂ ਪਹਿਲਾਂ ਇੱਕ-ਦੂਜੇ ਨੂੰ ਵੇਖਿਆ ਨਹੀਂ ਹੁੰਦਾ ਸੀ, ਜਦੋਂ ਉਹ ਪਾਣੀ ਵਿੱਚ ਇੱਕ ਦੂਸਰੇ ਦੇ ਹੱਥਾਂ ਨੂੰ ਛੂੰਹਦੇ ਸਨ ਤਾਂ ਇਹ ਉਨ੍ਹਾਂ ਦਾ ਪਹਿਲਾ ਸਰੀਰਕ ਸਬੰਧ ਹੁੰਦਾ ਸੀ, ਜੋ ਉਨ੍ਹਾਂ ਦੀ ਇੱਕ ਦੂਜੇ ਤੋਂ ਸੰਗ ਨੂੰ ਕੁਝ ਘੱਟ ਕਰ ਦਿੰਦਾ ਹੈ। ਉਨ੍ਹਾਂ ਨੂੰ ਸ਼ਰਮਾਉਣ ਤੋਂ ਬਚਾਉਣ ਲਈ ਪਰਾਤ ਵਿਚ ਕੱਚੀ ਲੱਸੀ ਜਾਂ ਹਲਦੀ ਪਾਈ ਜਾਂਦੀ ਹੈ ਤਾਂ ਜੋ ਉਨ੍ਹਾਂ ਦੇ ਹੱਥ ਕੋਲ ਖੜ੍ਹੇ ਲੋਕਾਂ ਨੂੰ ਨਜ਼ਰ ਨਾ ਆਉਣ। ਇਹ ਰਸਮ ਨਵੀਂ ਜੋੜੀ ਦੀ ਸੰਗ ਖ਼ਤਮ ਕਰਨ ਦੇ ਉਦੇਸ਼ ਨਾਲ ਵੀ ਹੋਂਦ ਵਿੱਚ ਆਈ। ਜੋ ਸਮੇਂ ਵਿੱਚ ਵਿਆਹ ਦੀਆਂ ਇਨ੍ਹਾਂ ਰਸਮਾਂ ਨੂੰ ਨਿਭਾਉਣ ਦੀ ਪਰੰਪਰਾ ਹੌਲੀ-ਹੌਲੀ ਘੱਟਦੀ ਜਾ ਰਹੀ ਹੈ। ਇਨ੍ਹਾਂ ਨੂੰ ਸੰਭਾਲਣ ਅਤੇ ਅੱਗੇ ਤੋਰਨ ਲਈ ਲੋੜੀਂਦੇ ਉਪਰਾਲੇ ਕਰਨ ਦੀ ਲੋੜ ਹੈ। ਰਸਮ ਤੇ ਨਾਮ 'ਤੇ ਫ਼ਜ਼ੂਲ-ਖ਼ਰਚੀ ਵਧਾਈ ਜਾਂਦੀ ਹੈ।

### ਨੌਂਗੇ ਬਣਾਉਣ ਦਾ ਰਿਵਾਜ

ਮੁੰਡੇ ਦੇ ਪਰਿਵਾਰ ਦੇ ਕੱਪੜੇ ਬਣਾਉਣਾ, ਕੁੜੀ ਵਾਲੇ ਵੀ ਮੁੰਡੇ ਦੇ ਪਰਿਵਾਰ ਤੇ ਹੋਰ ਨੇੜਲੇ ਰਿਸ਼ਤੇਦਾਰਾਂ ਨੂੰ ਵਿੱਤ ਮੁਤਾਬਿਕ ਕੱਪੜੇ ਬਣਾ ਕੇ ਦਿੰਦੇ ਹਨ। ਜਿਸ ਨੂੰ ਨੌਂਗੇ ਬਣਾਉਣਾ ਕਹਿੰਦੇ ਹਨ। ਇਹ ਰਿਵਾਜ ਲੋਕਾਂ ਨੇ ਆਮ ਕਰ ਦਿੱਤਾ ਹੈ ਹਾਲਾਂਕਿ ਕਿਸੇ ਵੀ ਧਾਰਮਿਕ ਗ੍ਰੰਥਾਂ ਵਿੱਚ ਇਨ੍ਹਾਂ ਰਿਵਾਜਾਂ ਨੂੰ ਕਰਨ ਬਾਰੇ ਨਹੀਂ ਕਿਹਾ ਗਿਆ। ਗੰਢ ਭੇਜਣਾ, ਸਕੇ ਸੰਬੰਧੀਆਂ ਨੂੰ ਵਿਆਹ ਵਿੱਚ ਸ਼ਾਮਿਲ ਹੋਣ ਲਈ ਜੋ ਸੱਦਾ ਭੇਜਿਆ ਜਾਂਦਾ ਹੈ, ਇਸ ਨੂੰ ਗੰਢ ਭੇਜਣਾ ਕਿਹਾ ਜਾਂਦਾ ਹੈ।

### ਲੋਕਾਂ ਨੂੰ ਬਣਾਇਆ ਤਣਾਅ ਦਾ ਸ਼ਿਕਾਰ

ਵਿਆਹਾਂ ਵਿੱਚ ਲੋਕ ਗੀਤਾਂ ਦੀ ਜਗ੍ਹਾ ਹੁਣ ਡੀ.ਜੇ. ਸਿਸਟਮ ਨੇ ਲੈ ਲਈ ਹੈ ਅਤੇ ਪੰਜਾਬੀਅਤ ਛੱਕੇ 'ਤੇ ਟੰਗਦੇ ਹੋਏ ਲੱਚਰਤਾ ਦੇ ਗੀਤ ਉਚੀ-ਉਚੀ ਧੁਨ ਵਿਚ ਵਜਾਏ ਜਾਂਦੇ ਹਨ। ਲੋਕ ਆਪਣੇ ਮਨ ਪਸੰਦ ਦਾ ਪਹਿਰਾਵਾ ਪਾਉਂਦੇਹਨ। ਅੰਗਰੇਜ਼ਾਂ ਨੇ ਕਈ ਵਰ੍ਹੇ ਰਾਜ ਕੀਤਾ। ਪੰਜਾਬੀ ਸੱਭਿਆਚਾਰ 'ਤੇ ਕਈ ਪੱਖੋਂ ਉਨ੍ਹਾਂ ਦਾ ਪ੍ਰਭਾਵ ਪਿਆ ਹੈ। ਖਾਣ-ਪੀਣ ਦਾ ਪ੍ਰਬੰਧ ਵੀ ਕੁਝ ਵੱਖਰੇ ਕਿਸਮ ਦਾ ਹੋਣ ਲੱਗਿਆ ਹੈ। ਜੋ ਘਰੇਲੂ ਨਾਲੋਂ ਬਾਜ਼ਾਰੂ ਜ਼ਿਆਦਾ। ਵਿਆਹ ਮੈਰਿਜ ਪੈਲੇਸਾਂ ਵਿੱਚ ਹੋਣ ਲੱਗੇ ਹਨ। ਇਸ ਨਾਲ ਹੁਣ ਸਾਰੀਆਂ ਰਸਮਾਂ ਖ਼ਤਮ ਹੋ ਰਹੀਆਂ ਹਨ। ਫਿਰ ਵੀ ਲੋੜ ਤੋਂ ਵੱਧ ਖ਼ਰਚਾ ਵਧਿਆ ਹੈ।

ਵਿਆਹ ਵਿੱਚ ਰਸਮਾਂ ਦੀ ਆੜ ਵਿਚ ਫ਼ਾਲਤੂ ਖ਼ਰਚੇ ਨੇ ਲੋਕਾਂ ਦੀ ਕਮਰ ਤੋੜ ਦਿੱਤੀ ਹੈ, ਇਹ ਫ਼ਾਲਤੂ ਖ਼ਰਚਾ ਨੱਕ ਰੱਖਣ ਲਈ ਵੀ ਕੀਤਾ ਜਾ ਰਿਹਾ ਹੈ, ਇੱਕ ਨੇ ਵੱਡੀ ਗੱਡੀ ਦਿੱਤੀ ਤਾਂ ਸਾਨੂੰ ਵੀ ਵੱਡੀ ਗੱਡੀ ਹੀ ਚਾਹੀਦੀ ਹੈ, ਇੱਕ ਕੁੜੀ ਨੇ ਲਹਿੰਗਾ ਲੱਖ ਦਾ ਪਾਇਆ ਹੈ ਤਾਂ ਦੂਸਰੀ ਵੀ ਲੱਖ ਦੇ ਲਹਿੰਗੇ ਤੇ ਹੀ ਉਂਗਲ ਰੱਖੇਗੀ। ਅਮੀਰਾਂ ਦਾ ਇਹ ਚੋਚਲਾਪਨ, ਮਿਡਲ ਕਲਾਸ ਤੇ ਗ਼ਰੀਬ ਲੋਕਾਂ ਨੂੰ ਵੀ ਲੈ ਡੁੱਬਿਆ ਹੈ। ਵਿਆਹਾਂ ਵਿੱਚ ਹੋਰ ਵਾਧੂ ਖ਼ਰਚੇ ਨੇ ਲੋਕਾਂ ਨੂੰ ਡਿਪਰੈਸ਼ਨ ਤੇ ਖੁਦਕੁਸ਼ੀਆਂ ਦਾ ਰਾਹ ਅਪਣਾਉਣ ਲਈ ਰਸਤਾ ਸਾਫ਼ ਕਰ ਦਿੱਤਾ ਹੈ। ਇਨਸਾਨ ਆਪਣੀ ਔਕਾਤ ਭੁੱਲ ਕੇ ਦਿਖਾਵੇ ਦੇ ਚੱਕਰ ਵਿੱਚ ਪੈ ਗਿਆ ਹੈ। ਜਿਸ ਦਾ ਖ਼ਮਿਆਜ਼ਾ ਅਸੀਂ ਭੁਗਤ ਵੀ ਰਹੇ ਹਾਂ ਅਤੇ ਆਉਣ ਵਾਲੀਆਂ ਪੀੜ੍ਹੀਆਂ ਵੀ ਭੁਗਤਣਗੀਆਂ। ਸੋ ਸਾਨੂੰ ਸੰਭਲਣ ਦੀ ਵੱਡੀ ਲੋੜ ਹੈ। ਵਾਧੂ ਖ਼ਰਚਾ ਕਰਨ ਨਾਲੋਂ ਵਿਆਹੁਤਾ ਜੋੜੇ ਦੀਆਂ ਹੋਰ ਆਰਥਿਕ ਲੋੜਾਂ ਪੂਰੀਆਂ ਕਰਨੀਆਂ ਚਾਹੀਦੀਆਂ ਹਨ।

-

# ਭਾਰਤੀ ਸੰਗੀਤ ਦਾ ਪ੍ਰਸਿੱਧ ਤੇ ਪ੍ਰਮੁੱਖ ਸਾਜ਼ 'ਤਬਲਾ'

**ਪ੍ਰੋ.ਫ਼ੈਸਰ ਜਗਪਿੰਦਰ ਪਾਲ ਸਿੰਘ**



ਆਧੁਨਿਕ ਯੁੱਗ ਵਿੱਚ ਭਾਰਤੀ ਸ਼ਾਸਤਰੀ ਸੰਗੀਤ ਦਾ ਪ੍ਰਮੁੱਖ ਤੇ ਸਿਰਮੌਰ ਅਵਨਧ ਸਾਜ਼ ਜੇਕਰ ਤਬਲੇ ਨੂੰ ਕਿਹਾ ਜਾਵੇ ਤਾਂ ਗ਼ਲਤ ਨਹੀਂ ਹੋਵੇਗਾ। ਫ਼ਾਰਸੀ ਭਾਸ਼ਾ 'ਚ ਅਵਨਧ ਸਾਜ਼ਾਂ (ਚਮੜੇ ਨਾਲ ਮੜ੍ਹੇ ਤਾਲ ਸਾਜ਼) ਲਈ 'ਤਬਲ' ਸ਼ਬਦ ਵਰਤਿਆ ਜਾਂਦਾ ਹੈ। ਤਬਲ ਦੇ ਅੰਤਰਗਤ ਮ੍ਰਿਦੰਗ, ਪਖਾਵਜ, ਢੋਲਕ, ਗੁਰਜ ਆਦਿ ਸਾਜ਼ ਆ ਜਾਂਦੇ ਹਨ। ਅਰਬ ਦੇਸ਼ਾਂ 'ਚ ਵੀ ਦੁਦੰਭੀ (ਪ੍ਰਾਚੀਨ ਚਮੜੇ ਨਾਲ ਮੜ੍ਹਿਆ ਸਾਜ਼) ਦੇ ਸਮਾਨ ਰੂਪ ਵਾਲੇ ਸਾਜ਼ ਨੂੰ ਤਬਲ ਕਿਹਾ ਜਾਂਦਾ ਹੈ। ਤਬਲਾ ਸਾਜ਼ ਦਾ ਉਲੇਖ ਪ੍ਰਾਚੀਨ ਗ੍ਰੰਥਾਂ 'ਚ ਨਹੀਂ ਮਿਲਦਾ। ਕੁਝ ਵਿਦਵਾਨ ਤਬਲੇ ਦਾ ਜਨਮਦਾਤਾ ਅਲਾਉਦੀਨ ਖਿਲਜੀ ਦੇ ਦਰਬਾਰੀ ਸੰਗੀਤਕਾਰ ਅਮੀਰ ਖੁਸਰੋ ਨੂੰ ਮੰਨਦੇ ਹਨ। ਕੁਝ ਵਿਦਵਾਨ ਤਬਲੇ ਦਾ ਵਿਕਾਸ ਮ੍ਰਿਦੰਗ ਸਾਜ਼ ਦੇ ਆਧਾਰ 'ਤੇ ਹੋਇਆ ਮੰਨਦੇ ਹਨ। ਇੱਕ ਹੋਰ ਮੱਤ ਅਨੁਸਾਰ ਮ੍ਰਿਦੰਗ ਨੂੰ ਵਿਚਾਰੋਂ ਕੱਟ ਕੇ ਇਸ ਦੇ ਦੋਵਾਂ ਸਿਰਿਆਂ ਨੂੰ ਖੜ੍ਹਾ ਕਰਕੇ ਵਜਾਉਣ ਨਾਲ ਜੋੜੀ ਸਾਜ਼ ਹੋਂਦ 'ਚ ਆਇਆ। ਜੋੜੀ ਸਾਜ਼ ਦੇ ਬਾਏਂ (ਖੱਬੇ ਪਾਸੇ ਵਾਲਾ ਧਾਮਾ) ਉੱਤੇ ਗਿੱਲਾ ਆਟਾ ਲਗਾ ਕੇ ਵਜਾਇਆ ਜਾਂਦਾ ਸੀ, ਬਾਅਦ 'ਚ ਉਸਤਾਦ ਸਿਧਾਰ ਖਾਂ ਨੇ ਸੱਜੇ ਪਾਸੇ ਵਾਲੇ ਚੱਟੂ ਦੀ ਤਰ੍ਹਾਂ ਹੀ ਧਾਮੇ ਉੱਤੇ ਸਿਆਹੀ ਲਗਾ ਦਿੱਤੀ, ਜਿਸ ਨਾਲ ਤਬਲੇ 'ਤੇ ਢੋਲਕ ਦੇ ਸਾਰੇ ਬੋਲ ਨਿਕਲਣ ਲੱਗੇ। ਇਸ ਤਬਦੀਲੀ ਨਾਲ ਇਸ ਸਾਜ਼ ਦੀ ਮਕਬੂਲੀਅਤ ਵਧ ਗਈ। ਅਸਲ ਵਿੱਚ ਮ੍ਰਿਦੰਗ ਪਖਾਵਜ ਦੀ ਪ੍ਰਕਿਰਤੀ ਗੰਭੀਰ ਹੋਰ ਕਾਰਨ ਇਸ ਦਾ ਪ੍ਰਯੋਗ ਧਰੁਪਦ ਧਮਾਰ ਗੰਭੀਰ ਪ੍ਰਕਿਰਤੀ ਵਾਲੀਆਂ ਗਾਇਨ ਸ਼ੈਲੀਆਂ 'ਚ ਹੁੰਦਾ ਸੀ ਪ੍ਰੰਤੂ ਖਿਆਲ ਗਾਇਨ ਸ਼ੈਲੀ ਦਾ ਪ੍ਰਚਾਰ ਵਧਣ ਨਾਲ ਇਸ ਨਾਲ ਸੰਗਤ ਲਈ ਤਬਲੇ ਦਾ ਪ੍ਰਚਲਣ ਵੱਧ ਗਿਆ। ਸ਼ਾਸਤਰੀ ਸੰਗੀਤ ਤੋਂ ਇਲਾਵਾ ਅਰਧ ਸ਼ਾਸਤਰੀ ਗਾਇਨ ਸ਼ੈਲੀਆਂ ਟੱਪਾ, ਠੁਮਰੀ, ਦਾਦਰਾ ਨਾਲ ਤਬਲੇ ਦੀ ਸੰਗਤ ਕੀਤੀ ਜਾਂਦੀ ਹੈ ਅਤੇ ਗੁਰਬਾਣੀ ਕੀਰਤਨ 'ਚ ਵੀ ਜੋੜੀ ਸਾਜ਼ ਦਾ ਪ੍ਰਚਲਨ ਘਟਣ ਨਾਲ ਕੀਰਤਨ 'ਚ ਜ਼ਿਆਦਾਤਰ ਤਬਲੇ ਦਾ ਹੀ ਪ੍ਰਯੋਗ ਹੋ ਰਿਹਾ ਹੈ। ਫ਼ਿਲਮੀ ਸੰਗੀਤ 'ਚ ਵੀ ਤਬਲਾ ਸਾਜ਼ ਪ੍ਰਮੁੱਖ ਭੂਮਿਕਾ 'ਚ ਹੈ। ਤਬਲੇ ਸਾਜ਼ ਦੀ ਮਕਬੂਲੀਅਤ ਹੋਣ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਗਾਇਨ ਦੇ ਘਰਾਣਿਆਂ ਦੀ ਤਰ੍ਹਾਂ ਤਬਲੇ ਦੇ ਵੀ ਵੱਖ-ਵੱਖ ਘਰਾਣੇ ਹੋਂਦ 'ਚ ਆਏ, ਜਿਨ੍ਹਾਂ 'ਚ ਪ੍ਰਮੁੱਖ ਤੌਰ 'ਤੇ ਦਿੱਲੀ ਘਰਾਣਾ, ਬਨਾਰਸ ਘਰਾਣਾ, ਪੰਜਾਬ ਘਰਾਣਾ, ਅਜਰਾੜਾ ਘਰਾਣਾ, ਲਖਨਊ ਘਰਾਣਾ, ਫ਼ਾਰੂਖਾਬਾਦ ਘਰਾਣਾ ਆਦਿ ਵਿਸ਼ੇਸ਼ ਹਨ। ਤਬਲੇ ਸਾਜ਼ ਦੇ ਦੋ ਹਿੱਸੇ ਹੁੰਦੇ ਹਨ ਦਾਇਆਂ (ਸੱਜਾ) ਅਤੇ ਬਾਇਆਂ (ਖੱਬਾ)। ਦਾਏਂ ਭਾਗ ਨੂੰ ਚੱਟੂ ਕਿਹਾ ਜਾਂਦਾ ਹੈ ਜੋ ਕਿ ਅੰਬ, ਬਿਜੈਸਾਰ ਜਾਂ ਟਾਹਲੀ ਦੀ ਲੱਕੜ ਨੂੰ ਅੰਦਰੋਂ ਖੋਖਲਾ ਕਰਕੇ ਉੱਤੇ ਚਮੜਾ ਮੜ ਕੇ ਤਿਆਰ ਕੀਤਾ ਜਾਂਦਾ ਹੈ। ਬਾਏਂ ਭਾਗ ਨੂੰ ਡੁੱਗੀ ਕਿਹਾ ਜਾਂਦਾ ਹੈ। ਇਹ ਮਿੱਟੀ, ਪਿੱਤਲ, ਸਟੀਲ ਆਦਿ ਤੋਂ ਬਣਦਾ ਹੈ। ਤਬਲੇ ਦੇ ਦੋਵਾਂ ਹਿੱਸਿਆਂ ਉੱਤੇ ਸਿਆਹੀ ਲਗਾਈ ਜਾਂਦੀ ਹੈ। ਚੱਟੂ ਨੂੰ ਸੁਰ ਕਰਨ ਲਈ ਗੱਟੇ ਲਗਾਏ ਜਾਂਦੇ ਹਨ। ਅਕਸਰ ਡੁੱਗੀ 'ਚ ਵੀ ਛੋਟੇ ਆਕਾਰ ਦੇ ਗੱਟੇ ਲਗਾ ਲਏ ਜਾਂਦੇ ਹਨ। ਤਬਲੇ ਨੂੰ ਸੁਰ ਕਰਨ ਲਈ ਪਿੱਤਲ ਜਾਂ ਸਟੀਲ ਦੀ ਹਥੌੜੀ ਦੀ ਵਰਤੋਂ ਕੀਤੀ ਜਾਂਦੀ ਹੈ। ਭਾਰਤੀ ਸ਼ਾਸਤਰੀ ਸੰਗੀਤ 'ਚ ਤਬਲੇ ਨੂੰ ਵਿਸ਼ਵ ਪੱਧਰ ਉੱਤੇ ਪ੍ਰਸਿੱਧ ਕਰਨ 'ਚ ਉਸਤਾਦ ਜ਼ਾਕਿਰ ਹੁਸੈਨ ਦਾ ਨਾਂਅ ਸਭ ਤੋਂ ਪਹਿਲੀ ਕਤਾਰ ਦੇ ਕਲਾਕਾਰਾਂ 'ਚ ਆਉਂਦਾ ਹੈ। ਪੰਜਾਬ ਵਿੱਚ ਪੰਡਿਤ ਰਮਾਕਾਂਤ, ਉਸਤਾਦ ਕਾਲੇ ਰਾਮ ਅਤੇ ਉਸਤਾਦ ਕੁਲਵਿੰਦਰ ਸਿੰਘ ਸੈਂਕੜੇ ਵਿਦਿਆਰਥੀਆਂ ਨੂੰ ਤਬਲੇ ਦੀ ਵਿਧੀਬੱਧ ਤਰੀਕੇ ਨਾਲ ਤਾਲੀਮ ਦੇ ਰਹੇ ਹਨ।

-ਮੁਖੀ ਪੋਸਟ ਗ੍ਰੈਜੂਏਟ ਸੰਗੀਤ ਅਤੇ
ਗੁਰਮਤਿ ਸੰਗੀਤ ਵਿਭਾਗ।
ਸ੍ਰੀ ਗੁਰੂ ਤੇਗ ਬਹਾਦਰ ਖ਼ਾਲਸਾ ਕਾਲਜ
ਸ੍ਰੀ ਅਨੰਦਪੁਰ ਸਾਹਿਬ।

# ਸਨਅਤ ਦੀ ਤਰ੍ਹਾਂ ਖੇਤੀ ਕਰਨੀ ਆਸਾਨ ਬਣਾਏ ਕੇਂਦਰ ਸਰਕਾਰ



ਦਵਿੰਦਰ ਸ਼ਰਮਾ

ਪੰਜਾਬ ਨੂੰ ਬਹੁਤ ਸਾਰੇ ਵਿਰੋਧਾਭਾਸਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮੰਡੀਆਂ ਝੋਨੇ ਨਾਲ ਭਰੀਆਂ ਪਈਆਂ ਹਨ, ਜਦਕਿ ਨਵੀਂ ਫਸਲ ਰੱਖਣ ਲਈ ਥਾਂ ਦੀ ਵੱਡੀ ਘਾਟ ਹੈ। ਅਜਿਹੇ ਸਮੇਂ ਜਦੋਂ ਪਿਛਲੇ ਸਾਲ ਜਲਵਾਯੂ ਪਰਿਵਰਤਨ ਦੇ ਕਾਰਨ ਬਾਰਿਸ਼ ’ਚ ਕਮੀ ਆਉਣ ਦੇ ਚਲਦਿਆਂ ਪੈਦਾਵਾਰ ਘਟਣ ’ਤੇ ਸਰਕਾਰ ਨੂੰ ਗੈਰ-ਬਾਸਮਤੀ ਚਾਵਲ ਦੇ ਨਿਰਯਾਤ ’ਤੇ ਪਾਬੰਦੀ ਲਗਾਉਣੀ ਪਈ ਸੀ, ਜੋ ਹੁਣ ਹਟਾ ਲਈ ਗਈ ਹੈ। ਇਸ ਸੀਜ਼ਨ ’ਚ ਰਿਕਾਰਡ ਉਤਪਾਦਨ 230 ਲੱਖ ਟਨ ਤੱਕ ਪਹੁੰਚਣ ਦੀ ਉਮੀਦ ਹੈ, ਜੋ ਖੁਰਾਕ ਦੇ ਮੋਰਚੇ ’ਤੇ ਬਹੁਤ ਜ਼ਰੂਰੀ ਰਾਹਤ ਦਿੰਦਾ ਹੈ।

ਪਰ ਫਿਰ ਵੀ ਅਨਾਜ ਮੰਡੀਆਂ ’ਚ ਖਰੀਦੇ ਗਏ ਝੋਨੇ ਨੂੰ ਉਠਾਉਣ (ਲਿਫਟਿੰਗ) ’ਚ ਹੋ ਰਹੀ ਢਿੱਲ ਨੇ ਅਨਾਜ ਖਰੀਦ ਏਜੰਸੀਆਂ ਦੇ ਅਧਿਕਾਰੀਆਂ ਨੂੰ ਕੰਬਣੀ ਛੇੜੀ ਹੋਈ ਹੈ। ਸੂਬਾ ਸਰਕਾਰ ਦੇ ਅਧਿਕਾਰੀ ਹੀ ਨਹੀਂ, ਸਗੋਂ ਕਿਸਾਨ ਵੀ ਬਹੁਤ ਪ੍ਰੇਸ਼ਾਨ ਹਨ। ਉਨ੍ਹਾਂ ਦਾ ਗੁੱਸਾ ਸੜਕਾਂ ’ਤੇ ਨਿਕਲ ਰਿਹਾ ਹੈ ਤੇ ਨਾਰਾਜ਼ ਕਿਸਾਨਾਂ ਨੇ ਪਹਿਲਾਂ ਹੀ ਕਈ ਥਾਵਾਂ ’ਤੇ ਜਾਮ ਲਗਾਏ। ਆਖਰਕਾਰ ਕਿਸਾਨਾਂ ਦੀ ਫਸਲ ਤਿਆਰ ਹੈ, ਜਿਸ ਦੀ ਖਰੀਦ ਤੇ ਲਿਫਟਿੰਗ ’ਚ ਹੋ ਰਹੀ ਬੇਲੋੜੀ ਦੇਰੀ ਉਨ੍ਹਾਂ ਦੀ ਪ੍ਰੇਸ਼ਾਨੀ ਨੂੰ ਵਧਾ ਰਹੀ ਹੈ। ਪੰਜਾਬ ਦੀਆਂ ਜ਼ਿਆਦਾਤਰ ਮੰਡੀਆਂ ਝੋਨੇ ਨਾਲ ਭਰੀਆਂ ਪਈਆਂ ਹਨ ਤੇ 16 ਅਕਤੂਬਰ ਤੱਕ ਮੰਡੀਆਂ ’ਚ ਪੁੱਜੇ 13.62 ਲੱਖ ਟਨ ਝੋਨੇ ’ਚੋਂ ਲਗਭਗ 12.06 ਲੱਖ ਟਨ ਸਰਕਾਰੀ ਏਜੰਸੀਆਂ ਨੇ ਖਰੀਦ ਲਿਆ ਸੀ, ਪਰ 80 ਫ਼ੀਸਦੀ ਤੋਂ ਜ਼ਿਆਦਾ ਖਰੀਦਿਆ ਹੋਇਆ ਝੋਨਾ ਅਜੇ ਵੀ ਮੰਡੀਆਂ ’ਚ ਪਿਆ ਹੈ। ਅਨਿਸਚਿਤਤਾ ਦੀ ਸਥਿਤੀ ’ਚ ਕਿਸਾਨ ਸੜਕਾਂ ਕਿਨਾਰੇ ਝੋਨਾ ਸੁੱਟਣ ਲਈ ਮਜਬੂਰ ਹਨ, ਜਿਸ ਜਗ੍ਹਾ ਦੀ ਵਰਤੋਂ ਸਫਾਈ ਤੇ ਬੋਰੀਆਂ ਭਰਨ ਲਈ ਕੀਤੀ ਜਾਂਦੀ ਹੈ।

ਪੰਜਾਬ ’ਚ ਇਸ ਵਾਰ ਰਿਕਾਰਡ 185 ਲੱਖ ਟਨ ਝੋਨੇ ਦੀ ਖਰੀਦ ਹੋਣ ਦੀ ਉਮੀਦ ਹੈ, ਜਿਸ ਦਾ ਮਤਲਬ ਹੈ ਕਿ ਖਰੀਦ ਸੀਜ਼ਨ ਦੇ ਸਿਖਰ ’ਚ ਅੱਪੜਨ ਲਈ ਅਜੇ ਇੱਕ ਹਫ਼ਤੇ ਦਾ ਹੋਰ ਸਮਾਂ ਪਿਆ ਹੈ। ਆਉਣ ਵਾਲੇ ਸਮੇਂ ’ਚ ਅਜੇ ਭੰਡਾਰਨ ਦੀਆਂ ਭਾਰੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਣਾ ਹੈ। ਜਦੋਂ ਪੰਜਾਬ ਦੇ ਗੋਦਾਮਾਂ ’ਚ ਪਹਿਲਾਂ ਹੀ ਪਿਛਲੀਆਂ ਫਸਲਾਂ ਦਾ 167 ਲੱਖ ਟਨ ਚਾਵਲ ਤੇ ਕਣਕ ਭਰੀ ਪਈ ਹੈ, ਤਾਂ ਚੁਣੌਤੀ ਨਵੀਂ ਫਸਲ ਨੂੰ ਸਟੋਰ ਕਰਨ ਲਈ ਢੁਕਵੀਂ ਜਗ੍ਹਾ ਉਪਲੱਬਧ ਕਰਵਾਉਣ ਦੀ ਹੋਵੇਗੀ। ਇਸ ਸੰਕਟ ਨੇ ਸੰਯੁਕਤ ਕਿਸਾਨ ਮੋਰਚਾ (ਐਸ.ਕੇ.ਐਮ.) ਨੂੰ ਸੱਤਾਧਾਰੀ ਆਮ ਆਦਮੀ ਪਾਰਟੀ (ਆਪ) ਦੇ ਮੰਤਰੀਆਂ ਤੇ ਵਿਧਾਇਕਾਂ ਦੇ ਮੰਡੀਆਂ ’ਚ ਦੌਰਾ ਕਰਨ ਸਮੇਂ ਕਾਲੇ ਝੰਡਿਆਂ ਨਾਲ ਸਵਾਗਤ ਕਰਨ ਤੇ ਟੋਲ ਪਲਾਜ਼ਿਆਂ ’ਤੇ ਵਿਰੋਧ ਪ੍ਰਦਰਸ਼ਨ ਕਰਨ ਦਾ ਸੱਦਾ ਦੇਣ ਲਈ ਪ੍ਰੇਰਿਆ ਹੈ।

ਇਸ ਤਣਾਅਪੂਰਨ ਸਥਿਤੀ ਨੇ ਪੰਜਾਬ ਦੇ ਮੁੱਖ ਮੰਤਰੀ ਨੂੰ ਸੰਬੰਧਿਤ ਅਧਿਕਾਰੀਆਂ ਨਾਲ ਗੱਲਬਾਤ ਕਰਨ ਤੇ ਕੇਂਦਰ ਸਰਕਾਰ ਨੂੰ ਵੀ ਸਥਿਤੀ ਤੋਂ ਜਾਣੂ ਕਰਨ ਲਈ ਪ੍ਰੇਰਿਆ ਹੈ। ਜਦਕਿ ਕੇਂਦਰੀ ਖਪਤਕਾਰ ਤੇ ਜਨਤਕ ਵੰਡ ਮੰਤਰੀ ਪ੍ਰਹਿਲਾਦ ਜੋਸ਼ੀ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਦਸੰਬਰ 2024 ਤੱਕ 40 ਲੱਖ ਟਨ ਕੈਰੀਓਵਰ ਸਟਾਕ ਨੂੰ ਖਤਮ ਕਰਕੇ ਲੋੜੀਂਦੀ ਜਗ੍ਹਾ ਬਣਾਉਣ ਦਾ ਭਰੋਸਾ ਦਿੱਤਾ ਹੈ, ਹਾਲਾਂਕਿ ਚੁਕਾਈ ਦੀ ਗਤੀ ਕਾਫੀ ਹੌਲੀ ਹੈ। ਸਰਕਾਰਾਂ ਦੇ ਝੋਨੇ ਦੀ ਵਾਢੀ ਦੇ ਆਕਾਰ ਬਾਰੇ ਪਹਿਲਾਂ ਤੋਂ ਚੰਗੀ ਤਰ੍ਹਾਂ ਜਾਣੂ ਹੋਣ ਕਰਕੇ ਇਸ ਮੰਦਭਾਗੇ ਸੰਕਟ ਨੂੰ ਆਸਾਨੀ ਨਾਲ ਟਾਲਿਆ ਜਾ ਸਕਦਾ ਸੀ, ਜਿਵੇਂ ਮੁੱਖ ਮੰਤਰੀ ਮਾਨ ਨੇ ਦੱਸਿਆ ਹੈ ਕਿ ਕੇਂਦਰ ਨੂੰ ਮਾਰਚ 2025 ਤੱਕ ਪੰਜਾਬ ਤੋਂ ਘਾਟ ਵਾਲੇ ਸੂਬਿਆਂ ਨੂੰ 20 ਲੱਖ ਟਨ ਅਨਾਜ ਦੀ ਨਿਯਮਿਤ ਸਪਲਾਈ ਨੂੰ ਯਕੀਨੀ ਬਣਾਉਣ ਦੀ ਲੋੜ ਹੈ।

ਇਸ ਸੀਜ਼ਨ ਦੌਰਾਨ ਜਿਸ ਗੱਲ ਨੇ ਇਸ ਸੰਕਟ ਨੂੰ ਗੁੰਝਲਦਾਰ ਬਣਾ ਦਿੱਤਾ, ਉਹ ਹੈ ਪਹਿਲਾਂ ਆੜ੍ਹਤੀਆਂ ਦੀ ਹੜਤਾਲ ਤੇ ਹੁਣ ਰਾਈਸ ਮਿੱਲ ਮਾਲਕਾਂ ਨੇ ਝੋਨੇ ਨੂੰ ਆਪਣੇ ਸ਼ੈਲਰਾਂ ’ਚ ਲੁਆਉਣ ਤੋਂ ਝਿਜਕ ਪ੍ਰਗਟਾਈ ਹੈ। ਝੋਨਾ ਭੰਡਾਰ ਕਰਨ ਲਈ ਜਗ੍ਹਾ ਦੀ ਘਾਟ ਹੋਣ ਤੋਂ ਇਲਾਵਾ ਸ਼ੈਲਰ ਮਾਲਕ ਇਸ ਲਈ ਵੀ ਝੋਨਾ ਸਟਾਕ ਕਰਨ ਲਈ ਤਿਆਰ ਨਹੀਂ, ਕਿਉਂਕਿ ਕੁਝ ਗੈਰ-ਸਿਫ਼ਾਰਿਸ਼ ਝੋਨੇ ਦੀਆਂ ਕਿਸਮਾਂ ਜੋ ਛੜਾਈ (ਮਿਲਿੰਗ) ਬਾਅਦ ਘੱਟ ਪੈਦਾਵਾਰ ਦਿੰਦੀਆਂ ਹਨ, ਦੀ ਸ਼ੈਲਰ ਮਾਲਕ ਛੜਾਈ ਨਹੀਂ ਕਰਨਾ ਚਾਹੁੰਦੇ। ਉਨ੍ਹਾਂ ਦਾ ਕਹਿਣਾ ਹੈ ਕਿ 100 ਕਿਲੋ ਝੋਨੇ ਤੋਂ ਫੱਕ ਹਟਾਉਣ ਬਾਅਦ 67 ਕਿਲੋਗ੍ਰਾਮ ਚਾਵਲ ਦਾ ਮਾਪਦੰਡ ਨਿਯਮਾਂ ਦੇ ਉਲਟ ਹੈ, ਹਾਈਬ੍ਰਿਡ ਕਿਸਮਾਂ ਤੇ ਮਸ਼ਹੂਰ ਪੀ.ਆਰ.-126 ਕਿਸਮ (ਜੋ 8 ਸਾਲ ਪਹਿਲਾਂ ਜਾਰੀ ਕੀਤੀ ਗਈ ਸੀ) ਤੇ ਜੋ ਪਿਛਲੇ ਸਾਲ ਤੋਂ ਬੀਜੀ ਜਾਣ ਲੱਗੀ ਹੈ ਇਹ ਗੈਰ-ਬਾਸਮਤੀ ਦੀ ਨਵੀਂ ਕਿਸਮ ਤੁਲਨਾਤਮਿਕ ਰੂਪ ’ਚ ਘੱਟ ਚਾਵਲ ਦਿੰਦੀ ਹੈ, ਜਿਸ ਦੀ ਕਰੀਬ 32 ਫ਼ੀਸਦੀ ਖੇਤਰ ’ਚ ਖੇਤੀ ਹੋ ਰਹੀ ਹੈ। ਦਿਲਚਸਪ ਗੱਲ ਹੈ ਕਿ ਜਿਥੇ ਪੰਜਾਬ ਸਰਕਾਰ ਦਾ ਦਾਅਵਾ ਹੈ ਕਿ ਘੱਟ ਸਮੇਂ ’ਚ ਤਿਆਰ ਹੋਣ ਵਾਲੀ ਝੋਨੇ ਦੀ ਇਹ ਪੀ.ਆਰ.-126 ਕਿਸਮ ਦੀ ਬਿਜਾਈ ਹੋਣ ਨਾਲ 4.82 ਅਰਬ ਲੀਟਰ ਪਾਣੀ ਤੇ 477 ਕਰੋੜ ਰੁਪਏ ਦੀ ਬਿਜਲੀ ਦੀ ਬੱਚਤ ਹੋਈ ਹੈ, ਉਥੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਪੀ.ਆਰ.-126 ਕਿਸਮ ਨੂੰ ਉਤਸ਼ਾਹਿਤ ਕਰਨ ਲਈ ਮੁੱਖ ਮੰਤਰੀ ਮਾਨ ਨੂੰ ਦੋਸ਼ੀ ਠਹਿਰਾਇਆ ਹੈ। ਕਾਂਗਰਸ ਪਾਰਟੀ ਦਾ ਦਾਅਵਾ ਹੈ ਕਿ ਸੂਬਾ ਸਰਕਾਰ ਦੀ ਪਹਿਲ ਕਾਰਨ ਹੀ ਪੀ.ਆਰ.-126 ਕਿਸਮ ਦਾ ਫੈਲਾਅ ਹੋਇਆ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ.ਏ.ਯੂ.) ਦੇ ਵਾਈਸ ਚਾਂਸਲਰ ਡਾ: ਐਸ.ਐਸ. ਗੋਸਲ ਨੇ ਪੀ.ਆਰ.-126 ਕਿਸਮ ਤੋਂ ਕੋਈ ਵੀ ਸਮੱਸਿਆ ਹੋਣ ਤੋਂ ਇਨਕਾਰ ਕੀਤਾ ਹੈ, ਪਰ ਮੰਨਿਆ ਹੈ ਕਿ ਬੇਈਮਾਨ ਬੀਜ ਵਪਾਰੀਆਂ ਦੁਆਰਾ ਵੇਚੀਆਂ ਜਾ ਰਹੀਆਂ ਝੋਨੇ ਦੀਆਂ ਹਾਈਬ੍ਰਿਡ ਕਿਸਮਾਂ ਘੱਟ ਝਾੜ ਦੇਣ ਵਾਲੀਆਂ ਹਨ ਤੇ ਛੜਾਈ ਬਾਅਦ ਉਨ੍ਹਾਂ ਤੋਂ ਘੱਟ ਚਾਵਲ ਪ੍ਰਾਪਤ ਹੁੰਦਾ ਹੈ। ਰਿਪੋਰਟਾਂ ਅਨੁਸਾਰ ਇਨ੍ਹਾਂ ਹਾਈਬ੍ਰਿਡ ਕਿਸਮਾਂ ਦੇ ਬੀਜ ਪੀ.ਏ.ਯੂ. ਦੁਆਰਾ ਪ੍ਰਵਾਨਿਤ ਬੀਜ ਕਿਸਮਾਂ ਨਾਲੋਂ ਘੱਟੋ-ਘੱਟ 50 ਗੁਣਾਂ ਵਧੇਰੇ ਕੀਮਤਾਂ ’ਤੇ ਵੇਚੇ ਜਾ ਰਹੇ ਹਨ। ਸ਼ੈਲਰ ਮਾਲਕ ਚਾਹੁੰਦੇ ਹਨ ਕਿ ਸੂਬਾ ਸਰਕਾਰ ਹਾਈਬ੍ਰਿਡ ਕਿਸਮਾਂ ਦੀ ਛੜਾਈ ਲਈ ਵੱਖਰੇ ਤੌਰ ’ਤੇ ਟਰਾਇਲ ਕਰਵਾਏ, ਜਿਨ੍ਹਾਂ ਤੋਂ 67 ਕਿਲੋ ਚਾਵਲ ਦੀ ਬਜਾਏ 62 ਕਿਲੋ ਚਾਵਲ ਪ੍ਰਾਪਤ ਹੁੰਦਾ ਹੈ। ਇਸ ਦਾ ਮਤਲਬ ਹੈ ਕਿ ਹਾਈਬ੍ਰਿਡ ਕਿਸਮਾਂ ਕਿਸਾਨਾਂ ਤੇ ਚੌਲ ਮਿੱਲ ਮਾਲਕਾਂ ਲਈ ਕਾਫੀ ਨੁਕਸਾਨਦੇਹ ਹਨ। ਪੰਜਾਬ ’ਚ 5,000 ਤੋਂ ਵਧੇਰੇ ਚੌਲ ਮਿੱਲਾਂ (ਸ਼ੈਲਰ) ਹਨ, ਜੋ ਛੜਾਈ ਬਾਅਦ ਐਫ.ਸੀ.ਆਈ. ਨੂੰ ਚਾਵਲ ਸੌਂਪਦੀਆਂ ਹਨ।

ਕੁੱਝ ਵੀ ਹੋਵੇ ਪੰਜਾਬ ਦੇ ਕਿਸਾਨਾਂ ਨੇ ਉੱਚ ਉਤਪਾਦਕਤਾ ਦਰਜ ਕਰਵਾ ਕੇ ਬੰਪਰ ਫਸਲ ਦੀ ਪੈਦਾਵਾਰ ਵਧੀਆ ਪ੍ਰਦਰਸ਼ਨ ਕੀਤਾ ਹੈ। ਸਰਕਾਰ ਦੇ ਸਹੀ ਮੰਡੀਕਰਨ ਨੂੰ ਯਕੀਨੀ ਬਣਾਉਣ ’ਚ ਨਾਕਾਮ ਰਹਿਣ ਕਾਰਨ ਕਿਸਾਨਾਂ ’ਚ ਭਾਰੀ ਗੁੱਸਾ ਹੈ। ਇਸ ਤੋਂ ਪਹਿਲਾਂ 2020 ’ਚ ਵੀ ਕੁ-ਪ੍ਰਬੰਧਾਂ ਦੇ ਚਲਦੇ ਕਿਸਾਨਾਂ ਨੂੰ ਆਪਣੀ ਫਸਲ ਸੜਕਾਂ ’ਤੇ ਸੁੱਟਣ ਲਈ ਮਜਬੂਰ ਹੋਣਾ ਪਿਆ ਸੀ। ਕਾਰਨ ਕੋਈ ਵੀ ਰਹੇ ਹੋਣ, ਪਰ ਤੱਥ ਇਹੀ ਹੈ ਕਿ ਉਸ ਸੂਬੇ ’ਚ ਅਨਾਜ ਦੇ ਕੁ-ਪ੍ਰਬੰਧਨ ਕਾਰਨ ਇੱਕ ਬੇਲੋੜਾ ਵਿਵਾਦ ਖੜ੍ਹਾ ਹੋ ਗਿਆ ਹੈ, ਜੋ ਰਵਾਇਤੀ ਤੌਰ ’ਤੇ ਦੇਸ਼ ਦਾ ‘ਅਨਾਜ ਕਟੋਰਾ’ ਰਿਹਾ ਹੈ। ਅਜਿਹਾ ਕੋਈ ਕਾਰਨ ਨਹੀਂ ਹੈ ਕਿ ਮਾਰਕੀਟਿੰਗ ਪ੍ਰਣਾਲੀ ਨੂੰ ਢੁਕਵੇਂ ਤਰੀਕੇ ਨਾਲ ਸੁਚਾਰੂ ਨਾ ਬਣਾਇਆ ਜਾ ਸਕਦਾ ਹੋਵੇ। ਚਾਹੇ ਕੁਝ ਵੀ ਹੋਵੇ ਅਨਾਜ ਦੀ ਖਰੀਦ ਦਾ ਪ੍ਰਬੰਧਨ ਇੱਕ ਅਜਿਹੇ ਰਾਜ-ਪ੍ਰਬੰਧ ਮਾਡਲ ਦੇ ਰੂਪ ’ਚ ਕੀਤਾ ਜਾਣਾ ਚਾਹੀਦਾ ਹੈ, ਜੋ ਯਕੀਨੀ ਬਣਾਏ ਕਿ ਕਿਸਾਨ ਦੇ ਖੇਤ ਤੋਂ ਲੈ ਕੇ ਮੰਡੀਆਂ ਤੱਕ ਦੀ ਪੂਰੀ ਵਿਵਸਥਾ ਆਪਣੇ ਆਪ ਇੱਕ ਲਾਈਨ ’ਚ ਆ ਜਾਵੇ। ਇਹ ਇੱਕ ਅਜਿਹਾ ਖੇਤ ਤੋਂ ਖਾਣੇ ਤੱਕ (ਫਾਰਮ-ਟੂ-ਫੋਰਕ) ਮਾਡਲ ਹੈ, ਜੋ ਭਾਰਤ ’ਚ ਕੁਸ਼ਲਤਾਪੂਰਬਕ ਲਾਗੂ ਕੀਤਾ ਜਾਣਾ ਚਾਹੀਦਾ ਹੈ।

ਜਦੋਂ ਮੈਂ ਕਿਸਾਨਾਂ ਨੂੰ ਮੰਡੀਆਂ ਦੇ ਬਾਹਰ ਕਤਾਰਾਂ ’ਚ ਉਡੀਕ ਕਰਦਿਆਂ ਜਾਂ ਮੰਡੀਆਂ ’ਚ ਜਗ੍ਹਾ ਦੀ ਘਾਟ ਦੇ ਚਲਦੇ ਸੜਕ ਕਿਨਾਰੇ ਆਪਣੀ ਉਪਜ ਨੂੰ ਸੁੱਟਦਿਆਂ ਵੇਖਦਾ ਹਾਂ, ਜੋ ਦੇਸ਼ ਦੀ ਸਭ ਤੋਂ ਮਹਤੱਵਪੂਰਨ ਆਰਥਿਕ ਸਰਗਰਮੀਆਂ ’ਚੋਂ ਇੱਕ ਨਾਲ ਹੋ ਰਹੀ ਘੋਰ ਲਾਪ੍ਰਵਾਹੀ ਤੇ ਅਨਾਜ ਕੁ-ਪ੍ਰਬੰਧਨ ਦਾ ਦਰਦਨਾਕ ਪ੍ਰਤੀਬਿੰਬ ਹੈ। ਆਖ਼ਰਕਾਰ ਅਨਾਜ ਨੂੰ ਇੱਕਠਾ ਕਰਨਾ ਤੇ ਇਸ ਨੂੰ ਬਿਨਾਂ ਕਿਸੇ ਨੁਕਸਾਨ ਸਟੋਰ ਕਰਕੇ ਇਸ ਨੂੰ ਘਾਟ ਵਾਲੇ ਖੇਤਰਾਂ ’ਚ ਬਿਨਾਂ ਕਿਸੇ ਅੜਚਣ ਭੇਜਣ ਨੂੰ ਯਕੀਨੀ ਬਣਾਉਣਾ ਕੇਂਦਰ ਤੇ ਸੂਬਾ ਸਰਕਾਰਾਂ ਦੋਹਾਂ ਦੀ ਜ਼ਿੰਮੇਵਾਰੀ ਹੈ। ਦੇਸ਼ ਦੀ ਖੁਰਾਕ ਸੁਰੱਖਿਆ ਨਾਲ ਕਿਸੇ ਵੀ ਕੀਮਤ ’ਤੇ ਸਮਝੌਤਾ ਨਹੀਂ ਕੀਤਾ ਜਾ ਸਕਦਾ। ਇਹ ਤਾਂ ਹੀ ਸੰਭਵ ਹੋ ਸਕਦਾ ਹੈ ਜੇਕਰ ਕੇਂਦਰ ਸਰਕਾਰ ਆਸਾਨੀ ਨਾਲ ਵਪਾਰ ਕਰਨ ਦੀ ਤਰਜ਼ ’ਤੇ ਖੇਤੀ ਨੂੰ ਆਸਾਨ ਬਣਾਉਣ (ਈਜ਼ ਆਫ ਡੂਇੰਗ ਫਾਰਮਿੰਗ) ਮੈਟ੍ਰਿਕਸ ਪ੍ਰਣਾਲੀ ਸ਼ੁਰੂ ਕਰੇ, ਜਿਸ ਨੂੰ ਵਿਸ਼ਵ ਬੈਂਕ ਨੇ ਅੱਗੇ ਵਧਾਇਆ ਸੀ ਤੇ ਹੁਣ ਇੱਕ ਮਹਤੱਵਪੂਰਨ ਪ੍ਰਭਾਵ ਦਿਸਣ ਤੋਂ ਬਾਅਦ ਉਸ ਨੂੰ ਵਾਪਸ ਲੈ ਲਿਆ ਗਿਆ ਹੈ। ਇਸ ਮੈਟ੍ਰਿਕਸ ਨੂੰ ਬਣਾਉਣ ਲਈ ਭਾਰਤੀ ਖੇਤੀ ਖੋਜ ਪ੍ਰੀਸ਼ਦ (ਆਈ.ਸੀ.ਏ.ਆਰ.) ਨੂੰ ਸ਼ਾਮਿਲ ਕੀਤਾ ਜਾ ਸਕਦਾ ਹੈ ਅਤੇ ਖੇਤੀ ਤੇ ਕਿਸਾਨ ਭਲਾਈ ਮੰਤਰਾਲੇ ਨੂੰ ਇਸ ਨੂੰ ਲਾਗੂ ਕਰਨ ਲਈ ਕਿਹਾ ਜਾ ਸਕਦਾ ਹੈ।

ਨਿਰਮਲਾ ਸੀਤਾਰਮਨ ਦੇ ਵਣਜ ਮੰਤਰੀ ਹੋਣ ਸਮੇਂ ਦਾ ਉਹ ਬਿਆਨ ਮੈਨੂੰ ਯਾਦ ਹੈ ਕਿ ਜਦੋਂ ਉਨ੍ਹਾਂ ਕਿਹਾ ਸੀ ਕਿ ਸਰਕਾਰ ਨੇ ਉਦਯੋਗ ਲਈ ਕਾਰੋਬਾਰ ਕਰਨ ਦੀ ਸੌਖ ਵਾਸਤੇ ਛੋਟੇ ਵੱਡੇ 7000 ਤੋਂ ਵਧੇਰੇ ਕਦਮ ਉਠਾਏ ਹਨ। ਜੇਕਰ ਪ੍ਰਸਤਾਵਿਤ ‘ਈਜ਼ ਆਫ ਡੂਇੰਗ ਫਾਰਮਿੰਗ’ ਪ੍ਰਣਾਲੀ ਦੇ ਮਾਪਦੰਡਾਂ ਤਹਿਤ ਕੇਵਲ 5000 ਕਦਮ ਹੀ ਉਠਾਏ ਜਾਂਦੇ ਹਨ ਤਾਂ ਖੇਤੀ ਯਕੀਨਨ ਕਿਸਾਨਾਂ ਨੂੰ ਆਉਣ ਵਾਲੀਆਂ ਸਭ ਰੁਕਾਵਟਾਂ ਤੋਂ ਰਹਿਤ ਇੱਕ ਆਕਰਸ਼ਕ ਬਦਲ ਬਣ ਸਕਦੀ ਹੈ। ਕਿਉਂ ਜੋ ਕਿਸਾਨ ਯੂਨੀਅਨਾਂ ਤੇ ਸਿਵਿਲ ਸੁਸਾਇਟੀ ਵਲੋਂ ਕਦੇ ਵੀ ‘ਈਜ਼ ਆਫ ਡੂਇੰਗ ਫਾਰਮਿੰਗ’ ਪ੍ਰਣਾਲੀ ਸਥਾਪਿਤ ਕਰਨ ਦੀ ਮੰਗ ਨਹੀਂ ਉਠਾਈ ਗਈ, ਇਸੇ ਲਈ ਸਰਕਾਰ ਨੇ ਇਸ ਲੋੜ ਨੂੰ ਬੜੀ ਆਸਾਨੀ ਨਾਲ ਨਜ਼ਰਅੰਦਾਜ਼ ਕਰ ਦਿੱਤਾ।

* ਲੇਖਕ ਖੁਰਾਕ ਅਤੇ ਖੇਤੀਬਾੜੀ ਮਾਮਲਿਆਂ ਦਾ ਮਾਹਿਰ ਹੈ।


# DIAMOND TRANSPORTATION

DIAMOND
Transportation Logistics, Inc.

Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
209.487.3699

ਹਰਨੇਕ ਸਿੰਘ ਅਟਵਾਲ
209.351.5965

2850 Loomis Rd, Stockton, CA 95205

# ਚੜ੍ਹਦੇ ਸਿਆਲ ਦੀ ਤਿਆਰੀ

**ਵਰਿੰਦਰ ਸਿੰਘ ਨਿਮਾਣਾ**

ਤਿੰਨ ਚਾਰ ਦਹਾਕੇ ਪਹਿਲਾਂ ਪੰਜਾਬ ਦੇ ਪਿੰਡਾਂ ਵਿੱਚ ਬਰਸਾਤਾਂ ਦੇ ਖ਼ਤਮ ਹੋਣ ਪਿੱਛੋਂ ਸ਼ੁਰੂ ਹੋਣ ਜਾ ਰਹੇ ਸਿਆਲ ਨੂੰ ਖ਼ੁਸ਼ਆਮਦੀਦ ਕਹਿਣ ਲਈ ਵੀ ਖ਼ਾਸੀ ਤਿਆਰੀ ਕਰਨੀ ਪੈਂਦੀ ਸੀ। ਅੱਸੂ ਸ਼ੁਰੂ ਹੋਣ ਮੌਕੇ ਚੋਆਂ, ਨਦੀਆਂ, ਦਰਿਆਵਾਂ ਤੇ ਛੱਪੜਾਂ ਦੇ ਕੰਢੇ ਕਾਹੀਆਂ ਨੂੰ ਪਏ ਚਿੱਟੇ ਬੁੱਬਲ ਵੀ ਇੱਕ ਤਰ੍ਹਾਂ ਨਾਲ ਰੁੱਤ ਬਦਲੀ ਦੇ ਸੁਨੇਹੇ ਨਾਲ ਇਹ ਦੱਸਣ ਦਾ ਯਤਨ ਕਰਦੇ ਸਨ ਕਿ ਹੁਣ ਮਿੱਠੀ ਤੇ ਨਿਆਰੀ ਰੁੱਤ ਸ਼ੁਰੂ ਹੋਣ ਦਾ ਸਮਾਂ ਆ ਰਿਹਾ ਹੈ। ਮੀਂਹ ਮੁੱਕ ਜਾਂਦੇ ਤੇ ਕੁਦਰਤ ਮਿੱਟੀ ਘੱਟੇ, ਬੱਦਲ, ਹਨੇਰੀ, ਝੱਖੜਾਂ ਦੀ ਮਾਰ ਤੋਂ ਮੁਕਤ ਹੋ ਕੇ ਨਿੱਖਰੀ ਨਿੱਖਰੀ ਤੇ ਟਿਕਾਅ ਵਾਲੀ ਅਵਸਥਾ ਵਿੱਚ ਆ ਜਾਂਦੀ ਹੈ। ਨਿੱਖਰੇ ਹੋਏ ਨੀਲੇ ਆਸਮਾਨ ’ਤੇ ਸਵੇਰੇ ਸ਼ਾਮ ਚੜ੍ਹਦੇ ਤੇ ਢਲਦੇ ਸੂਰਜ ਦੇ ਸੁਰਖ਼ ਰੰਗਾਂ ਵਿੱਚ ਉਡਾਰੀਆਂ ਮਾਰਦੇ ਪੰਛੀ ਪਰਿੰਦਿਆਂ ਦੀ ਰੌਣਕ, ਟੋਭਿਆਂ ਤੇ ਢਾਬਾਂ ਦੇ ਨਿੱਤਰੇ ਹੋਏ ਪਾਣੀਆਂ ’ਚ ਚਾਨਣੀ ਰਾਤ ਨੂੰ ਝਾਤੀਆਂ ਮਾਰਦੇ ਚੰਨ ਦੇ ਮਿਜਾਜ਼ ਨੂੰ ਤੱਕਣਾ ਤੇ ਮਾਨਣਾ ਰੂਹ ਨੂੰ ਸਕੂਨ ਦੇਣ ਵਾਲਾ ਤਜਰਬਾ ਹੋ ਨਿੱਬੜਦਾ ਸੀ।

ਰਾਤ ਵੇਲੇ ਟਿਕੀ ਹੋਈ ਕਾਇਨਾਤ ਵਿੱਚ ਛੋਟੀਆਂ ਛੋਟੀਆਂ ਰੌਸ਼ਨੀਆਂ ਦੀ ਜਗਮਹਾਟ ਨਾਲ ਆਪਣੀ ਹਾਜ਼ਰੀ ਲਵਾ ਰਹੇ ਤਾਰਿਆਂ ਦੀ ਡਲਕ ਅੰਬਰ ਵੱਲ ਨੂੰ ਝਾਤ ਮਾਰਨ ਵਾਲੇ ਹਰ ਸ਼ਖ਼ਸ ਨੂੰ ਆਪਣੇ ਵੱਲ ਖਿੱਚਦੀ ਪ੍ਰਤੀਤ ਹੁੰਦੀ ਸੀ। ਅੱਸੂ ਮਹੀਨੇ ਵਿੱਚ ਹੀ ਲੋਕਾਂ ਵੱਲੋਂ ਆਪਣੇ ਵਡੇਰਿਆਂ ਦੀ ਯਾਦ ’ਚ ਸ਼ਰਾਧ ਕਰਾਉਣ ਦਾ ਸਿਲਸਿਲਾ ਸ਼ੁਰੂ ਹੋ ਜਾਂਦਾ ਸੀ ਤੇ ਸਾਡੇ ਲੋਕ ਗੀਤਾਂ ’ਚ ਵੀ ਅੰਕਿਤ ਹੋਏ ਬੋਲ: ‘ਅੱਸੂ ਦੇ ਮਹੀਨੇ ਜੀ, ਸ਼ਰਾਧ ਮਸਾਂ ਆਏ, ਨਿੱਖਰੀਆ ਰਾਤਾਂ, ਲੋਹੜੇ ਤਾਰਿਆਂ ਨੇ ਪਾਏ’ ਸੱਚ ਹੁੰਦੇ ਜਾਪਣ ਲੱਗ ਪੈਂਦੇ ਸਨ। ਮੌਸਮ ਦੀ ਬਦਲਦੀ ਤੋਰ ਸਾਹਵੇਂ ਪੱਛਮ ਦੀ ਗੁੱਠ ’ਚੋਂ ਰੁਮਕਦੀਆਂ ਹਵਾਵਾਂ ਆਉਣ ਵਾਲੇ ਸਿਆਲ ਦਾ ਸੁਨੇਹਾ ਦਿੰਦੀਆਂ ਬਿਰਖਾਂ ਦੇ ਪੱਤਰਾਂ ਨਾਲ ਅਠਖੇਲੀਆਂ ਕਰਦੀਆਂ ਦਿਖਾਈ ਦਿੰਦੀਆਂ ਸਨ।

ਇਸ ਰੁੱਤ ’ਚ ਗਵਾਰੇ ਨੂੰ ਫਲੀਆਂ ਪੈ ਜਾਂਦੀਆਂ ਤੇ ਇਹ ਫਲੀਆਂ ਵਾਲਾ ਹਰਾ ਚਾਰਾ ਦੁਧਾਰੂ ਪਸ਼ੂਆਂ ਲਈ ਲਾਹੇਵੰਦ ਮੰਨਿਆ ਜਾਂਦਾ ਸੀ। ਬਾਜਰੇ ਦੇ ਸਿੱਟੇ ਅਨਾਜ ਨਾਲ ਭਰੇ ਹੁੰਦੇ ਤੇ ਅਗਲੀ ਰੁੱਤ ਲਈ ਬਾਜਰੇ ਦਾ ਬੀਜ ਤਿਆਰ ਕਰਨ ਲਈ ਇਨ੍ਹਾਂ ਮਹੀਨਿਆਂ ਵਿੱਰ ਬਾਜਰੇ ਦੇ ਸਿੱਟੇ ਡੁੰਗ ਡੁੰਗ ਕੇ ਸੰਭਾਲੇ ਜਾਂਦੇ ਸਨ। ਕਿਸਾਨੀ ਨਾਲ ਸਬੰਧਿਤ ਪਰਿਵਾਰਾਂ ਦੇ ਘਰ ਸਾਉਣੀ ਦੀ ਫ਼ਸਲ ਆਉਣ ਦਾ ਚਾਅ ਤੇ ਫਿਰ ਖਾਲੀ ਹੋਏ ਖੇਤਾਂ ਵਿੱਚ ਥੋੜ੍ਹੇ ਸਮੇਂ ਬਾਅਦ ਹਾੜ੍ਹੀ ਦੀ ਤਿਆਰੀ ਦਾ ਰੁਝੇਵਾਂ ਕਿਸਾਨੀ ਜ਼ਿੰਦਗੀ ਲਈ ਨਵੀਆਂ ਉਮੀਦਾਂ ਤੇ ਉਤਸ਼ਾਹ ਭਰ ਦਿੰਦਾ ਸੀ। ਮਾਲ ਡੰਗਰ ਰੱਖਣ ਵਾਲੇ ਕਿਸਾਨ ਪਰਿਵਾਰਾਂ ਨੂੰ ਪਸ਼ੂਆਂ ਲਈ ਪੂਰਾ ਸਿਆਲ ਹਰੇ ਚਾਰੇ ਲਈ ਵਰਤੇ ਜਾਣ ਵਾਲੇ ਬਰਸੀਮ, ਸੇਂਜੀ ਤੇ ਜਵੀ ਆਦਿ ਦੀ ਬਿਜਾਈ ਕਰਦਿਆਂ ਕਈ ਕਈ ਦਿਨ ਲੱਗ ਜਾਇਆ ਕਰਦੇ ਸਨ।

ਖੇਤ ਵਿੱਚ ਪਾਈਆਂ ਸਿੱਧੀਆਂ ਵੱਟਾਂ ਉੱਤੇ ਕਈ ਪਰਿਵਾਰਾਂ ਵੱਲੋਂ ਘਰ ਜੋਗੇ ਤੇਲ ਲਈ ਗੋਭੀ ਸਰੋਂ ਵੀ ਕੇਰ ਦਿੱਤੀ ਜਾਂਦੀ ਤੇ ਇਨ੍ਹਾਂ ਵੱਟਾਂ ’ਤੇ ਕੇਰੀ ਸਰੋਂ ਨੂੰ ਫੱਗਣ ਚੇਤ ਦੇ ਮਹੀਨਿਆਂ ਵਿੱਚ ਪੀਲੇ ਫੁੱਲ ਖਿੜਦੇ ਤਾਂ ਹਰੇ ਪੀਲੇ ਖੇਤਾਂ ਨਾਲ ਭਰੀ ਧਰਤੀ ਸਵਰਗ ਦੀਆਂ ਬਾਤਾਂ ਪਾਉਂਦੀ ਲੱਗਿਆ ਕਰਦੀ ਸੀ। ਕਈ ਪਰਿਵਾਰਾਂ ਵੱਲੋਂ ਪੱਠਿਆਂ ਵਾਲੇ ਖੇਤ ਦੀਆਂ ਵੱਟਾਂ ’ਤੇ ਅਲਸੀ ਤੇ ਸੌਂਫ ਬੀਜ ਕੇ ਘਰੇਲੂ ਵਰਤੋਂ ਵਿੱਚ ਕੰਮ ਆਉਣ ਵਾਲੀਆਂ ਇਨ੍ਹਾਂ ਦੇਸੀ ਜਿਣਸਾਂ ਦਾ ਜੁਗਾੜ ਕਰ ਲਿਆ ਜਾਂਦਾ ਸੀ। ਘਰ ਦੀ ਹਰੀ ਸਬਜ਼ੀ ਦੇ ਸ਼ੌਕੀਨ ਪਰਿਵਾਰ ਬਰਸੀਮ ਵਾਲੇ ਖੇਤ ਵਿੱਚ ਹੀ ਇੱਕ ਕਿਆਰਾ ਸਿਆਲਾਂ ਵਿੱਚ ਘਰ ਵਰਤੋਂ ਵਿੱਚ ਆਉਣ ਵਾਲੇ ਹਰੇ ਧਨੀਏ, ਮੇਥੀ, ਪਾਲਕ, ਹਰੇ ਮਟਰ, ਗੋਭੀ, ਮੂਲੀ ਗਾਜਰ, ਸਲਗਮ, ਲਸਣ, ਗੰਢੇ ਆਦਿ ਦੀ ਕਾਸ਼ਤ ਲਈ ਵੀ ਛੱਡ ਲੈਂਦੇ ਤੇ ਫਿਰ ਸਾਰਾ ਸਿਆਲ ਘਰੇਲੂ ਸੁਆਣੀਆਂ ਹਰੀ ਸਬਜ਼ੀ ਪੱਠਿਆਂ ਵਾਲੇ ਖੇਤ ’ਚੋਂ ਲਿਆ ਲਿਆ ਚੁੱਲ੍ਹੇ ਚੌਂਕਿਆਂ ਦੀ ਬਰਕਤ ਵਿੱਚ ਵਾਧਾ ਕਰ ਦਿੰਦੀਆਂ ਸਨ।

ਇਨ੍ਹੀਂ ਦਿਨੀਂ ਹੀ ਪਿੰਡਾਂ ਵਿੱਚ ਕਿਸੇ ਸਾਕ ਸਬੰਧੀ ਦੇ ਧੀ-ਪੁੱਤ ਦੇ ਵਿਆਹ ਦੀ ਸ਼ਗਨਾਂ ਭਰੀ ਖ਼ਬਰ ਵੀ ਕੰਮਾਂ ਵਿੱਚ ਵਿਅਸਤ ਹੋਈ ਜ਼ਿੰਦਗੀ ਦੀ ਤੋਰ ਵਿੱਚ ਨਵਾਂ ਜੋਸ਼ ਤੇ ਉਤਸ਼ਾਹ ਭਰ ਦਿੰਦੀ ਸੀ।

ਅੱਜ ਪੰਜਾਬ ਦੀ ਨਵੀਂ ਪਨੀਰੀ ਵੱਲੋਂ ਪਿੰਡਾਂ ਦੇ ਗੱਡੇ ਤੇ ਟਰੈਕਟਰਾਂ ਨਾਲ ਸਾਂਝ ਛੱਡ ਸਮੁੰਦਰੋਂ ਪਾਰ ਵੱਸਣ ਤੇ ਕਮਾਉਣ ਦੀ ਤਾਂਘ ਨੇ ਪੇਂਡੂ ਰਹਿਤਲ ਦੀ ਸਮਾਜਿਕ, ਸੱਭਿਆਚਾਰਕ ਤੇ ਆਰਥਿਕ ਤਸਵੀਰ ਨੂੰ ਉਦਾਸੀ ਤੇ ਵੀਰਾਨਗੀ ਦੀਆਂ ਛੋਹਾਂ ਦੇ ਦਿੱਤੀਆਂ ਹਨ। ਵਿਆਹ ਤੇ ਹੋਰ ਸਮਾਜਿਕ ਕਾਰਜਾਂ ਵਿੱਚ ਬਾਜ਼ਾਰੂ ਚੀਜ਼ਾਂ ਦੇ ਵਧ ਰਹੇ ਦਖਲ ਨੇ ਇਨ੍ਹਾਂ ਮਿੱਠੇ ਤੇ ਸਮਾਗਮੀ ਕਾਰਜਾਂ ਨੂੰ ਸ਼ਹਿਰੀ ਹੋਟਲਾਂ ਤੇ ਪੈਲੇਸਾਂ ਦੀਆਂ ਚਾਰ ਦੀਵਾਰੀਆਂ ਵਿੱਚ ਕੈਦ ਕਰ ਦਿੱਤਾ ਹੈ। ਪਿੰਡਾਂ ਵਿੱਚ ਨਵੀਂ ਪਨੀਰੀ ਨੂੰ ਚੜ੍ਹਦੇ ਸਿਆਲ ਬਰਸੀਮ ਬੀਜਣ, ਪਸ਼ੂਆਂ ਵਾਲੇ ਢਾਰਿਆਂ ਦੀ ਸੰਭਾਲ ਜਾਂ ਹੋਰ ਖੇਤੀਬਾੜੀ ਦੇ ਕੰਮਾਂ ਵਾਰੇ ਬਹੁਤਾ ਇਲਮ ਨਹੀਂ ਅਤੇ ਕੰਮ ਸੱਭਿਆਚਾਰ ਨਾਲ ਜੁੜੇ ਕਾਰਜਾਂ ਵਿੱਚ ਦਿਲਚਸਪੀ ਵੀ ਨਹੀਂ ਹੈ। ਖੇਤੀ ਦੇ ਸਾਰੇ ਕੰਮ, ਪਾਣੀ ਵਾਲੀਆਂ ਮੋਟਰਾਂ ਨੂੰ ਚਲਾਉਣਾ ਤੇ ਸੰਭਾਲਣਾ ਸਭ ਪਰਵਾਸੀ ਮਜ਼ਦੂਰਾਂ ਦੇ ਹੁਨਰ ’ਤੇ ਨਿਰਭਰ ਹੋ ਗਏ ਹਨ।

ਤਿਉਹਾਰਾਂ ਤੇ ਸਮਾਜਿਕ ਕਾਰਜਾਂ ਮੌਕੇ ਵੱਧ ਤੋਂ ਵੱਧ ਮੁਨਾਫਾ ਕਮਾਉਣ ਦੀ ਹੋੜ ਤੇ ਜ਼ਿੰਦਗੀ ਦੇ ਹਰ ਸਰੋਕਾਰ ਦੇ ਹੋਏ ਵਪਾਰੀਕਰਨ ਨਾਲ ਖ਼ੁਸ਼ੀਆਂ ਮੌਕੇ ਸ਼ੁੱਧ ਰੂਪ ਵਿੱਚ ਮਿਲਣ ਵਾਲੀਆਂ ਮਠਿਆਈਆਂ ਤੇ ਹੋਰ ਖਾਧ ਪਦਾਰਥਾਂ ਵਿੱਚ ਹੁੰਦੀ ਮਿਲਾਵਟ ਨੇ ਵੀ ਮੇਲਿਆਂ ਤਿਉਹਾਰਾਂ ਮੌਕੇ ਮਨਾਉਣ ਵਾਲੀਆਂ ਖ਼ੁਸ਼ੀਆਂ ਦੇ ਰੰਗ ਫਿੱਕੇ ਪਾ ਦਿੱਤੇ ਹਨ। ਬੇਹਿਸਾਬੇ ਤੇ ਬੇਤਰਤੀਬੇ ਵਿਕਾਸ ਦੀ ਦੌੜ ਦੀ ਤਾਂਘ ਵਿੱਚ ਬੰਦਿਆਂ ਵੱਲੋਂ ਕੁਦਰਤ ਨਾਲ ਕੀਤੀ ਜਾ ਰਹੀ ਛੇੜਛਾੜ ਤੇ ਕੁਦਰਤੀ ਸੋਮਿਆਂ ਦੇ ਖਾਤਮੇ ਦੀ ਰੁਚੀ ਨਾਲ ਧਰਤੀ ’ਤੇ ਘੁੱਗ ਵਸਦੀ ਜ਼ਿੰਦਗੀ ਤੇ ਮੌਸਮੀ ਨਿਆਮਤਾਂ ਦੇ ਸੁਭਾਅ ਵਿੱਚ ਤੇਜ਼ੀ ਨਾਲ ਤਬਦੀਲੀ ਹੋਣ ਲੱਗੀ ਹੈ ਜਿਸ ਨਾਲ ਮੌਸਮਾਂ ਤੇ ਰੁੱਤਾਂ ਨਾਲ ਜੁੜੇ ਹਾਂ ਪੱਖੀ ਸਰੋਕਾਰ ਖ਼ਤਮ ਹੁੰਦੇ ਜਾ ਰਹੇ ਹਨ।



# ਮਾਤ ਭਾਸ਼ਾ ’ਤੇ ਹੋ ਰਹੇ ਹਮਲਿਆਂ ਦਾ ਸੁਚੇਤ ਮੁਕਾਬਲਾ ਜ਼ਰੂਰੀ

**ਬਲਵਿੰਦਰ ਸਿੰਘ ਭੁੱਲਰ**

ਹਰ ਵਿਅਕਤੀ ਦੇ ਜੀਵਨ ਵਿੱਚ ਮਾਤ ਭਾਸ਼ਾ ਦਾ ਬਹੁਤ ਵੱਡਾ ਮਹੱਤਵ ਹੈ। ਮਾਤ ਭਾਸ਼ਾ ਬੱਚੇ ਦੀ ਅਸਲ ਭਾਸ਼ਾ ਹੁੰਦੀ ਹੈ, ਜਿਸ ਵਿੱਚ ਮਾਂ ਬੱਚੇ ਨੂੰ ਲੋਰੀਆਂ ਤੇ ਪਿਆਰ ਦਿੰਦੀ ਹੈ। ਮਾਂ ਬੋਲੀ ਬੱਚੇ ਨੂੰ ਅਸਾਨੀ ਨਾਲ ਸਮਝ ਪੈ ਜਾਂਦੀ ਹੈ ਅਤੇ ਕੀਤੀ ਜਾਣ ਵਾਲੀ ਹਰ ਗੱਲ ਦੇ ਅਰਥ ਸੌਖ ਨਾਲ ਹੀ ਉਸਦੇ ਹਿਰਦੇ ਵਿੱਚ ਜਜ਼ਬ ਹੋ ਜਾਂਦੇ ਹਨ। ਜੋ ਬੱਚੇ ਆਪਣੀ ਮਾਤ ਭਾਸ਼ਾ ਛੱਡ ਕੇ ਹੋਰ ਭਾਸ਼ਾਵਾਂ ਵਿੱਚ ਗਿਆਨ ਹਾਸਲ ਕਰਦੇ ਹਨ, ਉਹ ਅਰਥ ਤਾਂ ਸਮਝ ਜਾਂਦੇ ਹਨ ਪਰੰਤੂ ਬੋਲੇ ਫਿਕਰੇ ਦੇ ਮਾਨਸਿਕ, ਭਾਵਨਾਤਮਿਕ ਜਾਂ ਜਜਬਾਤੀ ਪੱਧਰ ਸਮਝਣ ਤੋਂ ਸੱਖਣੇ ਰਹਿ ਜਾਂਦੇ ਹਨ। ਮਾਂ ਬੋਲੀ ਕਿਸੇ ਧਰਮ ਜਾਤ ਕੌਮ ਦੀ ਨਹੀਂ ਇੱਕ ਖਿੱਤੇ ਦੀ ਹੁੰਦੀ ਹੈ ਅਤੇ ਸਭ ਦੀ ਸਾਂਝੀ ਹੁੰਦੀ ਹੈ, ਜਿੱਥੇ ਵਸਣ ਵਾਲੇ ਸਾਰੇ ਹੀ ਲੋਕ ਉਸਨੂੰ ਸਮਝਦੇ ਤੇ ਮਾਣਦੇ ਹਨ।

ਇਹ ਵੀ ਇੱਕ ਸੱਚਾਈ ਹੈ ਕਿ ਮਾਤ ਭਾਸ਼ਾ ਬਿਨਾਂ ਨਾ ਆਨੰਦ ਮਿਲਦਾ ਹੈ ਨਾ ਵਿਸਥਾਰ ਹੁੰਦਾ ਹੈ ਅਤੇ ਨਾ ਹੀ ਜੀਵਨ ਨੂੰ ਰੌਸ਼ਨ ਬਣਾਉਣ ਵਾਲੀਆਂ ਯੋਜਨਾਵਾਂ ਪ੍ਰਫੁੱਲਤ ਕੀਤੀਆਂ ਜਾ ਸਕਦੀਆਂ ਹਨ। ਇੱਥੇ ਹੀ ਬੱਸ ਨਹੀਂ ਇਨਸਾਨ ਮਾਤ ਭਾਸ਼ਾ ਵਗੈਰ ਕਿਸੇ ਕੋਲ ਨਾ ਆਪਣੇ ਦੁਖੜੇ ਸਹੀ ਅਰਥਾਂ ’ਚ ਬਿਆਨ ਕਰ ਸਕਦਾ ਹੈ ਅਤੇ ਨਾ ਹੀ ਆਪਣੀਆਂ ਖ਼ੁਸ਼ੀਆਂ ਸਾਂਝੀਆਂ ਕਰ ਸਕਦਾ ਹੈ। ਤਰੱਕੀ ਕਰਨ ਦੇ ਇਰਾਦੇ ਅਤੇ ਵਿਦੇਸਾਂ ਵਿੱਚ ਜਾਣ ਦੀ ਲਾਲਸਾ ਕਾਰਨ ਹੋਰ ਭਾਸ਼ਾਵਾਂ ਖਾਸਕਰ ਅੰਗਰੇਜੀ ਵੱਲ ਰੁਚੀ ਵਧੀ ਹੋਈ ਐ, ਮਾਂ ਬੋਲੀ ਤੋਂ ਹੋਈ ਦੂਰੀ ਦਾ ਦੁੱਖ ਉਸ ਸਮੇਂ ਮਹਿਸੂਸ ਹੁੰਦਾ ਹੈ ਵਿਦੇਸਾਂ ਵਿੱਚ ਪੰਜਾਬੀ ਬੋਲਣ ਵਾਲਾ ਮਿਲਦਾ ਹੈ, ਉਸਨੂੰ ਇਉਂ ਲਗਦਾ ਹੈ, ਜਿਵੇਂ ਉਸ ਦਾ ਦੁਬਾਰਾ ਜਨਮ ਹੋਇਆ ਹੋਵੇ।

ਹਰ ਦੇਸ਼, ਹਰ ਖਿੱਤੇ, ਹਰ ਰਾਜ ਦੀ ਵੱਖਰੀ ਭਾਸ਼ਾ ਹੈ, ਦੁਨੀਆਂ ਭਰ ਵਿੱਚ ਇਸ ਸਮੇਂ ਕਰੀਬ 6900 ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ। ਜੇਕਰ ਭਾਰਤ ਦੀ ਗੱਲ ਕਰੀਏ ਤਾਂ ਇੱਥੇ 427 ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ, ਜਿਹਨਾਂ ਵਿੱਚ ਇਲਾਕਿਆਂ ਜਾਂ ਦੇਸ ਦੀ ਭਾਸ਼ਾ ਤੋਂ




ਇਲਾਵਾ ਵਿਦੇਸ਼ੀ ਭਾਸ਼ਾਵਾਂ ਵੀ ਸਾਮਲ ਹਨ। ਪੰਜਾਬ ਵਿੱਚ ਸਾਡੀ ਮਾਤ ਭਾਸ਼ਾ ਪੰਜਾਬੀ ਹੈ, ਜੋ ਸਾਡੇ ਰਾਜ ਤੋਂ ਇਲਾਵਾ ਬਹੁਤ ਸਾਰੇ ਹੋਰ ਦੇਸ਼ਾਂ ਰਾਜਾਂ ਵਿੱਚ ਵੀ ਬੋਲੀ ਜਾਂਦੀ ਹੈ। ਇਸ ਸਮੇਂ ਪੰਜਾਬੀ ਬੋਲਣ ਵਾਲੇ ਲੋਕਾਂ ਦੀ ਗਿਣਤੀ 11 ਕਰੋੜ ਤੋਂ ਵੱਧ ਹੈ ਅਤੇ ਇਹ ਦੁਨੀਆਂ ਦੀਆਂ ਭਾਸ਼ਾਵਾਂ ਵਿੱਚ ਦਸਵੇਂ ਸਥਾਨ ਤੇ ਪਹੁੰਚ ਚੁੱਕੀ ਹੈ। ਕੈਨੇਡਾ ਅਮਰੀਕਾ ਵਿੱਚ ਵੀ ਅਜਿਹੇ ਰਾਜ ਜਾਂ ਖਿੱਤੇ ਹਨ, ਜਿੱਥੇ ਸੜਕਾਂ ਬਜਾਰਾਂ ਜਾਂ ਟੈਕਸੀ ਸਟੈਂਡਾਂ ਤੇ ਪੰਜਾਬੀ ਵਿੱਚ ਬੋਰਡ ਲੱਗੇ ਹੋਏ ਹਨ, ਜੋ ਮਾਣ ਵਾਲੀ ਗੱਲ ਹੈ।

ਆਪਣੇ ਦੇਸ਼ ਤੇ ਆਪਣੀ ਮਾਤ ਭੂਮੀ ਤੋਂ ਦੂਰ ਵੱਖ ਵੱਖ ਦੇਸ਼ਾਂ ਵਿੱਚ ਬੈਠੇ ਪੰਜਾਬੀ ਆਪਣੀ ਮਾਤ ਭਾਸ਼ਾ ਸਬੰਧੀ ਦਰਦ ਨੂੰ ਮਹਿਸੂਸ ਕਰਦੇ ਹੋਏ ਇਸ ਦੇ ਵਿਕਾਸ ਤੇ ਤਰੱਕੀ ਲਈ ਪੂਰੀ ਸੁਹਿਰਦਤਾ ਨਾਲ ਯਤਨ ਕਰ ਰਹੇ ਹਨ, ਪਰ ਪੰਜਾਬ ਵਿੱਚ ਸਥਿਤੀ ਇਸਦੇ ਉਲਟ ਦਿਖਾਈ ਦੇ ਰਹੀ ਹੈ। ਪੰਜਾਬ ਦੇ ਮੁੱਖ ਮੰਤਰੀ ਸ੍ਰੀ ਲਛਮਣ ਸਿੰਘ ਗਿੱਲ ਨੇ ਮਾਤ ਭਾਸ਼ਾ ਦਾ ਮਹੱਤਵ ਸਮਝਦਿਆਂ 30 ਦਸੰਬਰ 1967 ਨੂੰ ਇੱਕ ਨੋਟੀਫਿਕੇਸਨ ਜਾਰੀ ਕਰਕੇ ਸੂਬੇ ਵਿੱਚ ਪੰਜਾਬੀ ਲਾਗੂ ਕਰਨ ਦੇ ਆਦੇਸ਼ ਦਿੱਤੇ ਸਨ ਅਤੇ ਉਸਤੋਂ ਬਾਅਦ 2008 ’ਚ ਰਾਜ ਭਾਸ਼ਾ ਐਕਟ ਰਾਹੀਂ ਸਰਕਾਰੀ ਦਫ਼ਤਰਾਂ ਵਿੱਚ ਪੰਜਾਬੀ ਲਾਗੂ ਕਰਨ ਦੇ ਹੁਕਮ ਜਾਰੀ ਕੀਤੇ ਗਏ, ਪਰ ਇਹ ਆਦੇਸ਼ ਸਿਰਫ਼ ਕਾਗਜਾਂ ਤੱਕ ਹੀ ਸੀਮਤ ਹੋ ਕੇ ਰਹਿ ਗਏ ਹਨ।

ਦਫ਼ਤਰਾਂ ਵਿੱਚ ਕੰਮ ਕਰਦੇ ਮੁਲਾਜ਼ਮ ਮਾਤ ਭਾਸ਼ਾ ਦੀ ਥਾਂ ਅੰਗਰੇਜੀ ਜਾਂ ਹਿੰਦੀ ਵਿੱਚ ਕੰਮ ਕਰਨ ਨੂੰ ਆਪਣੀ ਸ਼ਾਨ ਸਮਝਦੇ ਹਨ। ਇੱਥੇ ਹੀ ਬੱਸ ਨਹੀਂ ਘਰਾਂ ਵਿੱਚ ਵੀ ਗੱਲ ਕਰਦਿਆਂ ਵਿੱਚ ਵਿੱਚ ਅੰਗਰੇਜੀ ਸ਼ਬਦ ਬੋਲ ਕੇ ਇਹ ਵਿਖਾਵਾ ਕੀਤਾ ਜਾਂਦਾ ਹੈ ਕਿ ਉਹ ਵੱਧ ਪੜ੍ਹੇ ਹੋਏ ਹਨ। ਅੱਜ ਮਾਵਾਂ ਵੀ ਅੰਗਰੇਜੀ ਨਾ ਆਉਂਦੀ ਹੋਣ ਦੇ ਬਾਵਜੂਦ ਬੱਚੇ ਨੂੰ ਕਹਿੰਦੀ ਹੈ, “ਬੇਟੇ ਨੋਜ਼ੀ ਸਾਫ਼ ਕਰ ਲੈ।” ਕਿੱਡੇ ਦੁੱਖ ਦੀ ਗੱਲ ਹੈ ਮਾਤ ਭਾਸ਼ਾ ਜਿਸਦਾ ਪਹਿਲਾ ਸਬਦ ਮਾਂ ਹੈ ਉਹ ਵੀ ਬੱਚੇ ਨੂੰ ਜਨਮ ਤੋਂ ਹੀ ਮਾਤ ਭਾਸ਼ਾ ਤੋਂ ਦੂਰ ਹੋਣ ਦਾ ਸੁਨੇਹਾ ਦਿੰਦੀ ਹੈ।

ਇਹ ਸੱਚ ਹੈ ਕਿ ਜਿਸ ਇਨਸਾਨ ਨੇ ਆਪਣੀ ਮਾਤ ਭਾਸ਼ਾ ਦਾ ਤਿਆਗ ਕਰ ਦਿੱਤਾ, ਉਸ ਦਾ ਜੀਵਨ ਅਧੂਰਾ ਰਹਿ ਜਾਂਦਾ ਹੈ, ਉਸਦਾ ਪੰਧ ਅਧਵਾਟੇ ਹੀ ਰੁਕ ਜਾਂਦਾ ਹੈ। ਉਹ ਭਾਵੇਂ ਕਮਾਈ ਤਾਂ ਬਹੁਤ ਕਰ ਲਵੇ, ਪਰ ਉਸਦੇ ਜੀਵਨ ਦਾ ਮਕਸਦ ਪੂਰਾ ਨਹੀਂ ਹੁੰਦਾ। ਇਹੋ ਕਾਰਨ ਹੈ ਅੱਜ ਬਹੁਤ ਸਾਰੇ ਅਜਿਹੇ ਦੇਸ਼ ਹਨ, ਜਿੱਥੋਂ ਦੇ ਲੋਕ ਮਾਂ ਬੋਲੀ ਦਾ ਮਹੱਤਵ ਸਮਝਦਿਆਂ, ਆਪਣੇ ਨਾਲ ਝਗੜਣ ਵਾਲੇ ਨੂੰ ਸਰਾਪ ਜਾਂ ਗਾਲ ਹੀ ਇਉਂ ਦਿੰਦੇ ਹਨ, “ਜਾਹ ਤੂੰ ਆਪਣੀ ਮਾਂ ਬੋਲੀ ਭੁੱਲ ਜਾਵੇਂ।” ਜਿਹੜੇ ਲੋਕ ਆਪਣੀ ਮਾਂ ਬੋਲੀ ਨੂੰ ਜਿਉਂਦਾ ਰੱਖਣ ਲਈ ਹਮੇਸ਼ਾਂ ਤਤਪਰ ਹਨ, ਉਹਨਾਂ ਦਾ ਖੇਤਰ ਵੀ ਵਧੇਰੇ ਉੱਨਤ ਹੁੰਦਾ ਹੈ ਅਤੇ ਉਹ ਹਰ ਪੱਖੋਂ ਸਫ਼ਲ ਵੀ ਰਹਿੰਦੇ ਹਨ। ਭਾਰਤ ਵਿੱਚ ਵੀ ਜੇਕਰ ਤਾਮਿਲਨਾਡੂ, ਕੇਰਲ ਆਦਿ ਰਾਜਾਂ ਦੀ ਗੱਲ ਕਰੀਏ, ਜਿੱਥੇ ਲੋਕ ਦੇਸ਼ ਦੇ ਸਭ ਤੋਂ ਵੱਧ ਪੜ੍ਹੇ ਲਿਖੇ ਹਨ, ਉਹ ਆਪਸ ਵਿੱਚ ਗੱਲਬਾਤ ਕਰਦਿਆਂ ਆਪਣੀ ਮਾਤ ਭਾਸ਼ਾ ਦੀ ਹੀ ਵਰਤੋਂ ਕਰਦੇ ਹਨ, ਇਸ ਲਈ ਉਹ ਵਧੇਰੇ ਉੱਨਤ ਹਨ। ਪਰ ਪੰਜਾਬੀ ਨੂੰ ਖਤਮ ਕਰਨ ਦੀਆਂ ਸਾਜਿਸ਼ਾਂ ਰਚੀਆਂ ਜਾ ਰਹੀਆਂ ਹਨ।

ਪੰਜਾਬੀ ਮਾਂ ਬੋਲੀ ਨੂੰ ਖਤਮ ਕਰਨ ਪਿੱਛੇ ਕਿਹੜੇ ਸਾਜਿਸਕਾਰ ਹਨ? ਇਹ ਇੱਕ ਵੱਖਰਾ ਵਿਸ਼ਾ ਹੈ, ਪਰ ਅੱਜ ਜੋ ਸਾਡੇ ਰਾਜ ਦੇ ਸਕੂਲਾਂ ਵਿੱਚ ਹੋ ਰਿਹਾ ਹੈ ਉਸ ਬਾਰੇ ਹੀ ਚਰਚਾ ਕਰੀਏ। ਪੰਜਾਬ ਦੇ ਵਧੇਰੇ ਪਬਲਿਕ ਸਕੂਲ ਅਜਿਹੇ ਹਨ, ਜਿੱਥੇ ਮਾਂ ਬੋਲੀ ਪੰਜਾਬੀ ਪੜ੍ਹਾਈ ਹੀ ਨਹੀਂ ਜਾਂਦੀ। ਉਹਨਾਂ ’ਤੇ ਇਹ ਪਾਬੰਦੀ ਆਇਦ ਕੀਤੀ ਹੋਈ ਹੈ ਕਿ ਉਹਨਾਂ ਇੱਕ ਦੂਜੇ ਨਾਲ ਹਿੰਦੀ ਜਾਂ ਅੰਗਰੇਜੀ ਭਾਸ਼ਾ ਵਿੱਚ ਹੀ ਗੱਲ ਕਰਨੀ ਹੈ। ਜੇ ਕੋਈ ਬੱਚਾ ਪੰਜਾਬੀ ਬੋਲ ਬੈਠੇ ਤਾਂ ਦੂਜੇ ਵਿਦਿਆਰਾਥੀ ਉਸਦੀ ਸਿਕਾਇਤ ਅਧਿਆਪਕਾਂ ਕੋਲ ਕਰਦੇ ਹਨ ਅਤੇ ਪੰਜਾਬੀ ਬੋਲਣ ਵਾਲੇ ਨੂੰ ਝਿੜਕਾਂ ਮਿਲਦੀਆਂ ਹਨ।

ਇੱਥੇ ਹੀ ਬੱਸ ਨਹੀਂ! ਮਾਤ ਭਾਸ਼ਾ ਬੋਲਣ ਵਾਲੇ ਨੂੰ “ਪੰਜਾਬੀ ਬੋਲਣ ਵਾਲਾ” ਕਹਿ ਕੇ ਨੀਵਾਂ ਦਿਖਾਉਣ ਦੀ ਕੋਸਿਸ਼ ਕਰਕੇ ਚਿੜਾਇਆ ਜਾਂਦਾ ਹੈ। ਬੱਚਿਆਂ ਦੇ ਮਾਂ ਬਾਪ ਨੂੰ ਸਕੂਲਾਂ ਵਿੱਚ ਬੁਲਾ ਕੇ ਮੈਨੇਜਮੈਂਟ ਵੱਲੋਂ ਕਥਿਤ ਤੌਰ ’ਤੇ ਇਹ ਹਦਾਇਤ ਕੀਤੀ ਜਾਂਦੀ ਹੈ ਕਿ ਘਰਾਂ ਵਿੱਚ ਉਹ ਬੱਚਿਆਂ ਨਾਲ ਹਿੰਦੀ ਜਾਂ ਅੰਗਰੇਜੀ ਵਿੱਚ ਹੀ ਗੱਲ ਕਰਨ। ਇਹ ਘਟਨਾਵਾਂ ਪੰਜਾਬੀ ਦੀ ਘੱਟ ਗਿਣਤੀ ਵਾਲੇ ਕਿਸੇ ਰਾਜ ਦੀਆਂ ਨਹੀਂ, ਪੰਜਾਬ ਦੀਆਂ ਹਨ, ਜਿੱਥੇ ਹਰ ਧਰਮ ਤੇ ਹਰ ਜਾਤ ਦੇ ਲੋਕ ਘਰਾਂ ’ਚ ਪੰਜਾਬੀ ਬੋਲਦੇ ਤੇ ਪੜ੍ਹਦੇ ਹਨ ਅਤੇ ਜਿਸ ਧਰਤੀ ਤੇ ਮਾਤ ਭਾਸ਼ਾ ਪੰਜਾਬੀ ਦਾ ਜਨਮ ਹੋਇਆ ਹੈ।

ਲਿਖਣ ਦਾ ਮਕਸਦ ਇਹ ਨਹੀਂ ਕਿ ਅਸੀਂ ਬੱਚਿਆਂ ਜਾਂ ਰਾਜ ਦੀ ਤਰੱਕੀ ਨਹੀਂ ਚਾਹੁੰਦੇ। ਉਹਨਾਂ ਦੁਨੀਆਂ ਭਰ ਦੇ ਬੱਚਿਆਂ ਦਾ ਮੁਕਾਬਲਾ ਕਰਨਾ ਹੈ ਤਾਂ ਉੱਚ ਅੰਗਰੇਜੀ ਸਿੱਖਣੀ ਹੀ ਪਵੇਗੀ। ਲਿਖਣ ਦਾ ਮਕਸ਼ਦ ਹਿੰਦੀ ਜਾਂ ਅੰਗਰੇਜੀ ਸਿੱਖਣ ਦਾ ਵਿਰੋਧ ਨਹੀਂ, ਪਰ ਮਾਂ ਬੋਲੀ ਨੂੰ ਭੁਲਾਉਣ ਲਈ ਵਰਤੀਆਂ ਜਾ ਰਹੀਆਂ ਸਾਜਿਸ਼ਾਂ ਪ੍ਰਤੀ ਦੁੱਖ ਅਤੇ ਚਿੰਤਾ ਜਰੂਰ ਹੈ।

ਮਾਤ ਭਾਸ਼ਾ ਪੰਜਾਬੀ ’ਤੇ ਹੋ ਰਹੇ ਹਮਲੇ ਇਸ ਲਈ ਚਿੰਤਾ ਪ੍ਰਗਟ ਕਰਦੇ ਹਨ ਕਿ ਇਸਦਾ ਹਾਲ ਅਮਰੀਕਾ ਦੇ ਮੀਵੁਕਾ ਕਬੀਲੇ ਦੇ ਲੋਕਾਂ ਦੀ ਮੂਲ ਭਾਸ਼ਾ ‘ਮੀਵੁਕਾ’ ਵਾਲਾ ਹੀ ਨਾ ਹੋ ਜਾਵੇ। ਯੋਸੇਮਿਤੀ ਵਾਦੀ ਵਿੱਚ ਉਸ ਕਬੀਲੇ ਨੂੰ ਖਤਮ ਕਰਨ ਦੇ ਇਰਾਦੇ ਨਾਲ ਵਿਰੋਧੀ ਡਾਢਿਆਂ ਨੇ ਉਹਨਾਂ ਦੇ ਸਭ ਤੋਂ ਵੱਡੇ ਪਿੰਡ ਆਵਾਹਨੀ ਨੂੰ ਨੇਸ ਤੋਂ ਨਾਬੂਦ ਹੀ ਕਰ ਦਿੱਤਾ ਸੀ, 19ਵੀਂ ਸਦੀ ਇਸ ਕਬੀਲੇ ਦੇ ਕੇਵਲ ਦਸ ਫੀਸਦੀ ਲੋਕ ਬਚੇ ਸਨ ਜੋ ਆਪਣੀ ਮੂਲ ਭਾਸ਼ਾ ਮੀਵੁਕਾ ਬੋਲਦੇ ਸਨ। 1990 ਵਿੱਚ ਇਸ ਕਬੀਲੇ ਦੀ ਆਪਣੀ ਮੂਲ ਭਾਸ਼ਾ ਬੋਲਣ ਵਾਲੇ ਕੇਵਲ 6 ਵਿਅਕਤੀ ਰਹਿ ਗਏ ਸਨ ਅਤੇ ਅੱਜ ਕੋਈ ਵਿਅਕਤੀ ਇਸ ਭਾਸ਼ਾ ਨੂੰ ਵਰਤਣ ਵਾਲਾ ਨਹੀਂ ਰਿਹਾ। ਡਰ ਲਗਦੈ ਸਾਜਿਸਾਂ ਦੀ ਸ਼ਿਕਾਰ ਸਾਡੀ ਮਾਤ ਭਾਸ਼ਾ ਪੰਜਾਬੀ ਦਾ ਹਾਲ ਵੀ ਅਜਿਹਾ ਨਾ ਹੋ ਜਾਵੇ।

**(ਬਾਕੀ ਸਫ਼ਾ 31 ’ਤੇ)**

# ਦਿੱਲੀ ਤਖ਼ਤ ਦੇ ਦੋ ਰੰਗੀਲੇ

ਹਰਨੇਕ ਸਿੰਘ ਘੜੂੰਆਂ
98156-28998



ਦਿੱਲੀ ਦੇ ਤਖ਼ਤ ’ਤੇ ਮੁਹੰਮਦ ਸ਼ਾਹ ਰੰਗੀਲਾ 1719 ਵਿੱਚ ਬੈਠਿਆ। ਇਸ ਨੇ 1748 ਤੀਕ ਰਾਜ ਕੀਤਾ। ਇਹ ਬਹਾਦਰ ਸ਼ਾਹ ਪਹਿਲੇ ਦਾ ਪੋਤਾ ਸੀ। ਇਸ ਦਾ ਪੂਰਾ ਨਾਂਅ ‘ਮਿਰਜ਼ਾ ਨਾਸਰ ਉਦਦੀਨ ਮੁਹੰਮਦ ਸ਼ਾਹ ਰੋਸ਼ਨ ਅਖ਼ਤਰ’ ਸੀ। ਇਹ ਸਾਰਪਾਸਾ ਖੇਲਣ ਦਾ ਬਹੁਤ ਸ਼ੌਕੀਨ ਸੀ। ਸਾਰਾ ਦਿਨ ਆਪਣੇ ਦਰਬਾਰੀਆਂ ਨਾਲ ਸਾਰਪਾਸਾ ਖੇਲਦਾ ਰਹਿੰਦਾ। ਇਸ ਦੀਆਂ ਕਈ ਲੜਾਈਆਂ ਵੀ ਵਿਰੋਧੀਆਂ ਨਾਲ ਹੋਈਆਂ, ਜਿਸ ਵਿੱਚ ਮਰਹੱਟਿਆਂ ਨਾਲ ਲੜਾਈ ਮਸ਼ਹੂਰ ਹੈ। 1739 ਵਿੱਚ ਨਾਦਰ ਸ਼ਾਹ ਨੇ ਦਿੱਲੀ ’ਤੇ ਹਮਲਾ ਕੀਤਾ। ਉਹ ਮਾਰੋ-ਮਾਰ ਕਰਦਾ ਆ ਰਿਹਾ ਸੀ। ਪਹਿਰੇਦਾਰਾਂ ਨੇ ਦੱਸਿਆ, ਸੂਹੀਆ ਖ਼ਬਰ ਲੈ ਕੇ ਆਇਆ ਹੈ ਕਿ ਨਾਦਰ ਸ਼ਾਹ ਪਾਣੀਪਤ ਟੱਪ ਆਇਆ ਹੈ। ਮੁਹੰਮਦ ਸ਼ਾਹ ਰੰਗੀਲੇ ਜਵਾਬ ਦਿੱਤਾ, ‘ਦਿੱਲੀ ਦੂਰ ਅਸਤ।’ ਸੂਹੀਆ ਫਿਰ ਆਇਆ ਤੇ ਕਿਹਾ, ਨਾਦਰ ਸ਼ਾਹ ਧੌਲ਼ਾ ਕੂੰਆਂ ਟੱਪ ਆਇਆ ਹੈ। ਤੁਸੀਂ ਚਿੰਤਾ ਕਾਹਦੀ ਕਰਦੇ ਹੋ, ਰੰਗੀਲੇ ਨੇ ਕਿਹਾ। ਸੂਹੀਏ ਨੇ ਫਿਰ ਕਿਹਾ, ਨਾਦਰ ਸ਼ਾਹ ਕਿਲ੍ਹੇ ਦੀਆਂ ਬਰੂੰਹਾਂ ’ਤੇ ਪਹੁੰਚ ਗਿਆ ਹੈ। ਬਾਦਸ਼ਾਹ ਰੰਗੀਲੇ ਨੇ ਕਿਹਾ, ਪਿਛਲੇ ਦਰਵਾਜ਼ੇ ਵਿੱਚੋਂ ਭੱਜੋ, ਕਿਸੇ ਸੁੰਨ-ਮਸਾਨ ਜਗ੍ਹਾ ਸਾਰਪਾਸਾ ਖੇਲਦੇ ਹਾਂ।

ਅੱਜ ਫੇਰ ਦਿੱਲੀ ਦੇ ਤਖ਼ਤ ’ਤੇ ਦੂਸਰਾ ਰੰਗੀਲਾ ਬੈਠਾ ਹੈ। ਉਸ ਨੇ ਦੋਨੋਂ ਪੈਰ ਜੋੜ ਕੇ ਲਪੌਟਸੰਖੀ ਝੂਠ ਬੋਲਿਆ ਹੈ। ਇੱਕ ਬੰਦਾ ਕਿਸੇ ਫ਼ਕੀਰ ਦੀ ਸੇਵਾ ਕਰਦਾ ਸੀ। ਉਸ ਫ਼ਕੀਰ ਨੇ ਖ਼ੁਸ਼ ਹੋ ਕੇ ਕਿਹਾ, ਕਿ ਫ਼ਲਾਣੀ ਜਗ੍ਹਾ ’ਤੇ ਸੰਖ ਪਿਆ ਹੈ। ਤੂੰ ਹੱਥ ਜੋੜ ਕੇ ਕਹਿ ਕਿ ਸੰਖ ਮਹਾਰਾਜਾ ਮੈਨੂੰ ਜਿਹੜੀ ਲੋੜੀਂਦੀ ਚੀਜ਼ ਹੈ, ਉਸ ਦਾ ਨਾਂ ਲੈ ਕੇ ਕਹਿ ਦੇ ਕਿ ਮੈਨੂੰ ਉਹ ਦੇ ਦੇ। ਇਹ ਠੀਕ ਸਾਬਤ ਹੋਇਆ। ਉਹ ਜੋ ਵੀ ਸੰਖ-ਮਹਾਰਾਜ ਤੋਂ ਮੰਗਦਾ ਉਹ ਹੀ ਉਸ ਨੂੰ ਮਿਲ ਜਾਂਦਾ। ਉਸ ਦੀ ਜ਼ਿੰਦਗੀ ਬੜੀ ਖ਼ੁਸ਼ੀਆਂ ਭਰੀ ਹੋ ਗਈ। ਕਿਸੇ ਗੁਆਂਢੀ ਨੂੰ ਉਹ ਸਾਰੀ ਗੱਲ ਦੱਸ ਬੈਠਾ। ਗੁਆਂਢੀ ਨੇ ਉਹ ਸੰਖ ਚੁੱਕ ਕੇ ਉਸ ਦੀ ਥਾਂ ਕੋਈ ਹੋਰ ਸੰਖ ਰੱਖ ਦਿੱਤਾ। ਜਦੋਂ ਉਹ ਇਨਸਾਨ ਸੰਖ ਕੋਲ ਗਿਆ, ਉਸ ਨੇ ਹੱਥ ਜੋੜ ਕੇ ਕਿਹਾ, ਸੰਖ ਮਹਾਰਾਜ ਜੀ, ਮੈਨੂੰ ਸੌ ਰੁਪਏ ਚਾਹੀਦੇ ਹਨ, ਤਾਂ ਸੰਖ ਨੇ ਕਿਹਾ ਕਿ ਸੌ ਦਾ ਕੀ ਲੈਣਾ ਤੂੰ ਦੋ ਸੌ ਲੈ। ਉਸ ਵਿਅਕਤੀ ਨੇ ਕਿਹਾ ਕਿ ਚਲੋ ਦੋ ਸੌ ਦੇ ਦਿਓ। ਜਦੋਂ ਉਸ ਨੇ ਕਿਹਾ ਦੋ ਸੌ ਦੇ ਦਿਓ ਤਾਂ ਸੰਖ ਮਹਾਰਾਜ ਨੇ ਕਿਹਾ ਦੋ ਸੌ ਕੀ ਲੈਣੇ, ਚਾਰ ਸੌ ਲੈ। ਜਦੋਂ ਉਸ ਨੇ ਕਿਹਾ ਕਿ ਲਿਆਓ ਚਾਰ ਸੌ ਦੇ ਦਿਓ ਤਾਂ ਸੰਖ ਮਹਾਰਾਜ ਕਹਿੰਦਾ ਚਾਰ ਸੌ ਕੀ ਲੈਣੇ, ਅੱਠ ਸੌ ਲੈ ਲਾ।

ਉਸ ਵਿਅਕਤੀ ਨੇ ਹੱਥ ਜੋੜ ਕੇ ਕਿਹਾ ਸੰਖ ਮਹਾਰਾਜ ਜੀ, ਤੁਹਾਨੂੰ ਕੀ ਹੋ ਗਿਆ ਹੈ। ਅੱਗੋਂ ਸੰਖ ਬੋਲਿਆ, ਕਿ ‘ਲਪੋਟ ਸੰਖ’ ਹਾਂ, ਮੈਂ ਕੁਝ ਵੀ ਦਿੰਦਾ ਨਹੀਂ, ਬਸ ਬੰਦੇ ਨੂੰ ਖ਼ੁਸ਼ ਕਰਦਾ ਹਾਂ। ਅੱਜ ਕੱਲ੍ਹ ਉਹ ਸੰਖ ‘ਨਰਿੰਦਰ ਦਾਮੋਦਰਦਾਸ ਮੋਦੀ’ ਜੀ ਦੇ ਅੰਦਰ ਸਮਾ ਗਿਆ ਹੈ। ਜਿਹੜਾ ਬਜ਼ੁਰਗ ਉੱਥੇ ਸੌ ਰੁਪਏ ਮਹੀਨਾ ਫ਼ੀਸ ਦੀਆਂ ਪਰਚੀਆਂ ਕੱਟਦਾ ਸੀ, ਮੈਂ ਉਸ ਕੋਲ 100 ਰੁਪਏ ਦੀ ਪਰਚੀ ਕਟਵਾਉਣ ਲਈ ਬੈਠ ਗਿਆ। ਬਾਬਾ ਇੱਕ ਹਿੰਦੂ ਸੀ। ਮੈਂ ਉਸ ਦੇ ਕੋਲ ਮੋਦੀ ਦੀ ਤਾਰੀਫ਼ ਕਰਨੀ ਸ਼ੁਰੂ ਕਰ ਦਿੱਤੀ। ਠੀਕ... ਐ। ਉਸ ਦੀ ਲੰਮੀ ਠੀਕ ’ਤੇ ਮੈਨੂੰ ਥੋੜ੍ਹਾ ਸ਼ੱਕ ਪਿਆ। ਮੈਂ ਫਿਰ ਪੁੱਛਿਆ, ਬਾਬਾ ਜੀ ਕਿਆ ਗੱਲ। ਬਾਬੇ ਨੇ ਕਿਹਾ, ‘ਮੋਦੀ ਸਾਬ੍ਹ ਬੜੀ ਗਿਣਤੀ ਵਿੱਚ ਲੋਕਾਂ ਨੂੰ ਨਾਲ ਲੈ ਕੇ ਜਾਂਦੇ ਹਨ। ਉਨ੍ਹਾਂ ਨੂੰ ਮੂਹਰਲੀ ਲਾਈਨ ਵਿੱਚ ਬਿਠਾ ਦਿੱਤਾ ਜਾਂਦਾ ਹੈ, ਤੇ ਉਹ ਜ਼ੋਰ-ਜ਼ੋਰ ਨਾਲ ‘ਮੋਦੀ-ਮੋਦੀ’ ਕਰਦੇ ਹਨ। ਉਸ ਬਾਬੇ ਦੀ ਗੱਲ ਸੁਣ ਕੇ ਮੈਂ ਖਿਲਖਿਲਾ ਕੇ ਹੱਸਿਆ। ਅੱਠ-ਦਸ ਮਹੀਨੇ ਤਾਂ ਮੋਦੀ ਦਾ ਠੀਕ-ਠਾਕ ਕੰਮ ਚਲਦਾ ਰਿਹਾ। ਇਸ ਤੋਂ ਬਾਅਦ ਮੋਦੀ ਸਾਹਬ ਜੋ ਵੀ ਛਿੱਕਾ ਮਾਰਦੇ, ਉਹ ਫ਼ੜਿਆ ਜਾਂਦਾ।

ਮੋਦੀ ਸਾਹਬ ਨੇ ਅੱਧੀ ਰਾਤ ਕਰੰਸੀ ਬਦਲਣ ਦੀ ਗੱਲ ਕਰੀ। ਦੇਸ਼ ਦੇ ਜਿੰਨੇ ਵੱਡੇ-ਵੱਡੇ ਧਨਾਢ ਸੀ, ਉਨ੍ਹਾਂ ਦਾ ਕਾਲਾ ਧਨ ਚਿੱਟਾ ਹੋ ਗਿਆ। ਫਿਰ ਇਨ੍ਹਾਂ ਨੇ ਜੀ.ਐਸ.ਟੀ. ਲਗਾਈ। ਉਸ ਦੇ ਵਿੱਚ ਵੀ ਲੋਕਾਂ ਲਈ ਪਰੇਸ਼ਾਨੀਆਂ ਖੜ੍ਹੀਆਂ ਹੋ ਗਈਆਂ। ਅਚਾਨਕ ਪੂਰੇ ਦਾ ਪੂਰਾ ਦੇਸ਼ ਕਰੋਨਾ ਬਿਮਾਰੀ ਦੀ ਲਪੇਟ ਵਿੱਚ ਆ ਗਿਆ। ਮੋਦੀ ਸਾਹਬ ਨੇ ਕਿਹਾ, ‘ਜਹਾਂ ਖੜੇ ਹੋ, ਵਹੀਂ ਬੈਠ ਜਾਓ।’ ਜੋ ਮਜ਼ਦੂਰ ਸਵੇਰੇ ਮਜ਼ਦੂਰੀ ਕਰਕੇ ਸ਼ਾਮ ਨੂੰ ਆਟਾ ਖ਼ਰੀਦਦਾ ਸੀ, ਉਸ ਨੂੰ ਸਮਝ ਨਾ ਆਵੇ ਕਿ ਮੈਂ ਹੁਣ ਕੀ ਕਰਾਂ ਤੇ ਕੀ ਨਾ ਕਰਾਂ। ਲੋਕਾਂ ਵਿੱਚ ਬੜੀ ਬੇਚੈਨੀ ਫ਼ੈਲ ਗਈ। ਪਹਿਲਾਂ ਇੱਕ ਹਫ਼ਤੇ ਲਈ ਲੌਕ-ਡਾਊਨ ਲਗਾਇਆ। ਫਿਰ ਵਧਾ ਕੇ ਦੋ ਹਫ਼ਤਿਆਂ ਲਈ ਕਰ ਦਿੱਤਾ ਗਿਆ। ਮਜ਼ਦੂਰਾਂ ਨੇ ਕਹਿਣਾ ਸ਼ੁਰੂ ਕਰ ਦਿੱਤਾ ਕਿ ਜੇ ਮਰਨਾ ਹੈ ਤਾਂ ਆਪਣੇ ਪਿੰਡ ਜਾ ਕੇ ਹੀ ਮਰਾਂਗੇ। ਸੜਕਾਂ ’ਤੇ ਮਜ਼ਦੂਰਾਂ ਨੂੰ ਪੁਲਿਸ ਨੇ ਡਾਂਗਾਂ ਨਾਲ ਕੁੱਟਿਆ। ਇੱਕ ਲੜਕੀ ਆਪਣੇ ਪਿਉ ਨੂੰ ਸਾਈਕਲ ’ਤੇ ਬਿਠਾ ਕੇ 1200 ਕਿਲੋਮੀਟਰ ਤੱਕ ਗਈ। ਕੁਝ ਮਜ਼ਦੂਰ ਰਾਤਾਂ ਨੂੰ ਰੇਲਵੇ ਪਟੜੀ ਦੇ ਨਾਲ-ਨਾਲ ਤੁਰ ਪਏ। ਜੇ ਸਰਕਾਰ ਨੂੰ ਪੁੱਛਿਆ ਜਾਂਦਾ ਕਿ ਤੁਸੀਂ ਕਿਉਂ ਨਹੀਂ ਜਾਣ ਦਿੰਦੇ, ਉਹ ਕਹਿੰਦੇ ਕਿ ਇਹ ਪਿੰਡਾਂ ’ਚ ਜਾ ਕੇ ਕਰੋਨਾ ਫੈਲਾ ਦੇਣਗੇ। ਕੁਝ ਦਿਨਾਂ ਬਾਅਦ ਗੁਜਰਾਤ ਵਿੱਚ ਤਿੰਨ ਲੱਖ ਬੰਦਾ ਇਕੱਠਾ ਕਰਕੇ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਬੁਲਾਇਆ ਗਿਆ। ਜੇ ਮੋਦੀ ਸਰਕਾਰ ਨੂੰ ਪੁੱਛਿਆ ਜਾਵੇ ਕਿ ਮਜ਼ਦੂਰ ਪਿੰਡਾਂ ’ਚ ਜਾਣ ਨਾਲ ਕਰੋਨਾ ਫੈਲਦਾ ਹੈ ਤਾਂ ਤਿੰਨ ਲੱਖ ਲੋਕਾਂ ਦਾ ਕਰੋਨਾ ਕਿੱਥੇ ਗਿਆ? ਕਰੋਨਾ ਨਾਲ ਮਰੇ ਲੋਕਾਂ ਦੀਆਂ ਲਾਸ਼ਾਂ ਗੰਗਾ ਨਦੀ ਵਿੱਚ ਤੈਰਦੀਆਂ ਦੇਖੀਆਂ ਗਈਆਂ। ਜਦੋਂ ਸਰਕਾਰ ਨੂੰ ਇਨ੍ਹਾਂ ਲਾਸ਼ਾਂ ਬਾਰੇ ਸਵਾਲ ਕਰੀਏ ਤਾਂ ਉਹ ਕਹਿੰਦੇ, ਇਹ ਲੋਕ ਜਲ ਸਮਾਧੀ ਲੈਂਦੇ ਹਨ। ਇਸ ਗੱਲ ਦੀ ਸਮਝ ਨਹੀਂ ਆਉਂਦੀ ਕਿ ਅੱਜ ਕੱਲ੍ਹ ਇੱਕ ਵੀ ਲਾਸ਼ ਗੰਗਾ ’ਚ ਨਹੀਂ ਮਿਲਦੀ। ਉਹ ਜਲ ਸਮਾਧੀ ਹੁਣ ਕਿੱਥੇ ਗਈ? ਪੂਰੇ ਦੇਸ਼ ਦੇ ਗੁਰੂ ਘਰਾਂ ਵਿੱਚ ਲੰਗਰ ਖੁੱਲ੍ਹ ਗਏ। ਉੱਥੇ ਆ ਕੇ ਗਰੀਬ ਗੁਰਬਾ ਲੰਗਰ ਛਕਦਾ। ਇੱਥੋਂ ਤੱਕ ਲੋੜਵੰਦ ਲੋਕਾਂ ਲਈ ਆਕਸੀਜਨ ਗੈਸ ਸਿਲੰਡਰ ਦਾ ਵੀ ਲੰਗਰ ਲਾਇਆ ਗਿਆ। ਹਿੰਦੁਸਤਾਨ ਨੇ ਆਪਣੀ ਵੈਕਸੀਨ ਤਿਆਰ ਕਰ ਲਈ ਸੀ, ਪਰ ਲੋਕਾਂ ਕੋਲ ਪਹੁੰਚਾਉਣ ਲਈ ਦੇਰੀ ਇਸ ਕਰਕੇ ਹੋ ਗਈ ਕਿ ਮੋਦੀ ਸਾਹਬ ਦੀ ਹਰ ਸ਼ੀਸ਼ੀ ’ਤੇ ਫ਼ੋਟੋ ਲਾਉਣ ਲਈ ਕਾਫ਼ੀ ਸਮਾਂ ਲੱਗਿਆ। ਮੋਦੀ ਸਾਹਬ ਦਾ ਸਟੈਂਡ ਸਾਈਕਲ ਦੇ ਸਟੈਂਡ ਨਾਲੋਂ ਵੀ ਕਮਜ਼ੋਰ ਹੈ। ਮੋਦੀ ਸਾਹਬ ਬੰਬੇ ਬੋਲ ਕੇ ਆਏ ਕਿ ਅਜੀਤ ਪਵਾਰ ਨੇ 70 ਹਜ਼ਾਰ ਕਰੋੜ ਦਾ ਘਪਲਾ ਕੀਤਾ ਹੈ। ਬਸ ਹੁਣ ਚੱਕੀ ਪੀਸਿੰਗ, ਚੱਕੀ ਪੀਸਿੰਗ, ਪਰ ਕੁਝ ਦਿਨਾਂ ਬਾਅਦ ਅਜੀਤ ਪਵਾਰ ਨੂੰ ਬੀ.ਜੇ.ਪੀ. ਦੀ ਸਰਕਾਰ ਵਿੱਚ ਡਿਪਟੀ ਮੁੱਖ ਮੰਤਰੀ ਲੈ ਲਿਆ ਗਿਆ। ਮੋਦੀ ਸਾਬ੍ਹ ਪਾਕਿਸਤਾਨ ਨੂੰ ਦਮਗਜੇ ਮਾਰਦਾ ਰਹਿੰਦਾ ਹੈ, ਪਰ ਇਹ ਦੇਖ ਕੇ ਬੜੀ ਹੈਰਾਨੀ ਹੋਈ ਕਿ ਮੋਦੀ ਸਾਬ੍ਹ ਬਿਨਾਂ ਵੀਜ਼ੇ ਤੋਂ ਪਾਕਿਸਤਾਨ ਪਹੁੰਚ ਗਏ। ਪਾਕਿਸਤਾਨ ਸਰਕਾਰ ਨੇ ਪਹਿਲਾਂ ਮੋਦੀ ਸਾਹਬ ਦਾ ਵੀਜ਼ਾ ਬਣਾਇਆ ਤੇ ਫਿਰ ਲਾਹੌਰ ਸ਼ਹਿਰ ਲੈ ਗਏ। ਉੱਥੇ ਮੋਦੀ ਸਾਬ੍ਹ ਨੂੰ ਕਿੰਨੇ ਹੀ ਲੋਕਾਂ ਦੇ ਪੈਰੀਂ ਹੱਥ ਲਾਉਂਦੇ ਦੇਖਿਆ ਗਿਆ। ਇਸੇ ਤਰ੍ਹਾਂ ਦੀ ਇੱਕ ਘਟਨਾ ਉਦੋਂ ਵਾਪਰੀ, ਜਦੋਂ ਮੋਦੀ ਸਾਹਬ ਇੱਕ ਟੰਗ ਚੱਕ ਕੇ ਨਾਅਰੇ ਲਾਉਂਦੇ ਅਮਰੀਕਾ ਵਿੱਚ ਦੇਖੇ ਗਏ। ਅਸੀਂ ਇੱਕ ਦੂਸਰੇ ਦੇਸ਼ ਵਿੱਚ ਜਾ ਕੇ ਚੋਣ-ਪ੍ਰਚਾਰ ਨਹੀਂ ਕਰ ਸਕਦੇ। ਜੇਕਰ ਉੱਥੋਂ ਦਾ ਚੋਣ ਕਮਿਸ਼ਨ ਮੋਦੀ ਸਾਬ੍ਹ ’ਤੇ ਪਰਚਾ ਕਰਵਾ ਸਕਦਾ ਸੀ, ਤੇ ਮੋਦੀ ਸਾਬ੍ਹ ਦੇ ਆਪਹੁਦਰੇਪਣ ਨਾਲ ਸਾਰਾ ਦੇਸ਼ ਸ਼ਰਮਿੰਦਾ ਹੈ। ਮੋਦੀ ਸਾਬ੍ਹ ਦੇ ਕਈ ਇਹੋ ਜਿਹੇ ਹਲਕੀਆਂ ਗੱਲਾਂ ਕਰਨ ’ਤੇ ਬੀ.ਜੇ.ਪੀ. ਦੀਆਂ ਘਟ ਕੇ 240 ਸੀਟਾਂ ਰਹਿ ਗਈਆਂ।

ਹਾਲਾਂ ਕਿ ਭਾਰਤ ਦਾ ਚੋਣ ਕਮਿਸ਼ਨ ਮੋਦੀ ਸਾਬ੍ਹ ’ਤੇ ਬੜਾ ਮਿਹਰਬਾਨ ਸੀ। ਮੋਦੀ ਸਾਹਿਬ ਦੁਬਾਰਾ-ਦੁਬਾਰਾ 400 ਪਾਰ ਦਾ ਨਾਅਰਾ ਲਾਉਂਦੇ ਰਹੇ। ਭਾਰਤ ਦੇ ਵਿੱਚ ਜੋ ਵੀ ਜਨਮਿਆ ਹੈ ਉਹ ਸਾਡੇ ਦੇਸ਼ ਦਾ ਸਤਿਕਾਰਯੋਗ ਸ਼ਹਿਰੀ ਹੈ। ਅਤੇ ਉਸ ਨੂੰ ਬਰਾਬਰ ਦੀ ਇੱਜ਼ਤ ਮਿਲਣੀ ਚਾਹੀਦੀ ਹੈ। ਪਰ ਸਰਕਾਰ ਦੀ ਸ਼ਹਿ ’ਤੇ ਕੁਝ ਘਟਨਾਵਾਂ ਇਹੋ ਜਿਹੀਆਂ ਵਾਪਰੀਆਂ, ਜਿਨ੍ਹਾਂ ਨੂੰ ਦੇਖ ਕੇ ਬਹੁਤ ਦੁੱਖ ਹੁੰਦਾ ਹੈ, ਜਿਵੇਂ ਕਿਸਾਨ ਅੰਦੋਲਨ ਵਿੱਚ 850 ਦੇ ਕਰੀਬ ਕਿਸਾਨਾਂ ਦੀ ਜਾਨ ਚਲੇ ਗਈ। ਬੇਸ਼ਰਮੀ ਦੀ ਹੱਦ ਉਦੋਂ ਹੋਈ, ਜਦੋਂ ਹਿੰਦੁਸਤਾਨ ਦੇ ਰਾਜ ਗ੍ਰਹਿ ਮੰਤਰੀ ਦੇ ਬੇਟੇ ਨੇ ਸ਼ਾਂਤੀ ਪੂਰਵਕ ਬੈਠੇ ਕਿਸਾਨਾਂ ’ਤੇ ਗੱਡੀ ਚੜ੍ਹਾ ਦਿੱਤੀ ਤੇ ਲਗਭਗ 10 ਕਿਸਾਨਾਂ ਦੀ ਜਾਨ ਚਲੀ ਗਈ। ਕਿਸਾਨਾਂ ਨੇ ਬੜੀ ਮੁਸ਼ਕਿਲ ਨਾਲ ਪਰਚਾ ਦਰਜ ਕਰਵਾਇਆ। ਏਸੇ ਤਰ੍ਹਾਂ ਦਿੱਲੀ ਦੇ ਨਾਲ ਮੁਸਤਫ਼ਾਪੁਰ ਵਿੱਚ ਬੀ.ਜੇ.ਪੀ. ਦਾ ਨੇਤਾ ਕਪਿਲ ਮਿਸ਼ਰਾ 1500 ਗੁੰਡਾ ਲਿਜਾ ਕੇ 300 ਅਲਵੀ ਮੁਸਲਮਾਨਾਂ ਦੇ ਘਰ ਸਾੜ ਦਿੱਤੇ। ਇਹ ਉਹ ਗਰੀਬ ਲੋਕ ਹਨ, ਜਿਹੜੇ ਲੋਕਾਂ ਦੇ ਘਰਾਂ ’ਚ ਸਫ਼ਾਈ ਕਰਕੇ ਆਪਣਾ ਪੇਟ ਪਾਲ ਰਹੇ ਸੀ। ਏਸੇ ਤਰ੍ਹਾਂ ਦੇਖਿਆ ਜਾਂਦਾ ਹੈ ਕਿ ਜੇ ਕੋਈ ਮੁਸਲਮਾਨ ਦੁੱਧ ਵਾਲੀ ਗਾਂ ਲੈ ਕੇ ਜਾ ਰਿਹਾ ਹੈ, ਉਸ ਨੂੰ ਕੁੱਟ-ਕੁੱਟ ਕੇ ‘ਜੈ ਸ਼੍ਰੀ ਰਾਮ’ ਕਹਾਇਆ ਜਾਂਦਾ ਹੈ। ਕਰਨਾਟਕਾ ਵਿੱਚ ਹਿੰਦੁਸਤਾਨ ਦੀਆਂ ਧੀਆਂ ਤੇ ਮੁਸਲਮਾਨਾਂ ਦੀਆਂ ਕੁੜੀਆਂ ਦੇ ਸਿਰਾਂ ਦੇ ਸਾਲੂ ਲਾਹੇ ਦੇਖੇ ਗਏ। ਹਰਿਆਣੇ ਵਿੱਚ ਪਹਿਲਵਾਨ ਕੁੜੀਆਂ ਨੇ ਇੱਕ ਬੁਰਛੇ ਖ਼ਿਲਾਫ਼ ਧਰਨਾ ਦਿੱਤਾ। ਇਨ੍ਹਾਂ ਦੀ ਪਿੱਠ ’ਤੇ ਕਿਸਾਨ ਜਥੇਬੰਦੀਆਂ ਵੀ ਆਈਆਂ, ਪਰ ਕੋਈ ਖ਼ਾਸ ਸੁਣਵਾਈ ਨਹੀਂ ਹੋਈ। ਮੇਰੇ ਤਾਜਦਾਰੋ ਸਾਨੂੰ ਵੱਸਣ ਦਿਓ। ਅਜੇ ਤਾਂ ਸਾਡੇ ਪੁਰਾਣੇ ਜ਼ਖ਼ਮ ਵੀ ਨਹੀਂ ਆਠਰੇ। ਸੰਨ ਸੰਤਾਲੀ ਵਿੱਚ ਜੋ ਜ਼ਖ਼ਮ ਸਾਨੂੰ ਮਿਲੇ, ਉਹ ਅਜੇ ਵੀ ਟਸ-ਟਸ ਕਰ ਰਹੇ ਹਨ। ਕਦੇ ਸੋਚਿਆ ਵੀ ਨਹੀਂ ਸੀ ਸਾਡੇ ਨਾਲ ਇਹ ਕੁਝ ਵਾਪਰੇਗਾ। ਸਰਦਾਰ ਮੰਗਲ ਸਿੰਘ ਨੱਤ ਨੇ ਮੰਡੀ ਬਹਾਉਦੀਨ (ਗੁਜਰਾਂਵਾਲਾ ਜ਼ਿਲ੍ਹਾ) 14 ਅਗਸਤ ਨੂੰ 10 ਕਿੱਲਿਆਂ ਦੀ ਰਜਿਸਟਰੀ ਕਰਵਾਈ। ਇੱਕ ਪੂਰਾ ਦਹਾਕਾ ਅਸੀਂ ਖ਼ੂਨ ਦੇ ਅੱਥਰੂ ਰੋਂਦੇ ਰਹੇ। ਕਿਸੇ ਸਾਡੀ ਸਾਰ ਨਹੀਂ ਲਈ। ਪਿੰਡ ਤੋਂ ਰਾਤ ਭੱਜ ਕੇ ਚੰਡੀਗੜ੍ਹ ਆਏ, ਕਿਉਂਕਿ ਅਸੀਂ ਕਾਂਗਰਸੀ ਸੀ। ਹਰਿਆਣੇ ਵਿੱਚ ਮੇਰੀ ਦਾੜ੍ਹੀ ਇਸ ਕਰਕੇ ਪੁੱਟੀ ਗਈ, ਕਿਉਂਕਿ ਮੈਂ ਪਗੜੀਧਾਰੀ ਗੁਰਸਿੱਖ ਸੀ। ਹਾਏ ਓ ਰੱਬਾ ਸਾਡਾ ਨਨਕਾਣਾ ਖੋਹ ਲਿਆ। ਤਿੰਨੇ ਬਾਰਾਂ ਵਿੱਚ ਲੰਮ-ਸਲੰਮੀਆਂ ਤੰਦੀਆਂ ਖੁੱਸ ਗਈਆਂ, ਜਿਨ੍ਹਾਂ ਨੂੰ ਅੱਧੀ ਸਦੀ ਮਿੱਟੀ ਨਾਲ ਮਿੱਟੀ ਬਣ ਕੇ ਮਖ਼ਮਲ ਵਰਗੀਆਂ ਬਣਾਇਆ। ਜਿਨ੍ਹਾਂ ਵਿੱਚ ਫ਼ਸਲਾਂ ਵਰੋਲਿਆਂ ਵਾਂਗ ਉੱਠਦੀਆਂ। ਬੱਸ ਉੱਜੜਨ ਦਾ ਵੇਲਾ ਆ ਗਿਆ।

ਬੱਸ ਉੱਜੜਨ ਦਾ ਵੇਲਾ ਆ ਗਿਆ। ਹਾਏ ਓ ਰੱਬਾ ਸੋਹਣਿਆ! ਅਸੀਂ ਵਸਦੇ ਉੱਜੜ ਗਏ ਆਪਣੇ ਹੀ ਦੇਸ਼ ਵਿੱਚੋਂ।

ਮਸਲਸਲ ਹਾਦਸੋਂ ਸੇ ਮੁਝੇ ਇਹੀ ਸ਼ਿਕਾਇਤ ਹੈ, ਕਿ ਯਹ ਆਂਸੂ ਬਹਾਨੇ ਕੀ ਭੀ ਮੁਹਲਤ ਨਹੀਂ ਦੇਤੇ।

ਜਦੋਂ ਸ੍ਰੀ ਲਾਲ ਬਹਾਦਰ ਸ਼ਾਸਤਰੀ ਜੀ ਨੇ ਇੱਕ ਬੇਬਸੀ ਦਾ ਇਜ਼ਹਾਰ ਕੀਤਾ ‘ਜੇ ਅਸੀਂ ਮੰਗਲਵਾਰ ਦਾ ਵਰਤ ਰੱਖ ਲਈਏ ਤਾਂ ਸਾਡਾ ਅਨਾਜ ਸੰਕਟ ਹੱਲ ਹੋ ਸਕਦਾ ਹੈ। ਸਾਡੇ ਕਿਸਾਨ ਦੀ ਅਣਖ ਨੇ ਫਿਰ ਅੰਗੜਾਈ ਲਈ। ਆਪਣੇ ਸੰਤਾਲੀ ਦੇ ਜ਼ਖ਼ਮਾਂ ਨੂੰ ਅਣਗੌਲਿਆਂ ਕਰਕੇ ਕਿਸਾਨ ਅਨਾਜ ਪੈਦਾ ਕਰਨ ਲਈ ਆਪਣੀ ਕਹੀ ਕੁਹਾੜੀ ਲੈ ਕੇ ਫਿਰ ਖੇਤਾਂ ਵਿੱਚ ਜਾ ਢੁੱਕਿਆ। ਸ਼ਾਸਤਰੀ ਜੀ ਦੇ ਸਮੇਂ ਦੇਸ਼ ਦੀ ਆਬਾਦੀ 50 ਕਰੋੜ ਸੀ। ਅੱਜ ਦੇਸ਼ ਦੀ ਆਬਾਦੀ 140 ਕਰੋੜ ਹੈ, ਜਿਸ ਦਾ ਢਿੱਡ ਭਰ ਕੇ ਬਾਕੀ ਦੀ ਫ਼ਸਲ ਸੰਭਾਲੀ ਨਹੀਂ ਜਾਂਦੀ।

ਮੈਂ ਮਰ ਜਾਂਗਾ, ਮੇਰੀ ਕੁੱਲੀ ਨਾ ਢਾਹੋ। ਬਾਜ ਆ ਜਾਓ। ਮੇਰੀ ਪੂੰਜੀ ਇਹ ਕੱਖ ਨੇ। ਹਵਾਓ ਬਾਜ ਆ ਜਾਓ।

ਮੇਰਾ ਸੋਹਣਾ ਰੱਬ ਮਿਹਰ ਕਰੇ, ਇਹੋ ਜਿਹਾ ਪ੍ਰਧਾਨ ਮੰਤਰੀ ਆਵੇ, ਜੋ ਸਾਰੇ ਦੇਸ਼ ਨੂੰ ਆਪਣਾ ਮੰਨੇ। ਜਾਤ ਅਤੇ ਧਰਮਾਂ ਦੇ ਚੱਕਰ ਵਿੱਚ ਨਾ ਪਵੇ ਤੇ ਦੇਸ਼ ਅੱਗੇ ਵਧੇ ਅਤੇ ਰੱਬ ਰੰਗੀਲੇ ਤਾਜਦਾਰਾਂ ਤੋਂ ਦੇਸ਼ ਨੂੰ ਬਚਾਵੇ। ਰੱਬ ਰਾਖਾ।





ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# ਭਗਤ ਨਾਮਦੇਵ ਜੀ

ਭਗਤੀ ਲਹਿਰ ਦਾ ਆਰੰਭ ਅੱਠਵੀਂ ਸਦੀ ਈਸਵੀ ਵਿੱਚ ਦੱਖਣ ਭਾਰਤ ਵਿੱਚ ਹੋਇਆ। ਇਹ ਪ੍ਰਚਲਿਤ ਲਹਿਰ ਇੱਕ ਪ੍ਰਤੀਨਿੱਧ ਤੇ ਸਰਬ ਲੌਕਿਕ ਧਾਰਮਿਕ ਵਿਚਾਰਧਾਰਾ ਵਜੋਂ ਹੋਂਦ ਵਿੱਚ ਆਈ। ਮੂਲਰੂਪ ਵਿੱਚ ਇਹ ਧਾਰਮਿਕ ਲਹਿਰ ਸਭਿਆਚਾਰਕ ਲਹਿਰ ਸੀ। ਇਸ ਲਹਿਰ ਦੇ ਭਗਤਾਂ ਨੇ ਯੋਗੀਆਂ, ਨਾਥਾਂ ਸੂਫ਼ੀਆਂ ਵਾਂਗ ਦੇਸ਼ ਵਿੱਚ ਲੋਕ ਭਾਸ਼ਾ ਵਿੱਚ ਅਧਿਆਤਮਕ ਸੁਨੇਹਾ ਜਨ ਸਮੂਹ ਤੱਕ ਪਹੁੰਚਾਇਆ। ਜੋ ਸੂਫ਼ੀਮਤ ਤੇ ਗੁਰਮਤਿ ਵਿਚਾਰਧਾਰਾ ਨਾਲ ਮੇਲ ਖਾਂਦਾ ਹੈ। ਇਹਨਾਂ ਭਗਤਾਂ ਨੇ ਵੀ ਨਾਥ ਯੋਗੀਆਂ ਤੇ ਸੂਫ਼ੀਆਂ ਵਾਂਗ ਆਪਣੀ ਰਚਨਾ ਰਾਗਾਂ ਵਿੱਚ ਗਾਈ। ਜਿਸ ਨਾਲ ਉਹਨਾਂ ਦੀ ਪ੍ਰਸਿੱਧੀ ਦੂਰ ਦੂਰ ਤਕ ਫੈਲ ਗਈ। ਪੰਜਾਬੀ ਦੇ ਪ੍ਰਤੱਖ ਪ੍ਰਭਾਵ ਹੇਠ ਸੂਫ਼ੀ ਤੇ ਗੁਰਮਤਿ ਕਾਵਿ ਧਾਰਾ ਦੇ ਵਿਸ਼ੇ ਸ਼ਬਦਾਵਲੀ ਤੇ ਸ਼ੈਲੀ ਦੀ ਸਾਂਝ ਕਰਕੇ ਇਹਨਾਂ ਦੀਆਂ ਰਚਨਾਵਾਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਆਦਰਯੋਗ ਸਥਾਨ ਪ੍ਰਾਪਤ ਹੋਇਆ ਹੈ।

ਗੁਰੂ ਗਰੰਥ ਸਾਹਿਬ ਜੀ ਦੀ ਸਰਬ ਕਲਿਆਣਕਾਰੀ ਬਾਣੀ ਵਿੱਚ ਜਿਨ੍ਹਾਂ ਭਗਤਾਂ ਦੀ ਬਾਣੀ ਸ਼ਾਮਲ ਕੀਤੀ ਗਈ, ਉਹਨਾਂ ਵਿੱਚ ਭਗਤ ਨਾਮਦੇਵ ਜੀ ਵੀ ਪ੍ਰਮੁਖ ਭਗਤ ਹਨ। ਆਪ ਪਰਮਾਤਮਾ ਦੀ ਯਾਦ ਵਿੱਚ ਜੁੜੇ ਰਹਿੰਦੇ। ਉਹਨਾਂ ਭਟਕਦੀ ਲੋਕਾਈ ਨੂੰ ਅਧਿਆਤਮਕਤਾ ਦਾ ਰਾਹ ਵਿਖਾਇਆ। ਜਿਸ ਵਿੱਚ ਪੁਰਾਣੇ ਪ੍ਰਚਲਿਤ ਝੂਠੇ ਕਰਮਕਾਂਡਾ ਦੀ ਨਿਖੇਧੀ ਕੀਤੀ। ਪ੍ਰਭੂ ਮਿਲਾਪ ਨੂੰ ਪ੍ਰਮੁਖਤਾ ਦਿੱਤੀ। ਭਗਤੀ ਦਾ ਸੰਦੇਸ਼ ਦੇਣਾ, ਉਹਨਾਂ ਦੇ ਜੀਵਨ ਦਾ ਪਰਮ ਮਨੋਰਥ ਸੀ। ਆਪ ਭਗਤੀ ਦੇ ਗੀਤ ਗਾਉਣ ਵਾਲੇ ਸਨ। ਇਸ ਲਈ ਗੁਰੂ ਸਾਹਿਬ ਫ਼ਰਮਾਉਂਦੇ ਹਨ–ਹੇ ਭਾਈ! ਭਗਤ ਨਾਮਦੇਵ ਦੀ ਪਰਮਾਤਮਾ ਨਾਲ ਪ੍ਰੀਤ ਬਣ ਗਈ। ਜਗਤ ਉਸ ਨੂੰ ਛੀਂਬਾ ਆਖ ਕੇ ਸੱਦਿਆ ਕਰਦਾ ਸੀ। ਪਰਮਾਤਮਾ ਨੇ ਖਤਰੀਆਂ ਬ੍ਰਾਹਮਣਾਂ ਨੂੰ ਪਿੱਠ ਦੇ ਦਿੱਤੀ ਤੇ ਨਾਮਦੇਵ ਨੂੰ ਮੱਥੇ ਲਾਇਆ ਸੀ।

ਆਪ ਜੀ ਦਾ ਜਨਮ 26 ਅਕਤੂਬਰ ਸੰਨ 1270 ਨੂੰ ਬੰਬਈ ਸੂਬੇ ਦੇ ਅਜੋਕੇ ਜ਼ਿਲ੍ਹਾ ਰੰਗੋਲੀ ਪੁਰਾਣਾ ਜ਼ਿਲ੍ਹਾ ਪ੍ਰਭਣੀ ਦੇ ਪਿੰਡ ਨਰਸੀ ਬਾਮਨੀ ਵਿਖੇ ਹੋਇਆ। ਨਰਸੀ ਬਾਮਨੀ ਵਿੱਚ ਗੁਰਦੁਆਰਾ ਬਣਿਆ ਹੋਇਆ ਹੈ। ਜੋ ਹਜ਼ੂਰ ਸਾਹਿਬ ਨੰਦੇੜ ਤੋਂ 100 ਕਿਲੋਮੀਟਰ ਅਤੇ ਰੰਗੋਲੀ ਤੋਂ 16 ਕਿਲੋਮੀਟਰ ਹੈ। ਹੁਣ ਇਸ ਨਗਰ ਦਾ ਨਾਮ ਨਰਸੀ ਨਾਮਦੇਵ ਹੈ। ਆਪ ਜੀ ਦੇ ਪਿਤਾ ਦਾ ਨਾਮ ਦਾਮ ਸੇਠ, ਮਾਤਾ ਗੋਨਾਬਾਈ ਅਤੇ ਭੈਣ ਔਬਾਈ ਹੈ। ਾਪ ਬਚਪਨ ਤੋਂ ਹੀ ਧਾਰਮਿਕ ਅਧਿਆਤਮਕ ਦ੍ਰਿਸ਼ਟੀ ਵਾਲੇ ਸਨ। ਆਪ ਆਤਮ ਦਰਸ਼ੀ, ਹਰੀ ਸਿਮਰਨ ਵਿੱਚ ਲੀਨ ਈਸ਼ਵਰ ਦੇ ਭਗਤ ਸਤ ਮਾਰਗ ਦੇ ਉਪਦੇਸ਼ ਦੇਣ ਵਾਲੇ ਆਗੂ , ਮਹਾਨ ਵਿਦਵਾਨ ਉਚ ਲੇਖਕ ਅਤੇ ਕਵੀ ਮੰਨੇ ਗਏ ਹਨ। ਆਪ ਜੀ ਦੀ ਰਚਨਾ ਵਿੱਚ ਮਰਾਠੀ, ਰਾਜਸਤਾਨੀ,ਪੱਛਮੀ ਹਿੰਦੀ ਤੇ ਪੂਰਬੀ ਪੰਜਾਬੀ ਦੇ ਨਾਲ ਨਾਲ ਫਾਰਸੀ ਸ਼ਬਦਾਵਲੀ ਦਾ ਪ੍ਰਭਾਵ ਵੇਖਿਆ ਜਾ ਸਕਦਾ ਹੈ। ਆਪ ਹਮੇਸ਼ਾ ਗੰਭੀਰ ਵਿਚਾਰਾਂ ਵਿੱਚ ਰਹਿੰਦੇ। ਉਹ ਵਡੇਰੇ ਪੁਰਖਾਂ ਦੀ ਸੰਗਤ ਵਿੱਚ ਖੁਸ਼ ਸਨ। ਆਪ ਜੀ ਦੇ ਪਿਤਾ ਜੀ ਜਾਤ ਦੇ ਛੀਂਬੇ ਸਨ। ਜੋ ਕਪੜੇ ਧੋਣ, ਰੰਗਣ ਅਤੇ ਸਿਉਣ ਦਾ ਕੰਮ ਕਰਦੇ ਸਨ, ਆਪ ਬਿਠਲ ਦਾ ਨਾਮ ਰਟਦੇ ਸਨ। ਭਗਤ ਬਾਣੀ ਅਨੁਸਾਰ ਪਰਮਾਤਮਾ ਦਾ ਪ੍ਰਤੀਕ ਹੈ। ਅਧਿਆਤਮਕ ਵਿਚਾਰਾਂ ਦੇ ਹੋਣ ਕਰਕੇ ਦੁਨਿਆਵੀ ਵਿਦਿਆ ਵੱਲ ਕੋਈ ਧਿਆਨ ਨਹੀਂ ਦਿੱਤਾ। ਸਿਰਫ਼ 8 ਸਾਲ ਦੀ ਉਮਰ ਵਿੱਚ ਆਪ ਜੀ ਦਾ ਵਿਆਹ ਗੋਬਿੰਦ ਸੇਠ ਦੀ ਪੁੱਤਰੀ ਰਾਜਬਾਈ ਨਾਲ ਹੋਇਆ। ਆਪ ਜੀ ਦੇ ਚਾਰ ਪੁੱਤਰ ਨਰਾਇਣ, ਮਹਾਦੇਵ, ਗੋਬਿੰਦ, ਵਿਠੁਲ ਅਤੇ ਧੀ ਲਿੰਬਾ ਬਾਈ ਸਨ।

ਆਪ ਜੀ ਦੇ ਸਮੇਂ ਸਮਾਜ ਜਾਤ ਪਾਤ ਦੇ ਸੰਕਟ ਵਿੱਚ ਫਸਿਆ ਹੋਇਆ ਸੀ। ਬ੍ਰਾਹਮਣ ਦਾ ਕੰਮ ਧਾਰਮਿਕ ਵਿਦਿਆ ਪੜਾਉਣੀ ਸੰਸਕਾਰ ਸਮੇਂ ਯੱਗ ਕਰਨੇ ਤੇ ਦਾਨ ਲੈਣਾ ਆਦਿ ਸੀ। ਜੰਗ ਯੁੱਧ ਜਿਥੇ ਮਰਨਾ ਪੈਂਦਾ ਹੈ, ਉਹ ਕੰਮ ਖੱਤਰੀਆਂ ਦਾ ਸੀ। ਹੇਠਲਾ ਵਰਗ ਸ਼ੂਦਰ ਨੂੰ ਨੀਚ ਆਖ ਕੇ ਦੁਰਕਾਰਿਆ ਜਾਂਦਾ ਸੀ। ਉਹਨਾਂ ਨੂੰ ਪ੍ਰਭੂ ਦਾ ਨਾਮ ਲੈਣ ਦਾ ਵੀ ਅਧਿਕਾਰ ਨਹੀਂ ਸੀ। ਮੁਸਲਮਾਨੀ ਰਾਜ ਸੀ, ਉਹ ਧਰਮ ਦੇ ਹੰਕਾਰ ਵਿੱਚ ਸਨ। ਸਮਾਜ ਦੀ ਦਸ਼ਾ ਸੁਖਾਵੀਂ ਨਹੀਂ ਸੀ। ਭਗਤ ਨਾਮਦੇਵ ਜੀ ਨੇ ਇਹ ਸਾਬਤ ਕਰ ਦਿੱਤਾ ਕਿ ਵਡੱਪਣ ਜਾਤ ਵਿੱਚ ਨਹੀਂ ਸਗੋਂ ਕਰਮਾਂ ਅਤੇ ਗੁਣਾ ਵਿੱਚ ਹੈ। ਉਹਨਾਂ ਨੂੰ ਆਪਣੀ ਜਾਤ ਛੀਂਬਾ ਹੋਣ ਤੇ ਫਖਰ ਕਰਦੇ ਹਨਃ ਮੈਨੂੰ ਨਾਮੇ ਨੂੰ ਭਾਵੇਂ ਜੀਕਰ ਛੀਂਬੇ ਦੇ ਘਰ ਜਨਮ ਦਿੱਤਾ, ਪਰ ਉਸ ਦੀ ਮਿਹਰ ਨਾਲ ਮੈਨੂੰ ਸਤਿਗੁਰੂ ਦਾ ਉਪਦੇਸ਼ ਮਿਲ ਗਿਆ। ਹੁਣ ਸੰਤ ਜਨਾ ਦੀ ਕ੍ਰਿਪਾ ਨਾਲ ਮੈਨੂੰ ਨਾਮੇ ਨੂੰ ਰੱਬ ਮਿਲ ਪਿਆ ਹੈ।

ਭਗਤ ਨਾਮਦੇਵ ਜੀ ਦੇ ਜੀਵਨ ਨਾਲ ਭਾਵੇਂ ਕਈ ਸਾਖੀਆਂ ਜੁੜੀਆਂ ਹਨ, ਪਰ ਉਹਨਾਂ ਦਾ ਸਫ਼ਰ ਸਰਗੁਣ ਤੋਂ ਨਿਰਗੁਣ ਤੱਕ ਦਾ ਹੈ। ਜਿਵੇਂ ਸਪਸ਼ਟ ਕਰਦੇ ਹਨ ਕਿ ਇੱਕ ਪੱਥਰ ਨੂੰ ਦੇਵਤਾ ਮੰਨ ਕੇ ਉਸ ਨਾਲ ਪਿਆਰ ਕੀਤਾ ਜਾਂਦਾ ਹੈ ਤੇ ਦੂਜੇ ਪੱਥਰਾਂ ਉੱਤੇ ਪੈਰ ਧਰਿਆ ਜਾਂਦਾ ਹੈ। ਜੇ ਉਹ ਪੱਥਰ ਜਿਸ ਦੀ ਪੂਜਾ ਕੀਤੀ ਜਾਂਦੀ ਹੈ, ਦੇਵਤਾ ਹੈ ਤਾਂ ਦੂਜਾ ਪੱਥਰ ਵੀ ਦੇਵਤਾ ਹੈ। ਉਸ ਨੂੰ ਪੈਰਾਂ ਹੇਠ ਕਿਉਂ ਲਤਾੜੀਦਾ ਹੈ ? ਨਾਮਦੇਵ ਆਖਦਾ ਹੈ ਅਸੀਂ ਕਿਸ ਪੱਥਰ ਨੂੰ ਦੇਵਤਾ ਥਾਪ ਕੇ ਉਸ ਦੀ ਪੂਜਾ ਕਰਨ ਨੂੰ ਤਿਆਰ ਨਹੀਂ। ਅਸੀਂ ਤਾਂ ਪਰਮਾਤਮਾ ਦੀ ਬੰਦਗੀ ਕਰਦੇ ਹਾਂ।

ਆਪ ਨੇ ਵਿਸ਼ੋਬਾ ਖੇਚਰ ਨੂੰ ਗੁਰੂ ਧਾਰਿਆ। ਉਹਨਾਂ ਦਾ ਗੁਰੂ ਮੂਰਤੀ ਪੂਜਾ ਦਾ ਵਿਰੋਧੀ ਸੀ। ਆਪ ਨੂੰ ਨਿਰਾਕਾਰ ਪਰਮਾਤਮਾ ਦੀ ਭਗਤੀ ਸਿਮਰਨ ਅਭਿਆਸ ਦੀ ਪ੍ਰੇਰਨਾ ਮਿਲੀ। ਆਪ ਦੁਨਿਆਵੀ ਕਾਰ ਵਿਹਾਰ ਕਰਦੇ ਹੋਏ ਵੀ ਪਰਮਾਤਮਾ ਦੇ ਭਗਤੀ ਮਾਰਗ ’ਤੇ ਚਲਦੇ ਸਿਖਰ ’ਤੇ ਪਹੁੰਚੇ। ਇਸ ਬਾਰੇ ਤਾਂ ਹੀ ਭਗਤ ਕਬੀਰ ਗਵਾਹੀ ਦਿੰਦੇ ਹਨ। ਭਗਤ ਨਾਮਦੇਵ ਅਤੇ ਭਗਤ ਤ੍ਰਿਲੋਚਨ ਦਾ ਵਾਰਤਾਲਾਪ ਹੈ, ਜਿਸ ਤੋਂ ਭਗਤ ਨਾਮਦੇਵ ਜੀ ਦੀ ਅਧਿਆਤਮਕ ਅਵਸਥਾ ਦਾ ਪਤਾ ਲੱਗਦਾ ਹੈ। ਭਗਤ ਤ੍ਰਿਲੋਚਨ ਆਖਦਾ ਹੈ, ਹੇ ਮਿ੍ਤ ਨਾਮਦੇਵ, ਤੂੰ ਤਾਂ ਮਾਇਆ ਵਿਚ ਫਸਿਆ ਜਾਪਦਾ ਹੈ। ਇਹ ਅੰਬੂਰੇ ਕਿਉਂ ਠੇਕ ਰਿਹਾ ਹੈ। ਪਰਮਾਤਮਾ ਦੇ ਚਰਨਾਂ ਨਾਲ ਚਿੱਤ ਕਿਉਂ ਨਹੀਂ ਜੋੜਦਾ। ਭਗਤ ਨਾਮਦੇਵ ਉੱਤਰ ਦਿੰਦੇ ਹਨ –ਹੇ ਤ੍ਰਿਲੋਚਨ ! ਮੂੰਹ ਨਾਲ ਪਰਮਾਤਮਾ ਨਾਮ ਲੈ। ਹੱਥ ਪੈਰ ਵਰਤ ਕੇ ਸਾਰਾ ਕੰਮ ਕਾਜ਼ ਕਰ ਅਤੇ ਆਪਣਾ ਚਿੱਤ ਮਾਇਆ ਰਹਿਤ ਪਰਮਾਤਮਾ ਨਾਲ ਜੋੜ।

ਭਗਤ ਨਾਮਦੇਵ ਜੀ ਨੇ ਜਗਨਨਾਥ ਤੋਂ 15 ਕੁ ਮੀਲ ਦੀ ਵਿੱਥ ’ਤੇ ਪੰਡਰਪੁਰ(ਪਾਂਧਰਪੁਰ)ਦੇ ਅਸਥਾਨ ’ਤੇ ਤਪ ਕੀਤਾ। ਇਥੋਂ ਹੀ ਪ੍ਰਚਾਰ ਸ਼ੁਰੂ ਕੀਤਾ। ਆਪ ਨੇ ਨਿਰਾਕਾਰ ਪਰਮਾਤਮਾ ਦਾ ਪ੍ਰਚਾਰ ਕੀਤਾ। ਉਚ ਨੀਚ, ਜਾਤ ਪਾਤ, ਝੂਠੇ ਕਰਮਕਾਡਾਂ ਦੀ ਨਿਖੇਧੀ ਕੀਤੀ। ਆਪ ਜੀ ਦੇ ਵਿਚਾਰਾਂ ਦਾ ਲੋਕਾਈ ’ਤੇ ਬੜਾ ਪ੍ਰਭਾਵ ਪਿਆ। ਆਪ ਨੀਵੀਂ ਜਾਤੀ ’ਤੇ ਲਗਾਈ ਗਈ ਰੋਕ ਤੋੜ ਕੇ ਮੰਦਰ ਚਲੇ ਗਏ। ਬ੍ਰਾਹਮਣਾਂ ਨੇ ਆਪ ਨੂੰ ਧੱਕੇ ਮਾਰ ਕੇ ਬਾਹਰ ਕੱਢ ਦਿੱਤਾ।

ਆਪ ਔਧ ਤੋਂ ਹੁੰਦੇ ਹੋਏ, ਦੇਵਗਿਰੀ, ਐਲੋਰਾ, ਘ੍ਰਿਨੇਸ਼ਵਰ, ਪੰਚਬਟੀ, ਤ੍ਰਿਬਕੇਸ਼ਵਰ, ਜੂਨਾਗੜ੍ਹ ਹੁੰਦੇ ਹੋਏ ਹਸਤਨਪੁਰ ਦਿੱਲੀ ਪਹੁੰਚੇ। ਇਥੇ ਮੁਹੰਮਦ ਬਿਨ ਤੁਗਲਕ ਨੇ ਉਹਨਾਂ ’ਤੇ ਅਤਿਆਚਾਰ ਕੀਤੇ। ਆਪ ਜੀ ਨੂੰ ਸਮੇਂ ਦੇ ਹਾਕਮਾਂ ਅਤੇ ਬ੍ਰਾਹਮਣਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ। ਭਗਤ ਜੀ ਦੇ ਬਹੁਤ ਸਾਰੇ ਸਾਥੀ ਕਾਲ ਵੱਸ ਹੋ ਗਏ ਤਾਂ ਆਪ ਜੀ ਮਹਾਰਾਸ਼ਟਰ ਤੋਂ ਪੰਜਾਬ ਆ ਗਏ। ਅਖੀਰਲੇ 20 ਸਾਲ ਗੁਰਦਾਸਪੁਰ ਦੇ ਪਿੰਡ ਘੁਮਾਣ ਵਿੱਚ ਗੁਜ਼ਾਰੇ। ਆਪ ਜੀ ਦੇ ਦੇਹਾਂਤ ਬਾਰੇ ਦੋ ਰਾਵਾਂ ਹਨ। ਇੱਕ ਇਹ ਹੈ ਕਿ 15 ਜਨਵਰੀ 1350 ਨੂੰ ਆਪ ਜੀ ਦਾ ਦੇਹਾਂਤ ਘੁਮਾਣ ਪਿੰਡ ਵਿਖੇ ਹੋ ਗਿਆ ਸੀ। ਇੱਥੇ ਹੀ ਆਪ ਜੀ ਦੀ ਸਮਾਧ ਮੌਜੂਦ ਹੈ। ਜਿਥੇ ਹਰ ਸਾਲ ਮਾਘ ਦੀ ਦੂਜ ਨੂੰ ਭਾਰੀ ਮੇਲਾ ਲੱਗਦਾ ਹੈ। ਦੂਸਰਾ ਵਿਚਾਰ ਇਹ ਹੈ ਕਿ ਆਪ ਜੀ ਅਖੀਰਲੇ ਸਮੇਂ ਪੰਡਰਪੁਰ ਮਹਾਰਾਸ਼ਟਰ ਵਿਖੇ ਪਰਤ ਗਏ ਸਨ। ਇਸ ਵਿਚਾਰ ਨਾਲ ਪ੍ਰੋ. ਸਾਹਿਬ ਸਿੰਘ ਅਤੇ ਭਾਈ ਕਾਨ੍ਹ ਸਿੰਘ ਨਾਭਾ ਸਹਿਮਤ ਹਨ।

ਗੁਰੂ ਗ੍ਰੰਥ ਸਾਹਿਬ ਵਿੱਚ ਭਗਤ ਨਾਮਦੇਵ ਜੀ ਦੇ ਅਠਾਰਾਂ ਰਾਗਾਂ ਵਿੱਚ ਕੁਲ 61 ਸ਼ਬਦ ਹਨ। ਜਿੰਨਾਂ ਦਾ ਵੇਰਵਾ ਇਸ ਤਰਾਂ ਹੈ।

ਭਗਤ ਨਾਮਦੇਵ ਜੀ ਦੀ ਬਾਣੀ ਤੇ ਖੋਜ ਮਰਾਠੀ ਅਤੇ ਹਿੰਦੀ ਸਾਹਿਬ ਵਿੱਚ ਵੀ ਹੋਈ ਹੈ। ਜੋ ਮੂਲਰੂਪ ਵਿੱਚ ਸੰਪਾਦਨ ਜਾਂ ਵਿਆਖਿਆਤਮਿਕ ਅਧਿਐਨ ਹੈ। ਅੰਗਰੇਜ਼ੀ ਪੰਜਾਬੀ ਅਤੇ ਹਿੰਦੀ ਵਿੱਚ ਵੀ ਖੋਜ ਹੋਈ ਹੈ। ਭਗਤ ਨਾਮਦੇਵ ਜੀ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਪ੍ਰਵਾਨ ਚੜ੍ਹੀ। ਆਪ ਜੀ ਦੀ ਬਾਣੀ ਵਿੱਚ ਅ ਕਾਲ ਤੇ ਨਿਸ਼ਚਾ, ਪ੍ਰਭੂ ਦੀ ਸਰਬ ਵਿਆਪਕਤਾ, ਪਰਮਾਤਮਾ ਦਾ ਬੇਅੰਤ ਹੋਣਾ। ਸਿਮਰਨ ਦੀਆਂ ਬਰਕਤਾਂ ਨਾਮ ਜਪਣ ਦਾ ਢੰਗ ਪ੍ਰਭੂ –ਪ੍ਰੀਤ ਝੂਠੇ ਕਰਮਕਾਂਡਾ ਤੋਂ ਮਨਾਹੀ। ਪ੍ਰਭੂ ਤੇ ਭਗਤ, ਗੁਰੂ ਦੇ ਸ਼ਬਦ ਦੀ ਮਹੱਤਤਾ ਆਦਿਕ ਗੁਰਮਤਿ ਵਿਚਾਰ ਪ੍ਰਗਟਾਏ ਗਏ ਹਨ। ਆਪ ਜੀ ਮੂਰਤੀ ਪੂਜਾ ਅਤੇ ਦੇਵੀ ਦੇਵਤਿਆਂ ਦੀ ਪੂਜਾ ਦੇ ਸਖ਼ਤ ਵਿਰੋਧੀ ਸਨ। ਸਗੋਂ ਮੁਕਤੀ ਲਈ ਪ੍ਰਭੂ ਨਾਮ ਸਿਮਰਨ ਤੇ ਹੀ ਟੇਕ ਰਖਦੇ ਸਨ। ਭਗਤ ਜੀ ਦੇ ਕੁਝ ਪਾਵਨ ਬਚਨਾਂ ਦਾ ਵੇਰਵਾ ਹੈ :-

ਹੇ ਭਾਈ! ਹੋਰ ਸਭਨਾਂ ਦੀ ਆਸ ਛੱਡ। ਇਕ ਬੇਅੰਤ ਪ੍ਰਭੂ ਦਾ ਧਿਆਨ ਧਰ, ਜੋ ਸਭਨਾਂ ਵਿੱਚ ਮੌਜੂਦ ਹੈ। ਨਾਮਦੇਵ ਬੇਨਤੀ ਕਰਦਾ ਹੈ –ਜੋ ਮਨੁੱਖ ਪ੍ਰਭੂ ਦਾ ਧਿਆਨ ਧਰ ਕੇ ਨਿਸ਼ਕਾਮ ਹੋ ਜਾਂਦਾ ਹੈ, ਉਸ ਵਿੱਚ ਅਤੇ ਪ੍ਰਭੂ ਵਿੱਚ ਕੋਈ ਭਿੰਨ ਭੇਦ ਨਹੀਂ ਰਹਿ ਜਾਂਦਾ। ਭਾਵ ਪਰਮਾਤਮਾ ਘਟ ਘਟ ਵਿੱਚ ਮੌਜੂਦ ਹੈ। ਹੋਰ ਆਸਾਂ ਛੱਡ ਕੇ ਉਸੇ ਦਾ ਆਸਰਾ ਲੈਣਾ ਚਾਹੀਦਾ ਹੈ।

ਮੈਂ ਨਾਮਦੇਵ ਨੇ ਪ੍ਰਭੂ ਦਾ ਭਜਨ ਕਰਕੇ ਪ੍ਰਭੂ ਨਾਲ ਸਾਂਝ ਪਾ ਲਈ ਹੈ ਤੇ ਜਗਤ ਦੇ ਆਸਰੇ ਪ੍ਰਭੂ ਵਿੱਚ ਮੇਰੀ ਜਿੰਦ ਲੀਨ ਹੋ ਗਈ ਹੈ।

ਹੇ ਭੈਣ! ਉਸ ਸੋਹਣੇ ਰਾਮ ਨੂੰ ਮੈਲ ਦਾ ਦਾਗ ਤੱਕ ਨਹੀਂ ਹੈ। ਉਹ ਮੈਲ ਤੋਂ ਪਰੇ ਹੈ। ਉਹ ਰਾਮ ਤਾਂ ਸੁਗੰਧੀ ਵਾਂਗ ਸਭ ਜੀਵਾਂ ਵਿੱਚ ਆ ਕੇ ਵਸਦਾ ਹੈ। ਭਾਵ ਜਿਵੇਂ ਸੁਗੰਧੀ ਫੁੱਲਾਂ ਵਿੱਚ ਹੈ। ਹੇ ਭੈਣ! ਉਸ ਸੋਹਣੇ ਰਾਮ ਨੂੰ ਕਦੇ ਵੀ ਕਿਸੇ ਨੇ ਜੰਮਦਾ ਨਹੀਂ ਵੇਖਿਆ। ਕੋਈ ਨਹੀਂ ਜਾਣਦਾ ਕਿ ਉਹ ਕਿਹੋ ਜਿਹਾ ਹੈ। ਹੇ ਭੈਣ! ਮੇਰਾ ਸੋਹਣਾ ਰਾਮ ਹਰ ਥਾਂ ਵਿਆਪਕ ਹੈ ਪਰ ਕੋਈ ਜੀਵ ਭੀ ਉਸ ਦਾ ਮੁਕੰਮਲ ਸਰੂਪ ਬਿਆਨ ਨਹੀਂ ਕਰ ਸਕਦਾ। ਕਿਸੇ ਨੇ ਭੀ ਉਸ ਦੇ ਮੁਕੰਮਲ ਸਰੂਪ ਨੂੰ ਨਹੀਂ ਸਮਝਿਆ।

ਪਰਮਾਤਮਾ ਦਾ ਨਾਮ ਸਿਮਰਿਆ ਕਿਸੇ ਜੀਵ ਦਾ ਭੀ ਕੋਈ ਪਾਪ ਨਹੀਂ ਰਹਿ ਜਾਂਦਾ। ਵਿਕਾਰਾਂ ਵਿੱਚ ਨਿਘਰੇ ਹੋਏ ਬੰਦੇ ਭੀ ਪ੍ਰਭੂ ਦਾ ਭਜਨ ਕਰਕੇ ਪਵਿੱਤਰ ਹੋ ਜਾਂਦੇ ਹਨ।

ਜੋ ਮਨੁੱਖ ਪਰਮਾਤਮਾ ਦਾ ਭਜਨ ਨਹੀਂ ਕਰਦੇ, ਮੈਂ ਉਹਨਾਂ ਦਾ ਦਰਸ਼ਨ ਨਹੀਂ ਕਰਦਾ। ਭਾਵ ਮੈਂ ਉਹਨਾਂ ਦੀ ਬੈਠਕ ਨਹੀਂ ਬੈਠਦਾ। ਮੈਂ ਉਹਨਾਂ ਨਾਲ ਬਹਿਣ ਖੋਲ੍ਹਣ ਨਹੀਂ ਰੱਖਦਾ।

ਹੇ ਮੇਰੇ ਪਾਖੰਡੀ ਮਨ! ਕਪਟ ਨਾ ਕਰ। ਛੱਡ ਇਹ ਕਪਟ। ਸਦਾ ਪਰਮਾਤਮਾ ਦਾ ਨਾਮ ਹੀ ਸਿਮਰਨਾ ਚਾਹੀਦਾ ਹੈ।

ਇੱਕ ਪੱਥਰ ਨੂੰ ਦੇਵਤਾ ਬਣਾਂ ਕੇ ਉਸ ਨਾਲ ਪਿਆਰ ਕੀਤਾ ਜਾਂਦਾ ਹੈ। ਦੂਜੇ ਪੱਥਰਾਂ ਤੇ ਪੈ ਰ ਧਰਿਆ ਜਾਂਦਾ ਹੈ। ਜੇ ਉਹ ਪੱਥਰ ਜਿਸ ਦੀ ਪੂਜਾ ਕੀਤੀ ਜਾਂਦੀ ਹੈ, ਦੇਵਤਾ ਹੈ ਤਾਂ ਦੂਜਾ ਪੱਥਰ ਭੀ ਦੇਵਤਾ ਹੈ। ਉਸ ਨੂੰ ਕਿਉਂ ਪੈਰਾਂ ਹੇਠ ਲਤਾੜੀਦਾ ਹੈ। ਪਰ ਨਾਮਦੇਵ ਆਖਦਾ ਹੈ ਕਿ ਅਸੀਂ ਕਿਸੇ ਪੱਥਰ ਨੂੰ ਦੇਵਤਾ ਥੱਪ ਕੇ ਉਸ ਦੀ ਪੂਜਾ ਕਰਨ ਨੂੰ ਤਿਆਰ ਨਹੀਂ। ਅਸੀਂ ਤਾਂ ਪਰਮਾਤਮਾ ਦੀ ਬੰਦਗੀ ਕਰਦੇ ਹਾਂ।

ਜੇ ਗੁਰੂ ਮਿਲ ਪਏ ਤਾਂ ਅਠਾਹਟ ਤੀਰਥਾਂ ਦਾ ਇਸ਼ਨਾਨ ਹੋ ਗਿਆ ਜਾਣੋ। ਸਰੀਰ ਉੱਤੇ ਚੱਕਰ ਲੱਗ ਗਏ ਸਮਝੋ। ਜਿਵੇਂ ਬੈਰਾਗੀ ਦਵਾਰਕਾ ਜਾ ਕੇ ਲਾਉਂਦੇ ਹਨ। ਬਾਰਾਂ ਹੀ ਸ਼ਿਵ ਲਿੰਗਾਂ ਦੀ ਪੂਜਾ ਹੋ ਗਈ। ਜਾਣੋ ਉਸ ਮਨੁੱਖ ਦੇ ਲਈ ਸਾਰੇ ਜ਼ਹਿਰ ਭੀ ਮਿੱਠੇ ਫਲ ਬਣ ਜਾਂਦੇ ਹਨ। ਜੇ ਗੁਰੂ ਮਿਲ ਪਏ ਤਾਂ ਦਿਲ ਦੇ ਸ਼ੰਸ਼ੇ ਮਿਟ ਜਾਂਦੇ ਹਨ। ਜਮਾਂ ਤੋਂ ਹੀ ਖ਼ਲਾਸੀ ਹੋ ਜਾਂਦੀ ਹੈ। ਸੰਸਾਰ ਸਮੁੰਦਰ ਤੋਂ ਮਨੁੱਖ ਪਾਰ ਲੰਘ ਜਾਂਦੀ ਹੈ। ਜਨਮ ਮਰਨ ਤੋਂ ਬਚ ਜਾਂਦਾ ਹੈ। ਜੇ ਗੁਰੂ ਮਿਲ ਪਏ ਤਾਂ ਅਠਾਰਾਂ ਸਿਮ੍ਰਿਤੀਆਂ ਦੇ ਦੱਸੇ ਕਰਮ ਕਾਂਡ ਦੀ ਲੋੜ ਨਹੀਂ ਰਹਿ ਜਾਂਦੀ। ਸਾਰੀ ਬਨਸਪਤੀ ਹੀ ਪ੍ਰਭੂ ਦੇਣ ਦੀ ਨਿੱਤ ਭੇਟ ਹੁੰਦੀ ਦਿਸ ਪੈਂਦੀ ਹੈ। ਸਤਿਗੁਰੂ ਤੋਂ ਬਿਨਾਂ ਹੋਰ ਕੋਈ ਥਾਂ ਨਹੀਂ, ਜਿਥੋਂ ਮਨੁੱਖ ਜੀਵਨ ਦਾ ਸਹੀ ਰਸਤਾ ਲੱਭ ਸਕੇ। ਨਾਮਦੇਵ ਹੋਰ ਸਭ ਆਸਰੇ ਪਰਨੇ ਛੱਡ ਕੇ ਗੁਰੂ ਦੀ ਸ਼ਰਨ ਪਿਆ ਹੈ।

ਤ੍ਰਿਲੋਚਨ ਆਖਦਾ ਹੈ ਕਿ ਹੇ ਮ੍ਰਿਤ ਨਾਮਦੇਵ! ਤੂੰ ਤਾਂ ਮਾਇਆ ਵਿੱਚ ਫਸਿਆ ਜਪਦਾ ਹੈ। ਇਹ ਅੰਬਰੇ ਕਿਉਂ ਠੇਕ ਰਿਹਾ ਹੈ। ਪਰਮਾਤਮਾ ਦੇ ਚਰਨਾ ਨਾਲ ਕਿਊਂ ਚਿੱਤ ਨਹੀਂ ਜੋੜਦਾ। ਨਾਮਦੇਵ ਅੱਗੋਂ ਉੱਤਰ ਦਿੰਦਾ ਹੈ –ਹੇ ਤ੍ਰਿਲੋਚਨਃ ਮੂੰਹ ਨਾਲ ਪਰਮਾਤਮਾ ਦਾ ਨਾਮ ਲੈ। ਹੱਥ ਪੈਰ ਵਰਤ ਕੇ ਸਾਰਾ ਕੰਮ ਕਾਜ ਕਰ ਅਤੇ ਆਪਣਾ ਚਿੱਤ ਮਾਇਆ ਰਹਿਤ ਪਰਮਾਤਮਾ ਨਾਲ ਜੋੜ।

| ਲੜੀ ਨੰਬਰ | ਰਾਗ ਦਾ ਨਾਉਂ | ਸ਼ਬਦਾਂ ਦੀ ਗਿਣਤੀ |
|---|---|---|
| 1. | ਗਉੜੀ | 1. |
| 2. | ਆਸਾ | 5. |
| 3. | ਗੁਜਰੀ | 2. |
| 4. | ਸੋਰਠ | 3. |
| 5. | ਧਨਾਸਰੀ | 5. |
| 6. | ਟੋਡੀ | 3. |
| 7. | ਤਿਲੰਗ | 2. |
| 8. | ਬਿਲਾਵਲ | 1. |
| 9. | ਗੋਂਡ | 7. |
| 10. | ਰਾਮਕਲੀ | 4. |
| 11. | ਮਾਲੀ ਗਉੜਾ | 3. |
| 12. | ਮਾਰੂ | 1. |
| 13. | ਭੈਰਉ | 12. |
| 14. | ਬਸੰਤ | 3. |
| 15. | ਸਾਰੰਗ | 3. |
| 16. | ਮਲਾਰ | 2. |
| 17. | ਕਾਨੜਾ | 1. |
| 18. | ਪ੍ਰਭਾਤੀ | 3. |

ਮੂਰਖ ਮਨੁੱਖ ਮਾਇਆ ਦੀ ਖਾਤਿਰ ਬੜੀ ਮਿਹਨਤ ਕਰਦਾ ਹੈ। ਉਸ ਕਮਾ ਕੇ ਧਰਮੀ ਵਿੱਚ ਨੱਪ ਰਖਦਾ ਹੈ। ਮੂਰਖ ਬੜੀ ਇਕੱਠੀ ਕਰੀ ਜਾਂਦਾ ਹੈ ਪਰ ਸਮਝਦਾ ਨਹੀਂ ਕਿ ਧੰਨ ਜ਼ਮੀਨ ਵਿੱਚ ਦਬਿਆ ਪਿਆ ਰਹਿੰਦਾ ਹੈ। ਮੌਤ ਆਇਆ ਸਰੀਰ ਮਿੱਟੀ ਹੋ ਜਾਂਦਾ ਹੈ।

ਸੁੱਖ ਮੰਗਣ ਅਤੇ ਦੁੱਖਾਂ ਤੋਂ ਬਚਣ ਲਈ ਅੰਞਾਣ ਲੋਕ ਆਪਣੀ ਹੀ ਹੱਥੀ ਪੱਥਰਾਂ ਤੋਂ ਘੜੇ ਹੋਏ ਦੇਵਤਿਆਂ ਅੱਗੇ ਨੱਕ ਰਗੜਦੇ ਹਨ ਪਰ ਹੇ ਮੇਰੇ ਮਨ ਤੂੰ ਇੱਕ ਪ੍ਰਭੂ ਨੂੰ ਸਿਮਰ! ਉਹੋ ਹੀ ਵਾਸਨਾ ਰਹਿਤ ਅਵਸਥਾ ਦੇਣ ਵਾਲਾ ਹੈ। ਉਸ ਦਾ ਸਿਮਰਨ ਕੀਤਿਆਂ ਫਿਰ ਤੇਰਾ ਜਗਤ ਵਿੱਚ ਜੰਮਣਾ- ਮਰਨਾ ਮਿਟ ਜਾਵੇਗਾ।

ਜੇਕਰ ਕੋਈ ਲੇਖਕ ਆਪਣਾ ਆਰਟੀਕਲ, ਕਵਿਤਾ, ਕਹਾਣੀ, ਮਿੰਨੀ ਕਹਾਣੀ ਜਾਂ ਲੇਖ
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
ਅਖ਼ਬਾਰ ਵਿੱਚ ਛਪਵਾਉਣ ਲਈ ਇੱਛੁਕ ਹੈ ਤਾਂ ਉਹ
ਸਾਡੀ ਈ.ਮੇਲ : asrnewwriters@gmail.com
’ਤੇ ਆਪਣੀ ਲਿਖਤ ਭੇਜ ਸਕਦੇ ਹਨ। ਮਿਆਰੀ ਲਿਖਤ ਨੂੰ ਅਖ਼ਬਾਰ ’ਚ ਜ਼ਰੂਰ ਥਾਂ ਦਿੱਤੀ ਜਾਵੇਗੀ।
ਨਾਮ ਅਤੇ ਫ਼ੋਨ ਨੰਬਰ ਜ਼ਰੂਰ ਲਿਖਿਆ ਜਾਵੇ।
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
Email: asrnewwriters@gmail.com www.amritsartimes.com Ph.: (510) 240-5949




# ਯਾਦਦਾਸ਼ਤ ਤੇਜ਼ ਕਰਨ ਦਾ ਢੰਗ

ਡਾ. ਹਰਸ਼ਿੰਦਰ ਕੌਰ

ਹਾਵਰਡ ਯੂਨੀਵਰਸਿਟੀ ਲਗਾਤਾਰ ਨਵੀਆਂ ਖੋਜਾਂ ਵਿੱਚ ਜੁਟੀ ਰਹਿੰਦੀ ਹੈ। ਇਹ ਜਾਣੀ ਬੁੱਝੀ ਗੱਲ ਹੈ ਕਿ ਉਮਰ ਵਧਣ ਨਾਲ ਯਾਦਦਾਸ਼ਤ ਘਟਦੀ ਹੈ। ਕਈਆਂ ਦੀ ਤਾਂ ਪੂਰੀ ਤਰ੍ਹਾਂ ਹੀ ਚਲੀ ਜਾਂਦੀ ਹੈ। ਲੋਕ ਅਜਿਹਿਆਂ ਨੂੰ ਸੱਤਰਿਆ-ਬਹੱਤਰਿਆ ਕਹਿ ਦਿੰਦੇ ਹਨ।

ਆਪੋ ਆਪਣੇ ਕੰਮਾਂ ਵਿੱਚ ਰੁੱਝੇ ਬਹੁਤ ਲੋਕ ਨਾਵਾਂ ਨੂੰ ਭੁੱਲਣ ਲੱਗ ਜਾਂਦੇ ਹਨ ਜਾਂ ਲਿਸਟਾਂ ਵਿਚਲੇ ਕੰਮ ਕਰਨੇ ਭੁੱਲ ਜਾਂਦੇ ਹਨ। ਉਨ੍ਹਾਂ ਲਈ ਇਹ ਜਾਣਕਾਰੀ ਫ਼ਾਇਦੇਮੰਦ ਸਾਬਤ ਹੋ ਸਕਦੀ ਹੈ।

ਮਨੁੱਖੀ ਮਨ ਯਾਦਾਂ ਨੂੰ ਤਿੰਨ ਸਟੇਜਾਂ ਵਿੱਚ ਵੰਡ ਕੇ ਸਾਂਭਦਾ ਹੈ :-

1. ਪੱਕੀ ਕੱਚੀ ਪੂਰੀ ਗੱਲ :- ਇਹ ਕੁੱਝ ਸਮੇਂ ਤੱਕ ਗੱਲ ਇੰਨ-ਬਿੰਨ ਪੂਰੀ ਯਾਦ ਰਹਿ ਜਾਂਦੀ ਹੈ।

2. ਸੰਵਾਰ ਕੇ ਸਾਂਭਣਾ :- ਕੁੱਝ ਚਿਰ ਬਾਅਦ ਉਹੀ ਗੱਲ ਥੋੜ੍ਹਾ ਬਹੁਤ ਝਾੜ ਕੇ ਲੋੜ ਅਨੁਸਾਰ ਹਿੱਸਾ ਸਾਂਭ ਲਿਆ ਜਾਂਦਾ ਹੈ।

3. ਰੋਜ਼ਮਰਾ ਦਾ ਹਿੱਸਾ ਬਣਨਾ :- ਗਰਮ ਦੁੱਧ ਦਾ ਸੜਿਆ ਲੱਸੀ ਵੀ ਫੂਕਾਂ ਮਾਰ ਕੇ ਪੀਂਦਾ ਹੈ। ਉਸੇ ਤਰ੍ਹਾਂ ਕੋਈ ਯਾਦ ਸਾਵਧਾਨੀ ਵਜੋਂ ਰੋਜ਼ਮਰਾ ਦੀ ਜ਼ਿੰਦਗੀ ਦਾ ਹਿੱਸਾ ਹੀ ਬਣ ਜਾਂਦੀ ਹੈ। ਮਿਸਾਲ ਵਜੋਂ-ਮੋੜ ਉੱਤੇ ਐਕਸੀਡੈਂਟ ਹੋਇਆ ਸੀ ਤਾਂ ਉਮਰ ਭਰ ਉਸ ਥਾਂ ਤੋਂ ਧਿਆਨ ਨਾਲ ਚੁਫ਼ੇਰਾ ਵੇਖ ਕੇ ਹੀ ਮੋੜ ਕੱਟਿਆ ਜਾਂਦਾ ਹੈ।

ਦਿਮਾਗ਼ ਦੇ ਕੁੱਝ ਮਹੀਨ ਹਿੱਸੇ ਲਗਾਤਾਰ ਯਾਦਾਂ ਉਘਾੜਨ ਵਿੱਚ ਜੁਟੇ ਰਹਿੰਦੇ ਹਨ। ਦਿਨ ਵਿੱਚ ਸੈਂਕੜੇ ਤੋਂ ਵੱਧ ਵਾਰ ਚੀਜ਼ਾਂ ਯਾਦ ਕਰਨ ਦੀ ਲੋੜ ਪੈਂਦੀ ਹੈ। ਉਸ ਵਾਸਤੇ ਖ਼ਰਬਾਂ ਸੈੱਲ ਅਤੇ ਉਨ੍ਹਾਂ ਦੇ ਜੋੜ ਲਗਾਤਾਰ ਕੰਮ ਕਰਦੇ ਹਨ। ਇਸ ਦੌਰਾਨ ਹੋਈ ਟੁੱਟ ਭੱਜ ਨੂੰ ਰਿਪੇਅਰ ਕਰਨ ਲਈ ਵੱਖ ਸੈੱਲਾਂ ਦੀ ਯੂਨਿਟ ਲਗਾਤਾਰ ਕੰਮ ਕਰਦੀ ਹੈ। ਸਾਨੂੰ ਭਾਵੇਂ ਆਮ ਜਿਹੀ ਗੱਲ ਹੀ ਜਾਪੇ ਪਰ, 'ਕੱਲ ਕੀ ਖਾਧਾ ਸੀ', ਵਰਗੀ ਮਾਮੂਲੀ ਜਿਹੀ ਗੱਲ ਨੂੰ ਯਾਦ ਕਰਨ ਲਈ ਸਾਰਾ ਸਿਸਟਮ ਹਿਲਜੁਲ ਕਰਦਾ ਹੈ। ਇਹੋ ਜਿਹੀਆਂ ਸੈਂਕੜੇ ਗੱਲਾਂ ਰੋਜ਼ ਯਾਦ ਕਰ ਕੇ ਦਿਮਾਗ਼ ਜਵਾਬ ਲੱਭ ਕੇ ਦਿੰਦਾ ਹੈ। ਇਸੇ ਲਈ ਦਿਮਾਗ਼ ਨੂੰ ਚੁਸਤ ਰੱਖਣ ਅਤੇ ਵੇਲੇ ਸਿਰ ਪੂਰਾ ਆਰਾਮ ਦੇਣ ਦੀ ਲੋੜ ਹੁੰਦੀ ਹੈ।





ਯਾਦਦਾਸ਼ਤ ਉਘਾੜਨ ਲਈ ਦੋ ਤਰੀਕੇ ਹੁੰਦੇ ਹਨ। ਪਹਿਲਾ, ਬਾਹਰੀ ਸੁਨੇਹੇ ਤੇ ਦੂਜਾ, ਅੰਦਰੂਨੀ। ਸੈੱਲਾਂ ਰਾਹੀਂ ਪਹੁੰਚੀਆਂ ਤਰੰਗਾਂ ਜਿਸ ਤਰੀਕੇ ਛਪਦੀਆਂ ਹਨ, ਉਨ੍ਹਾਂ ਨੂੰ ਇਕ ਯੂਨਿਟ ਦੇ ਇੱਕ ਨੁੱਕਰੇ ਤਹਿ ਬਣਾ ਕੇ, ਯਾਦ ਦੇ ਰੂਪ ਵਿੱਚ ਰੱਖ ਲਿਆ ਜਾਂਦਾ ਹੈ। ਫੇਰ ਦਿਮਾਗ਼ ਉਸ ਯਾਦ ਨੂੰ ਆਪਣੀ ਲਿਆਕਤ ਅਨੁਸਾਰ ਚੰਗੀ, ਮਾੜੀ, ਬੇਹੂਦਾ, ਸ਼ਰਮਸਾਰ, ਭਿਆਨਕ ਆਦਿ ਲੇਬਲ ਲਾ ਕੇ ਸਾਂਭ ਲੈਂਦਾ ਹੈ। ਉਸ ਤੋਂ ਬਾਅਦ ਇਸ ਯਾਦ ਦੀ ਛਾਂਟੀ ਕੀਤੀ ਜਾਂਦੀ ਹੈ ਕਿ ਕਿੰਨਾ ਹਿੱਸਾ ਉਸ ਵਿੱਚੋਂ ਪੱਕੀ ਯਾਦ ਬਣਾ ਕੇ ਰੱਖਣਾ ਹੈ।

ਇਸ ਤੋਂ ਬਾਅਦ ਕਿਸ ਕਿਸਮ ਦਾ ਕਦਮ ਪੁੱਟਣਾ ਹੈ-ਸ਼ਾਂਤ ਰਹਿਣਾ ਹੈ, ਭੜਕਣਾ ਹੈ, ਬਦਲਾ ਲੈਣਾ ਹੈ ਜਾਂ ਹੌਲੀ-ਹੌਲੀ ਭੁਲਾ ਦੇਣਾ ਹੈ-ਬਾਰੇ ਫ਼ੈਸਲਾ ਲਿਆ ਜਾਂਦਾ ਹੈ।

ਇਸ ਯਾਦ ਉੱਤੇ ਬਾਹਰੀ ਅਸਰ ਹੁੰਦੇ ਹਨ :- ਉਸ ਸਮੇਂ ਦਾ ਤਣਾਓ, ਗੁੱਸਾ, ਲੜਾਈ, ਪਿਆਰ, ਮੌਤ ਆਦਿ। ਜੇ ਯਾਦ ਪਿਆਰੀ ਹੋਵੇ ਜਾਂ ਡੂੰਘੀ ਸੱਟ ਮਾਰ ਗਈ ਹੋਵੇ ਤਾਂ ਛੇਤੀ ਭੁੱਲਦੀ ਨਹੀਂ। ਤਣਾਓ ਅਧੀਨ ਜੁੜੀਆਂ ਯਾਦਾਂ ਹੌਲੀ-ਹੌਲੀ ਫਿੱਕੀਆਂ ਪੈਣ ਲੱਗ ਪੈਂਦੀਆਂ ਹਨ ਤੇ ਦੁਬਾਰਾ ਧਿਆਨ ਕਰਨ ਉੱਤੇ ਪੂਰੀ ਯਾਦ ਉਘਾੜੀ ਨਹੀਂ ਜਾਂਦੀ।

ਕਈ ਵਾਰ ਬਿਲਕੁਲ ਉਸੇ ਤਰ੍ਹਾਂ ਦੀ ਘਟਨਾ ਦਿਸ ਪਵੇ ਤਾਂ ਛਪੀ ਹੋਈ ਯਾਦ ਦਾ ਕੁੱਝ ਹਿੱਸਾ ਉੱਘੜ ਕੇ ਸਾਹਮਣੇ ਆ ਜਾਂਦਾ ਹੈ।

ਸਾਡੇ ਸੁੱਤਿਆਂ ਹੋਇਆਂ ਵੀ ਦਿਮਾਗ਼ ਦਾ ਇੱਕ ਹਿੱਸਾ ਹਮੇਸ਼ਾ ਜਾਗਦਾ ਹੋਇਆ, ਸਾਫ਼-ਸਫ਼ਾਈ ਕਰਦਾ ਅਤੇ ਯਾਦਾਂ ਨੂੰ ਇੱਧਰ-ਉੱਧਰ ਸਾਂਭਦਾ ਜਾਂ ਝਾੜਦਾ ਰਹਿੰਦਾ ਹੈ। ਇਸੇ ਕਰਕੇ ਕਦੇ ਕਦਾਈਂ ਸੁੱਤਿਆਂ ਵੀ ਮੂੰਹ ਉੱਤੇ ਮੁਸਕਾਨ, ਹਾਸਾ ਜਾਂ ਮੂੰਹੋਂ ਕੁਬੋਲ ਨਿਕਲ ਜਾਂਦੇ ਹਨ।

ਯਾਦਦਾਸ਼ਤ ਵਧਾਉਣ ਬਾਰੇ ਅਨੇਕ ਖੋਜਾਂ ਹੋ ਚੁੱਕੀਆਂ ਹਨ। ਇਸ ਬਾਬਤ 30 ਸਾਲਾਂ ਦੀ ਹਾਵਰਡ ਯੂਨੀਵਰਸਿਟੀ ਵੱਲੋਂ ਕੀਤੀ ਖੋਜ ਦੇ ਕੁੱਝ ਅੰਸ਼ ਸਾਂਝੇ ਕਰ ਰਹੀ ਹਾਂ :-





**1. ਹੋਰ ਨਵੀਆਂ ਚੀਜ਼ਾਂ ਸਿੱਖਣੀਆਂ ਜਾਰੀ ਰੱਖਣੀਆਂ ਚਾਹੀਦੀਆਂ ਹਨ :-** ਕਾਰ ਚਲਾਉਣੀ, ਗੋਡੀ ਕਰਨੀ, ਸਾਈਕਲ ਚਲਾਉਣਾ, ਕਿਤਾਬਾਂ ਪੜ੍ਹਨੀਆਂ, ਪੇਂਟਿੰਗ ਕਰਨੀ, ਸ਼ਤਰੰਜ ਖੇਡਣੀ, ਕੈਰਮ ਬੋਰਡ ਖੇਡ ਖੇਡਣੀ, ਸੁਡੋਕੂ ਖੇਡਣੀ, ਪਹੇਲੀਆਂ ਬੁੱਝਣੀਆਂ ਆਦਿ। ਇਸ ਤਰ੍ਹਾਂ ਦਿਮਾਗ਼ ਲਗਾਤਾਰ ਹਿਲਜੁਲ ਵਿੱਚ ਜੁਟਿਆ ਰਹਿੰਦਾ ਹੈ ਤੇ ਚੁਸਤ ਰਹਿੰਦਾ ਹੈ।

**2. ਜਿੰਨੀਆਂ ਜ਼ਿਆਦਾ ਇੰਦ੍ਰੀਆਂ ਦੀ ਵਰਤੋਂ ਕੀਤੀ ਜਾਵੇ, ਓਨਾ ਹੀ ਵਧੀਆ ਰਹਿੰਦਾ ਹੈ :-** ਪੱਕੀ ਯਾਦ ਬਣਾਉਣ ਲਈ ਵੇਖਣਾ, ਸੁਣਨਾ, ਟੋਹਣਾ, ਸੁੰਘਣਾ ਆਦਿ ਸ਼ਕਤੀਆਂ ਰਲਾ ਕੇ ਜ਼ਿਆਦਾ ਅਸਰਦਾਰ ਸਾਬਤ ਹੋ ਜਾਂਦੇ ਹਨ। ਦਿਮਾਗ਼ ਦਾ 'ਪਿਰੀਫੌਰਮ ਕੌਰਟੈਕਸ' ਹਿੱਸਾ ਸੁੰਘੀ ਹੋਈ ਚੀਜ਼ ਨੂੰ ਯਾਦ ਰੱਖਣ ਵਿਚ ਮਦਦ ਕਰਦਾ ਹੈ। ਇੰਜ ਵੱਖੋ-ਵੱਖ ਹਿੱਸੇ ਰਲ ਮਿਲ ਕੇ, ਯਾਨੀ ਨਜ਼ਰ, ਛੋਹ, ਸੁਣਨਾ ਆਦਿ ਅਲੱਗ-ਅਲੱਗ ਸੁਨੇਹੇ ਭੇਜ ਕੇ ਪਹਿਲਾਂ ਯਾਦ ਪੱਕੀ ਕਰਨ ਵਿੱਚ ਮਦਦ ਕਰਦੇ ਹਨ ਤੇ ਫਿਰ ਯਾਦ ਉਘਾੜਨ ਵਿੱਚ ਵੀ ਮਦਦ ਕਰਦੇ ਹਨ। ਸੁੰਘਣ ਲਈ ਜੁੜੀ ਯਾਦ ਜ਼ਿਆਦਾ ਪੱਕੀ ਹੁੰਦੀ ਹੈ।

**3. ਆਪਣੇ ਆਪ ਉੱਤੇ ਯਕੀਨ ਰੱਖਣਾ :-** ਜਦੋਂ ਆਪ ਹੀ ਆਪਣੇ ਆਪ ਨੂੰ ਇਹ ਕਹਿਣਾ ਸ਼ੁਰੂ ਕਰ ਦੇਈਏ ਕਿ ਹੁਣ ਤਾਂ ਚੀਜ਼ਾਂ ਭੁੱਲਣ ਲੱਗ ਪਈਆਂ ਹਨ, ਚਲੋ ਉਮਰ ਲੰਘ ਗਈ ਹੈ, ਤਾਂ ਗੱਲ ਜ਼ਿਆਦਾ ਦੇਰ ਦਿਮਾਗ਼ ਵਿੱਚ ਟਿਕਦੀ ਹੀ ਨਹੀਂ। ਇਹ ਸੋਚ ਹੀ ਦਿਮਾਗ਼ ਨੂੰ ਤਰੋਤਾਜ਼ਾ ਤੇ ਤੇਜ਼ ਰੱਖਣ ਵਾਲੀਆਂ ਕਸਰਤਾਂ ਕਰਨ ਤੋਂ ਰੋਕ ਦਿੰਦੀ ਹੈ।

**4. ਦਿਮਾਗ਼ ਦੀ ਵਧੀਆ ਵਰਤੋਂ ਕਰਨੀ :-** ਹਰ ਨਿੱਕੀ ਤੋਂ ਨਿੱਕੀ ਗੱਲ ਯਾਦ ਰੱਖਣੀ ਦਿਮਾਗ਼ ਲਈ ਵੀ ਔਖੀ ਹੁੰਦੀ ਹੈ। ਜਿਵੇਂ ਰਸੋਈ ਵਿੱਚ ਕੰਮ ਕਰਦਿਆਂ ਚਾਬੀ ਕਿਸੇ ਕੋਨੇ ਵਿੱਚ ਰੱਖੀ ਗਈ, ਕੀ ਸਬਜ਼ੀ ਵਿੱਚ ਦੁਬਾਰਾ ਲੂਣ ਤਾਂ ਨਹੀਂ ਪੈ ਗਿਆ, ਘਰ ਅੰਦਰ ਵੜਦਿਆਂ ਐਨਕ ਕਿੱਥੇ ਰੱਖ ਦਿੱਤੀ, ਵਗੈਰਾਹ।

ਇਸੇ ਲਈ ਕ੍ਰਮਵਾਰ ਚੀਜ਼ਾਂ ਕਰਨ ਦੀ ਲੋੜ ਹੁੰਦੀ ਹੈ। ਮਿਸਾਲ ਵਜੋਂ ਘਰ ਅੰਦਰ ਵੜ ਕੇ ਚਾਬੀ ਇੱਕੋ ਥਾਂ, ਐਨਕ ਦੂਜੀ ਥਾਂ ਤੇ ਕਾਗਜ਼ ਤੀਜੀ ਥਾਂ। ਜੇ ਉਸੇ ਤਰ੍ਹਾਂ ਚੀਜ਼ਾਂ ਰੱਖੀਆਂ ਜਾਣ ਤਾਂ ਦਿਮਾਗ਼ ਨੂੰ ਫ਼ਾਲਤੂ ਚੀਜ਼ਾਂ ਲਗਾਤਾਰ ਯਾਦ ਰੱਖਣ ਦੀ ਲੋੜ ਨਹੀਂ ਰਹਿੰਦੀ।

ਇੰਜ ਹੀ ਬਜ਼ਾਰ ਜਾਣ ਲੱਗਿਆਂ ਜ਼ੁਬਾਨੀ ਰੱਟਾ ਲਾਉਣ ਨਾਲੋਂ ਕਾਗਜ਼ ਉੱਤੇ ਲਿਖਣਾ ਬਿਹਤਰ ਹੈ ਤਾਂ ਜੋ ਦਿਮਾਗ਼ ਉੱਤੇ ਫ਼ਾਲਤੂ ਦਾ ਬੋਝ ਨਾ ਪਵੇ।

ਕਾਗਜ਼ਾਂ ਦੀ ਵੀ ਇੱਕ ਫਾਈਲ ਲਾਉਣੀ ਠੀਕ ਹੈ ਤਾਂ ਜੋ ਕਾਗਜ਼ ਲੱਭਦਿਆਂ ਸਾਰਾ ਘਰ ਉੱਤੇ ਥੱਲੇ ਨਾ ਕੀਤਾ ਜਾਵੇ। ਫਰਿਜ ਉੱਤੇ ਜਾਂ ਅਲਮਾਰੀ ਉੱਤੇ ਇੱਕ ਕਲਿੱਪ ਲਾ ਕੇ ਰੋਜ਼ ਦੇ ਕਰਨ ਵਾਲੇ ਕੰਮ ਲਿਖੇ ਜਾ ਸਕਦੇ ਹਨ।

**5. ਉੱਚੀ ਬੋਲ ਕੇ ਆਪਣੇ ਆਪ ਨੂੰ ਸੁਣਾਓ :-** ਜਿਸ ਚੀਜ਼ ਦੇ ਭੁੱਲਣ ਦਾ ਖ਼ਤਰਾ ਹੋਵੇ, ਉਸ ਦੀ ਥਾਂ ਬਾਰੇ ਆਪਣੇ ਆਪ ਨੂੰ ਉੱਚਾ ਬੋਲ ਕੇ ਸੁਣਾਓ ਤਾਂ ਦਿਮਾਗ਼ ਦੀ ਗ਼ਰਾਰੀ ਵਿੱਚ ਗੱਲ ਅੜ ਜਾਂਦੀ ਹੈ। ਮਸਲਨ-ਔਹ ਪਰਸ ਮੈਂ ਇੱਥੇ ਰੱਖ ਰਹੀ ਹਾਂ-ਉੱਚੀ ਬੋਲ ਕੇ ਕਮਰੇ ਵਿੱਚੋਂ ਬਾਹਰ ਨਿਕਲ ਜਾਓ। ਉਹੀ ਗੱਲ ਕੰਨਾਂ ਰਾਹੀਂ ਦੁਬਾਰਾ ਦਿਮਾਗ਼ ਨੂੰ ਤਰੋਤਾਜ਼ਾ ਕਰ ਦਿੰਦੀ ਹੈ। ਕੋਈ ਸ਼ਰਮ ਦੀ ਗੱਲ ਨਹੀਂ ਜੇ ਆਪਣੇ ਆਪ ਨੂੰ ਦੁਬਾਰਾ ਉੱਚੀ ਬੋਲ ਕੇ ਪੁੱਛ ਲਵੋ-ਯਾਦ ਹੈ ਨਾ ਪਰਸ ਔਥੇ ਰੱਖਿਆ ਹੈ!

**6. ਔਖੀਆਂ ਗੱਲਾਂ ਇਕੱਠੀਆਂ ਯਾਦ ਨਾ ਕੀਤੀਆਂ ਜਾਣ :-** ਜਦੋਂ ਦਿਮਾਗ਼ ਦੇ ਪੂਰੇ ਹਿੱਸੇ ਇੱਕ ਔਖਾ ਚੈਪਟਰ ਮਸਾਂ ਹੀ ਯਾਦ ਕਰ ਕੇ ਹਟੇ ਹੋਣ ਤਾਂ ਉਸੇ ਵੇਲੇ ਇੱਕ ਹੋਰ ਔਖਾ ਚੈਪਟਰ ਯਾਦ ਕਰਨ ਨਾਲ ਦਿਮਾਗ਼ ਦੀ ਬੱਸ ਹੋ ਜਾਂਦੀ ਹੈ ਤੇ ਪਹਿਲਾਂ ਦਾ ਯਾਦ ਕੀਤਾ ਚੈਪਟਰ ਵੀ ਅੱਧਾ ਭੁੱਲ ਜਾਂਦਾ ਹੈ। ਇਸੇ ਲਈ ਇੱਕ ਔਖਾ ਤੇ ਫੇਰ ਇੱਕ ਸੌਖਾ ਚੈਪਟਰ ਯਾਦ ਕਰਨ ਨਾਲ ਦਿਮਾਗ਼ ਨੂੰ ਰਤਾ ਕੁ ਆਰਾਮ ਮਿਲ ਜਾਂਦਾ ਹੈ।

ਮਿਸਾਲ ਵਜੋਂ ਮਾਮੇ ਦੀ ਭੂਆ ਦੇ ਸਾਂਢੂ ਦੀ ਗਵਾਂਢਣ ਦਾ ਰਿਸ਼ਤਾ ਪਤਨੀ ਦੀ ਭਰਜਾਈ ਦੀ ਭਾਬੀ ਦੇ ਭਰਾ ਦੇ ਦੋਸਤ ਨਾਲ ਕਰਵਾਉਣ ਲਈ ਸਾਰੇ ਰਿਸ਼ਤੇਦਾਰਾਂ ਦੇ ਨਾਂ ਯਾਦ ਰੱਖਣੇ ਔਖੇ ਹੋ ਸਕਦੇ ਹਨ।

**7. ਵਾਰ-ਵਾਰ ਯਾਦ ਕਰਨਾ :-** ਔਖਾ ਚੈਪਟਰ ਕਈ ਵਾਰ ਪੜ੍ਹਨ ਨਾਲ ਸੌਖਿਆਂ ਯਾਦ ਹੋਣ ਲੱਗ ਪੈਂਦਾ ਹੈ। ਔਖੀਆਂ ਸਤਰਾਂ ਆਪਣੇ ਕਮਰੇ ਵਿੱਚ ਸਾਹਮਣੀ ਕੰਧ ਉੱਤੇ ਲਿਖ ਲੈਣੀਆਂ ਚਾਹੀਦੀਆਂ ਹਨ ਤਾਂ ਜੋ ਲੰਘਦੇ ਵੜਦੇ ਵਾਰ-ਵਾਰ ਨਜ਼ਰਾਂ ਸਾਹਮਣੇ ਆ ਜਾਣ ਤੇ ਦਿਮਾਗ਼ ਪੱਕੀ ਯਾਦ ਬਣਾ ਸਕੇ।

ਸਾਰਾ ਸਾਲ ਪੜ੍ਹਦੇ ਰਹਿਣ ਨਾਲ ਚੈਪਟਰ ਜ਼ਿਆਦਾ ਚੰਗੀ ਤਰ੍ਹਾਂ ਯਾਦ ਰਹਿੰਦੇ ਹਨ। ਇਮਤਿਹਾਨ ਤੋਂ ਕੁੱਝ ਦਿਨ ਪਹਿਲਾਂ ਲਾਏ ਰੱਟਿਆਂ ਦੀ ਪੱਕੀ ਯਾਦ ਨਹੀਂ ਬਣਦੀ। ਇਸੇ ਲਈ ਰੱਟੇ ਲਾਉਣ ਵਾਲਿਆਂ ਦੀ ਬੁਨਿਆਦ ਕੱਚੀ ਰਹਿ ਜਾਂਦੀ ਹੈ।

**8. ਲੈਅ ਤਾਲ ਦੀ ਵਰਤੋਂ :-** ਜੇ ਸਬਜ਼ੀ, ਐਨਕ ਲਿਆਉਣੀ, ਅਲਮਾਰੀ ਠੀਕ, ਸਕੂਲ ਫੀਸ ਭਰਨ ਵਾਲੇ ਕੰਮ ਕਰਨੇ ਹਨ ਤਾਂ ਹਰ ਸ਼ਬਦ ਦਾ ਪਹਿਲਾ ਅੱਖਰ ਜੋੜ ਲਵੋ- ਸ, ਅ, ਅ, ਸ ਤੇ 'ਸਾਸ' ਯਾਦ ਰੱਖ ਲਵੋ ਤਾਂ ਕੰਮ ਭੁੱਲਦੇ ਨਹੀਂ।

**9. ਯਾਦਦਾਸ਼ਤ ਤੇਜ਼ ਕਰਨ ਲਈ ਰਾਮਬਾਣ ਹੈ ਪਿਆਰ ਕਰਨਾ:** ਪਿਆਰ ਨਾਲ ਭਿੱਜਿਆ ਮਨ ਤਿੰਨ ਗੁਣਾ ਤਾਕਤ ਨਾਲ ਭਰ ਜਾਂਦਾ ਹੈ, ਜਦੋਂ ਯਾਦਦਾਸ਼ਤ ਘਟਦੀ ਜਾਪੇ ਤਾਂ ਕਿਸੇ ਨੂੰ ਪਿਆਰ ਕਰਨਾ ਸ਼ੁਰੂ ਕਰ ਦਿਓ, ਭਾਵੇਂ ਇਨਸਾਨ ਨਾਲ, ਜਾਨਵਰ ਨਾਲ ਜਾਂ ਰੱਬ ਨਾਲ, ਪਰ ਕਰੋ ਜ਼ਰੂਰ। ਅਜ਼ਮਾਓ ਤੇ ਯਾਦਾਂ ਤਾਜ਼ਾ ਕਰ ਲਓ।

# ਛੋਟੀ ਉਮਰ ਵਾਲਿਆਂ ਦੀ ਜਾਨ ਲੈਣ ਲੱਗਿਆ ਕੈਂਸਰ

ਕੈਂਸਰ ਤੋਂ ਬਚਾਅ ਲਈ ਕਈ ਖੋਜਾਂ ਕੀਤੀਆਂ ਜਾ ਰਹੀਆਂ ਹਨ ਪਰ ਫਿਰ ਵੀ ਇਸ ਦਾ ਖ਼ਤਰਾ ਘੱਟ ਨਹੀਂ ਹੋ ਰਿਹਾ। 30 ਸਾਲਾਂ ਦੌਰਾਨ 50 ਸਾਲ ਤੋਂ ਘੱਟ ਉਮਰ ਦੇ ਕੈਂਸਰ ਦੇ ਮਰੀਜ਼ਾਂ ਦੀ ਗਿਣਤੀ 79 ਫ਼ੀਸਦੀ ਵਧੀ ਹੈ। ਬੀਐੱਮਜੇ ਓਨਕੋਲਾਜੀ ਜਰਨਲ 'ਚ ਪ੍ਰਕਾਸ਼ਿਤ ਅਧਿਐਨ 'ਚ ਕਿਹਾ ਗਿਆ ਹੈ ਕਿ ਸਭ ਤੋਂ ਜ਼ਿਆਦਾ ਤੇਜ਼ੀ ਸਾਹ ਨਲੀ ਅਤੇ ਪ੍ਰੋਸਟੇਟ ਕੈਂਸਰ ਨਾਲ ਜੁੜੇ ਮਾਮਲਿਆਂ 'ਚ ਦੇਖੀ ਗਈ ਹੈ। ਸਭ ਤੋਂ ਜ਼ਿਆਦਾ ਮੌਤਾਂ ਛਾਤੀ, ਸਾਹ ਨਲੀ ਤੇ ਫੇਫੜਿਆਂ ਦੇ ਕੈਂਸਰ ਨਾਲ ਹੋ ਰਹੀਆਂ ਹਨ।

ਸਕਾਟਲੈਂਡ ਦੀ ਐਡਿਨਬਰਗ ਯੂਨੀਵਰਸਿਟੀ ਨਾਲ ਜੁੜੇ ਖੋਜਕਰਤਾਵਾਂ ਨੇ 204 ਦੇਸ਼ਾਂ ਦੇ 29 ਕੈਂਸਰ ਨਾਲ ਜੁੜੇ 1990 ਤੋਂ 2019 ਤੱਕ ਦੇ ਅੰਕੜਿਆਂ ਦਾ ਅਧਿਐਨ ਕੀਤਾ। ਇਸ 'ਚ ਖ਼ੁਲਾਸਾ ਕੀਤਾ ਕਿ 50 ਤੋਂ ਘੱਟ ਉਮਰ ਵਾਲਿਆਂ 'ਚ ਛਾਤੀ ਦਾ ਕੈਂਸਰ ਸਭ ਤੋਂ ਪਹਿਲਾਂ ਦਿਸਣ ਵਾਲਾ ਕੈਂਸਰ ਹੈ। ਨਾਲ ਹੀ ਇਹ ਵੀ ਕਿਹਾ ਗਿਆ ਕਿ ਸਾਹ ਨਲੀ ਤੇ ਪ੍ਰੋਸਟੇਟ ਕੈਂਸਰ 'ਚ 1990 ਤੋਂ ਬਾਅਦ ਤੇਜ਼ੀ ਆਈ ਹੈ। ਅਧਿਐਨ 'ਚ ਸਾਹਮਣੇ ਆਏ ਅਨੁਮਾਨ ਹੋਰ ਡਰਾਉਣ ਵਾਲੇ ਹਨ। ਇਸ 'ਚ ਕਿਹਾ ਗਿਆ ਹੈ ਕਿ ਸਾਲ 2030 'ਚ ਛੋਟੀ ਉਮਰ 'ਚ ਕੈਂਸਰ ਹੋਣ ਅਤੇ ਇਸ ਨਾਲ ਜੁੜੀਆਂ ਮੌਤਾਂ ਦੀ ਗਿਣਤੀ 'ਚ ਕ੍ਰਮਵਾਰ 31 ਅਤੇ 21 ਫ਼ੀਸਦੀ ਦਾ ਵਾਧਾ ਦੇਖਿਆ ਜਾ ਸਕਦਾ ਹੈ। ਸਭ ਤੋਂ ਜ਼ਿਆਦਾ ਖ਼ਤਰਾ 40 ਦੀ ਉਮਰ ਦੇ ਆਸਪਾਸ ਵਾਲਿਆਂ ਨੂੰ ਹੋਵੇਗੀ ਖੋਜਕਰਤਾਵਾਂ ਨੂੰ 14 ਤੋਂ 49 ਸਾਲ ਤੱਕ ਦੇ ਲੋਕਾਂ ਦੇ ਅੰਕੜਿਆਂ ਦੇ ਅਧਿਐਨ ਦੌਰਾਨ ਪਤਾ ਲੱਗਿਆ ਕਿ ਬਿਮਾਰੀ ਲਈ ਜੈਨੇਟਿਕ ਕਾਰਨਾਂ ਦੇ ਨਾਲ ਹੀ ਖਾਣ-ਪੀਣ ਵੀ ਜ਼ਿੰਮੇਵਾਰ ਹੈ। ਖਾਣੇ 'ਚ ਰੈੱਡ ਮੀਟ ਤੇ ਲੂਣ ਦੀ ਜ਼ਿਆਦਾ ਮਾਤਰਾ ਦੇ ਨਾਲ ਹੀ ਅਲਕੋਹਲ ਤੇ ਤੰਬਾਕੂ ਦੀ ਵਰਤੋਂ ਇਸ ਦੇ ਪ੍ਰਮੁੱਖ ਕਾਰਨਾਂ 'ਚ ਸ਼ਾਮਲ ਹੈ। ਖ਼ੁਰਾਕ 'ਚ ਫਲ ਤੇ ਦੁੱਧ ਦੀ ਘੱਟ ਵਰਤੋਂ ਵੀ ਇਕ ਕਾਰਨ ਹੈ। ਸਰੀਰਕ ਰੂਪ 'ਚ ਘੱਟ ਸਰਗਰਮ ਰਹਿਣਾ, ਜ਼ਿਆਦਾ ਵਜ਼ਨ ਤੇ ਹਾਈ ਬਲੱਡ ਪ੍ਰੈੱਸ਼ਰ ਵੀ ਸਹਾਇਕ ਕਾਰਨਾਂ 'ਚ ਸ਼ਾਮਲ ਹਨ।



# TRANS-ALLIANCE
TOGETHER WE SAVE

## FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS
NO CREDIT - NO PROBLEM
BEST CUSTOMER SERVICE




## FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN
WE SHOW UP
24-HOUR ROADSIDE ASSISTANCE

## TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

## FUEL MANAGEMENT
DAILY FUEL RATES IN PHONE APP

CALL FOR MORE INFO

(855)641-6955, (888)795-7035

# ‘ਨੂਰਾ’

ਤਰਸੇਮ ਸਿੰਘ



ਨੌਜਵਾਨ ਮੀਰਜ਼ਾਦਾ ਨੂਰਾ ਮੇਰੇ ਘਰ ਖ਼ੁਸ਼ੀਆਂ ਮੌਕੇ ਵਧਾਈ ਲੈਣ ਆਉਂਦਾ-ਜਾਂਦਾ ਬਤੌਰ ਦਾਦਾ ਮੈਨੂੰ ਹੁੱਜਤਾਂ ਕਰਦਾ ਮੇਰੇ ਮਜ਼ਾਕੀਆ ਸੁਭਾਅ ਕਰਕੇ ਮੇਰਾ ਗੂੜ੍ਹਾ ਮਿੱਤਰ ਬਣ ਗਿਆ। ਨੂਰਾ ਜਦੋਂ ਵੀ ਬੋਲਦਾ ਉਸਦੀ ਹਰ ਗੱਲ ਵਿੱਚ ਵਿਅੰਗ ਹੁੰਦਾ। ਨੂਰੇ ਮੀਰ ਦੀਆਂ ਗੱਲਾਂ ਵਿੱਚੋਂ ਮੈਨੂੰ ਸਮਾਜਿਕ ਚੀਰਫਾੜ ਕਰਨ ਲਈ ਬਹੁਤ ਸਾਰੀਆਂ ਗੱਲਾਂ ਮਿਲ ਜਾਂਦੀਆਂ। ਉਸਦੀਆਂ ਗੱਲਾਂ ਵਿੱਚ ਹਾਸ ਵਿਅੰਗ ਦੇ ਨਾਲ ਸਮਾਜਿਕ ਕੁਰੀਤੀਆਂ ’ਤੇ ਵੀ ਗਹਿਰੀ ਚੋਟ ਹੁੰਦੀ। ਉਹ ਜਦੋਂ ਵੀ ਆਉਂਦਾ ਮੈਂ ਹਮੇਸ਼ਾ ਉਸ ਨੂੰ ਕੁਰਸੀ ’ਤੇ ਬਿਠਾਅ ਕੇ ਉਸ ਦੀਆਂ ਗੱਲਾਂ ਸੁਣਦਾ। ਵੈਸੇ ਵੀ ਮੁਹੱਲੇ ਵਿੱਚ ਆਇਆ ਨੂਰਾ ਮੈਨੂੰ ਜ਼ਰੂਰ ਮਿਲ ਕੇ ਜਾਂਦਾ। ਮੇਰੇ ਘਰ ਜਦੋਂ ਪੋਤਰੀ ਪੈਦਾ ਹੋਈ ਤਾਂ ਮੈਂ ਨੂਰੇ ਨੂੰ ਉਡੀਕਦਾ ਰਿਹਾ ਪਰ ਉਹ ਨਹੀਂ ਆਇਆ। ਇੱਕ ਦਿਨ ਸਾਝਰੇ ਹੀ ਸਿਆਲੀ ਧੁੰਦ ਵਿੱਚ ਸਾਡੇ ਘਰ ਤੋਂ ਦੋ ਘਰ ਛੱਡ ਕੇ ਮੀਰਜ਼ਾਦਿਆਂ ਦੀਆਂ ਲੰਮੀਆਂ-ਲੰਮੀਆਂ ਹੇਕਾਂ ਦੀਆਂ ਆਵਾਜ਼ਾਂ ਮੇਰੇ ਕੰਨੀਂ ਪਈਆਂ। ਥੋੜ੍ਹੀ ਦੇਰ ਬਾਅਦ ਮਰਾਸੀ ਜਦੋਂ ਵੀ ਕੋਈ ਟਿੱਚਰ ਕਰੇ ਤਾਂ ਉਨ੍ਹਾਂ ਵੱਲੋਂ ਵਰਤੇ ਜਾਂਦੇ ਚਮੋਟੇ ਦੇ ਵੱਜਣ ਦੀ ਠਾਹ ਕਰ ਕੇ ਆਵਾਜ਼ ਆਵੇ। ਨਾਲ ਹੀ “ਹਾਏ ਓਏ, ਮਾਰ ਸੁੱਟਿਆ ਈ ਭੈਣ ਦਿਆ ਵੀਰਾ”

ਲੱਗਦਾ ਗਿੱਲਾਂ ਘਰੇ ਖ਼ੁਸ਼ੀ ਆਈ ਆ, ਮੇਰੀ ਪਤਨੀ ਨੇ ਮੇਰੇ ਨੇੜੇ ਆ ਕੇ ਕਿਹਾ ਇਨ੍ਹਾਂ ਦੀ ਬਹੂ ਦੇ ਵੀ ਨਿਆਣਾ ਹੋਣ ਵਾਲਾ ਸੀ।

ਸਾਡੇ ਘਰ ਵੀ ਤਾਂ ਖ਼ੁਸ਼ੀ ਆਈ ਨੂੰ ਦਸ ਦਿਨ ਹੋਏ ਨੇ, ਇਸ ਘਰ ਦੀ ਖ਼ੁਸ਼ੀ ਇਨ੍ਹਾਂ ਕਿਵੇਂ ਸੁੰਘ ਲਈ ਸਾਲਿਆਂ? ਨੂਰਾ ਮੇਰਾ ਮਿੱਤਰ ਹੋਣ ਕਰਕੇ ਮੈਨੂੰ ਉਹਦੇ ’ਤੇ ਪੋਤਰੀ ਜੰਮੇ ਤੋਂ ਵਧਾਈ ਲੈਣ ਨਾ ਆਉਣ ਦਾ ਵੀ ਗੁੱਸਾ ਸੀ। ਮੈਨੂੰ ਇਹ ਵੀ ਪਤਾ ਸੀ ਕਿ ਅੱਜ ਮੁੜਦਾ ਨੂਰਾ ਮੈਨੂੰ ਜ਼ਰੂਰ ਮਿਲ ਕੇ ਜਾਵੇਗਾ। ਮੈਂ ਬਾਹਰਦਾ ਗੇਟ ਅੱਧਾ ਕੁ ਖੋਲ੍ਹ ਕੇ ਦੋ ਕੁਰਸੀਆਂ ਰੱਖ ਕੇ ਲੋਈ ਦੀ ਬੁੱਕਲ਼ ਮਾਰ ਕੁਰਸੀ ’ਤੇ ਬੈਠ ਕੇ ਨੂਰੇ ਦਾ ਇੰਤਜ਼ਾਰ ਕਰਨ ਲੱਗਾ। ਨੂਰੇ ਵੱਲੋਂ ਵੱਧ ਵਧਾਈ ਮੰਗਣ ’ਤੇ ਕਾਫ਼ੀ ਸ਼ੋਰ-ਸ਼ਰਾਬਾ ਵੀ ਹੋ ਰਿਹਾ ਸੀ। ਅਖੀਰ ਨੂਰਾ ਦੁਆਰੇ ਵੱਸਦੇ ਰਹਿਣ, ਬਾਬਾ ਨਾਨਕ ਵੇਲ ਵਧਾਵੇ ਜੋੜੀ ਰਲਾਵੇ ਆਖਦਾ ਮੁੰਡੇ ਵਾਲਿਆਂ ਦੇ ਘਰੋਂ ਬਾਹਰ ਆ ਗਿਆ।

ਓਏ ਸਦੀਕਿਆ, ਅੱਜ ਸਰਦਾਰ ਹੋਰਾਂ ਨੂੰ ਵੀ ਮਿਲ ਕੇ ਜਾਣਾ ਆ, ਵਾਹਵਾ ਦਿਨ ਹੋ ਗਏ ਨੇ ਮਿਲਿਆਂ, ਉਨ੍ਹਾਂ ਤਾਂ ਮੇਰੇ ਨਾਲ ਲੜ ਈ ਪੈਣਾ ਆ। ਗਲ਼ੀ ਵਿੱਚ ਤੁਰੇ ਆਉਂਦੇ ਨੂਰੇ ਮੀਰ ਦੀ ਆਵਾਜ਼ ਮੇਰੇ ਕੰਨੀਂ ਪਈ।

ਦੁਆਰੇ ਵੱਸਦੇ ਰਹਿਣ ਸੰਧੂ ਸਰਦਾਰ ਦੇ, ਮਾਹਰਾਜ ਜੋੜੀਆਂ ਰਲਾਵੇ ਤੇ ਅਸੀਂ ਬੰਬੂਕਾਟ ਵਧਾਈ ਵਿੱਚ ਲੈ ਕੇ ਜਾਈਏ ਆਖਦਾ ਨੂਰਾ ਆਪਣੇ ਇੱਕ ਸਾਥੀ ਨਾਲ ਗੇਟੋਂ ਅੰਦਰ ਹੋਇਆ।

ਮੇਰਾ ਅੱਜ ਦਿਲ ਕਰਦਾ ਆ, ਡੰਡਾ ਫ਼ੜ ਕੇ ਤੇਰੀਆਂ ਖੁੱਚਾਂ ’ਤੇ ਮਾਰਦਾ ਤੈਨੂੰ ਘਰੋਂ ਬਾਹਰ ਕੱਢ ਦਿਆਂ, ਤੈਨੂੰ ਸਾਡੇ ਘਰ ਬੱਚਾ ਜੰਮੇ ਦੀ ਹਾਲੇ ਤੱਕ ਖ਼ਬਰ ਈ ਨਹੀਂ ਮਿਲੀ ? ਯਾਰ ਕਰਕੇ ਮੈਨੂੰ ਨੂਰੇ ’ਤੇ ਦਿਲੀ ਹਰਖ਼ ਵੀ ਸੀ ਇਸ ਵਾਸਤੇ ਮੈਂ ਹਮੇਸ਼ਾ ਵਾਂਗ ਨੂਰੇ ਨੂੰ ਕੁਰਸੀ ’ਤੇ ਬੈਠਣ ਲਈ ਨਹੀਂ ਕਿਹਾ।

ਸਰਦਾਰਾ ਸਾਨੂੰ ਸਾਰੇ ਜੱਗ ਦੀਆਂ ਖ਼ਬਰਾਂ ਹੁੰਦੀਆਂ ਨੇ, ਜਦੋਂ ਤੇਰੇ ਵੱਲ ਵਧਾਈ ਬਣੀ ਅਸੀਂ ਆਪਣੀ ਮਰਜ਼ੀ ਨਾਲ ਤੇਰੇ ਬੋਝੇ ’ਚੋਂ ਨੋਟ ਕੱਢ ਕੇ ਲੈ ਜਾਣੇ ਨੇ। ਨੂਰਾ ਵੀ ਯਾਰੀ ਦਾ ਜ਼ੋਰ ਜਿਤਾਉਂਦਾ ਕੁਰਸੀ ਲਾਗੇ ਪੈਰਾਂ ਭਾਰ ਬੈਠਦਾ ਬੋਲਿਆ।

ਪਹਿਲਾਂ ਮੇਰੀ ਪੋਤਰੀ ਜੰਮਣ ਦੀ ਵਧਾਈ ਦੇ ਫ਼ਿਰ ਕੁਰਸੀ ’ਤੇ ਬੈਠਣ ਲਈ ਆਖੂੰ। ਮੈਂ ਵੀ ਯਾਰੀ ਦਾ ਹਮਾਂ ਜਤਾਇਆ।

ਸਰਦਾਰਾ ਜੇ ਸਾਰਿਆਂ ਦੀ ਸੋਚ ਤੇਰੇ ਵਰਗੀ ਹੋ ਜਾਵੇ ਤਾਂ ਅਸੀਂ ਰੱਜ ਕੇ ਟੁੱਕ ਨਾ ਖਾਣ ਲੱਗ ਪਈਏ ? ਸਾਡੀ ਮੰਗ ਖਾਣੀ ਜਾਤ ਲੋਕਾਂ ਵਾਸਤੇ ਰੱਬ ਕੋਲੋਂ ਮੁੰਡੇ ਮੰਗਦੀ ਤੇ ਉਨ੍ਹਾਂ ਦੀਆਂ ਸੁੱਖਾਂ ਮੰਗਦੀ ਹੀ ਉਮਰ ਕੱਢ ਲੈਂਦੀ ਹੈ, ਆਪਣਿਆਂ ਮੁੰਡਿਆਂ ਕੁੜੀਆਂ ਬਾਰੇ ਕਦੀ ਸੋਚਦੀ ਹੀ ਨਹੀਂ। ਆਖਦੇ ਨੂਰੇ ਦਾ ਜਿਵੇਂ ਗੱਚ ਭਰ ਆਇਆ।

ਮੈਨੂੰ ਨੂਰੇ ਦੀ ਗੱਲ ਵਿੱਚ ਅੰਤਾਂ ਦਾ ਦਰਦ ਛੁਪਿਆ ਲੱਗਾ ਜਿਵੇਂ ਉਹ ਵੀ ਸਾਡੇ ਵਾਂਗ ਸਰਦਾਰ ਬਣਨਾ ਲੋਚਦਾ ਹੋਵੇ। ਮੈਂ ਉੱਠ ਕੇ ਨੂਰੇ ਨੂੰ ਮੋਢਿਆਂ ਤੋਂ ਫ਼ੜ ਕੇ ਕੁਰਸੀ ’ਤੇ ਬਿਠਾਇਆ ਤੇ ਪਤਨੀ ਨੂੰ ਚਾਹ ਲਿਆਉਣ ਲਈ ਆਵਾਜ਼ ਮਾਰੀ। ਪਤਨੀ ਨੂੰ ਪਹਿਲਾਂ ਹੀ ਪਤਾ ਸੀ ਕਿ ਸਰਦਾਰ ਨੇ ਮੀਰਜ਼ਾਦੇ ਨੂੰ ਚਾਹ ਪੀਤੇ ਬਗੈਰ ਨਹੀਂ ਜਾਣ ਦੇਣਾ। ਗੱਲਾਂ ਬਾਤਾਂ ਕਰਦਿਆਂ ਮੈਂ ਨੂਰੇ ਨੂੰ

ਕਿਹਾ, ਯਾਰ ਨੂਰੇ, ਤੁਸੀਂ ਜਦੋਂ ਵੀ ਅਸੀਸ ਦੇਂਦੇ ਹੋ, ਪੁੱਤਰਾਂ ਦੇ ਜੰਮਣ ਦੀ ਹੀ ਦੇਂਦੇ ਹੋ, ਕੁੜੀਆਂ ਜੰਮਣ ਦੀ ਕਿਉਂ ਨਹੀਂ ਦੇਂਦੇ ?

ਸਰਦਾਰਾ, ਸਾਰੇ ਤੇਰੇ ਵਰਗੇ ਸਖੀ ਸੁਲਤਾਨ ਨਹੀਂ ਹੁੰਦੇ, ਧੀਆਂ ਦੀ ਵਧਾਈ ਦੇਣ ਨੂੰ ਸਾਡਾ ਵੀ ਦਿਲ ਕਰਦਾ ਹੈ ਪਰ ਲੈਂਦਾ ਈ ਕੋਈ ਨਹੀਂ। ਇਥੇ ਤਾਂ ਕੁੜੀ ਜੰਮੇ ਤੋਂ ਸਾਰੇ ਟੱਬਰ ਦੇ ਮੂੰਹ ਸੀਤੇ ਜਾਂਦੇ ਨੇ, ਸੱਚੀ ਗੱਲ ਤੇ ਇਹ ਵੇ ਕਿ ਮੇਰਾ ਤਾਂ ਮੁੰਡਿਆਂ ਦੀ ਵਧਾਈ ਮੰਗਣ ਨੂੰ ਵੀ ਦਿਲ ਨਹੀਂ ਕਰਦਾ, ਕਈ ਪੜ੍ਹੇ-ਲਿਖੇ ਤਾਂ ਵਧਾਈ ਦੇਣ ਲੱਗੇ ਸਾਡੇ ਪੱਲੇ ਈ ਕੁਝ ਨਹੀਂ ਰਹਿਣ ਦੇਂਦੇ। ਅਖ਼ੇ, ਵਿਹਲੇ ਗਲ਼ੀਆਂ ਕੱਛਦੇ ਫ਼ਿਰਦੇ ਓ ਕੋਈ ਹੱਡ ਭੰਨ ਕੇ ਕੰਮ ਵੀ ਕਰ ਲਿਆ ਕਰੋ ! ਪਰ ਢਿੱਡ ਦਾ ਕੀ ਕਰੀਏ, ਮੰਗਣ ਤੋਂ ਬਗੈਰ ਹੋਰ ਕੁਝ ਪਿਓ ਨੇ ਸਿਖਾਇਆ ਈ ਨ੍ਹੀਂ। ਨੂਰਾ ਇਸ ਮੰਗਣ ਵਾਲੇ ਕਿੱਤੇ ਤੋਂ ਮੈਨੂੰ ਡਾਹਢਾ ਦੁਖੀ ਲੱਗਿਆ। ਥੋੜ੍ਹੀ ਦੇਰ ਬਾਅਦ ਪਤਨੀ ਚਾਹ ਦੇ ਤਿੰਨ ਕੱਪ ਤੇ ਕੁਝ ਲੱਡੂ ਪਲੇਟ ਵਿੱਚ ਰੱਖ ਕੇ ਫ਼ੜਾਅ ਗਈ। ਮੈਂ ਚਾਹ ਦੇ ਕੱਪ ਦੋਵਾਂ ਮੀਰਜ਼ਾਦਿਆਂ ਨੂੰ ਫ਼ੜਾਅ ਕੇ ਲੱਡੂਆਂ ਵਾਲੀ ਪਲੇਟ ਵੀ ਉਨ੍ਹਾਂ ਵੱਲ ਵਧਾਈ ਫ਼ਿਰ ਆਪ ਵੀ ਇਕ ਲੱਡੂ ਪਲੇਟ ਵਿਚੋਂ ਚੁੱਕ ਕੇ ਚਾਹ ਪੀਣ ਲੱਗ ਪਿਆ। ਚਾਹ ਪੀਣ ਮਗਰੋਂ ਨੂਰੇ ਨੇ ਕੁਰਸੀ ਤੋਂ ਉੱਠਦਿਆਂ ਹੱਥ ਜੋੜ ਕੇ ਜਾਣ ਦੀ ਇਜਾਜ਼ਤ ਮੰਗੀ। ਤੁਰਦੇ ਨੂਰੇ ਨੂੰ ਮੈਂ ਬਟੂਏ ’ਚੋਂ ਸੌ ਦਾ ਨੋਟ ਕੱਢ ਕੇ ਨਾਂਹ-ਨਾਂਹ ਕਰਦੇ ਨੂੰ ਪੋਤਰੀ ਦੀ ਵਧਾਈ ਦੇਂਦਿਆਂ ਕਿਹਾ, ਤੂੰ ਤਾਂ ਮੰਗਣੀ ਨਹੀਂ ਪਰ ਮੈਂ ਤਾਂ ਵਧਾਈ ਦੇਣ ਵਾਸਤੇ ਤੈਨੂੰ ਕਈ ਦਿਨਾਂ ਦਾ ਉਡੀਕੀ ਜਾਨਾਂ ਆਂ, ਪੋਤਰੀ ਦੀ ਲੋਹੜੀ ਵੀ ਵੰਡਾਂਗੇ ਜ਼ਰੂਰ ਆਵੀਂ। ਨੋਟ ਫ਼ੜਦੇ ਨੂਰੇ ਦੀਆਂ ਅੱਖਾਂ ਵਿੱਚ ਹੰਝੂ ਸਨ।

ਤੁਹਾਨੂੰ ਅਕਲ ਨ੍ਹੀਂ ਆਉਣੀ ਸਾਰੀ ਉਮਰ, ਜਾਤ-ਕੁਜਾਤ ਤੇ ਬੰਦਾ-ਕੁਬੰਦਾ ਵੀ ਨ੍ਹੀਂ ਵੇਖਦੇ, ਹਮਾਂ-ਤਮ੍ਹਾਂ ਨਾਲ ਈ ’ਕੱਠਿਆਂ ਖਾਣ ਬਹਿ ਜਾਂਦੇ ਓ, ਕੋਈ ਹੋਰ ਵੇਖੇ ਤਾਂ ਕੀ ਕਹੇ ? ਪਤਨੀ ਬੁੜ-ਬੁੜ ਕਰਦੀ ਕੱਪ ਪਲੇਟ ਚੁੱਕ ਕੇ ਲੈ ਗਈ। ਮੇਰੀ ਅਕਲ ਮੇਰੇ ਸਾਰੇ ਟੱਬਰ ਦੀ ਹਮੇਸ਼ਾ ਹੀ ਦੁਸ਼ਮਣ ਰਹੀ ਹੈ। ਮੈਨੂੰ ਪਤਾ ਸੀ ਕਿ ਮੇਰੀ ਅਕਲਮੰਦ ਬੀਵੀ ਜਾਲੀ ਵਾਲੇ ਦਰਵਾਜ਼ੇ ਵਿੱਚ ਦੀ ਬਾਹਰ ਸਭ ਕੁਝ ਵੇਖ ਰਹੀ ਹੋਵੇਗੀ।

ਮੈਂ ਕੁਰਸੀ ’ਤੇ ਬੈਠਾ ਸੋਚ ਰਿਹਾ ਸਾਂ, ਨੂਰੇ ਵਰਗੇ ਹੋਰ ਵੀ ਬਹੁਤ ਸਾਰੇ ਹਨ ਜੋ ਮੰਗ ਤੰਗ ਕੇ ਹੀ ਟੱਬਰ ਦੀ ਰੋਟੀ ਦਾ ਆਹਰ ਕਰਦੇ ਹਨ। ਕੀ ਉਹ ਇਸ ਮੁਲਕ ਦੇ ਬਾਸ਼ਿੰਦੇ ਨਹੀਂ ? ਉਨ੍ਹਾਂ ਬਾਰੇ ਸਰਕਾਰਾਂ ਕਿਉਂ ਨਹੀਂ ਸੋਚਦੀਆਂ ? ਮੇਰੀ ਮਨਬਚਨੀ ਦਾ ਜੁਆਬ ਮੇਰੇ ਕੋਲ ਵੀ ਨਹੀਂ ਸੀ। ਇਸ ਸੁਆਲ ਦਾ ਜੁਆਬ ਅੱਜ ਤੱਕ ਕਿਸੇ ਨੇ ਨਹੀਂ ਦਿੱਤਾ। ਮੈਂ ਚਾਹੁੰਦਾ ਸਾਂ ਕਿ ਨੂਰੇ ਵਰਗੇ ਨੌਜਵਾਨ ਕਿਰਤ ਨਾਲ ਜੁੜਨ ਤੇ ਮੰਗਤੇ ਨਾ ਬਣਨ ਪਰ ਜਿੱਥੇ ਸਰਕਾਰਾਂ ਆਪ ਹੀ

ਲੋਕਾਂ ਨੂੰ ਮੰਗਤੇ ਬਣਾ ਰਹੀਆਂ ਹੋਣ ਓਥੇ ਹੋਰ ਕਿਸੇ ਤੋਂ ਕੀ ਉਮੀਦ ਕੀਤੀ ਜਾ ਸਕਦੀ ਹੈ?

ਆਉਂਦਾ-ਜਾਂਦਾ ਨੂਰਾ ਮੇਰੀ ਸੰਗਤ ਸਦਕਾ ਮੰਗਣ ਦਾ ਕਿੱਤਾ ਛੱਡਣ ਲਈ ਸਹਿਮਤ ਤਾਂ ਹੋ ਗਿਆ ਪਰ ਉਹ ਕੰਮ ਕਿਹੜਾ ਕਰੇ ਇਹ ਵੱਡਾ ਮਸਲਾ ਸੀ। ਮੇਰੀ ਸਮਝ ਮੁਤਾਬਿਕ ਹਾਜ਼ਰ ਜੁਆਬ ਨੂਰਾ ਕੋਈ ਵੀ ਬਿਨਾਂ ਪੜ੍ਹਾਈ ਵਾਲਾ ਕੰਮ ਸਿੱਖ ਸਕਦਾ ਸੀ। ਮੈਂ ਉਸਨੂੰ ਕੋਈ ਵੀ ਚੰਗਾ ਕੰਮ ਕਰਨ ਵਾਸਤੇ ਹੀ ਕਹਿਣਾ ਚਾਹੁੰਦਾ ਸਾਂ। ਮੈਂ ਨੂਰੇ ਨੂੰ ਮੇਰੇ ਇੱਕ ਸਾਹਿਤਕ ਮਿੱਤਰ ਦੀ ਨਵੀਆਂ ਬਣਦੀਆਂ ਜੁੱਤੀਆਂ ਦੀ ਦੁਕਾਨ ’ਤੇ ਕੰਮ ਕਰਨ ਵਾਸਤੇ ਮਨਾ ਲਿਆ। ਯਾਰੀ ਦੇ ਜ਼ੋਰ ਕੰਮ ਸਿੱਖਦੇ ਵਕਤ ਨੂਰੇ ਨੂੰ ਕੁਝ ਮਿਹਨਤਾਨਾ ਦੇਣ ਵਾਸਤੇ ਆਪਣੇ ਸਾਹਿਤਕ ਮਿੱਤਰ ਨੂੰ ਰਜ਼ਾਮੰਦ ਵੀ ਕਰ ਲਿਆ। ਨੂਰਾ ਥੋੜ੍ਹੇ ਸਮੇਂ ਵਿੱਚ ਹੀ ਵਧੀਆ ਕਾਰੀਗਰ ਬਣ ਗਿਆ। ਵਧੀਆ ਕਾਰੀਗਰ ਬਣ ਚੁੱਕਾ ਨੂਰਾ ਮੀਰ ਦੁਕਾਨ ਦੇ ਮਾਲਕ ਦਾ ਏਨਾ ਵਿਸ਼ਵਾਸਪਾਤਰ ਬਣ ਗਿਆ ਕਿ ਨੂਰਾ ਤਿੰਨ ਵੱਟੇ ਜਾਂ ਤੇਰਾਂ, ਮਾਲਕ ਨੂੰ ਸਭ ਮਨਜ਼ੂਰ ਸੀ। ਹਰੇਕ ਨਵਾਂ ਗਾਹਕ ਨੂਰੇ ਨੂੰ ਦੁਕਾਨ ਦਾ ਮਾਲਕ ਹੀ ਸਮਝਦਾ। ਮੰਗਣਾ ਛੱਡ ਕੇ ਜਦੋਂ ਦਾ ਉਹ ਇੱਕ ਕਾਰੀਗਰ ਬਣ ਗਿਆ ਹੈ ਉਦੋਂ ਤੋਂ ਉਹ ਮੇਰੀ ਹੋਰ ਵੀ ਵੱਧ ਇੱਜ਼ਤ ਕਰਦਾ ਹੈ। ਨੂਰੇ ਦਾ ਵਿਆਹ ਵੀ ਹੋ ਗਿਆ। ਨੂਰੇ ਨੇ ਮੈਨੂੰ ਆਪਣੇ ਵਿਆਹ ਦਾ ਵਿਸ਼ੇਸ਼ ਸੱਦਾ ਦਿੱਤਾ ਸੀ। ਨੂਰੇ ਦੇ ਘਰ ਪੈਦਾ ਹੋਈ ਬੇਟੀ ਵੇਲੇ ਮਠਿਆਈ ਦਾ ਡੱਬਾ ਦੇਣ ਆਏ ਨੂਰੇ ਦੀ ਖ਼ੁਸ਼ੀ ਅੱਜ ਵੀ ਮੇਰੀ ਯਾਦ ਦਾ ਹਿੱਸਾ ਹੈ, ਸਰਦਾਰ ਜੀ, ਤੁਹਾਡੀ ਪੋਤਰੀ ਆਈ ਹੈ।

ਮੈਂ ਆਪ ਨੂਰੇ ਦੇ ਘਰ ਜਾ ਕੇ ਪੋਤਰੀ ਨੂੰ ਸ਼ਗਨ ਦੇ ਕੇ ਆਇਆ। ਉਸ ਵੇਲੇ ਮੀਰ ਪਰਿਵਾਰ ਦੀ ਖ਼ੁਸ਼ੀ ਵੇਖਣ ਵਾਲੀ ਸੀ। ਨੂਰੇ ਦੇ ਬੱਚੇ ਵੀ ਚੰਗੇ ਸਕੂਲ ਵਿੱਚ ਪੜ੍ਹਨ ਲੱਗ ਪਏ। ਮੇਰੇ ਨਾਲ ਨੇੜ ਹੋਣ ਕਰਕੇ ਨੂਰਾ ਹੁਣ ਤੱਕ ਸਾਹਿਤਕ ਸੱਥਾਂ ਵਿੱਚ ਵੀ ਵਿਚਰਨ ਲੱਗ ਪਿਆ। ਉਹ ਅਕਸਰ ਮੈਨੂੰ ਆਖਦਾ ਹੈ, ਸਰਦਾਰ ਜੀ, ਜਨਮ ਵੇਲੇ ਬੰਦੇ ਦੀ ਜਾਤ ਕੋਈ ਨਹੀਂ ਹੁੰਦੀ, ਜਦੋਂ ਮੈਂ ਮੰਗਦਾ ਸਾਂ ਉਦੋਂ ਨੂਰਾ ਮਰਾਸੀ ਸਾਂ, ਅੱਜ ਜੁੱਤੀਆਂ ਦਾ ਕਾਰੀਗਰ ਕਰਕੇ ਮੇਰੀ ਪਛਾਣ ਹੈ। ਨੂਰਾ ਜਦੋਂ ਵੀ ਬੋਲਦਾ ਹੈ ਉਹ ਆਪਣੇ ਵਿਚੋਂ ਮੀਰਜ਼ਾਦੇ ਨੂੰ ਮਨਫ਼ੀ ਨਹੀਂ ਕਰਦਾ ਪਰ ਉਸਦੀ ਬੋਲੀ ਮੇਰੇ ਤੋਂ ਬਿਨਾਂ ਕੋਈ ਨਹੀਂ ਸਮਝਦਾ। ਇੱਕ ਕਿਰਤੀ ਨੂੰ ਸਾਹਿਤਕ ਮੱਸ ਹੋਣਾ ਸੋਨੇ ’ਤੇ ਸੁਹਾਗੇ ਵਾਲੀ ਗੱਲ ਹੁੰਦੀ ਹੈ। ਮੈਂ ਅਕਸਰ ਸਮਾਂ ਕੱਢ ਕੇ ਨੂਰੇ ਨਾਲ ਵਿਚਾਰਾਂ ਦੀ ਸਾਂਝ ਪਾਉਣ ਲਈ ਉਸਦੀ ਦੁਕਾਨ ’ਤੇ ਜਾਂਦਾ ਹੀ ਰਹਿੰਦਾ। ਉਹ ਹਮੇਸ਼ਾ ਕੰਮ ਕਰਦਿਆਂ ਹਾਸਾ-ਠੱਠਾ ਕਰਦਿਆਂ ਮੇਰੇ ਨਾਲ ਵਿਚਾਰ ਸਾਂਝੇ ਕਰ ਲੈਂਦਾ।

ਵਕਤ ਆਪਣੀ ਚਾਲੇ ਚਲਦਾ ਗਿਆ। ਆਪਣੀ ਮਿਹਨਤ ਤੇ ਲਗਨ ਸਦਕਾ ਨੂਰਾ ਆਪਣੀ ਦੁਕਾਨ ਦਾ ਮਾਲਕ ਬਣ ਗਿਆ। ਆਪਣੇ ਵਰਗੇ ਹੋਰ ਲੋਕਾਂ ਨੂੰ ਵੀ ਰੁਜ਼ਗਾਰ ਦਿੱਤਾ। ਨੂਰੇ ਨੂੰ ਇੱਕ ਵੱਖਰੀ ਪਛਾਣ ਮਿਲ ਗਈ।

ਅੱਜ ਇਸ ਸ਼ਹਿਰ ਦੇ ਵੱਡੇ ਕਾਰੋਬਾਰੀ ਨੂਰੇ ਦੀ ਪੁੱਤਰੀ ਦਾ ਅਨੰਦ ਕਾਰਜ ਹੈ। ਜਿਸ ਦਾ ਕਾਰਡ ਕੁਝ ਦਿਨ ਪਹਿਲਾਂ ਨੂਰਾ ਮਠਿਆਈ ਦੇ ਡੱਬੇ ਸਮੇਤ ਘਰ ਦੇ ਗਿਆ ਸੀ। ਉਸ ਦਿਨ ਸ੍ਰੀਮਤੀ ਜੀ ਘਰ ਨਹੀਂ ਸਨ। ਜਦੋਂ ਮੈਂ ਸ੍ਰੀਮਤੀ ਨੂੰ ਵਿਆਹ ’ਤੇ ਜਾਣ ਲਈ ਕਿਹਾ ਤਾਂ ਉਹ ਹੈਰਾਨ ਹੁੰਦੀ ਬੋਲੀ, ‘ਕਿਹਦਾ ਵਿਆਹ ਹੈ ? ਕਾਰਡ ਤਾਂ ਕੋਈ ਆਇਆ ਨਹੀਂ ?

ਤੂੰ ਤਿਆਰ ਤਾਂ ਹੋ ! ਕਿਤੇ ਨਾ ਕਿਤੇ ਤਾਂ ਲੈ ਕੇ ਹੀ ਜਾਵਾਂਗਾ ? ਉਥੇ ਜਾ ਕੇ ਵੇਖ ਲਈਂ ਕਿਸ ਦਾ ਵਿਆਹ ਹੈ। ਸ਼ਹਿਰ ਦੇ ਸਭ ਤੋਂ ਮਹਿੰਗੇ ਪੈਲੇਸ ਵਿੱਚ ਸ਼ਹਿਰ ਦਾ ਹਰੇਕ ਸਿਰ-ਕੱਢ ਦੁਕਾਨਦਾਰ ਪੈਲੇਸ ਵਿੱਚ ਪਹੁੰਚਿਆ ਹੋਇਆ ਸੀ। ਸ੍ਰੀਮਤੀ ਜੂਸ ਦੀ ਚੁਸਕੀ ਲੈਂਦੀ ਮੈਨੂੰ ਮੁਖ਼ਾਤਿਬ ਹੋਈ, ਸਰਦਾਰ ਜੀ, ਧਾਅਡਾ ਦੋਸਤ ਬਹੁਤ ਹੀ ਅਮੀਰ ਲੱਗਦਾ ਆ। ਮੈਂ ਕੋਈ ਪ੍ਰਤੀਕਰਮ ਨਹੀਂ ਦਿੱਤਾ। ਆਨੰਦ ਕਾਰਜ ਤੋਂ ਬਾਅਦ ਵਿਆਹ ਵਾਲੀ ਜੋੜੀ ਸਟੇਜ ’ਤੇ ਬੈਠ ਚੁੱਕੀ ਸੀ। ਲੋਕ ਇੰਤਜ਼ਾਰ ਕਰ ਰਹੇ ਸਨ ਕਿ ਕੁੜੀ-ਮੁੰਡੇ ਦੇ ਮਾਤਾ ਪਿਤਾ ਸ਼ਗਨ ਦੇਣ ਦੀ ਰਸਮ ਸ਼ੁਰੂ ਕਰਨ ਤਾਂ ਕਿ ਸ਼ਗਨ ਦੇ ਕੇ ਟਾਈਮ ਨਾਲ ਘਰ ਮੁੜਿਆ ਜਾਏ। ਨੂਰਾ ਸਾਡੇ ਕੋਲ ਆਇਆ ਤੇ ਬੋਲਿਆ, ਸਰਦਾਰ ਜੀ, ਆਓ ਆਪਣੀ ਪੋਤਰੀ ਨੂੰ ਸਭ ਤੋਂ ਪਹਿਲਾਂ ਤੁਸੀਂ ਸ਼ਗਨ ਦਿਓ ਫ਼ਿਰ ਮੈਂ ਦਿਆਂਗਾ।

ਪਤਨੀ ਦਾ ਹੈਰਾਨ ਹੋਣਾ ਕੁਦਰਤੀ ਸੀ। ਅਸੀਂ ਦੋਵੇਂ ਜੀਅ, ਨੂਰਾ ਅਤੇ ਉਸ ਦੀ ਪਤਨੀ ਸ਼ਗਨ ਦੇ ਕੇ ਸਟੇਜ ਤੋਂ ਥੱਲੇ ਆ ਗਏ।

ਸਰਦਾਰ ਜੀ, ਤੁਸੀਂ ਮੈਨੂੰ ਮਿਲੇ ਬਗੈਰ ਜਾਣਾ ਨਹੀਂ। ਕਹਿ ਕੇ ਨੂਰੇ ਨੇ ਸਾਨੂੰ ਹੋਰ ਰੁਕਣ ਲਈ ਮਜਬੂਰ ਕਰ ਦਿੱਤਾ। ਸ੍ਰੀਮਤੀ ਬਥੇਰਾ ਕਹਿ ਰਹੀ ਸੀ ਕਿ ਚੱਲੀਏ, ਹੁਣ ਇੱਥੇ ਸਾਡਾ ਕੀ ਕੰਮ ਹੈ ?

ਮੈਂ ਨੂਰੇ ਦੀਆਂ ਭਾਵਨਾਵਾਂ ਸਮਝਦਾ ਸਾਂ। ਮੈਂ ਪਤਨੀ ਨੂੰ ਪੁੱਛਿਆ, ਕੁੜੀ ਦੇ ਪਿਓ ਨੂੰ ਪਛਾਣਿਆ ਈ ? ਪਤਨੀ ਨੇ ਨਾਂਹ ਵਿੱਚ ਸਿਰ ਹਿਲਾਇਆ।

ਡੋਲੀ ਵਿਦਾ ਹੋ ਗਈ ਸੀ ਸਾਰੇ ਸੱਜਣ-ਮਿੱਤਰ ਤੇ ਰਿਸ਼ਤੇਦਾਰ ਜਾ ਚੁੱਕੇ ਸਨ। ਸਾਰੇ ਕੰਮ ਨਬੇੜਨ ਤੋਂ ਬਾਅਦ ਨੂਰਾ ਤੇ ਉਸਦੀ ਪਤਨੀ ਸਾਨੂੰ ਉਡੀਕਦਿਆਂ ਨੂੰ ਵੇਖ ਪੈਲੇਸ ਦੀ ਕਾਰ ਪਾਰਕ ਵਿੱਚ ਆ ਗਏ।

ਸਰਦਾਰ ਜੀ, ਤੁਹਾਡਾ ਕਰਜ਼ ਮੈਂ ਇਸ ਜਨਮ ਵਿੱਚ ਤਾਂ ਉਤਾਰ ਨਹੀਂ ਸਕਦਾ, ਜੇ ਅਗਲਾ ਜਨਮ ਮਨੁੱਖਾ ਦੇਹੀ ਵਿੱਚ ਮਿਲਿਆ ਤਾਂ ਜ਼ਰੂਰ ਉਤਾਰਨ ਦੀ ਕੋਸ਼ਿਸ਼ ਕਰਾਂਗਾ। ਤੁਸੀਂ ਮੈਨੂੰ ਪੋਤਰੀ ਦੇ ਜਨਮ ਦੀ ਵਧਾਈ ਨਾ ਦੇਂਦੇ, ਮੈਨੂੰ ਮੰਗਣਾ ਛੱਡ ਕੇ ਕਿਰਤ ਕਰਨ ਨਾ ਲਾਉਂਦੇ ਤਾਂ ਮੈਂ ਅੱਜ ਵੀ ਮੰਗਤਾ ਮਰਾਸੀ ਹੀ ਹੁੰਦਾ, ਤੜਕੇ ਹੀ ਡ਼ਫਲੀ ਕੁੱਟਦਾ ਲੋਕਾਂ ਦੀ ਨੀਂਦ ਹਰਾਮ ਕਰ ਰਿਹਾ ਹੁੰਦਾ।

ਮੈਂ ਨੂਰੇ ਨੂੰ ਆਪਣੇ ਨਾਲ ਲਾਉਂਦਿਆਂ ਕਿਹਾ, ਨੂਰੇ, ਜਨਮ ਵੇਲੇ ਕੋਈ ਵੀ ਮੰਗਤਾ ਨਹੀਂ ਹੁੰਦਾ, ਮਨੁੱਖ ਨੂੰ ਹਾਲਾਤ ਮੰਗਤਾ ਬਣਾਉਂਦੇ ਹਨ, ਸਾਡਾ ਸਿਸਟਮ ਮੰਗਤੇ ਬਣਾਉਂਦਾ ਹੈ। ਜਦੋਂ ਮੈਂ ਪਤਨੀ ਨੂੰ ਦੱਸਿਆ ਕਿ ਇਹ ਮੇਰਾ ਯਾਰ ਉਹੀ ਮੀਰਜ਼ਾਦਾ ਹੈ ਜਿਸ ਨਾਲ ਆਪਣੀ ਪੋਤਰੀ ਦੇ ਜਨਮ ਮੌਕੇ ਤੂੰ ਚਾਹ ਪੀਣ ਅਤੇ ਵਧਾਈ ਦੇਣ ਤੋਂ ਨੱਕ-ਬੁੱਲ੍ਹ ਵੱਟਿਆ ਸੀ ਤਾਂ ਉਹ ਬੋਲੀ ਸਰਦਾਰ ਜੀ, ਤੁਸੀਂ ਠੀਕ ਆਖਦੇ ਹੋ ਕਿ ਜਾਤਾਂ ਜਨਮ ਤੋਂ ਨਹੀਂ ਕੰਮਾਂ ਤੋਂ ਬਣਦੀਆਂ ਹਨ।

## ਮਿੰਨੀ ਕਹਾਣੀਆਂ

### ਪਲਾਟ

ਮਹਿੰਦਰ ਸਿੰਘ ਮਾਨ

ਸਰਕਾਰੀ ਨੌਕਰੀ ਤੋਂ ਸੇਵਾਮੁਕਤ ਹੋਣ ਪਿੱਛੋਂ ਮਾਸਟਰ ਹਰੀ ਰਾਮ ਨੇ ਪੰਦਰਾਂ ਮਰਲੇ ਦਾ ਪਲਾਟ ਖਰੀਦ ਲਿਆ ਤੇ ਉਸ ਵਿੱਚ ਘਰ ਬਣਵਾਉਣਾ ਸ਼ੁਰੂ ਕਰ ਦਿੱਤਾ। ਇੱਕ ਦਿਨ ਉਸ ਕੋਲ ਦੋ ਜਣੇ ਆ ਕੇ ਖੜ੍ਹ ਗਏ, ਜਿਨ੍ਹਾਂ ’ਚੋਂ ਇੱਕ ਲੜਕੀ ਸੀ। ਲੜਕੀ ਉਸ ਨੂੰ ਆਖਣ ਲੱਗੀ, “ਅੰਕਲ ਜੀ, ਕੀ ਤੁਸੀਂ ਮਨਜੀਤ ਦੇ ਫਾਦਰ ਇਨ ਲਾਅ ਹੋ ?”

ਮਾਸਟਰ ਹਰੀ ਰਾਮ ਨੇ “ਹਾਂ” ਵਿੱਚ ਉੱਤਰ ਦਿੱਤਾ।

ਫੇਰ ਉਹ ਆਖਣ ਲੱਗੀ, “ਮੈਂ ਮਨਜੀਤ ਦੀ ਸਹੇਲੀ ਆਂ। ਕੁਝ ਦਿਨ ਪਹਿਲਾਂ ਉਹ ਮੈਨੂੰ ਹੁਸ਼ਿਆਰਪੁਰ ਬੱਸ ਸਟੈਂਡ ’ਤੇ ਮਿਲੀ ਸੀ। ਉਸ ਨੇ ਮੈਨੂੰ ਦੱਸਿਆ ਸੀ ਕਿ ਤੁਸੀਂ ਮਾਹਿਲਪੁਰ ਪਲਾਟ ਲੈ ਕੇ ਨਵਾਂ ਘਰ ਬਣਵਾ ਰਹੇ ਹੋ ਤੇ ਤੁਹਾਡੇ ਪਲਾਟ ਦੇ ਸਾਹਮਣੇ ਕਈ ਪਲਾਟ ਵਿਕਾਊ ਪਏ ਆ। ਅਸੀਂ ਵੀ ਦਸ ਕੁ ਮਰਲੇ ਦਾ ਪਲਾਟ ਲੈਣਾ ਚਾਹੁੰਦੇ ਆਂ। ਪਿੰਡ ਵਾਲਾ ਘਰ ਰਹਿਣ ਲਈ ਬੜਾ ਛੋਟਾ ਆ। ਨਾਲੇ ਸ਼ਹਿਰ ਦਾ ਮਾਹੌਲ ਕੁਝ ਵੱਖਰਾ ਹੁੰਦਾ ਐ। ਪਲਾਟ ਤਾਂ ਹੋਰ ਵੀ ਆਲੇ-ਦੁਆਲੇ ਬਥੇਰੇ ਖਾਲੀ ਪਏ ਹਨ, ਪਰ ਮੈਂ ਚਾਹੁੰਦੀ ਹਾਂ ਕਿ ਕੋਈ ਜਾਣ-ਪਛਾਣ ਵਾਲਾ ਕੋਲ ਰਹਿੰਦਾ ਹੋਵੇ ਤਾਂ ਚੰਗੀ ਗੱਲ ਆ।”

“ਠੀਕ ਆ ਬੇਟੀ, ਆਉ ਫੇਰ ਪਲਾਟ ਵੇਖ ਲਈਏ।” ਮਾਸਟਰ ਹਰੀ ਰਾਮ ਨੇ ਆਖਿਆ।

ਇੱਕ ਘੰਟਾ ਫਿਰ ਤੁਰ ਕੇ ਪਲਾਟ ਵੇਖਣ ਪਿੱਛੋਂ ਉਨ੍ਹਾਂ ਨੂੰ ਦਸ ਮਰਲੇ ਦਾ ਇੱਕ ਪਲਾਟ ਪਸੰਦ ਆ ਗਿਆ, ਜਿਹੜਾ ਉਸ ਦੇ ਬਣ ਰਹੇ ਘਰ ਦੇ ਬਿਲਕੁਲ ਸਾਹਮਣੇ ਸੀ।

ਫੇਰ ਲੜਕੀ ਦੇ ਡੈਡੀ ਨੇ ਉਸ ਨੂੰ ਆਖਿਆ, “ਤੁਹਾਡੇ ਨਾਲ ਲੱਗਦੇ ਦੋ ਘਰ ਕਿਨ੍ਹਾਂ ਦੇ ਐ ?”

“ਇਹ ਦੋਵੇਂ ਘਰ ਕੰਮੀਆਂ ਦੇ ਐ।” ਮਾਸਟਰ ਹਰੀ ਰਾਮ ਨੇ ਸੱਚ ਆਖ ਦਿੱਤਾ।

ਉਸ ਦੇ ਏਨਾ ਕਹਿਣ ਦੀ ਦੇਰ ਸੀ ਕਿ ਉਹ ਬਗੈਰ ਕੁਝ ਬੋਲੇ ਆਪਣੀ ਧੀ ਨੂੰ ਲੈ ਕੇ ਤੁਰਦਾ ਬਣਿਆ।

* * * * *

### ਨਿਸ਼ਾਨੀ

ਹਰਭਿੰਦਰ ਸਿੰਘ ਸੰਧੂ

ਜੱਗਾ ਸਿੰਘ ਦੀ ਮੌਤ ਤੋਂ ਬਾਅਦ ਪਿੰਡ ਦੀ ਫਿਰਨੀ ਉੱਪਰ ਬਣੀ ਪਸ਼ੂਆਂ ਵਾਲੀ ਹਵੇਲੀ ਦੋਵਾਂ ਭਰਾਵਾਂ ਨੇ ਵੰਡ ਲਈ ਸੀ। ਫਿਰਨੀ ਵਾਲੀ ਕੰਧ ਨਾਲ ਲੱਗਾ ਅਮਰੂਦਾਂ ਦਾ ਬੂਟਾ ਅੱਧਾ ਕੁ ਗਲੀ ਵੱਲ ਫੈਲਿਆ ਹੋਇਆ ਸੀ ਅਤੇ ਬਾਕੀ ਸਾਰਾ ਹਵੇਲੀ ਵਿੱਚ ਸੀ। ਇਹ ਛੋਟੇ ਭਰਾ ਜੱਸੇ ਦੇ ਹਿੱਸੇ ਆ ਗਿਆ ਸੀ। ਪਿਛਲੇ ਦਸਾਂ ਸਾਲਾਂ ਤੋਂ ਫਿਰਨੀ ਤੋਂ ਲੰਘਦਾ ਹਰ ਕੋਈ ਵੱਡਾ ਛੋਟਾ ਇਸ ਬੂਟੇ ਨੂੰ ਲੱਗੇ ਅਮਰੂਦਾਂ ਦਾ ਸੁਆਦ ਜ਼ਰੂਰ ਚੱਖਦਾ। ਅੱਜ ਸ਼ਾਮੀ ਜੱਸਾ ਆਪਣੇ ਘਰ ਉੱਚੀ ਬੋਲ ਕੇ ਇੱਕੋ ਗੱਲ ਹੀ ਦੁਹਰਾ ਰਿਹਾ ਸੀ, “ਆਹ ਸਵੇਰੇ ਅਮਰੂਦ ਦਾ ਸਿਆਪਾ ਨਿਬੇੜਦਾਂ ਮੈਂ। ਲੋਕ ਤਾਂ ਕੱਚੇ ਵੀ ਨਹੀਂ ਛੱਡਦੇ, ਟਾਹਣੀਆਂ ਭੁੰਜੇ ਲਾ ਦਿੱਤੀਆਂ ਖਿੱਚ ਖਿੱਚ ਕੇ।”

ਸਵੇਰੇ ਜਦੋਂ ਉਹ ਕਹੀ ਅਤੇ ਕੁਹਾੜੀ ਫੜ ਆਪਣੇ ਸੀਰੀ ਨੂੰ ਨਾਲ ਲੈ ਹਵੇਲੀ ਜਾ ਕੇ ਕਹੀ ਦਾ ਪਹਿਲਾ ਟੱਪਾ ਮਾਰਨ ਲੱਗਾ ਤਾਂ ਉਸ ਦੇ ਵੱਡੇ ਭਰਾ ਕਰਮੇ ਨੇ ਉਸ ਹੱਥੋਂ ਕਹੀ ਫੜ ਲਈ ਅਤੇ ਭਰੇ ਮਨ ਨਾਲ ਕਿਹਾ, “ਇਸ ਦੇ ਵੱਟੇ ਖੇਤੋਂ ਇੱਕ ਟਾਹਲੀ ਤੂੰ ਰੱਖ ਲਵੀਂ, ਬਾਪੂ ਦੀ ਨਿਸ਼ਾਨੀ ਆ ਯਾਰ, ਨਾ ਪੁੱਟ।” ਜੱਸੇ ਦੇ ਕਹੀ ਨੂੰ ਪਏ ਹੱਥ ਢਿੱਲੇ ਪੈ ਗਏ।

* * * * *

# ਮੇਰੀ ਕਲਮ

## .ਗ਼ਜ਼ਲ

**ਬਲਵਿੰਦਰ ਬਾਲਮ**

ਸਮਝਾਇਆਂ ਜਿਹੜੇ ਸਮਝੇ ਉਹ ਪਾਰ ਗਏ।
ਬਾਕੀ ਸਾਰੇ ਪਾਣੀ ਦੇ ਵਿਚਕਾਰ ਗਏ।
ਨੇਰ੍ਹੀ ਨਾਲ ਯਾਰਾਨੇ ਪਾ ਕੇ ਵੇਖ ਲਿਆ,
ਤਿਣਕਾ-ਤਿਣਕਾ ਕਰਕੇ ਸਭ ਗੁਲਜ਼ਾਰ ਗਏ।
ਲੱਖਾਂ ਸੱਪ ਸਪੋਲੀਏ ਉੱਭਰ ਆਏ ਨੇ,
ਤਿਉੜੀ ਵਾਲੀ ਵਰਮੀ ਵਿੱਚ ਇਕਰਾਰ ਗਏ।
ਦੁੱਖ ਦਾ ਤੂਫ਼ਾਂ ਅੰਬਰ ਤਕ ਨੂੰ ਛੂਹ ਚੁੱਕਾ,
ਪਹਿਲਾਂ ਦੁਸ਼ਮਣ, ਸੱਜਣ ਫਿਰ ਦਿਲਦਾਰ ਗਏ।
ਪਤਝੜ ਜੋਬਨ ਉੱਤੇ ਆ ਕੇ ਮੁਸਕਾਈ,
ਫੁੱਲ ਤੇ ਪੱਤੇ ਸੁੱਕੇ ਫਿਰ ਕਚਨਾਰ ਗਏ।
ਸਿਖ਼ਰ ਦੁਪਹਿਰਾਂ ਏਦਾਂ ਡੋਲੀ ਲੁੱਟੀ ਹੈ,
ਤੜਕ ਸਵੇਰੇ ਦੇ ਘੁੰਢ ’ਚੋਂ ਦੀਦਾਰ ਗਏ।
ਪੈਰੀਂ ਪੈਣਾ, ਸਿਰ ਤੋਂ ਚੁੰਨੀ, ਸ਼ਰਮ ਹਯਾ,
ਵਿਦਿਆ ਦੀ ਅਗਵਾਈ ਵਿੱਚ ਸਤਿਕਾਰ ਗਏ।
ਰਾਤ ਗਈ ਤਾਂ ਦਿਨ ਦੇ ਸੋਹਣੇ ਆਂਚਲ ਵਿੱਚ,
ਖ਼ਾਬਾਂ ਵਾਲੇ ਸਭ ਸੁੰਦਰ ਸੰਸਾਰ ਗਏ।
ਭੂੰ ਮੰਡਲੀਕਰਣ ’ਚ ਕੀ ਦੱਸਾਂ ਨਾ ਦੱਸਾਂ,
ਸ਼ਿਸ਼ਟਾਚਾਰ, ਚਰਿੱਤਰ, ਸੱਭਿਆਚਾਰ ਗਏ।
ਸ਼ਾਦੀ ਦਾ ਤਿਉਹਾਰ ਮਨਾਇਆ ਜਸ਼ਨਾਂ ਨਾਲ,
ਮਾਪਿਆਂ ਕੋਲੋਂ ਬੱਚਿਆਂ ਵਾਲੇ ਪਿਆਰ ਗਏ।
ਬਾਲਮ ਮਾਇਆ ਜਾਲ ’ਚ ਰਿਸ਼ਤੇ ਟੁੱਟ ਰਹੇ,
ਬੰਦੇ ਵਿੱਚੋਂ ਬੰਦੇ ਦੇ ਕਿਰਦਾਰ ਗਏ।

## ਪੰਛੀ ਦਾ ਧਰਤੀ ’ਤੇ ਗੁੱਸਾ

**ਜਸਵੰਤ ਗਿੱਲ ਸਮਾਲਸਰ**



ਸੁਣ ਨੀ ਧਰਤੀਏ ਭੈੜੀਏ!
ਸਾਡੇ ਮਰਸੀਏ ਗਾਉਣ ਹਵਾਵਾਂ।
ਸਾਡੇ ਬਚਪਨ ਜਵਾਨੀ ਲੁੱਟ ਲਏ
ਅੱਗਾਂ ਲਾ, ਰੁੱਖਾਂ ਦੀਆਂ ਛਾਵਾਂ।
ਅਸੀਂ ਕਿਵੇਂ ਤੈਨੂੰ ਮਾਂ ਆਖੀਏ
ਤੇਰੇ ਬੰਦਿਆਂ ਕੀਤਾ ਨਾਸ਼,
ਅੱਜ ਜਿਵੇਂ ਅਸੀਂ ਹਾਂ ਉੱਜੜੇ
ਤੇਰਾ ਹੋਣਾ ਨਾਹੀ ਵਾਸ।
ਨੀ ਬਦਸ਼ਗਨੀ ਕੀ ਹੋ ਗਈ
ਤੇਰੀ ਵਿਗੜੀ ਸਾਰੀ ਚਾਲ,
ਰੁੱਖ ਤੇ ਪਾਣੀ ਮੁੱਕ ਗਏ
ਤੇਰਾ ਹੋਇਆ ਮੰਦੜਾ ਹਾਲ।

ਤੈਨੂੰ ਮਾਤਾ ਆਖਣ ਵਾਲੇ ਹੀ
ਤੇਰੇ ਨਾਲ ਕਰਨ ਖਿਲਵਾੜ,
ਲਾਲਚ ਦੇ ਵੱਸ ਪੈ ਕੇ ਉਹ
ਖਾਵਣ ਆਪਣੇ ਖੇਤ ਦੀ ਵਾੜ।
ਅੱਜ ਜੀਵਾਂ ਨੂੰ ਵੇਖਾਂ ਰੋਂਦਿਆਂ
ਤੇ ਰੁੱਖਾਂ ਸੁਣਦੀ ਧਾਹ,
ਨੀ ਤੇਰੀ ਹੋਣੀ ਨੂੰ ਅੱਜ ਵੇਖ ਕੇ
ਮੇਰੇ ਨਿਕਲੇ ਕਲੇਜਿਓਂ ਤਰਾਹ।
ਆਉਂਦੀ ਨਸਲ ਤੇ ਫ਼ਸਲ ਲਈ
ਨਾ ਪਾਣੀ, ਨਾ ਹੀ ਰਹਿਣੀ ਛਾਂ,
ਜਦ ਬੰਜਰ ਭੂਮੀ ਹੋ ਗਈ
ਫਿਰ ਨਾ ਤੂੰ, ਧਰਤੀ, ਨਾ ਮਾਂ।

## .ਗ਼ਜ਼ਲ

**ਜਗਜੀਤ ਗੁਰਮ**

ਦੁਸ਼ਮਣ ਤਾਂ ਦੁਸ਼ਮਣ, ਮੈਂ ਦੋਸਤ ਵੀ ਦੁਸ਼ਮਣ ਵਾਂਗ ਬਣਾ ਲਏ
ਇੱਕ ਇੱਕ ਕਰਕੇ ਮੇਰੇ ਸਾਰੇ ਰਿਸ਼ਤੇ ਸਚਾਈ ਨੇ ਖਾ ਲਏ।
ਸਰਕਾਰ ਲਈ ਵਿਦਰੋਹ ਕੁਚਲਣਾ ਕਿੰਨਾ ਸੌਖਾ ਹੋ ਗਿਆ
ਜਦ ਲੋਕਾਂ ਨੇ ਵਿਚਾਰਾਂ ਨੂੰ ਪਾਸੇ ਰੱਖ ਹਥਿਆਰ ਉਠਾ ਲਏ।
ਜਿੱਤ ਲਈਆਂ ਜਾਣ ਅਜੇ ਵੀ ਚੋਣਾਂ ਇਸ ਗੱਲ ਸਹਾਰੇ
ਕਦੇ ਮਸਜਿਦ ਢਹਾ ਲਈ ਭੀੜਾਂ ਕੋਲੋਂ ਕਦੇ ਮੰਦਿਰ ਬਣਵਾ ਲਏ।
ਦੁਰਕਾਰੇ ਹੀ ਏਨੇ ਜ਼ਿਆਦਾ ਗਏ ਇਹ ਲੋਕ ਸਦੀਆਂ ਤੋਂ
ਹੁਣ ਉਸ ਦੇ ਹੋ ਜਾਂਦੇ ਨੇ ਜਿਸ ਨੇ ਗਲ਼ ਨਾਲ ਲਗਾ ਲਏ।
ਖੁੱਲ੍ਹੀ ਜਦ ਅੱਖ ਫੇਰ ਹਕੀਕਤ ਸਾਹਮਣੇ ਮੇਰੇ ਆਈ
ਮੈਂ ਸੁਪਨੇ ਵਿੱਚ ਤਾਂ ਰਾਤੀਂ ਰੁੱਸੇ ਹੋਏ ਯਾਰ ਮਨਾ ਲਏ।
ਬੱਚਿਆਂ ਨੂੰ ਹਫ਼ਤਾ ਪਹਿਲਾਂ ਹੀ ਲਿਆ ਦਿੱਤੇ ਸੀ ਕੱਪੜੇ ਨਵੇਂ
ਖ਼ੁਦ ਬਾਪੂ ਨੇ ਸ਼ਾਦੀ ਵਿੱਚ ਪੁਰਾਣੇ ਕੱਪੜੇ ਹੀ ਪਾ ਲਏ।
ਕਿੰਨਾ ਪਿਆਰਾ ਲੱਭਿਆ ਬਦਲ ‘ਗੁਰਮ’ ਨੇ ਉਸ ਨੂੰ ਭੁੱਲਣ ਦਾ
ਅੱਧੀ ਰਾਤੀਂ ਉੱਠ ਕਦੇ ਗਾ ਲਈ .ਗ਼ਜ਼ਲ ਕਦੇ ਗੀਤ ਗਾ ਲਏ।

## ਗੁੱਲੀ ਡੰਡਾ

**ਨਿਰਮਲ ਸਿੰਘ ਰੱਤਾ**

ਨਿੱਕੇ ਹੁੰਦੇ ਕਿੰਨਾ ਸੀ ਅਨੰਦ ਮਾਣਦੇ
ਖੇਡਦੇ ਸੀ ਖੇਡ ਗੁੱਲੀ ਡੰਡਾ ਹਾਣਦੇ
ਮੁੜ ਆਉਣ ਦਿਨ ਕਰਾਂ ਫਰਿਆਦ ਜੀ
ਗੁੱਲੀ ਡੰਡਾ ਖੇਡ ਬੜੀ ਆਉਂਦੀ ਯਾਦ ਜੀ।
ਦਾਰਾ ਮੀਤਾ ਭੋਲ਼ਾ ਹਰਪਾਲ ਖੇਡਦੇ
ਲੰਬੜਾਂ ਦਾ ਕੰਮਾ ਤੇ ਗੋਪਾਲ ਖੇਡਦੇ
ਖੇਡਦੇ ਸੀ ਰਲ ਕੇ ਸਕੂਲ ਬਾਦ ਜੀ
ਗੁੱਲੀ ਡੰਡਾ ਖੇਡ ਬੜੀ ਆਉਂਦੀ ਯਾਦ ਜੀ।
ਖੇਡਣੇ ਨੂੰ ਸਦਾ ਨਿੱਕੜੇ ਤਿਆਰ ਸੀ
ਮਾਰ ਕੇ ਆਵਾਜ਼ਾਂ ’ਕੱਠੇ ਹੁੰਦੇ ਯਾਰ ਸੀ
ਵਧ ਜਾਂਦੀ ਪਲਾਂ ਵਿੱਚ ਹੀ ਤਾਦਾਦ ਜੀ
ਗੁੱਲੀ ਡੰਡਾ ਖੇਡ ਬੜੀ ਆਉਂਦੀ ਯਾਦ ਜੀ।
ਬੁੱਚੀ ਪਾ ਕੇ ਪਹਿਲਾਂ ਵਾਰੀਆਂ ਸੀ ਮੱਲਦੇ
ਮਾਰ ਮਾਰ ਟੁੱਲ ਗੁੱਲੀ ਦੂਰ ਘੱਲਦੇ
ਜਿੱਤ ਵਾਲਾ ਹੁੰਦਾ ਵੱਖਰਾ ਸਵਾਦ ਜੀ
ਗੁੱਲੀ ਡੰਡਾ ਖੇਡ ਬੜੀ ਆਉਂਦੀ ਯਾਦ ਜੀ।
ਚੁਣ ਚੁਣ ਯਾਰ ਟੋਲੀਆਂ ਬਣਾਉਂਦੇ ਸਾਂ
ਜਿੱਤ ਜਾਣ ਪਿੱਛੋਂ ਲੁੱਡੀਆਂ ਵੀ ਪਾਉਂਦੇ ਸਾਂ
ਅੱਜ ਵੀ ਨੇ ਯਾਦਾਂ ਦਿਲ ’ਚ ਆਬਾਦ ਜੀ
ਗੁੱਲੀ ਡੰਡਾ ਖੇਡ ਬੜੀ ਆਉਂਦੀ ਯਾਦ ਜੀ।
ਚੰਦਰਾ ਮੋਬਾਈਲ ਜ਼ਿੰਦਗੀ ’ਚ ਆ ਗਿਆ
ਬਚਪਨ ਦੀਆਂ ਸਭ ਖੇਡਾਂ ਖਾ ਗਿਆ
ਫੋਨ ਨੂੰ ਬਣਾਇਆ ਐਵੇਂ ਉਸਤਾਦ ਜੀ
ਗੁੱਲੀ ਡੰਡਾ ਖੇਡ ਬੜੀ ਆਉਂਦੀ ਯਾਦ ਜੀ।
ਖੇਡ ਹੈ ਜ਼ਰੂਰੀ ‘ਰੱਤੇ’ ਖੋਜ ਆਖਦੀ
ਰੱਖਦੀ ਅਰੋਗ ਹਰ ਰੋਜ਼ ਆਖਦੀ
ਬਣਦਾ ਸਰੀਰ ਨਿੱਗਰ ਫੌਲਾਦ ਜੀ
ਗੁੱਲੀ ਡੰਡਾ ਖੇਡ ਬੜੀ ਆਉਂਦੀ ਯਾਦ ਜੀ।

## ਔਖਾਂ ਨੂੰ ਹੈ ਜਰਦਾ ਬੰਦਾ

**ਮਨਿੰਦਰ ਕੌਰ ਬਸੀ**

ਔਖਾਂ ਨੂੰ ਹੈ ਜਰਦਾ ਬੰਦਾ
ਆਖਿਰ ਕੀ ਨਹੀਂ ਕਰਦਾ ਬੰਦਾ
ਮੁਸ਼ਕਿਲ ਸਾਹਵੇਂ ਅੜ ਜਾਂਦਾ ਏ
ਕਈ ਵਾਰੀ ਪਰ ਹਰਦਾ ਬੰਦਾ
ਬੰਦਾ ਹੀ ਬੰਦੇ ਦਾ ਦਾਰੂ
ਬੰਦੇ ਨੂੰ ਨਾ ਜਰਦਾ ਬੰਦਾ
ਦੂਜੇ ਕੋਲੋਂ ਸਾੜਾ ਕਰਦਾ
ਨਫ਼ਰਤ ਹਿਰਦੇ ਧਰਦਾ ਬੰਦਾ
ਰਬ ਦਾ ਦੂਜਾ ਨਾਂ ਮੁਹੱਬਤ
ਪਰ ਉਲਫ਼ਤ ਤੋਂ ਡਰਦਾ ਬੰਦਾ
ਇੱਕ ਸੱਚੇ ਨੂੰ ਪਾਉਣ ਲਈ
ਨਿਸਦਿਨ ਜਿਊਂਦਾ ਮਰਦਾ ਬੰਦਾ
ਆਪਣੀ ਹਉਂ ਨੂੰ ਪੂਰਨ ਲਈ
ਰਿਸ਼ਤੇ ਮਿੱਟੀ ਕਰਦਾ ਬੰਦਾ

## ਸੱਚ ਬੋਲਾਂ ਤਾਂ ਮਾੜਾ ਲੱਗਦਾ

**ਹਰਦੀਪ ਬਿਰਦੀ**

ਸੱਚ ਬੋਲਾਂ ਤਾਂ ਮਾੜਾ ਲੱਗਦਾ।
ਨਿੰਮ ਦਾ ਕੌੜਾ ਕਾੜ੍ਹਾ ਲੱਗਦਾ।
ਸੱਚ ਬੋਲਣ ਤੋਂ ਬਹੁਤੇ ਡਰਦੇ
ਚਾਹੇ ਨਾ ਹੈ ਭਾੜਾ ਲੱਗਦਾ।
ਸੱਚ ਨੂੰ ਘੇਰੀ ਫਿਰਦੇ ਸਾਰੇ
ਮੈਨੂੰ ਤਾੜਮ-ਤਾੜਾ ਲੱਗਦਾ।
ਮੈਂ ਸੱਚ ਬੋਲਾਂ ਸ਼ੀਤਲ ਮਨ ਤੋਂ
ਉਸ ਦੇ ਤਾਂ ਵੀ ਸਾੜਾ ਲੱਗਦਾ।
ਉਹ ਤਾਂ ਬਾਹਲਾ ਤੜਫੇ ਯਾਰੋ
ਸੱਚ ਨੂੰ ਜਿਸ ਤੋਂ ਰਾੜ੍ਹਾ ਲੱਗਦਾ।
ਸੱਚ ਵੀ ਕਹਿੰਦਾ ਮੌਤ ਵਿਆਹੂੰ
ਇਹ ਵੀ ਅੜਬੀ ਲਾੜਾ ਲੱਗਦਾ।
ਚੌਧਰ ਝੂਠੇ ਦੀ ਹੈ ਖੁੱਸਦੀ
ਏਸੇ ਗੱਲ ਦਾ ਪਾੜਾ ਲੱਗਦਾ।
ਉਸ ਦੀ ਹੋਂਦ ਮੁਕਾਉਂਦੇਝੂਠੇ
ਜੋ ਵੀ ਸੱਚ ਦਾ ਘਾੜਾ ਲੱਗਦਾ।
ਝੂਠੇ ਕੰਨੀਂ ਉਂਗਲਾਂ ਦਿੰਦੇ
ਜਦ ਵੀ ਸੱਚ ਦਾ ਖਾੜਾ ਲੱਗਦਾ।

## ਸੱਚ ਦੇ ਪਾਂਧੀ

ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ.
07748772308



ਹਨੇਰੇ ਝੱਲਣ ਵਾਲਿਆਂ ਨੂੰ,
ਕਈ ਸੋਨ ਸਵੇਰੇ ਉਡੀਕਣਗੇ,
ਧਰਤੀ ਦੇ ਕਾਲ਼ੇ ਚਿਹਰੇ ਕੱਲ੍ਹ ਨੂੰ,
ਸ਼ੀਸ਼ੇ ਵਾਗੂੰ ਲਿਸ਼ਕਣਗੇ।

ਹਨੇਰੀਆਂ ਦੀ ਬੇਸ਼ਰਮੀ ਦੇਖ ਕੇ,
ਹੌਸਲੇ ਕਰ ਬੁਲੰਦ ਆਪਣੇ,
ਬੁਝਦੇ ਹੋਏ ਕਈ ਅਣਖੀ ਦੀਵੇ,
ਹਿੱਕ ਤਾਣ ਕੇ ਚਿਲਕਣਗੇ।

ਜ਼ੁਲਮਾਂ ਦੇ ਘਨਘੋਰ ਇਰਾਦੇ,
ਪਸਤ ਤਾਂ ਆਖਰ ਹੋਣੇ ਨੇ,
ਮਰਦ ਅਗੰਮੜੇ ਸੱਚ ਦੇ ਪਾਂਧੀ,
ਮੰਜ਼ਲਾਂ ਤੋਂ ਨਹੀਂ ਤਿਲਕਣਗੇ।

ਮਜਬੂਰੀ ਦੀਆਂ ਉੱਚੀਆਂ ਕੰਧਾਂ,
ਫੰਧਣੀਆਂ ਅਸੰਭਵ ਨਹੀਂ,
ਕੰਧਰਾਂ ਨੂੰ ਸਰ ਕਰਨੇ ਵਾਲੇ,
ਕੰਧਾਂ ਤੋਂ ਕੀ ਥਿੜਕਣਗੇ।

ਜੋ ਕਰਨਾ ਖੁੱਲ੍ਹ ਕੇ ਕਰਨਗੇ,
ਜੋ ਵੀ ਕਹਿਣਾ ਸਾਫ ਕਹਿਣਗੇ,
ਮੂੰਹ ’ਤੇ ਖਾਣੀ ਪੈ ਜਾਏ ਭਾਵੇਂ,
ਪਰ ਕਹਿਣੋਂ ਕਦੀ ਨਾ ਝਿਜਕਣਗੇ।

ਰੁੱਸੀਆ ਹੋਈਆਂ ਠੁੱਸ ਤਕਦੀਰਾਂ,
ਜ਼ੰਗ ਲੱਗੀਆਂ ਖ਼ਸਤਾ ਸ਼ਮਸ਼ੀਰਾਂ,
ਦਾ ਸਾਹਮਣਾ ਕਰਨੇ ਵਾਲੇ,
ਕਾਫਲਿਆਂ ਤੋਂ ਨਹੀਂ ਵਿਛੜਣਗੇ।

ਘੁੱਟ ਘੁੱਟ ਕਰਕੇ ਦਰਦਾਂ ਨੂੰ ਪੀਣਾ,
ਮਰਦਾਨਿਆਂ ਨੂੰ ਮੰਨਜ਼ੂਰ ਨਹੀਂ,
ਬਾਬੇ ਨਾਨਕ ਤੋਂ ਲੈ ਕੇ ਹਿੰਮਤ,
ਕੰਧਾਰੀਆਂ ਨਾਲ ਮੁੜ ਉਲਝਣਗੇ।

ਚੜ੍ਹਦੀ ਕਲਾ ਕਦੀ ਨਹੀਂ ਢਹਿੰਦੀ,
ਸੱਚ ਨੂੰ ਕੋਈ ਆਂਚ ਨਹੀਂ,
ਸਿਰਾਂ ’ਤੇ ਕੱਫਣ ਬੰਨ੍ਹਣ ਵਾਲੇ,
ਕੱਫਣਾਂ ਵਿੱਚ ਹੀ ਲਿਪਟਣਗੇ।

## ਜਾਣਦੇ ਤਾਂ ਸਭ ਨੇ

**ਅਵਤਾਰ ਸਿੰਘ ਸੌਜਾ**

ਜਾਣਦੇ ਤਾਂ ਸਭ ਨੇ
ਸੱਚ ਨੂੰ ਸੱਚ ਕਹਿਣਾ
ਝੂਠੇ ਨਾਲ ਮਿਲ ਕੇ ਨਾ ਬਹਿਣਾ
ਸਾਨੂੰ ਚਾਹੀਦਾ ਮਿਲ ਕੇ ਰਹਿਣਾ
ਪਿਆ ਨਫ਼ਰਤਾਂ ’ਚ ਕੀ ਏ!
ਇਹ ਜਾਣਦੇ ਤਾਂ ਸਭ ਨੇ
ਪਰ ਜਾਣਨ ’ਚ ਪਿਆ ਕੀ ਏ!
ਰੌਲੇ ਧਰਮਾਂ ਦੇ ਸਭ ਝੂਠੇ
ਝੂਠੀਆਂ ਨੇ ਜਾਤਾਂ-ਪਾਤਾਂ
ਮਜ਼ਹਬ ਇੱਕੋ ਇਨਸਾਨੀਅਤ ਹੈ
ਜੋ ਜੁੜਿਆ ਨਾਲ ਜਜ਼ਬਾਤਾਂ
ਖ਼ੂਨ ਸਭਨਾਂ ਦਾ ਇੱਕੋ ਰੰਗਾ
ਫ਼ਰਕ ਰਹਿ ਗਿਆ ਫਿਰ ਕੀ ਏ
ਇਹ ਜਾਣਦੇ ਤਾਂ ਸਭ ਨੇ
ਪਰ ਜਾਣਨ ’ਚ ਪਿਆ ਕੀ ਏ!
ਰਸਤਾ ਮਿਹਨਤ ਦਾ ਅਸਲੀ
ਇਮਾਨਦਾਰੀ ਚੰਗੀ ਨੀਤੀ
ਸਬਰ ਉੱਤਮ ਹਥਿਆਰ ਹੈ
ਆਰਾਮ ਹੈ ਹਰਾਮ, ਬੇਈਮਾਨੀ ਬਦਨੀਤੀ
ਲਾਲਚ, ਹੰਕਾਰ, ਰਿਸ਼ਵਤਾਂ ਵਿੱਚ ਰੱਖਿਆ ਦੱਸੋ ਕੀ ਏ
ਇਹ ਜਾਣਦੇ ਤਾਂ ਸਭ ਨੇ
ਪਰ ਜਾਣਨ ’ਚ ਰੱਖਿਆ ਕੀ ਏ!
ਵਿਚਾਰ ਓਹੀਓ ਬੋਲੋ ਜੋ ਆਪ ਅਮਲ ਹੋ ਕਰਦੇ
ਐਵੇਂ ਚੰਗੀਆਂ ਗੱਲਾਂ ਨਾਲ ਕਿਉਂ ਲਿਖਕੇ ਕੰਧਾਂ ਭਰਦੇ
ਪਹਿਲਾਂ ਆਪਾ ਪਛਾਣੋ, ਵਿੱਚੋਂ ਚੰਗਿਆਈ ਨੂੰ ਛਾਣੋ
ਫਿਰ ਦੇਖਿਓ ਬੰਦੇ ’ਚੋਂ ਨਿਕਲਦਾ ਕੀ ਏ
ਇਹ ਜਾਣਦੇ ਤਾਂ ਸਭ ਨੇ
ਪਰ ਜਾਣਨ ’ਚ ਪਿਆ ਕੀ ਏ!

# ਨਿਊਜ਼ੀਲੈਂਡ ਨੇ ਰਚਿਆ ਇਤਿਹਾਸ, ਭਾਰਤ ਖ਼ਿਲਾਫ਼ ਟੈਸਟ ਲੜੀ 3-0 ਨਾਲ ਜਿੱਤੀ

ਮੁੰਬਈ/ਏ.ਟੀ.ਨਿਊਜ਼: ਨਿਊਜ਼ੀਲੈਂਡ ਨੇ ਇੱਥੇ ਵਾਨਖੇੜੇ ਸਟੇਡੀਅਮ ’ਚ ਤੀਜੇ ਤੇ ਆਖ਼ਰੀ ਕ੍ਰਿਕਟ ਟੈਸਟ ਮੈਚ ਦੇ ਤੀਜੇ ਦਿਨ ਭਾਰਤ ਨੂੰ 25 ਦੌੜਾਂ ਨਾਲ ਹਰਾ ਕੇ ਤਿੰਨ ਮੈਚਾਂ ਦੀ ਲੜੀ 3-0 ਨਾਲ ਜਿੱਤ ਲਈ। ਟੈਸਟ ਕ੍ਰਿਕਟ ਦੇ ਇਤਿਹਾਸ ’ਚ 1933 ਤੋਂ ਬਾਅਦ ਭਾਰਤੀ ਟੀਮ ਘਰੇਲੂ ਮੈਦਾਨ ’ਚ ਪਹਿਲੀ ਵਾਰ ਤਿੰਨ ਜਾਂ ਉਸ ਤੋਂ ਵੱਧ ਮੈਚਾਂ ਦੀ ਲੜੀ ਦੇ ਸਾਰੇ ਮੈਚ ਹਾਰੀ ਹੈ।

ਮਹਿਮਾਨ ਟੀਮ ਨੇ ਭਾਰਤ ਨੂੰ ਜਿੱਤ ਲਈ 146 ਦੌੜਾਂ ਦਾ ਟੀਚਾ ਦਿੱਤਾ ਸੀ ਪਰ ਕਿਵੀ ਗੇਂਦਬਾਜ਼ਾਂ ਸਾਹਮਣੇ ਮੇਜ਼ਬਾਨ ਟੀਮ 121 ਦੌੜਾਂ ’ਤੇ ਹੀ ਆਊਟ ਹੋ ਗਈ ਹਾਲਾਂਕਿ ਰਿਸ਼ਭ ਪੰਤ (64 ਦੌੜਾਂ) ਨੇ ਨੀਮ ਸੈਂਕੜੇ ਵਾਲੀ ਪਾਰੀ ਖੇਡਦਿਆਂ ਟੀਮ ਨੂੰ ਜਿਤਾਉਣ ਲਈ ਵਾਹ ਲਾਈ ਪਰ ਹੋਰ ਬੱਲੇਬਾਜ਼ਾਂ ਦਾ ਪੂਰਾ ਸਾਥ ਨਾ ਮਿਲਣ ਕਾਰਨ ਉਹ ਅਜਿਹਾ ਕਰਨ ’ਚ ਸਫ਼ਲ ਨਾ ਹੋ ਸਕਿਆ। ਦੂਜੀ ਪਾਰੀ ਵਿੱਚ ਪੰਤ ਤੋਂ ਇਲਾਵਾ ਕਪਤਾਨ ਰੋਹਿਤ ਸ਼ਰਮਾ (11 ਦੌੜਾਂ) ਤੇ ਵਾਸ਼ਿੰਗਟਨ ਸੁੰਦਰ (12 ਦੌੜਾਂ) ਹੀ ਦਹਾਈ ਦਾ ਅੰਕੜਾ ਛੂਹ ਸਕੇ। ਨਿਊਜ਼ੀਲੈਂਡ ਨੇ ਪਹਿਲੀ ਪਾਰੀ ਵਿੱਚ 235 ਤੇ ਦੂਜੀ ਪਾਰੀ ’ਚ 174 ਦੌੜਾਂ ਜਦਕਿ ਭਾਰਤ ਨੇ ਪਹਿਲੀ ਪਾਰੀ ’ਚ 263 ਦੌੜਾਂ ਬਣਾਈਆਂ ਸਨ। ਭਾਰਤ ਨੇ ਆਪਣੀਆਂ ਆਖ਼ਰੀ ਪੰਜ ਵਿਕਟਾਂ ਸਿਰਫ਼ 16 ਦੌੜਾਂ ਦੌਰਾਨ ਹੀ ਗਵਾ ਦਿੱਤੀਆਂ। ਮੈਚ ਦੀਆਂ ਦੋਵਾਂ ਪਾਰੀਆਂ ’ਚ 11 ਵਿਕਟਾਂ ਲੈਣ ਵਾਲੇ ਕਿਵੀ ਸਪਿੰਨਰ ਐਜਾਜ਼ ਪਟੇਲ ਨੂੰ ‘ਪਲੇਅਰ ਆਫ਼ ਦਿ ਮੈਚ’ ਅਤੇ ਵਧੀਆ ਬੱਲੇਬਾਜ਼ੀ ਲਈ ਵਿਲ ਯੰਗ ਨੂੰ ‘ਪਲੇਅਰ ਆਫ਼ ਦਿ ਸੀਰੀਜ਼’ ਚੁਣਿਆ ਗਿਆ। ਨਿਊਜ਼ੀਲੈਂਡ ਨੇ ਬੰਗਲੂਰੂ ’ਚ ਪਹਿਲਾ ਟੈਸਟ ਮੈਚ 8 ਵਿਕਟਾਂ ਨਾਲ ਅਤੇ ਪੁਣੇ ’ਚ ਦੂਜਾ ਮੈਚ 113 ਦੌੜਾਂ ਨਾਲ ਜਿੱਤਿਆ ਸੀ।




ਇਸ ਦੇ ਨਾਲ ਹੀ ਐਜਾਜ਼ ਪਟੇਲ ਵਾਨਖੇੜੇ ਸਟੇਡੀਅਮ ਵਿੱਚ ਦੋ ਟੈਸਟ ਮੈਚਾਂ ’ਚ ਸਭ ਤੋਂ ਵੱਧ ਵਿਕਟਾਂ ਲੈਣ ਵਾਲਾ ਵਿਦੇਸ਼ੀ ਗੇਂਦਬਾਜ਼ ਬਣ ਗਿਆ ਹੈ। ਪਟੇਲ ਨੇ ਇਸ ਮੈਦਾਨ ’ਤੇ ਦੋ ਮੈਚਾਂ ’ਚ 25 ਵਿਕਟਾਂ ਲਈਆਂ ਹਨ ਜਦਕਿ ਪਹਿਲਾਂ ਇਹ ਰਿਕਾਰਡ ਇਆਨ ਬਾਥਮ (22 ਵਿਕਟਾਂ) ਦੇ ਨਾਮ ਸੀ।

### ਰੋਹਿਤ ਸ਼ਰਮਾ ਨੇ ਹਾਰ ਦੀ ਜ਼ਿੰਮੇਵਾਰੀ ਕਬੂਲੀ

ਭਾਰਤੀ ਕਪਤਾਨ ਰੋਹਿਤ ਸ਼ਰਮਾ ਨੇ ਲੜੀ ’ਚ ਟੀਮ ਦੀ ਹਾਰ ਦੀ ਜ਼ਿੰਮੇਵਾਰੀ ਕਬੂਲੀ ਹੈ। ਰੋਹਿਤ ਨੇ ਕਿਹਾ, “ਸ਼ਾਇਦ ਇਹ ਮੇਰੇ ਕੈਰੀਅਰ ਦਾ ਸਭ ਤੋਂ ਹੇਠਲਾ ਪੱਧਰ ਹੋਵੇਗਾ ਤੇ ਮੈਂ ਇਸ ਦੀ ਪੂਰੀ ਜ਼ਿੰਮੇਵਾਰੀ ਲੈਂਦਾ ਹਾਂ। ਮੈਂ ਵਧੀਆ ਬੱਲੇਬਾਜ਼ੀ ਨਹੀਂ ਕਰ ਸਕਿਆ।”

### ਡਬਲਿਊ.ਟੀ.ਸੀ. ਦਰਜਾਬੰਦੀ ’ਚ ਭਾਰਤ ਦੂਜੇ ਸਥਾਨ ’ਤੇ ਖਿਸਕਿਆ

ਨਿਊਜ਼ੀਲੈਂਡ ਤੋਂ ਟੈਸਟ ਲੜੀ ਹਾਰਨ ਦੇ ਨਾਲ ਹੀ ਭਾਰਤੀ ਟੀਮ ਵਿਸ਼ਵ ਟੈਸਟ ਚੈਂਪੀਅਨਸ਼ਿਪ (ਡਬਲਿਊਟੀਸੀ) ਦਰਜਾਬੰਦੀ ’ਚ ਦੂਜੇ ਸਥਾਨ ’ਤੇ ਖਿਸਕ ਗਈ। ਇਸ ਸੂਚੀ ’ਚ ਭਾਰਤ ਦੇ ਹੁਣ 58.33 ਫ਼ੀਸਦੀ ਅੰਕ ਹਨ ਜਦਕਿ ਆਸਟਰੇਲੀਆ 62.5. ਫ਼ੀਸਦੀ ਅੰਕਾਂ ਨਾਲ ਪਹਿਲੇ ਸਥਾਨ ’ਤੇ ਆ ਗਿਆ ਹੈ। ਇਸ ਦੌਰਾਨ ਨਿਊਜ਼ੀਲੈਂਡ ਟੀਮ 54.55 ਫ਼ੀਸਦੀ ਅੰਕਾਂ ਨਾਲ ਚੌਥੇ ਸਥਾਨ ’ਤੇ ਆ ਗਈ ਹੈ ਜਦਕਿ ਪੰਜਵੇਂ ਸਥਾਨ ’ਤੇ ਦੱਖਣੀ ਅਫ਼ਰੀਕਾ ਦੇ 54.17 ਫ਼ੀਸਦੀ ਅੰਕ ਹਨ।

## ਫ਼ੁਟਬਾਲਰ ਅਨਸ ਐਡਾਥੋਡਿਕਾ ਵੱਲੋਂ ਸੰਨਿਆਸ

ਮੱਲਾਪੁਰਮ (ਕੇਰਲਾ)/ਏ.ਟੀ.ਨਿਊਜ਼: ਸਾਬਕਾ ਭਾਰਤੀ ਡਿਫੈਂਡਰ ਅਨਸ ਐਡਾਥੋਡਿਕਾ ਨੇ ਪੇਸ਼ੇਵਰ ਫੁਟਬਾਲ ਤੋਂ ਸੰਨਿਆਸ ਲੈਣ ਦਾ ਐਲਾਨ ਕੀਤਾ ਹੈ, ਜਿਸ ਨਾਲ ਉਸ ਦਾ 17 ਵਰ੍ਹਿਆਂ ਦਾ ਕੈਰੀਅਰ ਖਤਮ ਹੋ ਗਿਆ। ਅਨਸ (37) ਨੇ 21 ਵਾਰ ਭਾਰਤ ਦੀ ਨੁਮਾਇੰਦਗੀ ਕੀਤੀ, ਜਿਸ ਤੋਂ ਇਲਾਵਾ ਉਸ ਨੇ ਕਲੱਬ ਲਈ 172 ਮੈਚ ਵੀ ਖੇਡੇ ਹਨ। ਉਸ ਨੇ 2007 ’ਚ ਮੁੰਬਈ ਐੱਫਸੀ ਨਾਲ ਕੈਰੀਅਰ ਦੀ ਸ਼ੁਰੂਆਤ ਕੀਤੀ ਸੀ ਅਤੇ 2011 ’ਚ ਉਹ ਪੁਣੇ ਐੱਫਸੀ ਨਾਲ ਜੁੜ ਗਿਆ ਸੀ। ਅਨਸ ਨੇ ਪਿਛਲੇ ਦਿਨੀਂ ਆਪਣੇ ਸੋਸ਼ਲ ਮੀਡੀਆ ਹੈਂਡਲ ’ਤੇ ਭਾਵਨਾਤਮਕ ਵੀਡੀਓ ਸਾਂਝੀ ਕੀਤੀ ਅਤੇ ਨੋਟ ਵੀ ਲਿਖਿਆ ਹੈ। ਉਸ ਨੇ ਕਿਹਾ, “ਹੁਣ ਸਮਾਂ ਆ ਗਿਆ ਹੈ ਕਿ ਮੈਂ ਆਪਣੇ ਪੇਸ਼ੇਵਰ ਫੁਟਬਾਲ ਨੂੰ ਅਲਵਿਦਾ ਆਖ ਦੇਵਾਂ। ਮੱਲਪੁਰਮ ਦੇ ਸਟੇਡੀਅਮ ਤੋਂ ਲੈ ਕੇ ਭਾਰਤ ਦੇ



ਸਟੇਡੀਅਮਾਂ ਤੱਕ ਚੱਲਿਆ ਇਹ ਸਫਰ ਸੁਫ਼ਨਾ ਸੱਚ ਹੋਣ ਵਾਂਗ ਰਿਹਾ।” ਉਸ ਨੇ ਕਿਹਾ, “ਇਸ ਦੌਰਾਨ ਆਏ ਉਤਰਾਅ ਚੜ੍ਹਾਅ ਲਈ ਮੇਰੇ ਪਰਿਵਾਰ, ਕੋਚ, ਟੀਮ ਦੇ ਸਾਥੀਆਂ ਤੇ ਪ੍ਰਸ਼ੰਸਕਾਂ ਦੇ ਧੰਨਵਾਦ ਜਿਨ੍ਹਾਂ ਨੇ ਲੋੜ ਪੈਣ ’ਤੇ ਮੈਨੂੰ ਸਹਾਰਾ ਦਿੱਤਾ। ਫੁਟਬਾਲ ਨੇ ਮੈਨੂੰ ਬਹੁਤ ਕੁਝ ਦਿੱਤਾ ਹੈ। ਮੈਂ ਹਰ ਪਲ ਲਈ ਸ਼ੁਕਰਗੁਜ਼ਾਰ ਰਹਾਂਗਾ।” ਅਨਸ ਨੇ ਮੋਹਨ ਬਾਗਾਨ, ਜਮਸ਼ੇਦਪੁਰ, ਕੇਰਲਾ ਬਲਾਸਟਰਸ ਅਤੇ ਏਟੀਕੇ ਲਈ ਵੀ ਮੈਚ ਖੇਡੇ ਹਨ।

## ਸ਼ਕਤੀਸ਼ਾਲੀ ਕੌਮ ਦੇ ਨਿਰਮਾਣ ਲਈ ਖੇਡਾਂ ਜ਼ਰੂਰੀ

ਅਗਾਂਹਵਧੂ ਅਤੇ ਆਧੁਨਿਕ ਬਣਨ ਦੀ ਦੌੜ ਵਿੱਚ ਅਸੀਂ ਆਪਣੀ ਸਿਹਤ ਨਾਲ ਖੇਡ ਰਹੇ ਹਾਂ। ਇੰਝ ਜਾਪਦਾ ਹੈ ਜਿਵੇਂ ਅਸੀਂ ਖੇਡਾਂ ਦੀ ਮਹੱਤਤਾ ਨੂੰ ਭੁੱਲਦੇ ਜਾ ਰਹੇ ਹਾਂ। ਅੱਜ ਦੇ ਬੱਚੇ ਮੋਬਾਈਲ, ਲੈਪਟਾਪ ਅਤੇ ਵੀਡੀਓ ਗੇਮਾਂ ਨਾਲ ਹੀ ਖੇਡਦੇ ਹਨ। ਪਰ ਬੱਚਿਆਂ ਦੇ ਵਧਦੇ ਵਿਕਾਸ ਦੇ ਨਾਲ ਖੇਡਾਂ ਦੀ ਮਹੱਤਤਾ ਨੂੰ ਜਾਣਨਾ ਜ਼ਰੂਰੀ ਹੈ। ਖੇਡਾਂ ਜਿੰਨੀਆਂ ਸਿਹਤ ਲਈ ਜ਼ਰੂਰੀ ਹਨ, ਖੇਡਾਂ ਪੜ੍ਹਾਈ ਵਿੱਚ ਵੀ ਓਨੀਆਂ ਹੀ ਜ਼ਰੂਰੀ ਹਨ। ਅਸੀਂ ਬਚਪਨ ਤੋਂ ਹੀ ਆਪਣੇ ਜੀਵਨ ਵਿੱਚ ਖੇਡਾਂ ਦੀ ਮਹੱਤਤਾ ਬਾਰੇ ਸੁਣਦੇ ਆ ਰਹੇ ਹਾਂ ਅਤੇ ਇਸੇ ਲਈ ਸਕੂਲਾਂ ਅਤੇ ਕਾਲਜਾਂ ਵਿੱਚ ਖੇਡਾਂ ਦਾ ਵੱਖਰਾ ਸਮਾਂ ਦਿੱਤਾ ਜਾਂਦਾ ਹੈ। ਇੰਨਾ ਹੀ ਨਹੀਂ, ਕਈ ਵਾਰ ਘਰ ’ਚ ਮਾਂ ਬੱਚਿਆਂ ਨੂੰ ਸਾਰਾ ਦਿਨ ਘਰੋਂ ਬਾਹਰ ਨਾ ਜਾਣ, ਖੇਡਾਂ ਨਾ ਖੇਡਣ ਜਾਂ ਟੀਵੀ ਨਾ ਦੇਖਣ ਲਈ ਵੀ ਝਿੜਕਦੀ ਹੈ।ਹੁਣ ਜੇਕਰ ਖੇਡਾਂ ਦੇ ਮਹੱਤਵ ਦੀ ਗੱਲ ਕਰੀਏ ਤਾਂ ਖੇਡਾਂ ਸਰੀਰ ਅਤੇ ਮਨ ਦੇ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਇਸ ਦੇ ਨਾਲ ਹੀ ਖੇਡਾਂ ਤੁਹਾਡੇ ਤਣਾਅ ਨੂੰ ਵੀ ਦੂਰ ਕਰਦੀਆਂ ਹਨ। ਖੇਡਾਂ ਤੁਹਾਡੀ ਇਕਾਗਰਤਾ ਬਣਾਈ ਰੱਖਣ ਲਈ ਵਧੀਆ ਹਨ। ਇੰਨਾ ਹੀ ਨਹੀਂ ਖੇਡਾਂ ਤੁਹਾਨੂੰ ਨੌਕਰੀ ਦਿਵਾਉਣ ਵਿੱਚ ਵੀ ਮਦਦ ਕਰਦੀਆਂ ਹਨ।

ਤੰਦਰੁਸਤ ਸਰੀਰ ਵਿੱਚ ਹੀ ਤੰਦਰੁਸਤ ਮਨ ਦਾ ਵਾਸ ਹੋ ਸਕਦਾ ਹੈ ਅਤੇ ਸਰੀਰ ਨੂੰ ਤੰਦਰੁਸਤ ਅਤੇ ਮਜ਼ਬੂਤ ਬਣਾਉਣ ਲਈ ਖੇਡਾਂ ਜ਼ਰੂਰੀ ਹਨ।



ਮਨੋਵਿਗਿਆਨੀ ਮੰਨਦੇ ਹਨ ਕਿ ਖੇਡਾਂ ਵਿੱਚ ਮਨੁੱਖ ਦੀ ਰੁਚੀ ਕੁਦਰਤੀ ਹੈ। ਇਸ ਕਾਰਨ ਬੱਚੇ ਖੇਡਾਂ ਵਿੱਚ ਜ਼ਿਆਦਾ ਦਿਲਚਸਪੀ ਲੈਂਦੇ ਹਨ। ਪੀ. ਸਿਰਨ ਨੇ ਕਿਹਾ ਹੈ - ਚੰਗੀ ਸਿਹਤ ਅਤੇ ਚੰਗੀ ਸਮਝ ਜ਼ਿੰਦਗੀ ਦੀਆਂ ਦੋ ਸਭ ਤੋਂ ਵਧੀਆ ਬਰਕਤਾਂ ਹਨ। ਇਨ੍ਹਾਂ ਦੋਵਾਂ ਨੂੰ ਪ੍ਰਾਪਤ ਕਰਨ ਲਈ, ਇੱਕ ਖਿਡਾਰੀ ਦੀ ਭਾਵਨਾ ਨਾਲ ਜੀਵਨ ਵਿੱਚ ਖੇਡਾਂ ਖੇਡਣੀਆਂ ਜ਼ਰੂਰੀ ਹਨ। ਖੇਡਣ ਨਾਲ ਸਰੀਰ ਨੂੰ ਤਾਕਤ ਮਿਲਦੀ ਹੈ, ਮਾਸਪੇਸ਼ੀਆਂ ਦਾ ਵਿਕਾਸ ਹੁੰਦਾ ਹੈ, ਭੁੱਖ ਤੇਜ ਹੁੰਦੀ ਹੈ, ਆਲਸ ਦੂਰ ਹੁੰਦਾ ਹੈ ਅਤੇ ਸਰੀਰ ਸ਼ੁੱਧ ਹੁੰਦਾ ਹੈ। ਖੇਡਾਂ ਖੇਡਣ ਨਾਲ ਵਿਅਕਤੀ ਨੂੰ ਲੜਨ ਦੀ ਆਦਤ ਪੈ ਜਾਂਦੀ ਹੈ। ਜ਼ਿੰਦਗੀ ਦੀਆਂ ਜਿੱਤਾਂ ਅਤੇ ਹਾਰਾਂ ਨੂੰ ਖੁਸ਼ੀ ਨਾਲ ਲੈਣ ਦੀ ਮਹੱਤਵਪੂਰਨ ਆਦਤ ਖੇਡਾਂ ਖੇਡਣ ਨਾਲ ਹੀ ਮਿਲਦੀ ਹੈ। ਖੇਡਾਂ ਸਾਡਾ ਬਹੁਤ ਮਨੋਰੰਜਨ ਕਰਦੀਆਂ ਹਨ। ਖਿਡਾਰੀ ਹੋਵੇ ਜਾਂ ਖੇਡ ਪ੍ਰੇਮੀ, ਦੋਵਾਂ ਨੂੰ ਖੇਡ ਮੈਦਾਨ ਵਿੱਚ ਅਨੋਖਾ ਆਨੰਦ ਮਿਲਦਾ ਹੈ। ਅੱਜ ਹਰ ਵਿਅਕਤੀ ਆਪਣੀ ਸਿਹਤ ਨੂੰ ਲੈ ਕੇ ਚਿੰਤਤ ਹੈ। ਉਹ ਸਿਹਤਮੰਦ ਜੀਵਨ ਜਿਊਣਾ ਚਾਹੁੰਦਾ ਹੈ। ਸਿਹਤਮੰਦ ਰਹਿਣ ਲਈ ਕਸਰਤ, ਯੋਗਾ, ਪ੍ਰਾਣਾਯਾਮ, ਸੰਤੁਲਿਤ ਪੌਸ਼ਟਿਕ ਆਹਾਰ ਆਦਿ ਜ਼ਰੂਰੀ ਅੰਗ ਹਨ, ਇਸ ਤੋਂ ਇਲਾਵਾ ਖੇਡਾਂ ਵੀ ਬਹੁਤ ਜ਼ਰੂਰੀ ਹਨ।

ਖੇਡਾਂ ਦਾ ਜੀਵਨ ਵਿੱਚ ਸਿੱਖਿਆ ਦੇ ਬਰਾਬਰ ਮਹੱਤਵ ਹੈ। ਖੇਡਾਂ ਨਾ ਸਿਰਫ਼ ਵਿਦਿਆਰਥੀਆਂ ਦਾ ਮਨੋਰੰਜਨ ਕਰਦੀਆਂ ਹਨ ਸਗੋਂ ਉਨ੍ਹਾਂ ਦੀ ਸਿਹਤ ਵਿੱਚ ਵੀ ਸੁਧਾਰ ਕਰਦੀਆਂ ਹਨ। ਜੇਕਰ ਬੱਚੇ ਖੁਸ਼ ਅਤੇ ਤੰਦਰੁਸਤ ਰਹਿਣਗੇ ਤਾਂ ਉਹ ਪੜ੍ਹਾਈ ਵੱਲ ਵੀ ਧਿਆਨ ਦੇਣਗੇ। ਖੇਡਾਂ ਦੌਰਾਨ ਸਰੀਰ ਬਹੁਤ ਮਿਹਨਤ ਕਰਦਾ ਹੈ, ਨਤੀਜੇ ਵਜੋਂ ਆਕਸੀਜਨ ਦੀ ਜ਼ਿਆਦਾ ਮਾਤਰਾ ਸਰੀਰ ਦੇ ਅੰਦਰ ਜਾਂਦੀ ਹੈ। ਇਹ ਆਕਸੀਜਨ ਸਾਡੇ ਖ਼ੂਨ ਨੂੰ ਸ਼ੁੱਧ ਕਰਦੀ ਹੈ ਅਤੇ ਭੋਜਨ ਨੂੰ ਪਚਾਉਣ ਵਿੱਚ ਮਦਦ ਕਰਦੀ ਹੈ। ਜਿਸ ਨੇ ਖੇਡਾਂ ਨੂੰ ਮਹੱਤਵ ਦਿੱਤਾ ਹੈ ਉਹ ਹਮੇਸ਼ਾ ਖੁਸ਼, ਤੰਦਰੁਸਤ ਅਤੇ ਮਜ਼ਬੂਤ ਰਹਿੰਦਾ ਹੈ, (ਬਾਕੀ ਸਫ਼ਾ 31 ’ਤੇ)

## ਅਲੋਪ ਹੋ ਰਹੀਆਂ ਹਨ ਲੋਕ ਖੇਡਾਂ

ਚੰਨਦੀਪ ਸਿੰਘ ਬੁਤਾਲਾ

ਪੰਜਾਬ ਦੀਆਂ ਪੁਰਾਤਨ ਲੋਕ ਖੇਡਾਂ ਪੰਜਾਬੀ ਸੱਭਿਆਚਾਰ ਦਾ ਅਹਿਮ ਅੰਗ ਹਨ। ਸਰੀਰਕ ਵਿਕਾਸ ਦੇ ਨਾਲ-ਨਾਲ ਇਹ ਖੇਡਾਂ ਮਾਨਸਿਕ ਭਾਵ ਸੋਚਣ-ਵਿਚਾਰਨ ਦੀ ਸ਼ਕਤੀ ਨਾਲ ਸਬੰਧ ਰੱਖਦੀਆਂ ਹਨ। ਕਬੱਡੀ, ਰੱਸਾਕਸ਼ੀ, ਸਟਾਪੂ, ਬਾਂਦਰ ਕਿੱਲਾ, ਗੁੱਲੀ-ਡੰਡਾ, ਭੰਡਾ-ਭੰਡਾਰੀਆ, ਮੂੰਗਲੀਆਂ ਫੇਰਨਾ, ਖਿੱਦੋ ਖੂੰਡੀ, ਕੋਟਲਾ ਛਪਾਕੀ, ਕਿੱਕਲੀ, ਆਕੜ-ਬਾਕੜ ਅਤੇ ਲੁਕਣ-ਮੀਟੀ ਆਦਿ ਮੁੱਖ ਖੇਡਾਂ ਸਨ। ਇਨ੍ਹਾਂ ਲੋਕ ਖੇਡਾਂ ਦਾ ਇਤਿਹਾਸਕ ਮਹੱਤਵ ਹੈ ਜੋ ਸਾਡੇ ਬੀਤੇ ਸਮਾਜ ਦੀਆਂ ਬਾਤਾਂ ਪਾਉਂਦੀਆਂ ਹਨ।

ਸਾਡੀਆਂ ਇਹ ਵਿਰਾਸਤੀ ਖੇਡਾਂ ਸੁਹਜ ਅਤੇ ਆਨੰਦ ਦਾ ਭਰਪੂਰ ਪ੍ਰਗਟਾਵਾ ਸਨ। ਇਹ ਖੇਡਾਂ ਕਿਸੇ ਖਰਚੇ ਜਾਂ ਕਿਸੇ ਖ਼ਾਸ ਸਥਾਨ ਦੀਆਂ ਮੁਥਾਜ ਨਹੀਂ ਸਨ ਹੁੰਦੀਆਂ। ਬਿਨਾਂ ਕਿਸੇ ਲਾਗਤ ਇਹ ਖੇਡਾਂ ਘਰਾਂ, ਗਲੀਆਂ, ਖੁੱਲ੍ਹੇ ਵਾੜੇ, ਪੈਲੀਆਂ ਜਾਂ ਦਰੱਖਤਾਂ ’ਤੇ ਖੇਡੀਆਂ ਜਾ ਸਕਦੀਆਂ ਹਨ। ਰੈਫਰੀ ਅਤੇ ਨਿਯਮ ਲਾਗੂ ਨਹੀਂ ਸਨ ਹੁੰਦੇ। ਖੇਡਾਂ ਲਈ ਸਾਮਾਨ ਖ਼ਰੀਦਣ ਦੀ ਲੋੜ ਵੀ ਜ਼ਿਆਦਾ ਨਹੀਂ ਹੁੰਦੀ। ਸਥਾਨਕ ਪੱਧਰ ’ਤੇ ਉਪਲੱਬਧ ਸਮੱਗਰੀ ਨਾਲ ਕੰਮ ਸਾਰ ਲਿਆ ਜਾਂਦਾ ਸੀ। ਖਿੱਦੋ ਖੂੰਡੀ ਲਈ ਪੁਰਾਣੇ ਕੱਪੜੇ ਅਤੇ ਲੀਰਾਂ ਦੀ ਖਿੱਦੋ ਬਣਾਈ ਜਾਂਦੀ ਸੀ ਅਤੇ ਲੱਕੜ ਦੀ ਖੂੰਡੀ; ਗੁੱਲੀ-ਡੰਡੇ ਲਈ ਵੀ ਲੱਕੜ ਦੇ ਡੰਡੇ ਤੇ ਗੁੱਲੀ ਦੀ ਲੋੜ ਪੈਂਦੀ ਸੀ। ਇਸ ਤੋਂ ਇਲਾਵਾ ਕੋਲੇ, ਬਾਟੇ, ਗੀਟੇ, ਕੌਡੀਆਂ, ਟੁੱਟੇ ਛਿੱਤਰ, ਸਰਕੰਡੇ, ਠੀਕਰਾਂ, ਰੋੜੇ ਅਤੇ ਇਮਲੀ ਦੀਆਂ ਗਿਟਕਾਂ ਨੂੰ ਇਨ੍ਹਾਂ ਖੇਡਾਂ ਦੀ ਸਮੱਗਰੀ ਦੇ ਰੂਪ ਵਿੱਚ ਵਰਤਿਆ ਜਾਂਦਾ ਸੀ। ਇਹ ਖੇਡਾਂ ਆਪਸੀ ਭਾਈਚਾਰੇ ਤੇ ਸਾਂਝ ਦੀਆਂ ਪ੍ਰਤੀਕ ਸਨ। ਇਨ੍ਹਾਂ ਦੇ ਪਿੜ ਪਿੰਡਾਂ ਦੀਆਂ ਜੂਹਾਂ ਵਿੱਚ ਆਥਣ ਸਮੇਂ ਜੁੜਦੇ ਸਨ। ਪਿੰਡ ਦੇ ਨੌਜਵਾਨ ਰਲ ਮਿਲ ਕੇ ਖੇਡਦੇ ਸਨ, ਕੋਈ ਜ਼ਾਤ-ਪਾਤ ਜਾਂ ਊਚ-ਨੀਚ ਨਹੀਂ ਦੇਖੀ ਜਾਂਦੀ ਸੀ। ਅਮੀਰੀ ਗ਼ਰੀਬੀ ਦਾ ਕੋਈ ਪਾੜਾ ਨਹੀ ਸੀ। ਸਭ ਰਲ ਕੇ ਆਨੰਦ ਮਾਣਦੇ ਸਨ। ਕਬੱਡੀ, ਰੱਸਾਕਸ਼ ਤੇ ਮੂੰਗਲੀਆਂ ਫੇਰਨਾ ਨੌਜਵਾਨਾਂ ਦੀਆਂ ਪ੍ਰਸਿੱਧ ਖੇਡਾਂ ਸਨ। ਪਿੰਡ ਦੀ ਸ਼ਾਨ ਲਈ ਰਲ ਕੇ ਖੇਡਦੇ ਸਨ ਅਤੇ ਨਸ਼ਿਆਂ ਦੇ ਨੇੜੇ ਨਹੀਂ ਸਨ ਢੁੱਕਦੇ। ਇਹੀ ਖੇਡਾਂ ਨੌਜਵਾਨਾਂ ਨੂੰ ਕੁਰਾਹੇ ਪੈਣ ਤੋਂ ਰੋਕਦੀਆਂ ਸਨ। ਪਿੰਡ ਦੇ ਲੋਕ ਰਲ ਕੇ ਇਨ੍ਹਾਂ ਨੌਜਵਾਨਾਂ ਲਈ ਖੁਰਾਕ ਦਾ ਪ੍ਰਬੰਧ ਕਰਦੇ ਅਤੇ ਨੌਜਵਾਨ ਪਿੰਡ ਦੀ ਸ਼ਾਨ ਵਧਾਉਂਦੇ ਸਨ। ਪਿੰਡ ਦੇ ਛੋਟੇ ਮੁੰਡੇ ਕੁੜੀਆਂ ਦੀਆਂ ਆਪਸ ਵਿੱਚ ਰਲ ਕੇ ਖੇਡਣ ਵਾਲੀਆਂ ਖੇਡਾਂ ਬਹੁਤ ਮਨਮੋਹਕ ਹੁੰਦੀਆਂ ਸਨ ਜਿਨ੍ਹਾਂ ਵਿੱਚ ਭੰਡਾ-ਭੰਡਾਰੀਆ, ਊਠਤ-ਬੈਠਤ, ਊਚ-ਨੀਚ, ਕੋਟਲਾ ਛਪਾਕੀ ਤੇ ਅੱਡੀ-ਟੱਪਾ ਸ਼ਾਮਲ ਸਨ। ਅਜੋਕਾ ਬਚਪਨ ਇਨ੍ਹਾਂ ਖੇਡਾਂ ਨੂੰ ਬਿਲਕੁਲ ਵਿਸਾਰ ਗਿਆ ਹੈ। ਨਾ ਹੁਣ ਪਿੰਡਾਂ ਵਿੱਚ ਜੂਹਾਂ ਰਹੀਆਂ ਹਨ ਜਿੱਥੇ ਖੇਡਾਂ ਦੇ ਪਿੜ ਜੁੜਦੇ ਸਨ, ਨਾ ਹੀ ਕਿਸੇ ਕੋਲ ਇਨ੍ਹਾਂ ਖੇਡਾਂ ਲਈ ਵਿਹਲ ਹੈ। ਅੱਜ ਦੀ ਪਨੀਰੀ ਇਲੈਕਟ੍ਰੋਨਿਕ ਖੇਡਾਂ ਨਾਲ ਸਾਂਝ ਪਾ ਚੁੱਕੀ ਹੈ। ਕਮਰਿਆਂ ਅੰਦਰ ਬੈਠ ਕੇ ਕੰਪਿਊਟਰ ’ਤੇ ਗੇਮਾਂ ਦਾ ਆਨੰਦ ਮਾਣਦੇ ਬੱਚੇ ਇਸ ਦੇ ਨਾਲ-ਨਾਲ ਫਾਸਟ ਫੂਡ ਦੇ ਸੇਵਨ ਨਾਲ ਫੋਕਲੇ ਹੁੰਦੇ ਜਾ ਰਹੇ ਹਨ। ਇਹ ਬੇਹੱਦ ਚਿੰਤਾ ਦਾ ਵਿਸ਼ਾ ਹੈ। ਇਸ ਲਈ ਅਸੀਂ ਆਪ ਕਸੂਰਵਾਰ ਹਾਂ ਜੋ ਆਪਣੇ ਬੱਚਿਆਂ ਨੂੰ ਇਨ੍ਹਾਂ ਖੇਡਾਂ ਤੋਂ ਦੂਰ ਹੋਣ ਦੇ ਰਹੇ ਹਾਂ। ਸਾਡਾ ਫ਼ਰਜ਼ ਹੈ ਕਿ ਅਸੀਂ ਆਪਣੇ ਬੱਚਿਆਂ ਨੂੰ ਆਪਣੀਆਂ ਲੋਕ ਖੇਡਾਂ ਬਾਰੇ ਜਾਣਕਾਰੀ ਦੇਈਏ ਅਤੇ ਖੇਡਣ ਲਈ ਉਤਸ਼ਾਹਿਤ ਕਰੀਏ। ਇਸ ਤਰ੍ਹਾਂ ਕਰਕੇ ਹੀ ਇਨ੍ਹਾਂ ਖੇਡਾਂ ਦੇ ਜਿਉਂਦੀਆਂ ਰਹਿਣ ਅਤੇ ਪੰਜਾਬੀ ਵਿਰਸੇ ਦਾ ਅਹਿਮ ਅੰਗ ਬਣੀਆਂ ਰਹਿਣ ਦੀ ਉਮੀਦ ਕੀਤੀ ਜਾ ਸਕਦੀ ਹੈ।



# ਫ਼ਿਲਮਾਂ ਰਾਹੀਂ ਮਿਰਜ਼ਾ ਸਾਹਿਬਾਂ ਦੇ ਕਿੱਸੇ ਦਾ ਬਿਰਤਾਂਤ

ਅੰਗਰੇਜ਼ ਸਿੰਘ ਵਿਰਦੀ













ਹੀਰ ਰਾਂਝਾ, ਸੱਸੀ ਪੁੰਨੂ, ਸੋਹਣੀ ਮਹੀਂਵਾਲ ਅਤੇ ਮਿਰਜ਼ਾ ਸਾਹਿਬਾਂ ਇਹ ਚਾਰ ਮੁੱਖ ਪ੍ਰੀਤ ਕਥਾਵਾਂ ਹਨ ਜਿਨ੍ਹਾਂ ਨੂੰ ਪੰਜਾਬੀ ਕਿੱਸਾਕਾਰਾਂ ਨੇ ਬੇਹੱਦ ਖ਼ੂਬਸੂਰਤੀ ਨਾਲ ਬਿਆਨ ਕੀਤਾ।ਪੰਜਾਬੀ ਜ਼ਬਾਨ ਵਿੱਚ ਕਿੱਸਾ ਲਿਖਣ ਦਾ ਮੋਢੀ ਕਿੱਸਾਕਾਰ ਦਮੋਦਰ ਨੂੰ ਮੰਨਿਆ ਜਾਂਦਾ ਹੈ ਜਿਸ ਨੇ ਹੀਰ ਦਾ ਕਿੱਸਾ ਲਿਖਿਆ ਸੀ।ਜੇਕਰ ਗੱਲ ਕੀਤੀ ਜਾਵੇ ਮਿਰਜ਼ਾ ਸਾਹਿਬਾਂ ਦੇ ਇਸ਼ਕ ਦੀ ਦਾਸਤਾਨ ’ਤੇ ਲਿਖੇ ਕਿੱਸਿਆ ਬਾਰੇ ਤਾਂ ਦਮੋਦਰ ਦੇ ਲਿਖੇ ਹੀਰ ਦੇ ਕਿੱਸੇ ਤੋਂ ਬਾਅਦ ਕਿੱਸਾਕਾਰ ਪੀਲੂ ਨੇ ਸਭ ਤੋਂ ਪਹਿਲਾਂ ਮਿਰਜ਼ਾ ਸਾਹਿਬਾਂ ਦਾ ਕਿੱਸਾ ਲਿਖਿਆ।ਪੀਲੂ ਤੋਂ ਬਾਅਦ ਹਾਫ਼ਿਜ਼ ਬਰਖ਼ੁਰਦਾਰ, ਮੁਹੰਮਦ ਬਖ਼ਸ਼, ਮੀਰਾਂ ਸ਼ਾਹ ਜਲੰਧਰੀ, ਭਗਵਾਨ ਸਿੰਘ, ਦਇਆ ਸਿੰਘ ਅਤੇ ਮੁਹੰਮਦ ਬੂਟਾ ਗੁਜਰਾਤੀ ਨੇ ਵੀ ਮਿਰਜ਼ਾ ਸਾਹਿਬਾਂ ਦੇ ਪਿਆਰ ਦੀ ਦਾਸਤਾਨ ’ਤੇ ਖ਼ੂਬਸੂਰਤ ਕਿੱਸੇ ਲਿਖੇ। ਪਰ ਕਿੱਸਾਕਾਰ ਪੀਲੂ ਵਲੋਂ ਆਪਣੀ ਵਿਲੱਖਣ ਸ਼ੈਲੀ ਵਿੱਚ ਲਿਖਿਆ ਕਿੱਸਾ ਮਿਰਜ਼ਾ ਸਾਹਿਬਾਂ ਨੂੰ ਲੋਕਾਂ ਵਿੱਚ ਸਭ ਤੋਂ ਵੱਧ ਮਕਬੂਲੀਅਤ ਹਾਸਿਲ ਹੋਈ।ਪੰਜਾਬੀ ਅਦਬ ਵਿੱਚ ਉਸ ਦੀ ਇਸ ਰਚਨਾ ਨੂੰ ਸ਼ਾਹਕਾਰ ਰਚਨਾ ਮੰਨਿਆ ਗਿਆ ਹੈ । ਦਾਨਾਬਾਦ ਦੇ ਖ਼ਰਲ ਚੌਧਰੀ ਵੰਝਲ ਦਾ ਪੁੱਤਰ ਮਿਰਜ਼ਾ ਅਤੇ ਖੀਵੇ ਦੇ ਸਿਆਲ ਚੌਧਰੀ ਖੀਵੇ ਖਾਨ ਦੀ ਲਾਡਲੀ ਧੀ ਸਾਹਿਬਾਂ ਦੇ ਇਸ਼ਕ ਦੀ ਦਾਸਤਾਨ ’ਤੇ ਰਚੇ ਇਸ ਕਿੱਸੇ ਦੀ ਖ਼ੂਬਸੂਰਤੀ ਨੂੰ ਵੇਖ ਕੇ ਭਾਰਤੀ ਫ਼ਿਲਮਸਾਜ਼ਾਂ ਨੇ ਇਸ ਨੂੰ ਫ਼ਿਲਮੀ ਪਰਦੇ ’ਤੇ ਲੈ ਕੇ ਆਂਦਾ।

1947 ਤੋਂ ਪਹਿਲਾਂ ਅਤੇ ਉਸ ਤੋਂ ਬਾਅਦ ਬਾਲੀਵੁੱਡ ਫ਼ਿਲਮ ਇੰਡਸਟਰੀ, ਚੜ੍ਹਦੇ ਪੰਜਾਬ (ਭਾਰਤ) ਦੀ ਪੰਜਾਬੀ ਫ਼ਿਲਮ ਇੰਡਸਟਰੀ ਅਤੇ ਲਹਿੰਦੇ ਪੰਜਾਬ (ਪਾਕਿਸਤਾਨ) ਦੀ ਲਾਹੌਰ ਫ਼ਿਲਮ ਇੰਡਸਟਰੀ ਵਿੱਚ ਮਿਰਜ਼ਾ ਸਾਹਿਬਾਂ ਦੇ ਇਸ਼ਕ ਦੀ ਦਾਸਤਾਨ ਨੂੰ ਅਨੇਕਾਂ ਵਾਰ ਫ਼ਿਲਮੀ ਪਰਦੇ ’ਤੇ ਉਤਾਰਿਆ ਗਿਆ। ਮੂਕ ਫ਼ਿਲਮਾਂ ਦੇ ਦੌਰ ਵਿੱਚ ਸੰਨ 1929 ਵਿੱਚ ਕਿੱਸਾ ਮਿਰਜ਼ਾ ਸਾਹਿਬਾਂ ਨੂੰ ਪਹਿਲੀ ਵਾਰ ਫ਼ਿਲਮੀ ਪਰਦੇ ’ਤੇ ਵਿਖਾਇਆ ਗਿਆ। ਸ਼ਾਰਧਾ ਫ਼ਿਲਮ ਕੰਪਨੀ, ਬੰਬਈ ਦੇ ਬੈਨਰ ਹੇਠ ਬਣੀ ਅਤੇ ਸ਼੍ਰੀ ਭਗਵਤੀ ਪ੍ਰਸਾਦ ਮਿਸ਼ਰਾ ਦੁਆਰਾ ਨਿਰਦੇਸ਼ਿਤ ਹਿੰਦੀ ਫ਼ਿਲਮ ਮਿਰਜ਼ਾ ਸਾਹਿਬਾਂ ਵਿੱਚ ਅਦਾਕਾਰ ਮਾਸਟਰ ਵਿੱਠਲ, ਜ਼ੇਬ ਉਲ-ਨਿਸਾ, ਨੰਦਰਾਮ ਅਤੇ ਪੀ.ਆਰ.ਜੋਸ਼ੀ ਨੇ ਮੁੱਖ ਭੂਮਿਕਾਵਾਂ ਅਦਾ ਕੀਤੀਆਂ ਸਨ।

ਸੰਨ 1933 ਵਿੱਚ ਇੱਕ ਵਾਰ ਫ਼ਿਰ ਮਿਰਜ਼ਾ ਸਾਹਿਬਾਂ ਦੀ ਪ੍ਰੀਤ ਕਹਾਣੀ ਨੂੰ ਫ਼ਿਲਮੀ ਪਰਦੇ ’ਤੇ ਪੇਸ਼ ਕੀਤਾ ਗਿਆ। ਇਹ ਉਹ ਸਮਾਂ ਸੀ ਜਦੋਂ ਮੂਕ ਫ਼ਿਲਮਾਂ ਦਾ ਦੌਰ ਖਤਮ ਹੋ ਚੁੱਕਾ ਸੀ। 14 ਮਾਰਚ 1931 ਨੂੰ ਹਿੰਦੀ ਫ਼ਿਲਮ ਆਲਮਆਰਾ ਪਹਿਲੀ ਬੋਲਦੀ ਫ਼ਿਲਮ ਵਜੋਂ ਪਰਦੇ ’ਤੇ ਦਸਤਕ ਦੇ ਚੁੱਕੀ ਸੀ। ਇਸ ਤੋਂ ਬਾਅਦ ਫ਼ਿਲਮਾਂ ਵਿੱਚ ਗੀਤ ਸੰਗੀਤ ’ਤੇ ਪਰਦੇ ’ਤੇ ਬੋਲਦੇ ਚਿਹਰੇ ਨਜ਼ਰ ਆਉਣ ਲੱਗੇ ਸਨ ਜਿਸ ਨਾਲ ਫ਼ਿਲਮਾਂ ਬਣਾਉਣ ਦੇ ਕਾਰੋਬਾਰ ਵਿੱਚ ਚੋਖਾ ਵਾਧਾ ਦੇਖਣ ਨੂੰ ਮਿਲਿਆ। ਉਸੇ ਦੌਰ ਵਿੱਚ ਮਿਰਜ਼ਾ ਸਾਹਿਬਾਂ ਦੇ ਕਿੱਸੇ ਨੂੰ ਹਿੰਦੀ ਜ਼ਬਾਨ ਵਿੱਚ ਫ਼ਿਲਮੀ ਪਰਦੇ ’ਤੇ ਪੇਸ਼ ਕੀਤਾ ਗਿਆ।ਸਾਗਰ ਮੂਵੀਟੋਨ ਬੰਬਈ ਦੀ ਪੇਸ਼ਕਸ਼ ਨਿਰਦੇਸ਼ਕ ਨਾਗੇਂਦਰ ਮਜੂਮਦਾਰ ਵਲੋਂ ਨਿਰਦੇਸ਼ਿਤ ਫ਼ਿਲਮ ਮਿਰਜ਼ਾ ਸਾਹਿਬਾਂ ਵਿੱਚ ਮਾਸਟਰ ਬੱਛੂ, ਕਮਲਾ ਬਾਈ, ਮਿਸ ਗੁਲਜ਼ਾਰ, ਮਹਿਬੂਬ ਖ਼ਾਨ, ਦਿਨਕਰ ਇਸਮਾਈਲ ਅਤੇ ਬੀਬੋ ਨੇ ਮੁੱਖ ਭੂਮਿਕਾਵਾਂ ਅਦਾ ਕੀਤੀਆਂ ਸਨ ਅਤੇ ਇਸ ਫ਼ਿਲਮ ਦਾ ਸੰਗੀਤ ਐਸ.ਪੀ.ਰਾਓ ਨੇ ਤਿਆਰ ਕੀਤਾ ਸੀ।

ਸੰਨ 1935 ਵਿੱਚ ਮਿਰਜ਼ਾ ਸਾਹਿਬਾਂ ਦੇ ਇਸ਼ਕ ਦੀ ਦਾਸਤਾਨ ਨੂੰ ਪੰਜਾਬੀ ਫ਼ਿਲਮ ਇਸ਼ਕ-ਏ-ਪੰਜਾਬ ਉਰਫ਼ ਮਿਰਜ਼ਾ ਸਾਹਿਬਾਂ ਦੇ ਟਾਈਟਲ ਹੇਠ ਰਿਲੀਜ਼ ਕੀਤਾ ਗਿਆ। ਕੁਝ ਪੰਜਾਬੀ ਫ਼ਿਲਮੀ ਇਤਿਹਾਸਕਾਰਾਂ ਅਨੁਸਾਰ ਇਸ ਫ਼ਿਲਮ ਨੂੰ ਪੰਜਾਬੀ ਜ਼ਬਾਨ ਵਿੱਚ ਬਣੀ ਪਹਿਲੀ ਬੋਲਦੀ ਫ਼ਿਲਮ ਹੋਣ ਦਾ ਫ਼ਖਰ ਹਾਸਿਲ ਹੈ । ਹਿੰਦਮਾਤਾ ਸਿਨੇਟੋਨ ਕੰਪਨੀ, ਬੰਬੇ ਦੇ ਬੈਨਰ ਹੇਠ ਬਣੀ ਇਸ ਫ਼ਿਲਮ ਦੇ ਨਿਰਮਾਤਾ ਸਨ ਬੋਮਨ ਸ਼ਰਾਫ਼ ਅਤੇ ਫ਼ਿਲਮ ਵਿੱਚ ਮਿਰਜ਼ਾ ਅਤੇ ਸਾਹਿਬਾਂ ਦੇ ਮੁੱਖ ਕਿਰਦਾਰ ਅਦਾ ਕੀਤੇ ਸਨ ਭਾਈ ਦੇਸਾ ਅਤੇ ਮਿਸ ਖ਼ੁਰਸ਼ੀਦ ਨੇ । ਇਨ੍ਹਾਂ ਤੋਂ ਇਲਾਵਾ ਫ਼ਿਲਮ ਵਿੱਚ ਭਾਈ ਛੈਲਾ, ਮਿਸ ਸਰਲਾ ਦੇਵੀ, ਮਾਸਟਰ ਸੋਹਣ ਲਾਲ, ਇਨਾਇਤ ਜਾਨ, ਪਰਵੇਜ਼ ਸ਼ੰਮ੍ਹੀ ਅਤੇ ਮਾਸਟਰ ਅਮੀਰ ਅਲੀ ਹੋਰਾਂ ਨੇ ਵੀ ਮਹੱਤਵਪੂਰਨ ਕਿਰਦਾਰ ਅਦਾ ਕੀਤੇ ਸਨ। ਨਵਾਬ ਖਾਨ ਦੇ ਸੰਗੀਤ ਨਾਲ ਸਜੀ ਇਸ ਫ਼ਿਲਮ ਦੇ ਨਿਰਦੇਸ਼ਕ ਸਨ ਜੀ.ਆਰ.ਸੇਠੀ । ਸੰਨ 1939 ਚ ਮਸ਼ਹੂਰ ਫ਼ਿਲਮ ਕੰਪਨੀ ਸ਼੍ਰੀ ਰਣਜੀਤ ਮੂਵੀਟੋਨ, ਬੰਬੇ ਨੇ ਮਿਰਜ਼ਾ ਸਾਹਿਬਾਂ ਦੇ ਕਿੱਸੇ ਨੂੰ ਪੰਜਾਬੀ ਫ਼ਿਲਮ ਮਿਰਜ਼ਾ ਸਾਹਿਬਾਂ ਦੇ ਜ਼ਰੀਏ ਇੱਕ ਵਾਰ ਫ਼ਿਰ ਸਿਨੇ ਪਰਦੇ ’ਤੇ ਦਰਸ਼ਕਾਂ ਦੇ ਸਨਮੁੱਖ ਪੇਸ਼ ਕੀਤਾ। ਨਿਰਮਾਤਾ ਚੰਦੂ ਲਾਲ ਸ਼ਾਹ ਅਤੇ ਨਿਰਦੇਸ਼ਕ ਡੀ.ਐਨ.ਮਧੋਕ ਦੀ ਇਸ ਫ਼ਿਲਮ ਵਿੱਚ ਜਿਨ੍ਹਾਂ ਅਦਾਕਾਰਾਂ ਨੇ ਅਦਾਕਾਰੀ ਕੀਤੀ ਸੀ ਉਨ੍ਹਾਂ ਵਿੱਚ ਪ੍ਰਮੁੱਖ ਸਨ ਅਦਾਕਾਰ ਜ਼ਹੂਰ ਰਾਜਾ (ਮਿਰਜ਼ੇ ਦੇ ਕਿਰਦਾਰ ਵਿੱਚ), ਅਦਾਕਾਰਾ ਇਲਾ ਦੇਵੀ (ਸਾਹਿਬਾਂ ਦੇ ਕਿਰਦਾਰ ਵਿੱਚ), ਅਦਾਕਾਰ ਭਾਗ ਸਿੰਘ, ਮਿਸ ਕਲਿਆਣੀ, ਗੁਲਾਬ, ਗੁਲਜ਼ਾਰ, ਮਾਸਟਰ ਸੁਰੇਸ਼ ਅਤੇ ਬੇਬੀ ਫ਼ਰੀਦਾ । ਇਸ ਫ਼ਿਲਮ ਦਾ ਸੰਗੀਤ ਤਿਆਰ ਕੀਤਾ ਸੀ ਮਨੋਹਰ ਕਪੂਰ ਨੇ।




ਸੰਨ 1947 ਵਿੱਚ ਮਿਰਜ਼ਾ ਸਾਹਿਬਾਂ ਦੀ ਦਾਸਤਾਨ ਨੂੰ ਇੱਕ ਵਾਰ ਫ਼ਿਰ ਫ਼ਿਲਮੀ ਪਰਦੇ ’ਤੇ ਉਤਾਰਿਆ ਗਿਆ। ਬੇਸ਼ਕ ਇਹ ਫ਼ਿਲਮ ਬਾਲੀਵੁੱਡ ਦੀ ਹਿੰਦੀ ਫ਼ਿਲਮ ਸੀ ਪਰ ਇਸ ਫ਼ਿਲਮ ਨਾਲ ਜੁੜੀਆਂ ਲਗਭਗ ਸਾਰੀਆਂ ਫ਼ਿਲਮੀ ਹਸਤੀਆਂ ਪੰਜਾਬੀ ਹੀ ਸਨ। ਫ਼ਿਲਮ ਦੇ ਅਦਾਕਾਰਾਂ ਤੋਂ ਲੈ ਕੇ ਨਿਰਦੇਸ਼ਕ, ਪਟਕਥਾ ਲੇਖਕ, ਗੀਤਕਾਰ, ਸੰਗੀਤਕਾਰ ਸਭ ਪੰਜਾਬ ਨਾਲ ਸੰਬੰਧਿਤ ਸਨ । ਇਸ ਕਰਕੇ ਇਸ ਫ਼ਿਲਮ ਵਿੱਚ ਮਿਰਜ਼ਾ ਸਾਹਿਬਾਂ ਦੇ ਕਿੱਸੇ ਨੂੰ ਬੇਹੱਦ ਖ਼ੂਬਸੂਰਤੀ ਨਾਲ ਪੇਸ਼ ਕੀਤਾ ਗਿਆ। ਪੱਛਮੀ ਪੰਜਾਬ, ਪਾਕਿਸਤਾਨ ਦੇ ਮਸ਼ਹੂਰ ਸ਼ਹਿਰ ਮੀਆਂਵਾਲੀ ਦੇ ਜੰਮਪਲ ਨਾਮਵਰ ਹਿੰਦੀ ਫ਼ਿਲਮ ਨਿਰਦੇਸ਼ਕ ਕੇ.ਅਮਰਨਾਥ ਵਲੋਂ ਇਸ ਫ਼ਿਲਮ ਦੀ ਕਹਾਣੀ ਅਤੇ ਪਟਕਥਾ ਲਿਖੀ ਗਈ ਸੀ, ਨਾਲ ਹੀ ਇਸ ਫ਼ਿਲਮ ਦਾ ਨਿਰਦੇਸ਼ਨ ਵੀ ਕੇ. ਅਮਰਨਾਥ ਵਲੋਂ ਹੀ ਕੀਤਾ ਗਿਆ ਸੀ ।ਕੇ.ਅਮਰਨਾਥ ਨਾਲ ਪਟਕਥਾ ਲਿਖਣ ਵਿੱਚ ਉਨ੍ਹਾਂ ਦਾ ਸਾਥ ਦਿੱਤਾ ਸੀ ਕਮਰ ਜਲਾਲਾਬਾਦੀ ਅਤੇ ਅਜ਼ੀਜ਼ ਕਸ਼ਮੀਰੀ ਨੇ ਉਨ੍ਹਾਂ ਇਸ ਫ਼ਿਲਮ ਦੇ ਗੀਤ ਵੀ ਲਿਖੇ ਸਨ । ਪੰਜਾਬ ਦੇ ਮਸ਼ਹੂਰ ਦਰਿਆ ਝਣਾਂ ਕੰਢੇ ਵਸੇ ਖ਼ੂਬਸੂਰਤ ਸ਼ਹਿਰ ਝੰਗ (ਪਾਕਿਸਤਾਨ) ਦੇ ਜੰਮਪਲ ਸੰਗੀਤਕਾਰ ਪੰਡਿਤ ਅਮਰਨਾਥ ਨੇ ਇਸ ਫ਼ਿਲਮ ਦਾ ਸੰਗੀਤ ਤਿਆਰ ਕੀਤਾ ਸੀ। ਫ਼ਿਲਮ ਵਿੱਚ ਸਾਹਿਬਾਂ ਦਾ ਕਿਰਦਾਰ ਅਦਾ ਕੀਤਾ ਸੀ ਮੈਡਮ ਨੂਰਜਹਾਂ ਨੇ ਅਤੇ ਮਿਰਜ਼ੇ ਦਾ ਕਿਰਦਾਰ ਅਦਾ ਕੀਤਾ ਸੀ ਮਸ਼ਹੂਰ ਅਦਾਕਾਰ ਪ੍ਰਿਥਵੀ ਰਾਜ ਕਪੂਰ ਦੇ ਛੋਟੇ ਭਰਾ ਤ੍ਰਿਲੋਕ ਕਪੂਰ ਨੇ।ਇਨ੍ਹਾਂ ਤੋਂ ਇਲਾਵਾ ਅਦਾਕਾਰ ਗੋਪੀ, ਮਿਸ਼ਰਾ, ਰੂਪ ਕਮਲ, ਇਬਰਾਹਿਮ, ਕੁੱਕੂ, ਬੇਬੀ ਅਨਵਰੀ ਅਤੇ ਲਕਸ਼ਮਣ ਨੇ ਵੀ ਇਸ ਫ਼ਿਲਮ ਵਿੱਚ ਮਹੱਤਵਪੂਰਨ ਕਿਰਦਾਰ ਅਦਾ ਕੀਤੇ ਸਨ। ਖ਼ੂਬਸੂਰਤ ਗੀਤ ਸੰਗੀਤ ਨਾਲ ਸ਼ਿੰਗਾਰੀ ਇਸ ਫ਼ਿਲਮ ਨੂੰ ਦਰਸ਼ਕਾਂ ਦਾ ਭਰਵਾਂ ਹੁੰਗਾਰਾ ਮਿਲਿਆ ਸੀ। ਆਜ਼ਾਦੀ ਤੋਂ ਠੀਕ ਪਹਿਲਾਂ ਮਿਰਜ਼ਾ ਸਾਹਿਬਾਂ ਦੇ ਇਸ਼ਕ ਦੀ ਦਾਸਤਾਨ ’ਤੇ ਬਣਨ ਵਾਲੀ ਇਹ ਆਖਰੀ ਫ਼ਿਲਮ ਸੀ।

ਵੰਡ ਤੋਂ ਪਹਿਲਾਂ ਖ਼ੂਬਸੂਰਤ ਸ਼ਹਿਰ ਲਾਹੌਰ, ਜੋ ਕਿ ਸਾਂਝੇ ਪੰਜਾਬ ਦੀ ਰਾਜਧਾਨੀ ਹੋਣ ਦੇ ਨਾਲ-ਨਾਲ ਫ਼ਿਲਮਾਂ ਬਣਾਉਣ ਦਾ ਇਕ ਪ੍ਰਮੁੱਖ ਕੇਂਦਰ ਵੀ ਸੀ, ਪਾਕਿਸਤਾਨ ਬਣਨ ਤੋਂ ਬਾਅਦ ਪਾਕਿਸਤਾਨ ਦਾ ਹਿੱਸਾ ਬਣ ਗਿਆ। ਲਾਹੌਰ ਫ਼ਿਲਮ ਇੰਡਸਟਰੀ ਪਾਕਿਸਤਾਨੀ ਫ਼ਿਲਮ ਇੰਡਸਟਰੀ ਵਜੋਂ ਜਾਣੀ ਜਾਣ ਲੱਗੀ।

**(ਬਾਕੀ ਸਫ਼ਾ 31 ’ਤੇ)**

# ਖ਼ੂਬਸੂਰਤ ਪਰਿਵਾਰਕ ਫ਼ਿਲਮ ‘ਆਪਣੇ ਘਰ ਬਿਗਾਨੇ’

ਹਰਜਿੰਦਰ ਸਿੰਘ ਜਵੰਦਾ

ਪੰਜਾਬੀ ਸਿਨੇਮਾ ਲਈ ਬਹਾਰ ਦਾ ਮੌਸਮ ਚੱਲ ਰਿਹਾ ਹੈ। ਪੰਜਾਬੀ ਫ਼ਿਲਮਾਂ ਇੱਕ ਤੋਂ ਬਾਅਦ ਇੱਕ ਆਪਾਰ ਸਫ਼ਲਤਾ ਹਾਸਲ ਕਰ ਰਹੀਆਂ ਹਨ। ਇਹ ਫ਼ਿਲਮਾਂ ਨਾ ਸਿਰਫ਼ ਮਨੋਰੰਜਨ ਕਰ ਰਹੀਆਂ ਬਲਕਿ ਦਰਸ਼ਕਾਂ ਨੂੰ ਜ਼ਿੰਦਗੀ ਨਾਲ ਜੋੜਦਿਆਂ ਵੱਡਾ ਸੁਨੇਹਾ ਵੀ ਦੇ ਰਹੀਆਂ ਹਨ। ਇਹ ਫ਼ਿਲਮ ਆਪਣੇ ਘਰ ਬਿਗਾਨੇ ਰਜਨੀ ਅਤੇ ਅਰਦਾਸ ਵਰਗੀਆਂ ਸਾਰਥਿਕ ਫ਼ਿਲਮਾਂ ਦੀ ਲੜੀ ਨੂੰ ਅੱਗੇ ਤੋਰਦਿਆਂ ਦਰਸ਼ਕਾਂ ਦਾ ਦਿਲ ਜਿੱਤਣ ਦਾ ਦਮ ਰੱਖਦੀ ਹੈ। 15 ਨਵੰਬਰ ਨੂੰ ਰਿਲੀਜ ਹੋਣ ਜਾ ਰਹੀ ਇਸ ਫ਼ਿਲਮ ਦਾ ਟਾਈਟਲ ਹੀ ਆਪਣੇ ਆਪ ਵਿੱਚ ਬਹੁਤ ਕੁਝ ਬਿਆਨ ਕਰ ਰਿਹਾ ਹੈ। ਨਾਮਵਾਰ ਕਾਮੇਡੀਅਨ, ਲੇਖਕ ਤੇ ਅਦਾਕਾਰ ਬਲਰਾਜ ਸਿਆਲ ਦੀ ਲਿਖੀ ਅਤੇ ਉਹਨਾਂ ਵੱਲੋਂ ਹੀ ਡਾਇਰੈਕਟ ਕੀਤੀ ਗਈ ਇਸ ਫ਼ਿਲਮ ਵਿੱਚ ਰੌਸ਼ਨ ਪ੍ਰਿੰਸ, ਕੁਲਰਾਜ ਰੰਧਾਵਾ, ਯੋਗਰਾਜ ਸਿੰਘ, ਰਾਣਾ ਰਣਬੀਰ, ਪ੍ਰੀਤ ਔਜਲਾ, ਬਲਰਾਜ ਸਿਆਲ, ਅਰਮਾਨ ਔਜਲਾ, ਸੁਖਵਿੰਦਰ ਰਾਜ ਬੁੱਟਰ ਸਮੇਤ ਕਈ ਨਾਮੀ ਚਿਹਰਿਆਂ ਨੇ ਅਹਿਮ ਭੂਮਿਕਾ ਨਿਭਾਈ ਹੈ। ਕੈਨੇਡਾ ਦੀ ਖ਼ੂਬਸੂਰਤ ਲੋਕੇਸ਼ਨਾਂ ’ਤੇ ਕੜਾਕੇ ਦੀ ਠੰਢ ਵਿੱਚ ਫ਼ਿਲਮਾਈ ਇਸ ਫ਼ਿਲਮ ਵਿੱਚ ਜ਼ਿੰਦਗੀ ਦੇ ਵੱਖ-ਵੱਖ ਰੰਗਾਂ ਦੀ ਬਾਤ ਪਾਈ ਗਈ ਹੈ। ਗੈਂਗ ਆਫ਼ ਫ਼ਿਲਮ ਮੇਕਰਸ ਦੇ ਬੈਨਰ ਹੇਠ ਬਣੀ ਨਿਰਮਾਤਾ ਪਰਮਜੀਤ ਸਿੰਘ, ਆਕਾਸ਼ਦੀਪ ਤੇ ਗਗਨਦੀਪ ਚਾਲੀ ਦੀ ਇਸ ਫ਼ਿਲਮ ਦੇ ਕਰੇਟਿਵ ਨਿਰਦੇਸ਼ਕ ਦਵਿੰਦਰ ਸਿੰਘ ਹਨ। ਤੁਸੀਂ ਇਸ ਫ਼ਿਲਮ ਦੇ ਟ੍ਰੇਲਰ ਤੋਂ ਅੰਦਾਜ਼ਾ ਲਗਾ ਸਕਦੇ ਹੋ ਕਿ ਇਹ ਫ਼ਿਲਮ ਆਮ ਪੰਜਾਬੀ ਫ਼ਿਲਮਾਂ ਨਾਲੋਂ ਬਿਲਕੁਲ ਵੱਖਰੇ ਕਿਸਮ ਦੀ ਫ਼ਿਲਮ ਹੈ ਜੋ ਹਰ ਉਮਰ ਵਰਗ ਦੇ ਦਰਸ਼ਕਾਂ ਦੇ ਦਿਲਾਂ ਨੂੰ ਟੁੰਬੇਗੀ। ਦਾਦੇ ਅਤੇ ਪੋਤੇ ਦੇ ਖ਼ੂਬਸੂਰਤ ਅਤੇ ਸਦੀਵੀਂ ਰਿਸ਼ਤੇ ਸੁਆਲੇ ਬੁਣੀ ਗਈ ਇਹ ਫ਼ਿਲਮ ਤੇਜ਼ੀ ਨਾਲ ਬਦਲ ਰਹੇ ਅਜੋਕੇ ਰਿਸ਼ਤਿਆਂ ਦੀ ਕਹਾਣੀ ਹੈ। ਵਕਤ ਨਾਲ ਬੇਸ਼ੱਕ ਸਾਡੇ ਘਰ ਪੱਕੇ ਹੋ ਗਏ ਹਨ ਪਰ ਰਿਸ਼ਤੇ ਕੱਚੇ ਹੋ ਗਏ ਹਨ। ਫ਼ਿਲਮ ਦੇ ਲੇਖਕ ਤੇ ਨਿਰਦੇਸ਼ਕ ਬਲਰਾਜ ਸਿਆਲ ਮੁਤਾਬਕ ਬਤੌਰ ਨਿਰਦੇਸ਼ਕ ਇਹ ਉਹਨਾਂ ਦੀ ਪਹਿਲੀ ਫ਼ਿਲਮ ਹੈ।



ਇਹ ਫ਼ਿਲਮ ਰਿਸ਼ਤਿਆਂ ਵਿੱਚ ਤੇਜ਼ੀ ਨਾਲ ਆ ਰਹੇ ਬਦਲਾਅ ਦੀ ਕਹਾਣੀ ਹੈ। ਫ਼ਿਲਮ ਦੇ ਬਹੁਤ ਸਾਰੇ ਪਾਤਰ ਦਰਸ਼ਕਾਂ ਨੂੰ ਆਪਣੇ ਆਲੇ-ਦੁਆਲੇ ਦੇ ਹੀ ਲੱਗਣਗੇ। ਕੋਈ ਕਿਸੇ ਤੋਂ ਬਿਨਾਂ ਖ਼ੁਸ਼ ਨਹੀਂ ਰਹਿ ਸਕਦਾ ਤੇ ਕੋਈ ਕਿਸੇ ਦੇ ਨਾਲ ਹੁੰਦਿਆਂ ਵੀ ਖ਼ੁਸ਼ ਨਹੀਂ ਹੈ। ਸੁਆਰਥ ਖ਼ੂਨ ਦੇ ਰਿਸ਼ਤਿਆਂ ਨੂੰ ਵੀ ਖਤਮ ਕਰ ਰਿਹਾ ਹੈ। ਇਹ ਫ਼ਿਲਮ ਸਾਡੇ ਸਮਾਜ, ਸਾਡੇ ਆਸ-ਪਾਸ ਅਤੇ ਸਾਡੇ ਆਪਣਿਆਂ ਦੀ ਕਹਾਣੀ ਹੈ। ਫ਼ਿਲਮ ਵਿੱਚ ਮੁੱਖ ਭੂਮਿਕਾ ਨਿਭਾ ਰਹੇ ਦਿੱਗਜ ਅਦਾਕਾਰ ਯੋਗਰਾਜ ਸਿੰਘ ਮੁਤਾਬਕ ਰਜਨੀ ਫ਼ਿਲਮ ਤੋਂ ਬਾਅਦ ਦਰਸ਼ਕ ਇਸ ਵਿੱਚ ਉਹਨਾਂ ਨੂੰ ਇੱਕ ਵੱਖਰੇ ਤੇ ਦਮਦਾਰ ਕਿਰਦਾਰ ਵਿੱਚ ਦੇਖਣਗੇ। ਇਹ ਫ਼ਿਲਮ ਦਰਸ਼ਕਾਂ ਨੂੰ ਨਿਰਾਸ਼ ਨਹੀਂ ਹੋਣ ਦੇਵੇਗੀ। ਇਹ ਫ਼ਿਲਮ ਦੇਖਦਿਆਂ ਤੁਹਾਨੂੰ ਪਤਾ ਲੱਗੇਗਾ ਕਿ ਬਜ਼ੁਰਗਾਂ ਨੂੰ ਘਰ ਦਾ ਤਾਲਾ ਕਿਉਂ ਕਿਹਾ ਜਾਂਦਾ ਹੈ। ਇਸ ਫ਼ਿਲਮ ਨੂੰ ਦਾਦੇ-ਪੋਤੇ ਦੇ ਰਿਸ਼ਤੇ ਦੀ ਕਹਾਣੀ ਵਾਲੀ ਫ਼ਿਲਮ ਵੀ ਕਿਹਾ ਜਾ ਸਕਦਾ ਹੈ। ਇਹ ਫ਼ਿਲਮ ਉਹਨਾਂ ਦੀ ਜ਼ਿੰਦਗੀ ਦੀਆਂ ਖ਼ੂਬਸੂਰਤ ਫ਼ਿਲਮਾਂ ਵਿੱਚੋਂ ਇੱਕ ਹੈ। ਇਸ ਫ਼ਿਲਮ ਨਾਲ ਪੰਜਾਬੀ ਸਿਨਮਾ ਵਿੱਚ ਸ਼ਾਨਦਾਰ ਵਾਪਸੀ ਕਰ ਰਹੀ ਅਦਾਕਾਰਾ ਕੁਲਰਾਜ ਰੰਧਾਵਾ ਮੁਤਾਬਕ ਇਹ ਫ਼ਿਲਮ ਵਿਦੇਸ਼ਾਂ ਵਿੱਚ ਵੱਸਦੇ ਲੋਕਾਂ ਦੀ ਤੇਜ਼ ਰਫ਼ਤਾਰ ਜ਼ਿੰਦਗੀ ਦੀ ਵੀ ਗੱਲ ਕਰਦੀ ਹੈ। ਜ਼ਿੰਦਗੀ ਨੂੰ ਸੌਖੀ ਬਣਾਉਣ ਲਈ ਦਿਨ-ਰਾਤ ਮਿਹਨਤ ਕਰ ਰਹੇ ਜੋੜਿਆਂ ਦੇ ਦਰਦ ਨੂੰ ਵੀ ਇਸ ਫ਼ਿਲਮ ਵਿੱਚ ਖ਼ੂਬਸੂਰਤ ਤਰੀਕੇ ਨਾਲ ਬਿਆਨ ਕੀਤਾ ਗਿਆ ਹੈ। ਰਿਸ਼ਤਿਆਂ ਦੀ ਭੰਨ-ਤੋੜ ਵਿੱਚ ਪਿਸ ਰਹੇ ਇਕ ਨੰਨੇ ਬੱਚੇ ਦਾ ਦਰਦ ਤੁਹਾਨੂੰ ਸੋਚਣ ਲਈ ਮਜਬੂਰ ਕਰੇਗਾ ਕਿ ਕੀ ਅਸੀਂ ਜ਼ਿੰਦਗੀ ਜਿਓ ਰਹੇ ਹਾਂ ਜਾਂ ਕੱਟ ਰਹੇ ਹਾਂ। ਗਾਇਕ ਤੇ ਅਦਾਕਾਰ ਰੌਸ਼ਨ ਪ੍ਰਿੰਸ ਨੇ ਇਸ ਫ਼ਿਲਮ ਵਿੱਚ ਇੱਕ ਅਜਿਹੇ ਪੁੱਤ ਦੀ ਭੂਮਿਕਾ ਨਿਭਾਈ ਜੋ ਆਪਣੇ ਪਰਿਵਾਰ ਨੂੰ ਬੇਹੱਦ ਪਿਆਰ ਕਰਦਾ ਹੈ ਪਰ ਹਾਲਾਤ ਵਕਤੀ ਤੌਰ ’ਤੇ ਉਸਨੂੰ ਆਪਣੇ ਪਿਤਾ ਦੇ ਵਿਰੋਧ ’ਚ ਖੜਾ ਕਰ ਦਿੰਦੇ ਹਨ। ਉਹ ਇਸ ਨਾਲ ਵਿੱਚੋਂ ਕਿਵੇਂ ਨਿਕਲਦਾ ਹੈ।

ਘਰ ਚਲਾਉਣ ਲਈ ਉਸਨੂੰ ਕੀ-ਕੀ ਪਾਪੜ ਵੇਲਣੇ ਪੈਂਦੇ ਹਨ। ਕਿਵੇਂ ਉਹ ਰਿਸ਼ਤਿਆਂ ਵਿੱਚ ਤਾਲਮੇਲ ਰੱਖਦਾ ਹੈ ਇਹ ਇਸ ਫ਼ਿਲਮ ਦਾ ਦਿਲਚਸਪ ਪੱਖ ਹੈ। ਫ਼ਿਲਮ ਦੀ ਕਹਾਣੀ ਦੇ ਨਾਲ ਨਾਲ ਇਸ ਦਾ ਸੰਗੀਤ ਵੀ ਖ਼ੂਬਸੂਰਤ ਤੇ ਦਿਲ ਟੁੰਬਵਾਂ ਹੈ। ਫ਼ਿਲਮ ਦਾ ਮਿਊਜ਼ਿਕ ਗੋਲਡ ਬੁਆਇਜ, ਜੱਸੀ ਕਟਿਆਲ ਅਤੇ ਗੁਰਮੋਹ ਨੇ ਤਿਆਰ ਕੀਤਾ ਹੈ। ਫ਼ਿਲਮ ਲਈ ਗੀਤ ਅਬੀਰ, ਗੁਰਜੀਤ ਖੋਸਾ, ਵਿੰਦਰ ਨੱਥੂਮਾਜਰਾ ਨੇ ਲਿਖੇ ਹਨ। ਇਹਨਾਂ ਗੀਤਾਂ ਨੂੰ ਆਵਾਜ਼ ਨਿੰਜਾ, ਨਵਰਾਜ ਹੰਸ, ਕਮਲ ਖਾਨ, ਮਾਸ਼ਾ ਅਲੀ, ਸਿਮਰਨ ਚੌਧਰੀ ਅਤੇ ਅੰਬਰ ਵਸ਼ਿਸ਼ਟ ਨੇ ਦਿੱਤੀ ਹੈ। ਇਸ ਫ਼ਿਲਮ ਤੋਂ ਆਸਾਂ ਹਨ ਕਿ ਇਹ ਫ਼ਿਲਮ ਪੰਜਾਬੀ ਸਿਨਮਾ ਦੀ ਸ਼ਾਨ ਵਿੱਚ ਹੋਰ ਵਾਧਾ ਕਰੇਗੀ।

## ਘੱਲੂਘਾਰਾ ਨਵੰਬਰ 1984 ਦੇ 40 ਸਾਲ ਬਾਅਦ ਵੀ

ਬਾਅਦ ਵਿੱਚ ਇਨ੍ਹਾਂ ਬੇਸਹਾਰਾ ਔਰਤਾਂ ਅਤੇ ਬੱਚਿਆਂ ਨੂੰ ਸੁਰੱਖਿਅਤ ਰੱਖਣ ਲਈ ਸਰਕਾਰ ਨੇ ਘਟਨਾ ਵਾਲੀ ਥਾਂ ਤੋਂ ਦੂਰ ਦਿੱਲੀ ਦੇ ਤਿਲਕ ਵਿਹਾਰ ਇਲਾਕੇ ਵਿੱਚ ਇੱਕ ਕਲੋਨੀ ਸਥਾਪਿਤ ਕੀਤੀ। ਕਿਉਂਕਿ ਇੱਥੇ ਆਏ ਹਰ ਸਿੱਖ ਪਰਿਵਾਰ ਦੇ ਮਰਦਾਂ ਦਾ ਕਤਲ ਕੀਤਾ ਗਿਆ ਸੀ, ਇੱਥੇ ਸਿਰਫ਼ ਵਿਧਵਾ ਔਰਤਾਂ ਅਤੇ ਉਨ੍ਹਾਂ ਦੇ ਬੱਚੇ ਸਨ, ਇਸ ਲਈ ਇਸ ਦੀ ਪਛਾਣ ਵਿਧਵਾ ਮੁਹੱਲਾ ਜਾਂ ਵਿਧਵਾ ਕਾਲੋਨੀ ਵਜੋਂ ਕੀਤੀ ਗਈ ਸੀ। ਅੱਜ ਵੀ ਇਹ ਇਲਾਕਾ ਇਸੇ ਰੂਪ ਵਿੱਚ ਪਛਾਣਿਆ ਜਾਂਦਾ ਹੈ।

ਨਿਰਮਲ ਕੌਰ ਅਤੇ ਪੱਪੀ ਦੋਵੇਂ ਔਰਤਾਂ ਹੁਣ 50 ਸਾਲ ਤੋਂ ਵੱਧ ਉਮਰ ਦੀਆਂ ਹਨ। ਉਹ ਆਪਣੀ ਜਵਾਨੀ ਦੇ ਅਖੀਰ ਵਿੱਚ ਸੀ ਜਦੋਂ ਫਿਰਕੂ ਗੁੰਡਿਆਂ ਨੇ ਉਸ ਦੇ ਪਿਤਾ ਅਤੇ ਹੋਰ ਪਰਿਵਾਰਕ ਮੈਂਬਰਾਂ ਦੀ ਹੱਤਿਆ ਕਰ ਦਿੱਤੀ ਗਈ ਸੀ। ਕਈਆਂ ਨੂੰ ਜ਼ਿੰਦਾ ਸਾੜ ਦਿੱਤਾ ਗਿਆ ਸੀ, ਕਈਆਂ ਨੂੰ ਬੇਰਹਿਮੀ ਨਾਲ ਤਿੱਖੇ ਹਥਿਆਰਾਂ ਅਤੇ ਡੰਡਿਆਂ ਨਾਲ ਮਾਰਿਆ ਗਿਆ।1984 ਉਹ ਸਾਲ ਸੀ ਜਿਸ ਨੂੰ ਭਾਰਤੀ ਇਤਿਹਾਸ ਵਿੱਚ ਸਭ ਤੋਂ ਖੂਨੀ ਫਿਰਕੂ ਕਤਲੇਆਮ ਮੰਨਿਆ ਜਾਂਦਾ ਹੈ।

31 ਅਕਤੂਬਰ 1984 ਨੂੰ ਸਿੱਖ ਅੰਗ ਰੱਖਿਅਕਾਂ ਵੱਲੋਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਪੂਰੇ ਭਾਰਤ ਵਿੱਚ ਸਿੱਖਾਂ ਵਿਰੁੱਧ ਕਤਲੇਆਮ ਨੂੰ 40 ਸਾਲ ਹੋ ਗਏ ਹਨ। ਇਹ ਕਤਲੇਆਮ 3 ਨਵੰਬਰ ਤੱਕ ਚੱਲਿਆ ।ਇਸ ਸਮੇਂ ਦੌਰਾਨ ਸਿੱਖ ਭਾਈਚਾਰੇ ਦਾ ਵੱਡੇ ਪੱਧਰ 'ਤੇ ਕਤਲ, ਬਲਾਤਕਾਰ, ਅੱਗਜ਼ਨੀ, ਤੇਜ਼ਾਬੀ ਹਮਲੇ, ਆਤਮ-ਹੱਤਿਆ ਅਤੇ ਸੰਪਤੀ ਦਾ ਵਿਆਪਕ ਨੁਕਸਾਨ ਹੋਇਆ, ਜਿਸ ਨਾਲ ਸੈਂਕੜੇ ਸਿੱਖ ਬੇਘਰ ਹੋ ਗਏ।

***

## ਕਿਸਾਨਾਂ ਵੱਲੋਂ '84 ਸਿੱਖ ਨਸਲਕੁਸ਼ੀ ਦੇ

ਵਿਅਕਤੀਆਂ ਵਿਰੁੱਧ ਮੁਕੱਦਮੇ ਵਿੱਚ ਦੋਸ਼ ਤੈਅ ਕਰਨ ਦਾ ਅਮਲ ਹੀ ਭੇਦ ਦਹਾਕੇ ਤੱਕ ਲਟਕਣਾ ਇਸ ਗੱਲ ਦੀ ਗਵਾਹੀ ਹੈ ਕਿ ਕਿਵੇਂ ਪੀੜਤਾਂ ਨੂੰ ਤ੍ਰਿਸਕਾਰ ਦਾ ਪਾਤਰ ਬਣਾਇਆ ਗਿਆ। ਕਿਸਾਨ ਆਗੂਆਂ ਨੇ ਕਿਹਾ ਕਿ ਕਿਸੇ ਘੱਟ ਗਿਣਤੀ ਨੂੰ ਚੁਣਕੇ, ਉਸ ਖ਼ਿਲਾਫ਼ ਨਫ਼ਰਤ ਦਾ ਮਾਹੌਲ ਬਣਾਕੇ ਤੇ ਫਿਰ ਬਹੁ ਗਿਣਤੀ ਦੀਆਂ ਭਾਵਨਾਵਾਂ ਨੂੰ ਵੋਟਾਂ 'ਚ ਤਬਦੀਲ ਕਰਨਾ ਇਸ ਮੁਲਕ ਦੇ ਹਾਕਮਾਂ ਦੀ ਹੰਢੀ ਵਰਤੀ ਨੀਤੀ ਬਣ ਚੁੱਕੀ ਹੈ। ਇਸ ਲਈ ਸਿਰਫ਼ ਘੱਟ ਗਿਣਤੀਆਂ ਨਹੀਂ, ਬਲਕਿ ਉਹਨਾਂ ਦੇ ਧਾਰਮਿਕ ਸਥਾਨਾਂ ਨੂੰ ਵੀ ਨਿਸ਼ਾਨਾ ਬਣਾਇਆ ਜਾਂਦਾ ਹੈ।

ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਵੀ ਨਰਿੰਦਰ ਮੋਦੀ ਦੀ ਕੇਂਦਰੀ ਹਕੂਮਤ ਆਪਣੀ ਫ਼ਾਸ਼ੀਵਾਦੀ ਮੁਹਿੰਮ ਤਹਿਤ ਘੱਟ ਗਿਣਤੀਆਂ, ਬੁੱਧੀਜੀਵੀਆਂ, ਲੇਖਕਾਂ ਅਤੇ ਵੱਖਰੇ ਤੇ ਵਿਰੋਧੀ ਵਿਚਾਰਾਂ ਵਾਲੇ ਕਾਰਕੁੰਨਾਂ ਨੂੰ ਨਿਸ਼ਾਨਾ ਬਣਾ ਰਹੀ ਹੈ। ਦੇਸ਼ ਧ੍ਰੋਹ ਦੇ ਮੁਕੱਦਮੇ ਸਿਰਫ਼ ਯੋਗੀ, ਮੋਦੀ ਦੀ ਆਲੋਚਨਾ ਕਰਨ 'ਤੇ ਹੀ ਦਰਜ ਕੀਤੇ ਜਾ ਰਹੇ ਹਨ। ਜੇਲ੍ਹੀਂ ਡੱਕਿਆਂ ਨੂੰ ਜ਼ਮਾਨਤ ਦਾ ਅਧਿਕਾਰ ਨਹੀਂ ਦਿੱਤਾ ਜਾ ਰਿਹਾ। ਆਗੂਆਂ ਨੇ ਕਿਹਾ ਕਿ ਭਾਜਪਾ ਦੇਸ਼ ਵਿੱਚ ਇਕਸਾਰ ਸਿਵਲ ਕੋਡ ਲਾਗੂ ਕਰਕੇ ਦੇਸ਼ ਦੀ ਸੱਭਿਆਚਾਰਕ ਵਿਭਿੰਨਤਾ ਨੂੰ ਮਸਲ ਕੇ ਦੇਸ਼ ਨੂੰ ਇੱਕ ਇੱਕ ਭਗਵੇਂ ਰੰਗ ਵਿੱਚ ਰੰਗਣਾ ਚਾਹੁੰਦੀ ਹੈ। ਇਹ ਨੀਤੀ ਦੇਸ਼ ਵਿੱਚ ਨਫ਼ਰਤ ਦਾ ਮਾਹੌਲ ਉਸਾਰਣ ਦੇ ਨਾਲ ਨਾਲ ਫ਼ੈਡਰਲ ਢਾਂਚੇ, ਘੱਟ ਗਿਣਤੀਆਂ ਅਤੇ ਵੱਖ ਵੱਖ ਬੋਲੀਆਂ/ਭਾਸ਼ਾਵਾਂ ਲਈ ਖ਼ਤਰੇ ਦੀ ਘੰਟੀ ਹੈ।

***

## ਉਪ ਰਾਜਪਾਲ ਨੇ '84 ਸਿੱਖ ਨਸਲਕੁਸ਼ੀ ਪੀੜ੍ਹਤਾਂ

'ਚ ਢਿੱਲ ਦੇਣ ਤੇ ਮੂਲ ਬਿਨੈਕਾਰਾਂ ਦੇ ਪਰਿਵਾਰਕ ਮੈਂਬਰਾਂ ਨੂੰ ਐਮ.ਟੀ.ਐਸ. ਦੀਆਂ ਅਸਾਮੀਆਂ ਲਈ ਅਪਲਾਈ ਕਰਨ ਦੀ ਇਜਾਜ਼ਤ ਦੇਣ ਦਾ ਸੁਝਾਅ ਦਿੱਤਾ ਹੈ ।

ਹਾਲਾਂਕਿ ਦਿੱਲੀ ਦੇ ਮੁੱਖ ਸਕੱਤਰ ਨੇ ਸਿਰਫ਼ ਯੋਗਤਾ 'ਚ ਛੋਟ 'ਤੇ ਧਿਆਨ ਕੇਂਦਰਿਤ ਕਰਨ ਦੀ ਸਿਫ਼ਾਰਸ਼ ਕੀਤੀ ਹੈ, ਪਰ ਐਲ.ਜੀ. ਨੇ ਸੇਵਾ ਵਿਭਾਗ ਦੁਆਰਾ ਸਮੀਖਿਆ ਲਈ ਪ੍ਰਸਤਾਵ ਵਾਪਸ ਭੇਜ ਦਿੱਤਾ। ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰਨ ਤੋਂ ਬਾਅਦ ਸੇਵਾਵਾਂ ਵਿਭਾਗ ਨੇ ਐਲ.ਜੀ. ਦੇ ਨਿਰਦੇਸ਼ਾਂ 'ਤੇ ਫ਼ਾਈਲ ਪੇਸ਼ ਕੀਤੀ, ਜਿਸ ਵਿੱਚ ਪ੍ਰਸਤਾਵ ਦਿੱਤਾ ਗਿਆ ਸੀ ਕਿ 1984 ਦੇ ਕਤਲੇਆਮ ਦੇ ਪੀੜਤਾਂ ਨੂੰ ਰਾਹਤ ਪ੍ਰਦਾਨ ਕਰਨ ਲਈ ਵਿੱਦਿਅਕ ਯੋਗਤਾ ਵਿੱਚ ਇੱਕ ਵਾਰ ਦੀ ਛੋਟ ਦਿੱਤੀ ਜਾ ਸਕਦੀ ਹੈ।

***

## ਜਨਵਰੀ ਤੱਕ ਹੋ ਸਕਦੀਆਂ

ਰਾਜ ਸਭਾ ਦੀ ਖਾਲੀ ਸੀਟ 'ਤੇ ਸਿੱਖ ਸਮਾਜ ਨੂੰ ਵਫ਼ਦ ਦਿੱਤਾ ਜਾਵੇ। ਰਾਸ਼ਟਰੀ ਘੱਟ ਗਿਣਤੀ ਕਮਿਸ਼ਨ, ਰਾਸ਼ਟਰੀ ਅਨੁਸੂਚਿਤ ਜਾਤੀ ਜਨਜਾਤੀ ਕਮਿਸ਼ਨ, ਰਾਸ਼ਟਰੀ ਪੱਛੜਾ ਕਮਿਸ਼ਨ 'ਚ ਵੀ ਹਰਿਆਣਾ ਦੇ ਸਿੱਖਾਂ ਨੂੰ ਲਿਆ ਜਾਵੇ। ਸੂਬੇ 'ਚ ਘੱਟ ਗਿਣਤੀ ਕਮਿਸ਼ਨ ਦਾ ਗਠਨ ਕੀਤਾ ਜਾਵੇ। ਇੰਟਰਨੈੱਟ ਮੀਡੀਆ 'ਤੇ ਸਿੱਖ ਸਮਾਜ ਦੇ ਤੇ ਗੁਰੂਆਂ ਪ੍ਰਤੀ ਮਾੜੀ ਸ਼ਬਦਾਵਲੀ ਤੇ ਕਿਸੇ ਵੀ ਭਾਈਚਾਰੇ ਪ੍ਰਤੀ ਗ਼ਲਤ ਪੋਸਟ 'ਤੇ ਫ਼ੌਰੀ ਕਾਰਵਾਈ ਲਈ ਹਰ ਜ਼ਿਲ੍ਹੇ 'ਚ ਪੁਲਿਸ ਵਿਭਾਗ ਦੀ ਵਿਸ਼ੇਸ਼ ਟੀਮ ਬਣਾਈ ਜਾਵੇ। ਸਿੱਖ ਬੱਚਿਆਂ ਨੂੰ ਪ੍ਰੀਖਿਆਵਾਂ 'ਚ ਕਕਾਰ, ਕੜਾ ਪਾਉਣ ਤੋਂ ਨਾ ਰੋਕਣ ਲਈ ਸਪਸ਼ਟ ਨਿਰਦੇਸ਼ ਜਾਰੀ ਕੀਤੇ ਜਾਣ। ਹਰ ਜ਼ਿਲ੍ਹੇ 'ਚ ਸਿੱਖ ਸਮਾਜ ਨੂੰ ਹੋਰ ਭਾਈਚਾਰਿਆਂ ਵਾਂਗ ਆਪਣੀ ਧਰਮਸ਼ਾਲਾ, ਕਮਿਊਨਿਟੀ ਸੈਂਟਰ ਬਣਾਉਣ ਲਈ ਥਾਵਾਂ ਦਿੱਤੀਆਂ ਜਾਣ। ਗੁਰੂ ਗੋਬਿੰਦ ਸਿੰਘ ਦੇ ਨਾਂ 'ਤੇ ਯੂਨੀਵਰਸਿਟੀ, ਗੁਰੂ ਤੇਗ ਬਹਾਦਰ ਦੇ ਨਾਂ 'ਤੇ ਕੁਰੂਕਸ਼ੇਤਰ ਯੂਨੀਵਰਸਿਟੀ 'ਚ ਚੇਅਰ ਬਣਾਉਣ ਤੇ ਕੁਰੂਕਸ਼ੇਤਰ 'ਚ ਸਿੱਖ ਸਮਾਜ ਲਈ ਤਿੰਨ ਏਕੜ ਜ਼ਮੀਨ ਦੇਣ ਦਾ ਵਾਅਦਾ ਪੂਰਾ ਕੀਤਾ ਜਾਵੇ।

***

## ਨਿਰਭਓ ਤੇ ਨਿਆਂ ਮਾਰਚ 350 ਮੀਲ

ਇੱਕ ਸ਼ਰਧਾਲੂ ਸਿੱਖ,ਜਿਸਨੇ ਖ਼ਾਲਿਸਤਾਨ ਦੀ ਵਕਾਲਤ ਕਰਨ ਲਈ ਸਿੱਖਸ ਫ਼ਾਰ ਜਸਟਿਸ ਦੀ ਸੰਸਥਾ ਲਈ ਕੰਮ ਕੀਤਾ ਸੀ, ਦੀ ਬ੍ਰਿਟਿਸ਼ ਕੋਲੰਬੀਆ ਦੇ ਸਰੀ ਵਿੱਚ ਇੱਕ ਸਿੱਖ ਗੁਰਦੁਆਰਾ ਸਾਹਿਬ ਦੀ ਪਾਰਕਿੰਗ ਵਿੱਚ ਹੱਤਿਆ ਕਰ ਦਿੱਤੀ ਗਈ ਸੀ। ਜਿਸ ਤੋਂ ਬਾਅਦ ਸਿੱਖਾਂ ਦੀਆਂ ਚਿੰਤਾਵਾਂ ਵਿੱਚ ਵਾਧਾ ਹੋ ਗਿਆ। ਸਿੱਖ ਆਗੂ ਚਾਹੁੰਦੇ ਹਨ ਕਿ ਗਵਰਨਰ ਗੇਵਿਨ ਨਿਊਜ਼ਮ ਇਸ ਬਾਰੇ ਸਟੈਂਡ ਲੈਣ। ਕੈਲੀਫ਼ੋਰਨੀਆ ਦੇ 26 ਸਿੱਖ ਗੁਰਦੁਆਰਾ ਦੇ ਪ੍ਰਬੰਧਕਾਂ ਨੇ ਇੱਕ ਪੱਤਰ ਵਿੱਚ ਨਿਊਜ਼ਮ ਨੂੰ ਦੱਸਿਆ ਕਿ ਉਹ ਕੈਲੀਫ਼ੋਰਨੀਆ ਵਿੱਚ ਸਥਾਨਕ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਗਲਤ ਜਾਣਕਾਰੀ ਫ਼ੈਲਾਉਣ ਦੀਆਂ ਕੋਸ਼ਿਸ਼ਾਂ ਤੋਂ ਪਰੇਸ਼ਾਨ ਹਨ। ਪਿਛਲੇ ਮਹੀਨੇ ਸੈਕਰਾਮੈਂਟੋ ਬੀ ਦੀ ਅਖ਼ਬਾਰ ਦੀ ਜਾਂਚ ਰਿਪੋਰਟ ਦਾ ਹਵਾਲਾ ਦਿੰਦੇ ਹੋਏ, ਕਿਹਾ ਕਿ ਉਹ ਹਿੰਦੂ ਅਮਰੀਕਨ ਫ਼ਾਊਂਡੇਸ਼ਨ ਦੁਆਰਾ ਸਿੱਖਾਂ ਵਿਰੋਧ ਝੂਠ ਫ਼ੈਲਾਉਣ ਤੋਂ ਪਰੇਸ਼ਾਨ ਹਨ। ਇਸ ਨਿਆਂ ਮਾਰਚ ਦੇ ਕੈਪੀਟਲ ਤੇ ਹੋਏ ਇਕੱਠ ਵਿੱਚ ਜਿਥੇ ਵੱਖ ਵੱਖ ਬੁਲਾਰਿਆਂ ਨੇ ਤਕਰੀਰਾਂ ਕੀਤੀਆਂ ਉਥੇ ਵੱਖ- ਵੱਖ ਸ਼ਹਿਰਾਂ ਤੋਂ ਲੋਕਾਂ ਨੇ ਸ਼ਮੂਲੀਅਤ ਵੀ ਕੀਤੀ।

***

## ਸਾਬਕਾ ਡੀ.ਜੀ.ਪੀ. ਸੈਣੀ ਖਿਲਾਫ਼ ਚੱਲੇਗਾ ਟਰਾਇਲ

ਹਾਈਕੋਰਟ ਦੇ ਹੁਕਮਾਂ ਤੋਂ ਬਾਅਦ ਸਾਲ 2007 ਵਿੱਚ ਇਹ ਕੇਸ ਸੀ.ਬੀ.ਆਈ. ਨੂੰ ਸੌਂਪ ਦਿੱਤਾ ਗਿਆ। 2008 ਵਿੱਚ ਸੀ.ਬੀ.ਆਈ. ਨੇ ਸੁਪਰੀਮ ਕੋਰਟ ਵਿੱਚ ਆਪਣਾ ਹਲਫ਼ਨਾਮਾ ਸੌਂਪਿਆ। ਸੁਪਰੀਮ ਕੋਰਟ ਵਿੱਚ ਉਸ ਵੇਲੇ ਦੀ ਅਕਾਲੀ ਸਰਕਾਰ ਨੇ ਸੈਨੀ ਦੇ ਹੱਕ ਵਿੱਚ ਆਪਣਾ ਪੱਖ ਰਖਦਿਆਂ ਕਿਹਾ ਕਿ ਸੈਨੀ ਵਰਗੇ ਇਮਾਨਦਾਰ ਪੁਲਿਸ ਅਧਿਕਾਰੀ ਨੇ ਪੰਜਾਬ ਤੋਂ ਅੱਤਵਾਦ ਖ਼ਤਮ ਕਰਨ ਦੀ ਹਮੇਸ਼ਾ ਕੋਸ਼ਿਸ਼ ਕੀਤੀ ਹੈ।

ਦਸੰਬਰ 2011ਵਿੱਚ ਸੁਪਰੀਮ ਕੋਰਟ ਨੇ ਸੂਬਾ ਸਰਕਾਰ ਦੀ ਅਪੀਲ ਨੂੰ ਮਨਜ਼ੂਰੀ ਦਿਤੀ ਅਤੇ ਹਾਈਕੋਰਟ ਦੇ ਆਦੇਸ਼ਾਂ ਨੂੰ ਗ਼ਲਤ ਘੋਸ਼ਿਤ ਕੀਤਾ।

ਬਲਵੰਤ ਸਿੰਘ ਮੁਲਤਾਨੀ ਦੇ ਭਰਾ ਪਲਵਿੰਦਰ ਸਿੰਘ ਮੁਲਤਾਨੀ ਦੀ ਸ਼ਿਕਾਇਤ 'ਤੇ 7 ਮਈ 2020 ਨੂੰ ਮੁੜ ਤੋਂ ਸੁਮੇਧ ਸਿੰਘ ਸੈਣੀ ਖ਼ਿਲਾਫ਼ ਮਾਮਲਾ ਦਰਜ ਕੀਤਾ ਗਿਆ ਸੀ।

ਪਲਵਿੰਦਰ ਮੁਲਤਾਨੀ ਵਲੋਂ ਕੇਸ ਲੜ ਰਹੇ ਵਕੀਲ ਪ੍ਰਦੀਪ ਵਿਰਕ ਨੇ ਦੱਸਿਆ ਕਿ ਸੈਣੀ ਅਤੇ 7 ਹੋਰਾਂ ਖ਼ਿਲਾਫ਼ ਧਾਰਾ 364, 201, 344, 330 ਅਤੇ 120ਬੀ ਦੇ ਨਾਲ ਅਦਾਲਤ ਦੇ ਹੁਕਮਾਂ ਤੋਂ ਬਾਅਦ ਧਾਰਾ 302 (ਕਤਲ ਦੀ ਧਾਰਾ) ਵੀ ਜੋੜ ਲਈ ਗਈ ਸੀ।

***

## ਬਾਦਲ ਦਲ ਦੀ ਗ਼ੈਰ-ਮੌਜੂਦਗੀ ਨੇ ਹਲਕਾ

ਵੋਟ ਬੈਂਕ ਅਤੇ ਹੁਣ ਆਮ ਆਦਮੀ ਪਾਰਟੀ 'ਚ ਆਉਣ ਤੋਂ ਬਾਅਦ ਵੀ ਕਾਇਮ ਰੱਖੀ ਆਪਣੀ ਰਾਜਨੀਤਕ ਸ਼ਾਖ਼ ਦਾ ਲਾਭ ਉਨ੍ਹਾਂ ਦੇ ਪੁੱਤਰ ਤੇ 'ਆਪ' ਉਮੀਦਵਾਰ ਡਾ: ਇਸ਼ਾਂਕ ਕੁਮਾਰ ਨੂੰ ਤੈਅ ਨਜ਼ਰ ਆ ਰਿਹਾ ਹੈ, ਪਰ ਅਕਾਲੀ ਦਲ ਦਾ ਇਹ ਚੋਣ ਨਾ ਲੜਨਾ ਵੋਟਾਂ ਦੇ ਸਾਰੇ ਗਣਿਤ ਨੂੰ ਬਦਲ ਕੇ ਰੱਖ ਗਿਆ ਹੈ । ਇਨ੍ਹਾਂ ਸਾਰੇ ਹਾਲਾਤ 'ਚ ਜਿਥੇ ਭਾਜਪਾ ਉਮੀਦਵਾਰ ਸੋਹਣ ਸਿੰਘ ਠੰਡਲ ਆਪਣੇ ਪੁਰਾਣੀ ਪਾਰਟੀ ਦੇ ਟਕਸਾਲੀ ਵੋਟਰਾਂ ਦੇ ਸਾਥ ਦੀ ਉਮੀਦ ਕਰ ਰਹੇ ਹਨ, ਲੇਕਿਨ ਕਿਸਾਨੀ ਅੰਦੋਲਨ ਤੋਂ ਬਾਅਦ ਪੰਜਾਬ 'ਚ ਤੇਜ਼ ਹੋਏ ਭਾਜਪਾ ਦੇ ਵਿਰੋਧ ਦਾ ਅਸਰ ਵੀ ਉਨ੍ਹਾਂ 'ਤੇ ਪੈਂਦਾ ਇਨ੍ਹੀਂ ਦਿਨੀਂ ਹੋ ਰਹੇ ਉਨ੍ਹਾਂ ਦੇ ਵਿਰੋਧ ਤੋਂ ਨਜ਼ਰ ਆ ਰਿਹਾ ਹੈ। ਜਿੱਥੇ ਕਾਂਗਰਸ ਵੱਲੋਂ ਅਕਾਲੀ ਦਲ ਦੀਆਂ ਵੋਟਾਂ ਆਪਣੇ ਪੱਖ 'ਚ ਕਰਨ ਲਈ ਯਤਨ ਕੀਤੇ ਜਾ ਰਹੇ ਹਨ, ਉੱਥੇ ਆਮ ਆਦਮੀ ਪਾਰਟੀ ਵਲੋਂ ਵੀ ਅਕਾਲੀ ਦਲ ਦੀਆਂ ਵੋਟਾਂ ਨੂੰ ਸੰਨ੍ਹ ਲਗਾਉਣ ਲਈ ਹਰ ਹੀਲਾ ਵਰਤਿਆ ਜਾ ਰਿਹਾ ਹੈ।

ਹਾਲਾਂਕਿ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਨੂੰ 4073 ਵੋਟਾਂ ਮਿਲੀਆਂ ਸਨ, ਇਸ ਸਾਲ ਹੋਈਆਂ ਲੋਕ ਸਭਾ ਚੋਣਾਂ ਦੌਰਾਨ ਭਾਜਪਾ ਦਾ ਗਰਾਫ਼ ਵੱਧ ਕੇ 94072 ਵੋਟਾਂ ਤੱਕ ਜਾ ਪਹੁੰਚਿਆ ਸੀ। ਇਸੇ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਨੇ 2022 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ 19329 ਵੋਟਾਂ ਹਾਸਲ ਕੀਤੀਆਂ ਸਨ, ਜੋ ਪਿਛਲੀਆਂ ਲੋਕ ਸਭਾ ਚੋਣਾਂ ਦੌਰਾਨ ਘੱਟ 11935 ਰਹਿ ਗਈਆਂ। ਕਾਂਗਰਸ ਦੇ ਡਾ: ਰਾਜ ਕੁਮਾਰ ਨੇ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ 47300 ਵੋਟਾਂ ਹਾਸਲ ਕੀਤੀਆਂ ਸਨ, ਜਦਕਿ ਡਾ: ਰਾਜ ਕੁਮਾਰ ਦੇ 'ਆਪ' ਵਿੱਚ ਜਾਣ ਤੋਂ ਬਾਅਦ ਹੋਈਆਂ ਲੋਕ ਸਭਾ ਚੋਣਾਂ ਦੌਰਾਨ ਕਾਂਗਰਸੀ ਉਮੀਦਵਾਰ ਯਾਮਿਨੀ ਗੋਮਰ 18162 ਵੋਟਾਂ ਹੀ ਹਾਸਲ ਕਰ ਸਕੀ ਸੀ। ਇਸ ਤਰ੍ਹਾਂ ਕਾਂਗਰਸ ਨੂੰ ਕਰੀਬ 30 ਹਜ਼ਾਰ ਵੋਟਾਂ ਦਾ ਨੁਕਸਾਨ ਝੱਲਣਾ ਪਿਆ ਸੀ ।2022 'ਚ ਚੱਬੇਵਾਲ ਤੋਂ 39729 ਵੋਟਾਂ ਹਾਸਲ ਕਰਨ ਵਾਲੀ ਆਮ ਆਦਮੀ ਪਾਰਟੀ ਨੇ ਵੀ ਲੋਕ ਸਭਾ ਚੋਣਾਂ ਦੌਰਾਨ ਕਰੀਬ 10000 ਵੋਟਾਂ ਦਾ ਨੁਕਸਾਨ ਝੱਲਦਿਆਂ 28955 ਵੋਟਾਂ ਹਾਸਲ ਕੀਤੀਆਂ ਸਨ। ਇਸੇ ਤਰ੍ਹਾਂ ਪਿਛਲੀ ਲੋਕ ਸਭਾ ਚੋਣ ਦੌਰਾਨ ਪਾਰਟੀਆਂ ਦੀ ਵੋਟ ਪ੍ਰਤੀਸ਼ਤਤਾ 'ਚ ਵੱਡਾ ਪਰਿਵਰਤਨ ਦੇਖਣ ਨੂੰ ਮਿਲਿਆ ਸੀ ਅਤੇ ਇਹੀ ਰੁਝਾਨ ਜੇਕਰ ਜ਼ਿਮਨੀ ਚੋਣ ਵਿੱਚ ਵੀ ਜਾਰੀ ਰਹਿੰਦਾ ਹੈ ਤਾਂ ਅਕਾਲੀ ਦਲ ਦੇ ਚੋਣ ਮੈਦਾਨ ਵਿੱਚ ਨਾ ਉੱਤਰਨ ਕਰਕੇ ਫਿਲਹਾਲ ਕਿਸੇ ਵੀ ਪੱਖ ਵਿੱਚ ਨਜ਼ਰ ਨਾ ਆ ਰਹੇ ਅਕਾਲੀ ਦਲ ਦੇ ਪਰੰਪਰਾਗਤ ਵੋਟ ਬੈਂਕ ਦਾ ਚੋਣ ਨਤੀਜਿਆਂ ਵਿੱਚ ਵੱਡਾ ਹੱਥ ਹੋਣ ਦੀ ਸੰਭਾਵਨਾ ਹੈ ।

***

## ਭਾਰਤੀਆਂ ਨੇ ਦਿਵਾਲੀ ਦੌਰਾਨ ਢੇਰਾਂ ਪਟਾਕੇ ਫੂਕ ਕੇ

ਦਿਵਾਲੀ ਦੌਰਾਨ ਬਾਰੂਦ ਫੂਕਣ ਕਾਰਨ ਪੰਜਾਬ ਅਤੇ ਹਰਿਆਣਾ ਵਿੱਚ ਕਈ ਥਾਂਵਾਂ 'ਤੇ ਐਤਵਾਰ ਨੂੰ ਹਵਾ ਦੀ ਗੁਣਵੱਤਾ ਬਹੁਤ ਮਾੜੀ ਤੇ ਮਾੜੀ ਸ਼੍ਰੇਣੀਆਂ ਵਿੱਚ ਰਹੀ। 316 ਦੇ ਹਵਾ ਗੁਣਵੱਤਾ ਸੂਚਕ ਅੰਕ ਦੇ ਨਾਲ ਕਰਨਾਲ ਸਭ ਤੋਂ ਵੱਧ ਪ੍ਰਭਾਵਿਤ ਹੋਇਆ। ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਦੁਆਰਾ ਪ੍ਰਕਾਸ਼ਿਤ ਰਾਸ਼ਟਰੀ ਏ.ਕਿਊ.ਆਈ. ਦੀ ਤਾਜ਼ਾ ਜਾਣਕਾਰੀ ਅਨੁਸਾਰ ਐਤਵਾਰ ਅੰਮ੍ਰਿਤਸਰ ਵਿੱਚ ਏ.ਕਿਊ.ਆਈ. 301 ਦਰਜ ਕੀਤਾ ਗਿਆ ਤੇ ਇਹ ਹਰਿਆਣਾ ਦੇ ਬਹਾਦਰਗੜ੍ਹ ਅਤੇ ਕਰਨਾਲ ਵਿੱਚ ਕ੍ਰਮਵਾਰ 313 ਅਤੇ 316 ਦਰਜ ਕੀਤਾ ਗਿਆ, ਜੋ ਕਿ ਬਹੁਤ ਮਾੜੀ ਸ਼੍ਰੇਣੀ ਵਿੱਚ ਆਉਂਦੇ ਹਨ । ਹਰਿਆਣਾ ਦੇ ਕਈ ਸਥਾਨਾਂ ਵਿਚੋਂ ਭਿਵਾਨੀ ਵਿੱਚ ਏ.ਕਿਊ.ਆਈ. 293, ਚਰਖੀ ਦਾਦਰੀ ਵਿੱਚ 280, ਫ਼ਰੀਦਾਬਾਦ ਵਿੱਚ 238, ਫ਼ਤਿਹਾਬਾਦ ਵਿੱਚ 202, ਗੁਰੂਗ੍ਰਾਮ ਵਿੱਚ 266, ਹਿਸਾਰ ਵਿੱਚ 266, ਜੀਂਦ ਵਿੱਚ 253, ਰੋਹਤਕ ਵਿੱਚ 258, ਸੋਨੀਪਤ ਵਿੱਚ 296, ਸਿਰਸਾ ਵਿੱਚ 251, ਕੁਰੂਕਸ਼ੇਤਰ ਵਿੱਚ 238, ਪਾਣੀਪਤ ਵਿੱਚ 187, ਯਮੁਨਾਨਗਰ ਵਿੱਚ 142 ਅਤੇ ਅੰਬਾਲਾ 'ਚ 112 ਦਰਜ ਕੀਤਾ ਗਿਆ। ਚੰਡੀਗੜ੍ਹ ਵਿੱਚ ਏ. ਕਿਊ. ਆਈ. 183 ਦਰਜ ਕੀਤਾ ਗਿਆ ।ਪੰਜਾਬ ਵਿੱਚ ਏ. ਕਿਊ. ਆਈ. ਬਠਿੰਡਾ ਵਿੱਚ 119, ਜਲੰਧਰ ਵਿੱਚ 214, ਖੰਨਾ ਵਿੱਚ 171, ਲੁਧਿਆਣਾ ਵਿੱਚ 153, ਪਟਿਆਲਾ ਵਿੱਚ 207, ਮੰਡੀ ਗੋਬਿੰਦਗੜ੍ਹ ਵਿੱਚ 184 ਅਤੇ ਰੂਪਨਗਰ ਵਿੱਚ 141 ਦਰਜ ਕੀਤਾ ਗਿਆ। ਏ. ਕਿਊ. ਆਈ. ਜੇਕਰ ਜ਼ੀਰੋ ਅਤੇ 50 ਦੇ ਵਿਚਕਾਰ ਹੋਵੇ ਤਾਂ ਉਸ ਨੂੰ ਚੰਗਾ ਮੰਨਿਆ ਜਾਂਦਾ ਹੈ, 51 ਅਤੇ 100 ਵਿਚਕਾਰ ਹੋਵੇ ਤਾਂ ਤਸੱਲੀਬਖਸ਼, 101 ਅਤੇ 200 ਦਰਮਿਆਨਾ, 201 ਤੇ 300 ਵਿਚਕਾਰ ਹੋਵੇ ਤਾਂ ਮਾੜਾ, 301 ਅਤੇ 400 ਬਹੁਤ ਮਾੜਾ, 401 ਤੇ 450 ਵਿਚਕਾਰ ਹੋਵੇ ਤਾਂ ਗੰਭੀਰ ਅਤੇ 450 ਤੋਂ ਉਪਰ ਗੰਭੀਰ ਪਲੱਸ ਮੰਨਿਆ ਜਾਂਦਾ ਹੈ ।

ਪਾਕਿਸਤਾਨ ਭਾਰਤ ਦੇ ਪ੍ਰਦੂਸ਼ਣ ਤੋਂ ਔਖਾ

ਲਹਿੰਦੇ ਪੰਜਾਬ ਦੇ ਵਾਤਾਵਰਣ ਸੁਰੱਖਿਆ ਦੇ ਸੀਨੀਅਰ ਅਧਿਕਾਰੀ ਜਹਾਂਗੀਰ ਅਨਵਰ ਨੇ ਦੋਸ਼ ਲਗਾਇਆ ਕਿ ਅੰਮ੍ਰਿਤਸਰ, ਹਰਿਆਣਾ ਅਤੇ ਨਵੀਂ ਦਿੱਲੀ ਤੋਂ ਪ੍ਰਦੂਸ਼ਿਤ ਹਵਾਵਾਂ ਦੇ ਪੂਰਬੀ ਸਰਹੱਦ ਰਾਹੀਂ ਪਾਕਿਸਤਾਨ 'ਚ ਦਾਖਲ ਹੋਣ ਤੋਂ ਬਾਅਦ ਲਾਹੌਰ ਸ਼ਹਿਰ ਜ਼ਹਿਰੀਲੇ ਧੂੰਏਂ ਨਾਲ ਘਿਰਿਆ ਹੋਇਆ ਹੈ, ਜਿਸ ਨਾਲ ਨਾਗਰਿਕਾਂ ਨੂੰ ਸਾਹ ਲੈਣ ਵਿੱਚ ਸਿਹਤ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਲਾਹੌਰ ਅਜੇ ਵੀ ਗੰਭੀਰ ਹਵਾ ਪ੍ਰਦੂਸ਼ਣ ਦੀ ਲਪੇਟ 'ਚ ਹੈ ਅਤੇ ਵਿਸ਼ਵ ਦਰਜਾਬੰਦੀ ਵਿੱਚ ਲਗਾਤਾਰ ਸਿਖਰ 'ਤੇ ਹੈ । ਦੂਜੇ ਪਾਸੇ, ਲਹਿੰਦੇ ਪੰਜਾਬ ਦੀ ਮੁੱਖ ਮੰਤਰੀ ਮਰੀਅਮ ਨਵਾਜ਼ ਨੇ ਲਾਹੌਰ ਵਿੱਚ ਹਵਾ ਪ੍ਰਦੂਸ਼ਣ ਦੀ ਤੀਬਰਤਾ ਨੂੰ ਘਟਾਉਣ ਲਈ ਸੰਬੰਧਿਤ ਵਿਭਾਗਾਂ ਨੂੰ ਅਣਥੱਕ ਕੋਸ਼ਿਸ਼ਾਂ ਜਾਰੀ ਰੱਖਣ ਦੇ ਨਿਰਦੇਸ਼ ਦਿੱਤੇ ਹਨ। ਦੱਸਿਆ ਜਾ ਰਿਹਾ ਹੈ ਕਿ ਲਾਹੌਰ ਦੇ ਚਾਰੇ ਪਾਸੇ 'ਗਰੀਨ ਰਿੰਗ' ਬਣਾਉਣ ਦੀਆਂ ਤਿਆਰੀਆਂ ਵੀ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਸਿਟੀ ਮੈਟਰੋਪੋਲੀਟਨ ਟੀਮ ਨੇ ਪਹਿਲਾਂ ਹੀ ਸ਼ਹਿਰ ਦੇ ਉਨ੍ਹਾਂ ਹਿੱਸਿਆਂ 'ਚ ਗ੍ਰੀਨ ਲਾਕਡਾਊਨ ਲਾਗੂ ਕਰ ਦਿੱਤਾ ਹੈ, ਜਿੱਥੇ ਧੂੰਏਂ ਦਾ ਪੱਧਰ ਬਹੁਤ ਉੱਚਾ ਅਤੇ ਖ਼ਤਰਨਾਕ ਦਰਜ ਕੀਤਾ ਗਿਆ ਹੈ ।

ਕੀ ਸਰਕਾਰਾਂ ਜ਼ਿੰਮੇਵਾਰ ਹਨ ?

ਇਸ ਸਮੁੱਚੇ ਹਾਲਾਤ ਲਈ ਸਬੰਧਿਤ ਸਰਕਾਰਾਂ ਜ਼ਿੰਮੇਵਾਰ ਹਨ। ਸੁਪਰੀਮ ਕੋਰਟ ਵੱਲੋਂ ਪਟਾਕਿਆਂ ਦੀ ਵਰਤੋਂ ਤੇ ਵਿਕਰੀ ਉੱਤੇ ਲਾਈ ਰੋਕ ਦੀ ਬਿਲਕੁਲ ਕੋਈ ਪਰਵਾਹ ਨਹੀਂ ਕੀਤੀ ਗਈ ਤੇ ਕੌਮੀ ਰਾਜਧਾਨੀ ਦਿੱਲੀ ਵਿੱਚ ਵਿਕਰੀ ਧੜੱਲੇ ਨਾਲ ਹੋਈ। ਲੋਕਾਂ ਦੀ ਸਿਹਤ ਤੋਂ ਇਸ ਤਰ੍ਹਾਂ ਮੂੰਹ ਮੋੜਨਾ ਕਿਸੇ ਆਫ਼ਤ ਦਾ ਕਾਰਨ ਬਣ ਸਕਦਾ ਹੈ। ਤਤਕਾਲੀ ਪ੍ਰਸ਼ਾਸਨ ਇਨ੍ਹਾਂ ਦਾ ਕੋਈ ਹੱਲ ਕੱਢਣ ਤੋਂ ਅਸਮਰਥ ਰਹੇ ਹਨ। ਅਦਾਲਤਾਂ ਰਾਹੀਂ ਇਹ ਫ਼ੈਸਲੇ ਵੀ ਆਏ ਸਨ ਕਿ ਹਰ ਤਰ੍ਹਾਂ ਦੇ ਪਟਾਕੇ ਬਣਾਉਣ 'ਤੇ ਹੀ ਪਾਬੰਦੀ ਲਗਾ ਦਿੱਤੀ ਜਾਏ ਪਰ ਸਰਕਾਰਾਂ ਅਜਿਹਾ ਕਰਨ ਵਿੱਚ ਅਸਮਰੱਥ ਰਹੀਆਂ ਹਨ। ਕਾਰਖ਼ਾਨਿਆਂ ਦੇ ਧੂੰਏਂ ਸੰਬੰਧੀ ਕਦੀ ਵੀ ਕੋਈ ਵੱਡੀ ਯੋਜਨਾਬੰਦੀ ਨਹੀਂ ਕੀਤੀ ਜਾ ਸਕੀ। ਵਾਹਨਾਂ ਦੇ ਪ੍ਰਦੂਸ਼ਣ ਸੰਬੰਧੀ ਚਰਚਾ ਜ਼ਰੂਰ ਹੁੰਦੀ ਰਹੀ ਹੈ ਪਰ ਇਸ ਨੂੰ ਸੀਮਤ ਕਰਨ ਲਈ ਕੋਈ ਪ੍ਰਭਾਵਸ਼ਾਲੀ ਢੰਗ ਨਾ ਵਰਤੇ ਜਾ ਸਕੇ। ਅਜਿਹੇ ਵਾਤਾਵਰਨ ਵਿੱਚ ਜਿਉਣ ਵਾਲੇ ਬਹੁਤੇ ਲੋਕ ਵੀ ਇਨ੍ਹਾਂ ਪੱਖਾਂ ਤੋਂ ਸੁਚੇਤ ਨਹੀਂ ਹੋ ਸਕੇ, ਜਿਸ ਕਰਕੇ ਤਰ੍ਹਾਂ-ਤਰ੍ਹਾਂ ਦੇ ਫ਼ੈਲਦੇ ਅਜਿਹੇ ਪ੍ਰਦੂਸ਼ਣ ਨੂੰ ਨੱਥ ਨਹੀਂ ਪਾਈ ਜਾ ਸਕੀ। ਪਰ ਹੁਣ ਇਸ ਪੱਖੋਂ ਪਾਣੀ ਸਿਰ ਤੋਂ ਟੱਪ ਗਿਆ ਜਾਪਦਾ ਹੈ। ਸ਼ਾਇਦ ਨਵਾਂ ਅਧਿਐਨ ਕਰਨ ਦਾ ਸਮਾਂ ਆ ਗਿਆ ਹੈ। ਪਟਾਕਿਆਂ ਪ੍ਰਤੀ ਇਸ ਪਿਆਰ ਦੀ ਮਨੋਵਿਗਿਆਨਕ ਵਿਆਖਿਆ ਕੀ ਹੈ, ਇਹ ਜਾਨਣ ਲਈ ਵੱਡਾ ਸਰਵੇਖਣ ਕੀਤਾ ਜਾਣਾ ਚਾਹੀਦਾ ਹੈ। ਆਖ਼ਰ ਉਹ ਕਿਹੜੀ ਚੀਜ਼ ਹੈ ਜਿਸ ਕਾਰਨ ਲੋਕ ਵਾਤਾਵਰਣ ਨੂੰ ਨੁਕਸਾਨ ਪਹੁੰਚਾਉਣ ਤੋਂ ਇਲਾਵਾ ਬਿਮਾਰੀਆਂ ਅਤੇ ਮੌਤ ਦੀਆਂ ਚਿਤਾਵਨੀਆਂ ਤੋਂ ਵੀ ਨਹੀਂ ਡਰਦੇ ਅਤੇ ਪਟਾਕੇ ਚਲਾਏ ਬਿਨਾਂ ਨਹੀਂ ਸੁਣਦੇ ?

ਸ਼ਾਇਦ ਨਵਾਂ ਅਧਿਐਨ ਕਰਨ ਦਾ ਸਮਾਂ ਆ ਗਿਆ ਹੈ। ਪਟਾਕਿਆਂ ਪ੍ਰਤੀ ਇਸ ਪਿਆਰ ਦੀ ਮਨੋਵਿਗਿਆਨਕ ਵਿਆਖਿਆ ਕੀ ਹੈ, ਇਹ ਜਾਨਣ ਲਈ ਵੱਡਾ ਸਰਵੇਖਣ ਕੀਤਾ ਜਾਣਾ ਚਾਹੀਦਾ ਹੈ। ਆਖ਼ਰ ਉਹ ਕਿਹੜੀ ਚੀਜ਼ ਹੈ ਜਿਸ ਕਾਰਨ ਲੋਕ ਵਾਤਾਵਰਣ ਨੂੰ ਨੁਕਸਾਨ ਪਹੁੰਚਾਉਣ ਤੋਂ ਇਲਾਵਾ ਬਿਮਾਰੀਆਂ ਅਤੇ ਮੌਤ ਦੀਆਂ ਚਿਤਾਵਨੀਆਂ ਤੋਂ ਵੀ ਨਹੀਂ ਡਰਦੇ ਅਤੇ ਪਟਾਕੇ ਚਲਾਏ ਬਿਨਾਂ ਨਹੀਂ ਰਹਿੰਦੇ ?

ਕਿਸੇ ਤਰ੍ਹਾਂ ਸਾਨੂੰ ਇਸ ਸਵਾਲ ਦਾ ਜਵਾਬ ਮਿਲ ਜਾਂਦਾ ਹੈ ਕਿ ਹਰ ਸਾਲ ਦਿਵਾਲੀ ਦਾ ਤਿਉਹਾਰ ਜ਼ਹਿਰੀਲੇ ਪਟਾਕੇ ਚਲਾ ਕੇ ਮਨਾਉਣ ਵਾਲਾ ਤਿਉਹਾਰ ਹੈ ਜਾਂ ਮੌਤ ?

ਕੀ ਇਹ ਦਿਵਾਲੀ ਦਾ ਜਸ਼ਨ ਹੈ ਜਾਂ ਸਾਹ ਦੀਆਂ ਬਿਮਾਰੀਆਂ ਕਾਰਨ ਮੌਤ। ਜੇਕਰ ਮੌਜੂਦਾ ਸਰਕਾਰਾਂ ਨੇ, ਅਦਾਲਤਾਂ ਨੇ ਇਸ ਪ੍ਰਤੀ ਅਮਲੀ ਰੂਪ ਵਿੱਚ ਕੋਈ ਸਖ਼ਤ ਕਦਮ ਨਾ ਪੁੱਟੇ ਅਤੇ ਲੋਕ ਵੀ ਸੁਚੇਤ ਹੋ ਕੇ ਆਪਣੇ ਆਪ ਨੂੰ ਜ਼ਾਬਤੇ ਵਿੱਚ ਨਾ ਲਿਆ ਸਕੇ ਤਾਂ ਉਹ ਦਿਨ ਦੂਰ ਨਹੀਂ, ਜਦੋਂ ਚੌਗਿਰਦਾ ਪੂਰੀ ਤਰ੍ਹਾਂ ਜ਼ਹਿਰੀਲੇ ਚੈਂਬਰ ਦਾ ਰੂਪ ਧਾਰ ਲਵੇਗਾ, ਅਜਿਹੇ ਵਾਤਾਵਰਣ ਵਿੱਚ ਚੰਗਾ ਅਤੇ ਸੁਥਰਾ ਜੀਵਨ ਜਿਊਣਾ ਤਾਂ ਇਕ ਪਾਸੇ ਜਿਊਣਾ ਵੀ ਮੁਸ਼ਕਿਲ ਹੋ ਜਾਏਗਾ। ਸਾਹ ਰੁਕਣ ਤੋਂ ਬਚਣ ਲਈ ਸਮੂਹਿਕ ਜਵਾਬਦੇਹੀ ਤੈਅ ਕਰਨੀ ਪਏਗੀ।

***

## ਡਰੱਗ 'ਚ ਫ਼ਸਿਆ ਪੰਜਾਬ ਬਨਾਮ

ਆਮ ਬੰਦਾ ਸਰਕਾਰੀ ਕੰਮਾਂ ਦੀਆਂ ਖ਼ੂਬੀਆਂ ਗਿਣਾਵੇ ਜਾਂ ਨਾ ਪਰ ਉਹ ਸਰਕਾਰ ਦੀਆਂ ਨਾਕਾਮੀਆਂ ਹਰ ਹਾਲਤ ਗਿਣਾ ਦੇਵੇਗਾ। ਅਫ਼ਸੋਸ ! ਪਿੰਡਾਂ ਵਿਚੋਂ ਸਰਕਾਰ ਕੇਵਲ ਸਰਕਾਰ ਪੱਖੀ ਬੰਦਿਆਂ ਦੀ ਗੱਲ ਹੀ ਸੁਣਦੀ ਹੈ।

ਪੰਜਾਬ ਨਸ਼ਿਆਂ ਦੀ ਦਲਦਲ ਵਿੱਚ ਧਸ ਹੀ ਨਹੀਂ ਰਿਹਾ ਸਗੋਂ ਗਰਕ ਰਿਹਾ ਹੈ। ਅੱਜ ਕੁਝ ਨੌਜਵਾਨ ਵਿਦੇਸ਼ੀ ਧਰਤੀ 'ਤੇ ਜਾਣ ਲਈ ਮਜਬੂਰ ਹਨ, ਇਸ ਨਾਲੋਂ ਵੱਡੀ ਗਿਣਤੀ ਵਿੱਚ ਨਸ਼ਿਆਂ ਦੀ ਮਾਰ ਜਵਾਨੀ ਨੂੰ ਖ਼ਤਮ ਕਰ ਰਹੀ ਹੈ ਜਿਸ ਦੇ ਫ਼ਲਸਰੂਪ ਘਰਾਂ ਵਿੱਚ ਜਾਂ ਤਾਂ ਬੁਢਾਪਾ ਰਹਿ ਰਿਹਾ ਹੈ ਅਤੇ ਜਾਂ ਫ਼ਿਰ ਲਾਚਾਰ ਔਰਤਾਂ ਦਾ ਵਾਸਾ ਹੈ। ਇਹ ਦੋਨੇ ਉਜਾੜੇ ਪੰਜਾਬ ਦਾ ਇਤਿਹਾਸ ਲਿਖਣਗੇ ਅਤੇ ਇਸ ਲਈ ਜ਼ਿੰਮੇਵਾਰ ਲੋਕਾਂ ਦੀ ਗਿਣਤੀ ਆਉਣ ਵਾਲੀਆਂ ਪੀੜ੍ਹੀਆਂ ਨੇ ਕਰਨੀ ਹੈ। ਇਸ ਗਿਣਤੀ ਵਿੱਚ ਵਾਅਦੇ ਕਰ ਕੇ ਪੂਰੇ ਨਾ ਉਤਰਨ ਵਾਲੇ ਸ਼ਾਸਕ ਪਹਿਲੀਆਂ ਵਿਚ ਕੋਸੇ ਜਾਇਆ ਕਰਨਗੇ। ਇਸ ਨੂੰ ਲੋਕਰਾਜ ਦੇ ਮੱਥੇ ਤੇ ਕਲੰਕ ਵਜੋਂ ਵੀ ਦੇਖਿਆ ਜਾਇਆ ਕਰੇਗਾ ਕਿਉਂਕਿ ਆਮ ਵਿਅਕਤੀ ਤੋਂ ਸ਼ਾਸਕ ਬਣੇ ਲੋਕਾਂ ਨੇ ਜਿਹੜੇ ਵਾਅਦੇ ਕਰ ਕੇ ਲੋਕਾਂ ਦੀਆਂ ਵੋਟਾਂ ਬਟੋਰੀਆਂ ਹੁੰਦੀਆਂ ਹਨ, ਉਨ੍ਹਾਂ ਸਿਰ ਬਹੁਤ ਵੱਡੀ ਜ਼ਿੰਮੇਵਾਰੀ ਆਇਦ ਹੁੰਦੀ ਹੈ।

ਜੇਕਰ ਕੋਈ ਲੇਖਕ ਆਪਣਾ ਆਰਟੀਕਲ, ਕਵਿਤਾ, ਕਹਾਣੀ, ਮਿੰਨੀ ਕਹਾਣੀ ਜਾਂ ਲੇਖ
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ AMRITSAR TIMES
ਅਖ਼ਬਾਰ ਵਿੱਚ ਛਪਵਾਉਣ ਲਈ ਇੱਛੁਕ ਹੈ ਤਾਂ ਉਹ ਸਾਡੀ ਈ.ਮੇਲ : asrnewwriters@gmail.com 'ਤੇ ਆਪਣੀ ਲਿਖਤ ਭੇਜ ਸਕਦੇ ਹਨ। ਮਿਆਰੀ ਲਿਖਤ ਨੂੰ ਅਖ਼ਬਾਰ 'ਚ ਜ਼ਰੂਰ ਥਾਂ ਦਿੱਤੀ ਜਾਵੇਗੀ।
ਨਾਮ ਅਤੇ ਫ਼ੋਨ ਨੰਬਰ ਜ਼ਰੂਰ ਲਿਖਿਆ ਜਾਵੇ।
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
Email: asrnewwriters@gmail.com www.amritsartimes.com Ph.: (510) 240-5949

## ਬਹੁਪੱਖੀ ਸੰਕਟਾਂ 'ਚ ਫ਼ਸੇ ਪੰਜਾਬ

ਪੁਲਿਸ ਦੀ ਜੁਗਲਬੰਦੀ ਨੂੰ ਖ਼ਤਮ ਕਰਨ ਦਾ ਜ਼ਿੰਮਾ ਕਿਸ ਦਾ ਹੈ ? ਨਸ਼ਾ ਤੇ ਨਸ਼ੇ ਦੇ ਸੌਦਾਗਰਾਂ ਦਾ ਫ਼ਾਹਾ ਵੱਢਣ ਦੀਆਂ ਗੱਲਾਂ ਕਰਨ ਵਾਲੀ ਹਾਕਮ ਧਿਰ ਨੂੰ ਅਜਿਹੇ ਅਨੇਕਾਂ ਸਵਾਲਾਂ ਦੇ ਜੁਆਬ ਦੇਣੇ ਹੀ ਪੈਣਗੇ। ਲੋਕਾਂ ਦੀ ਜਾਨ ਤੇ ਮਾਲ ਦੀ ਸੁਰੱਖਿਆ ਲਈ ਮਜ਼ਬੂਤ ਰਾਜਨੀਤਕ ਇੱਛਾ ਸ਼ਕਤੀ ਜ਼ਰੂਰੀ ਹੈ। ਸੂਬੇ 'ਚ ਸਿੱਖਿਆ ਤੇ ਸਿਹਤ ਖੇਤਰ ਵੀ ਬਿਮਾਰ ਹਨ। ਹਸਪਤਾਲਾਂ 'ਚ ਡਾਕਟਰਾਂ, ਦਵਾਈਆਂ, ਪੈਰਾ-ਮੈਡੀਕਲ ਸਟਾਫ਼ ਦੀ ਵੱਡੀ ਘਾਟ ਹੈ। ਸਿੱਖਿਆ ਖੇਤਰ 'ਚ ਪਿਛਲੀਆਂ ਸਰਕਾਰਾਂ ਨੇ ਬੜੇ ਪ੍ਰਯੋਗ ਕੀਤੇ ਤੇ ਅਨੇਕਾਂ ਤਰ੍ਹਾਂ ਨਾਲ ਸਿੱਖਿਆ ਦੀ ਹੀ ਨਹੀਂ ਅਧਿਆਪਕਾਂ ਦੀ ਵੀ ਵਰਗ ਵੰਡ ਕੀਤੀ ਗਈ। ਸਿੱਟਾ ਇਹ ਨਿਕਲਿਆ ਕਿ ਸਿੱਖਿਆ ਦੇ ਖੇਤਰ ਵਿੱਚ ਮੋਹਰੀ ਰਹਿਣ ਵਾਲਾ ਪੰਜਾਬ ਖਿਸਕ ਕੇ 17ਵੇਂ ਸਥਾਨ 'ਤੇ ਪਹੁੰਚ ਗਿਆ। ਨਵੀਂ ਸਰਕਾਰ ਵੱਲੋਂ ਦਿੱਲੀ ਤੋਂ ਦਰਾਮਦ ਕੀਤਾ ਨਵਾਂ ਸਿੱਖਿਆ ਮਾਡਲ ਗੁਣਵੱਤਾ ਵਿੱਚ ਕੋਈ ਸੁਧਾਰ ਨਹੀਂ ਲਿਆ ਸਕਿਆ। ਸਕੂਲਾਂ ਵਿੱਚ ਵੀ ਡਾਕਟਰਾਂ ਵਾਂਗ ਅਧਿਆਪਕਾਂ ਦੀ ਗਿਣਤੀ ਪੂਰੀ ਨਹੀਂ। ਅਧਿਆਪਕਾਂ ਨੂੰ ਚੋਣਾਂ ਕਰਵਾਉਣ ਤੋਂ ਲੈ ਕੇ ਚੋਣ ਸੂਚੀਆਂ ਸੋਧਣ, ਵੋਟਾਂ ਬਣਾਉਣ, ਕੱਟਣ ਵਰਗੇ ਵਾਧੂ ਦੇ ਕੰਮਾਂ ਲਈ ਰਾਖਵੇਂ ਰੱਖਿਆ ਹੋਇਆ ਹੈ। ਉਚੇਰੀ ਸਿੱਖਿਆ ਦੀ ਗੱਲ ਕਰੀਏ ਤਾਂ ਉਸ ਦਾ ਹਾਲ ਤਾਂ ਸਕੂਲਾਂ ਤੋਂ ਵੀ ਬੁਰਾ ਹੈ। ਕਾਲਜ, ਯੂਨੀਵਰਸਿਟੀਆਂ ਅਧਿਆਪਕਾਂ ਤੋਂ ਸੱਖਣੀਆਂ ਹਨ। ਬੁਨਿਆਦੀ ਢਾਂਚੇ ਲਈ ਫ਼ੰਡ ਨਹੀਂ ਤਾਂ ਲੈਬਜ਼ ਤੇ ਲਾਇਬ੍ਰੇਰੀਆਂ ਲਈ ਵੀ ਸਟਾਫ਼ ਨਹੀਂ। ਇਸ ਦਾ ਫ਼ਾਇਦਾ ਪ੍ਰਾਈਵੇਟ ਸੰਸਥਾਵਾਂ ਵਲੋਂ ਵਿਦਿਆਰਥੀ ਵਰਗ ਦੀ ਅੰਨ੍ਹੀ ਲੁੱਟ ਕਰਕੇ ਉਠਾਇਆ ਜਾ ਰਿਹਾ ਹੈ।

ਸੱਭਿਆਚਾਰ ਤੇ ਭਾਸ਼ਾ ਕਿਸੇ ਸਮਾਜ ਦੇ ਨਰੋਏ ਅੰਗ ਹੁੰਦੇ ਹਨ। ਸੱਭਿਆਚਾਰ ਮਨੁੱਖ ਨੂੰ ਜਿਊਣ ਦੇ ਢੰਗ ਸਿਖਾਉਂਦਾ ਹੈ। ਹਰ ਪੀੜ੍ਹੀ ਆਪਣੀਆਂ ਮਾਣਮੱਤੀਆਂ ਪ੍ਰਾਪਤੀਆਂ ਸੱਭਿਆਚਾਰ ਦੀ ਝੋਲੀ ਪਾ ਕੇ ਇਸ ਨੂੰ ਹੋਰ ਅਮੀਰ ਕਰਦੀ ਹੈ। ਕਿਰਤ ਕਰਨ, ਨਾਮ ਜਪਣ, ਵੰਡ ਛਕਣ ਤੇ ਸਦਾ ਚੜ੍ਹਦੀ ਕਲਾ ਵਿੱਚ ਰਹਿਣ ਵਾਲੇ ਪੰਜਾਬੀ ਹੁਣ ਲਾਲਚੀ, ਹਿੰਸਕ ਤੇ ਵਾਤਾਵਰਨ ਨੂੰ ਬਰਬਾਦ ਕਰਨ ਵਾਲੇ ਬਣਦੇ ਜਾ ਰਹੇ ਹਨ। ਆਪਣੇ ਸੱਭਿਆਚਾਰ ਦੀ ਗਿਰਾਵਟ ਨੂੰ ਵੇਖ ਕੇ ਖ਼ੁਸ਼ ਹੁੰਦੇ, ਨੱਚਦੇ-ਗਾਉਂਦੇ ਤੇ ਜ਼ਿੰਦਗੀ ਨੂੰ ਸਿਰਫ਼ ਜਸ਼ਨ ਵਜੋਂ ਭੋਗਣ ਵਾਲੇ ਬਣ ਗਏ ਹਨ। ਇਸ ਨੈਤਿਕ ਗਿਰਾਵਟ ਨੇ ਪੰਜਾਬੀ ਪਛਾਣ ਨੂੰ ਬਹੁਤ ਠੇਸ ਪਹੁੰਚਾਈ ਹੈ। ਪੰਜਾਬੀ ਗਾਇਕੀ, ਵਿਆਹਾਂ 'ਚ ਫ਼ਜ਼ੂਲ ਖਰਚੀ, ਵਿਖਾਵੇ ਦੀ ਸ਼ਾਨੋ ਸ਼ੌਕਤ ਤੇ ਫ਼ੁਕਰੇਪਣ ਨੇ ਸੱਭਿਆਚਾਰ ਨੂੰ ਵੱਡੀ ਢਾਹ ਲਗਾਈ ਹੈ। ਅਸੀਂ ਹੁਣ ਹਥਿਆਰਾਂ ਦੇ ਪ੍ਰਦਰਸ਼ਨ ਨੂੰ ਆਪਣੀ ਸ਼ਾਨ ਸਮਝਣ ਲੱਗ ਪਏ ਹਾਂ। ਸੱਭਿਆਚਾਰ ਦੇ ਨਾਂਅ 'ਤੇ ਫ਼ੈਲਾਏ ਜਾ ਰਹੇ ਵਿਖਾਵੇ ਨੂੰ ਸਖ਼ਤੀ ਨਾਲ ਨੱਥ ਪਾਉਣ ਦੀ ਲੋੜ ਹੈ। ਭਾਸ਼ਾ ਸੰਚਾਰ ਦਾ ਮਾਧਿਅਮ ਹੀ ਨਹੀਂ, ਸਗੋਂ ਮਨੁੱਖ ਦੀ ਨਿਵੇਕਲੀ ਪਛਾਣ ਵੀ ਹੁੰਦੀ ਹੈ। ਅਜੋਕੇ ਦੌਰ 'ਚ ਪੰਜਾਬੀ ਭਾਸ਼ਾ ਸਭ ਤੋਂ ਵੱਧ ਸੰਕਟਗ੍ਰਸਤ ਨਜ਼ਰ ਆਉਂਦੀ ਹੈ, ਜਿਸ ਦੀ ਵਜ੍ਹਾ ਪ੍ਰਸ਼ਾਸਨ ਵਲੋਂ ਪੰਜਾਬੀ ਨੂੰ ਇਮਾਨਦਾਰੀ ਨਾਲ ਲਾਗੂ ਨਾ ਕਰਨਾ ਹੈ। ਭਾਸ਼ਾ ਨੂੰ ਰੁਜ਼ਗਾਰ ਨਾਲ ਜੋੜਨਾ ਅਜੋਕੇ ਸਮੇਂ ਦੀ ਵੱਡੀ ਲੋੜ ਹੈ। ਪੰਜਾਬ ਦੇ 25 ਹਜ਼ਾਰ ਪ੍ਰਾਈਵੇਟ ਸਕੂਲਾਂ ਵਿਚੋਂ ਬਹੁਤੇ ਪੰਜਾਬੀ ਨੂੰ ਬਣਦਾ ਸਤਿਕਾਰ ਨਹੀਂ ਦੇ ਰਹੇ ਤੇ ਇਸ ਨੂੰ ਪੜ੍ਹਾਉਣਾ ਗੈਰ ਜ਼ਰੂਰੀ ਸਮਝਿਆ ਜਾ ਰਿਹਾ ਹੈ। ਸੂਬੇ ਦੀ ਨੌਕਰਸ਼ਾਹੀ ਨੇ ਕਦੇ ਵੀ ਪੰਜਾਬੀ ਦਾ ਪੱਖ ਨਹੀਂ ਪੂਰਿਆ, ਪੰਜਾਬੀ ਭਾਸ਼ਾ ਦੀ ਤਰੱਕੀ ਲਈ ਪ੍ਰੋਗਰਾਮ ਨਹੀਂ ਉਲੀਕੇ। ਇਸ ਸਥਿਤੀ 'ਚ ਬਦਲਾਅ ਲਿਆਉਣ ਲਈ ਸਰਕਾਰ ਦੀ ਨੀਤੀ ਤੇ ਨੀਅਤ ਦੋਵੇਂ ਸਾਫ਼ ਹੋਣੇ ਚਾਹੀਦੇ ਹਨ। ਸਮੁੱਚੇ ਤੌਰ 'ਤੇ ਵੇਖੀਏ ਤਾਂ ਬੇਚੈਨ, ਉਦਾਸ, ਨਿਰਾਸ਼ ਤੇ ਸੰਕਟਾਂ ਦੇ ਸ਼ਿਕਾਰ ਅਜੋਕੇ ਪੰਜਾਬ ਵਿੱਚ ਮੌਜੂਦਾ ਸਥਿਤੀ ਵਿਚ ਹੰਭਲਾ ਮਾਰ ਕੇ ਲੋਕਾਂ ਨੂੰ ਜਾਗਰੂਕ ਕਰਨ ਦੀ ਲੋੜ ਹੈ, ਤਾਂ ਜੋ ਉਹ ਸਹੀ ਤੇ ਗ਼ਲਤ ਫ਼ੈਸਲਿਆਂ ਬਾਰੇ ਇਮਾਨਦਾਰੀ ਨਾਲ ਨਿਰਣਾ ਲੈ ਸਕਣ। ਤਾਅਨੇ, ਮਿਹਣਿਆਂ ਵਾਲੀ ਰਾਜਨੀਤੀ ਪੰਜਾਬ ਦਾ ਸੱਭਿਆਚਾਰ ਨਹੀਂ। ਹਰ ਪਲ ਰਾਜਨੀਤੀ ਦੀ ਸ਼ਤਰੰਜੀ ਚਾਲ ਚੱਲਣਾ ਖ਼ਤਰਨਾਕ ਹੈ। ਇਹ ਵੇਲਾ ਸਿਰ ਜੋੜ ਕੇ ਵਿਚਾਰ ਕਰਨ ਦਾ ਹੈ, ਦੂਸ਼ਣਬਾਜ਼ੀ 'ਚ ਗੁਆਉਣ ਦਾ ਨਹੀਂ। ਭਾਵੇਂ ਅੱਜ ਹਰ ਕੋਈ ਬਾਹਰੋਂ ਪੰਜਾਬ ਪ੍ਰਸਤ ਹੋਣ ਦਾ ਵਿਖਾਵਾ ਕਰ ਰਿਹਾ ਹੋਵੇ, ਪਰ ਅੰਦਰੋਂ ਸਭ ਆਪਣੇ ਆਕਾਵਾਂ ਦੇ ਹਿਤੈਸ਼ੀ ਨਜ਼ਰ ਆਉਂਦੇ ਹਨ।

***

## ਪੱਛਮੀ ਦੇਸ਼ਾਂ ਵਿੱਚ ਬੇਰੁਜ਼ਗਾਰੀ

ਇਮੀਗ੍ਰੇਸ਼ਨ ਤੇ ਕਿਰਤ ਕਾਨੂੰਨਾਂ ਵਿੱਚ ਤਿੱਖੀਆਂ ਸੋਧਾਂ ਦਾ ਵਰਤਾਰਾ ਸਭਨਾਂ ਵਿਕਸਿਤ ਮੁਲਕਾਂ ਵਿੱਚ ਇਕਸਾਰ ਤੇਜ਼ ਹੋ ਰਿਹਾ ਹੈ।

ਸਾਮਰਾਜੀ ਦੇਸ਼ਾਂ ਵਿੱਚ ਨੌਜਵਾਨਾਂ ਤੇ ਕੌਮਾਂਤਰੀ ਵਿਦਿਆਰਥੀਆਂ ਲਈ ਨੌਕਰੀਆਂ ਦਾ ਸੰਕਟ ਸਭ ਤੋਂ ਵੱਧ ਚਿੰਤਾਜਨਕ ਹੈ। ਕੌਮਾਂਤਰੀ ਵਿਦਿਆਰਥੀਆਂ ਲਈ ਮਹਿੰਗੀਆਂ ਫੀਸਾਂ, ਮਹਿੰਗੇ ਰਿਹਾਇਸ਼ੀ ਕਿਰਾਏ, ਮਹਿੰਗੀ ਗਰੌਸਰੀ, ਇਕਲਾਪਾ, ਭਾਸ਼ਾ ਤੇ ਸੱਭਿਆਚਾਰਕ ਵਖਰੇਵੇਂ ਆਦਿ ਮੁਸ਼ਕਿਲਾਂ ਦੇ ਚੱਲਦਿਆਂ ਗੁਜ਼ਾਰੇ ਲਈ ਪਾਰਟ ਟਾਈਮ ਨੌਕਰੀਆਂ ਲੱਭਣਾ ਸਭ ਤੋਂ ਵੱਧ ਔਖਾ ਕਾਰਜ ਹੈ। ਸਟੈਟਿਸਟਿਕਸ ਕੈਨੇਡਾ ਦੇ ਮਈ 2023 ਦੇ ਸਰਵੇ ਮੁਤਾਬਿਕ, 15 ਤੋਂ 24 ਸਾਲ ਦੇ ਨੌਜਵਾਨਾਂ ਵਿੱਚ ਬੇਰੁਜ਼ਗਾਰੀ ਦਰ 10.7% ਹੈ। ਇਹੀ ਵਰਤਾਰਾ ਬਾਕੀ ਦੇ ਵਿਕਸਿਤ ਮੁਲਕਾਂ ਵਿੱਚ ਹੈ। ਵਿਦੇਸ਼ਾਂ ਵਿੱਚ ਹੋਰਾਂ ਮੁਲਕਾਂ ਦੀ ਤੁਲਨਾ ਵਿੱਚ ਭਾਰਤੀ ਨੌਜਵਾਨਾਂ, ਵਿਦਿਆਰਥੀਆਂ ਤੇ ਪਰਵਾਸੀਆਂ ਦੀ ਬਦਤਰ ਹਾਲਤ ਦੀਆਂ ਘਟਨਾਵਾਂ ਉਭਰਵੇਂ ਰੂਪ ਵਿੱਚ ਸੁਰਖੀਆਂ ਵਿੱਚ ਰਹਿੰਦੀਆਂ ਹਨ। ਇਸ ਦਾ ਉਘੜਵਾਂ ਕਾਰਨ ਭਾਰਤ ਵਿੱਚ ਨੌਜਵਾਨਾਂ ਵਿੱਚ ਸਭ ਤੋਂ ਵੱਧ ਬੇਰੁਜ਼ਗਾਰੀ ਹੈ। ਕੌਮਾਂਤਰੀ ਕਿਰਤ ਸੰਸਥਾ ਦੇ 2024 ਦੇ ਅੰਕੜੇ ਮੁਤਾਬਿਕ ਭਾਰਤ ਵਿੱਚ ਕੁੱਲ ਬੇਰੁਜ਼ਗਾਰਾਂ ਵਿੱਚੋਂ 83% ਕੇਵਲ ਨੌਜਵਾਨ ਬੇਰੁਜ਼ਗਾਰ ਹਨ। ਹਜ਼ਾਰਾਂ ਭਾਰਤੀ ਨੌਜਵਾਨਾਂ ਨੂੰ ਜੰਗ ਵਿੱਚ ਉਲਝੇ ਹੋਏ ਯੂਕ੍ਰੇਨ ਤੇ ਮੱਧ-ਪੂਰਬੀ ਦੇਸ਼ਾਂ ਵਿੱਚ ਘੱਟ ਉਜਰਤ ਤੇ ਕੰਮ ਕਰਨ ਜਾਣਾ ਪੈ ਰਿਹਾ ਹੈ। ਭਾਰਤ ਵਿਚਲੀ ਬੇਰੁਜ਼ਗਾਰੀ, ਨਸ਼ੇ, ਗਰੀਬੀ, ਅਸੁਰੱਖਿਅਤ ਭਵਿੱਖ ਤੇ ਹੋਰ ਤੰਗੀਆਂ-ਤੁਰਸ਼ੀਆਂ ਦੇ ਧੱਕੇ ਨੌਜਵਾਨ-ਵਿਦਿਆਰਥੀ ਵਿਦੇਸ਼ਾਂ ਵੱਲ ਪਰਵਾਸ ਕਰਨ ਲਈ ਮਜਬੂਰ ਹੋ ਰਹੇ ਹਨ ਪਰ ਬਦਲਦੇ ਹਾਲਾਤ ਕਰ ਕੇ ਵਿਦੇਸ਼ੀ ਧਰਤ ਵੀ ਉਨ੍ਹਾਂ ਦੇ ਸੁਫਨਿਆਂ ਦੀ ਸੈਰਗਾਹ ਨਹੀਂ ਰਹੀ।ਤੇਜ਼ੀ ਨਾਲ ਬਦਲ ਰਹੇ ਵਿਸ਼ਵ ਆਰਥਿਕ ਸਿਆਸੀ ਹਾਲਾਤ ਕਾਰਨ ਵਿਦੇਸ਼ਾਂ ਵਿੱਚ ਸ਼ਰਨਾਰਥੀਆਂ, ਨੌਜਵਾਨਾਂ, ਕੌਮਾਂਤਰੀ ਵਿਦਿਆਰਥੀਆਂ ਅਤੇ ਪਰਵਾਸੀਆਂ ਨੂੰ ਵੱਡੇ ਆਰਥਿਕ-ਸਮਾਜਿਕ ਬੋਝ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਾਮਰਾਜੀ ਆਰਥਿਕ ਨੀਤੀਆਂ ਦੇ ਪੈਦਾ ਕੀਤੇ ਹੋਏ ਸੰਕਟ ਵਿੱਚ ਉਲਝੇ ਹੋਏ ਵਿਕਸਿਤ ਮੁਲਕ ਜਿੱਥੇ ਕਿਰਤ, ਸ਼ਰਨਾਰਥੀ ਤੇ ਇਮੀਗ੍ਰੇਸ਼ਨ ਕਾਨੂੰਨਾਂ ਵਿੱਚ ਤਿੱਖੀਆਂ ਸੋਧਾਂ ਕਰ ਰਹੇ ਹਨ ਉੱਥੇ ਇਹ ਮੁਲਕ ਆਪਣੇ ਘਰੇਲੂ ਤੇ ਕੌਮਾਂਤਰੀ ਸਿਆਸੀ ਲਾਹੇ ਲਈ ਪਰਵਾਸੀਆਂ ਨੂੰ ਸਮੁੱਚੇ ਸੰਕਟ ਦਾ ਜ਼ਿੰਮੇਵਾਰ ਬਣਾ ਕੇ ਪੇਸ਼ ਕਰ ਰਹੇ ਹਨ। ਵਿਦੇਸ਼ੀ ਸਰਕਾਰਾਂ ਵੱਲੋਂ ਪਰਵਾਸੀਆਂ ਨਾਲ ਸਖਤੀ ਨਾਲ ਪੇਸ਼ ਆਉਣ ਕਰ ਕੇ ਨਸਲੀ ਵਿਤਕਰੇਬਾਜ਼ੀ, ਸਹਿਮ ਤੇ ਸਮਾਜਿਕ-ਆਰਥਿਕ ਅਸੁਰੱਖਿਆ ਦਾ ਮਾਹੌਲ ਪਨਪ ਰਿਹਾ ਹੈ। ਪਰਵਾਸੀਆਂ ਸਮੇਤ ਲੋਕਾਂ ਦੀਆਂ ਬੁਨਿਆਦੀ ਲੋੜਾਂ, ਮਾਨਵੀ ਅਧਿਕਾਰਾਂ ਅਤੇ ਸੁਰੱਖਿਆ ਵੱਲ ਧਿਆਨ ਕੇਂਦਰਿਤ ਕਰਨ ਦੀ ਬਜਾਇ ਇਨ੍ਹਾਂ ਮੁਲਕਾਂ ਦੀਆਂ ਸਰਕਾਰਾਂ ਜੰਗੀ ਸਹਾਇਤਾ, ਨਸਲੀ ਵਿਤਕਰੇ, ਕੂਟਨੀਤਕ ਵਿਵਾਦਾਂ, ਲੋਕ ਵਿਰੋਧੀ ਕਾਨੂੰਨ ਲਾਗੂ ਕਰਨ ਵਿੱਚ ਲੱਗੀਆਂ ਹੋਈਆਂ ਹਨ। ਸਾਰੇ ਸਾਮਰਾਜੀ ਦੇਸ਼ਾਂ ਅੰਦਰ ਵਧਦੀ ਬੇਰੁਜ਼ਗਾਰੀ ਕਾਰਨ ਇਮੀਗ੍ਰੇਸ਼ਨ ਨੀਤੀਆਂ ਵਿਚ ਤਬਦੀਲੀਆਂ ਕੀਤੀਆਂ ਜਾ ਰਹੀਆਂ ਹਨ ਪਰ ਭਾਰਤ ਦੇ ਬੇਰੁਜ਼ਗਾਰੀ ਨਾਲ ਝੰਬੇ ਨੌਜਵਾਨਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਸੁਫਨ-ਦੇਸ਼ ਬਣੇ ਕੈਨੇਡਾ ਵੱਲੋਂ ਵਿਦੇਸ਼ੀ ਨਾਗਰਿਕਾਂ ਉੱਤੇ ਪਾਬੰਦੀਆਂ ਲਾਉਣ ਨੇ ਭਾਰਤ ਵਿੱਚੋਂ ਕੈਨੇਡਾ ਪਹੁੰਚਣ ਦੀ ਆਸ ਲਾਈ ਬੈਠੇ ਲੱਖਾਂ ਨੌਜਵਾਨਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀਆਂ ਚਿੰਤਾਵਾਂ ਨੂੰ ਵੱਡੇ ਪੱਧਰ ਉੱਤੇ ਵਧਾ ਦਿੱਤਾ ਹੈ। ਇਸ ਦੇ ਨਾਲ ਹੀ ਸਾਮਰਾਜੀ ਦੇਸ਼ਾਂ ਅੰਦਰ ਵੱਖ-ਵੱਖ ਹਾਕਮ ਜਮਾਤੀ ਪਾਰਟੀਆਂ ਵੱਲੋਂ ਵਿਦੇਸ਼ੀ ਵਿਦਿਆਰਥੀਆਂ ਖ਼ਿਲਾਫ਼ ਫਾਸ਼ੀਵਾਦੀ ਜਨੂਨ ਭੜਕਾਇਆ ਜਾ ਰਿਹਾ ਹੈ।

ਵਿਦੇਸ਼ਾਂ ਵਿੱਚ ਚੰਗੇ ਭਵਿੱਖ ਤੇ ਬਿਹਤਰ ਜੀਵਨ ਲਈ ਸਥਾਨਕ ਕਿਰਤੀ ਕਾਮਿਆਂ, ਮੂਲ ਨਿਵਾਸੀਆਂ, ਕੌਮਾਂਤਰੀ ਵਿਦਿਆਰਥੀਆਂ, ਪਰਵਾਸੀਆਂ, ਬਹੁਕੌਮੀ ਲੋਕਾਂ ਵਿਚਕਾਰ ਏਕਤਾ ਤੇ ਸਾਂਝੀਵਾਲਤਾ ਬੇਹੱਦ ਜ਼ਰੂਰੀ ਹੈ। ਇਸੇ ਏਕਤਾ ਤੇ ਚੇਤਨਾ ਦੇ ਆਧਾਰ 'ਤੇ ਸਰਕਾਰਾਂ ਦੇ ਲੋਕ ਵਿਰੋਧੀ ਫੈਸਲਿਆਂ ਖ਼ਿਲਾਫ਼ ਸੰਘਰਸ਼ ਦੀ ਆਵਾਜ਼ ਉਠਾਈ ਜਾਣੀ ਚਾਹੀਦੀ ਹੈ।

***

## ਫ਼ਿਲਮਾਂ ਰਾਹੀਂ ਮਿਰਜ਼ਾ ਸਾਹਿਬਾਂ ਦੇ

ਜੇ.ਕੇ.ਫ਼ਿਲਮਜ਼ ਦੇ ਬੈਨਰ ਹੇਠ ਬਣੀ ਇਸ ਫ਼ਿਲਮ ਦੇ ਨਿਰਮਾਤਾ ਸਰਦੂਲ ਕਵਾਤਰਾ ਅਤੇ ਨਿਰਦੇਸ਼ਕ ਰਵੀ ਕਪੂਰ ਸਨ। ਫ਼ਿਲਮ ਵਿੱਚ ਅਦਾਕਾਰ ਸ਼ੰਮੀ ਕਪੂਰ ਅਤੇ ਅਦਾਕਾਰਾ ਸ਼ਿਆਮਾ ਦੀ ਖ਼ੂਬਸੂਰਤ ਜੋੜੀ ਮਿਰਜ਼ਾ ਸਾਹਿਬਾਂ ਦੇ ਕਿਰਦਾਰ ਵਿੱਚ ਨਜ਼ਰ ਆਈ। ਇਨ੍ਹਾਂ ਤੋਂ ਇਲਾਵਾ ਫ਼ਿਲਮ ਵਿੱਚ ਅਦਾਕਾਰ ਰਾਮ ਸਿੰਘ, ਮਦਨ ਪੁਰੀ, ਗੁਲਾਬ, ਸ਼ੀਲਾ ਵਾਜ਼ ਅਤੇ ਉਮਾ ਦੱਤ ਨੇ ਵੀ ਅਹਿਮ ਕਿਰਦਾਰ ਅਦਾ ਕੀਤੇ। ਸਰਦੂਲ ਕਵਾਤਰਾ ਦੇ ਖ਼ੂਬਸੂਰਤ ਸੰਗੀਤ ਨਾਲ ਸਜੀ ਇਸ ਫ਼ਿਲਮ ਵਿੱਚ ਮੁਹੰਮਦ ਰਫ਼ੀ, ਲਤਾ ਮੰਗੇਸ਼ਕਰ, ਆਸ਼ਾ ਭੌਂਸਲੇ, ਅਤੇ ਸ਼ਮਸ਼ਾਦ ਬੇਗ਼ਮ ਨੇ ਗੀਤ ਗਾਏ। ਫ਼ਿਲਮ ਵਿੱਚ ਮੁਹੰਮਦ ਰਫ਼ੀ ਵਲੋਂ ਗਾਇਆ ਇੱਕ ਰੂਹ ਨੂੰ ਸਕੂਨ ਦੇਣ ਵਾਲਾ ਪੰਜਾਬੀ ਗੀਤ ਫ਼ਿਲਮ ਦੇ ਸ਼ੁਰੂਆਤ ਵਿੱਚ ਆਉਂਦਾ ਹੈ ਜਿਸ ਦੇ ਬੋਲ ਸਨ 'ਨਈ ਰੀਸ ਪੰਜਾਬ ਦੀ, ਬਈ ਕਹਿੰਦੀ ਲਹਿਰ ਚਨਾਬ ਦੀ।' ਬਾਲੀਵੁੱਡ ਵਿੱਚ ਮਿਰਜ਼ਾ ਸਾਹਿਬਾਂ ਦੇ ਇਸ਼ਕ ਦੀ ਦਾਸਤਾਨ 'ਤੇ ਬਣਨ ਵਾਲੀ ਇਹ ਆਖਰੀ ਫ਼ਿਲਮ ਸੀ।

ਬਾਲੀਵੁੱਡ ਵਿੱਚ ਭਾਵੇਂ ਮਿਰਜ਼ਾ ਸਾਹਿਬਾਂ ਦੀ ਪ੍ਰੀਤ ਗਾਥਾ 'ਤੇ ਹੋਰ ਕੋਈ ਫ਼ਿਲਮ ਨਹੀਂ ਬਣੀ ਪਰ ਲਾਹੌਰ ਫ਼ਿਲਮ ਇੰਡਸਟਰੀ ਵਿੱਚ ਮਿਰਜ਼ਾ ਸਾਹਿਬਾਂ ਦੀ ਜ਼ਿੰਦਗੀ 'ਤੇ ਫ਼ਿਲਮਾਂ ਬਣਨੀਆਂ ਬਾਦਸਤੂਰ ਜਾਰੀ ਰਹੀਆਂ। ਸਿਨੇ ਪ੍ਰੇਮੀਆਂ ਨੂੰ ਪੰਜਾਬੀ ਜ਼ਬਾਨ ਵਿੱਚ ਇੱਕ ਤੋਂ ਬਾਅਦ ਇੱਕ ਤਿੰਨ ਖ਼ੂਬਸੂਰਤ ਫ਼ਿਲਮਾਂ ਦੇਖਣ ਨੂੰ ਮਿਲੀਆਂ। ਜਿਨ੍ਹਾਂ ਵਿੱਚ ਪਹਿਲੀ ਫ਼ਿਲਮ 24 ਨਵੰਬਰ 1967 ਵਿੱਚ ਰਿਲੀਜ਼ ਹੋਈ 'ਮਿਰਜ਼ਾ ਜੱਟ'। ਇਸ ਤੋਂ ਬਾਅਦ ਦੂਸਰੀ ਫ਼ਿਲਮ 11 ਜੂਨ 1982 ਵਿੱਚ ਰਿਲੀਜ਼ ਹੋਈ 'ਜੱਟ ਮਿਰਜ਼ਾ' ਅਤੇ ਇਸੇ ਸਾਲ 28 ਨਵੰਬਰ 1982 ਨੂੰ ਤੀਸਰੀ ਫ਼ਿਲਮ 'ਮਿਰਜ਼ਾ ਜੱਟ' ਰਿਲੀਜ਼ ਹੋਈ।

24 ਨਵੰਬਰ, 1967 ਨੂੰ ਰਿਲੀਜ਼ ਹੋਈ ਅਤੇ ਲਾਹੌਰ 'ਚ ਬਣੀ ਫ਼ਿਲਮ 'ਮਿਰਜ਼ਾ ਜੱਟ' ਪੀਲੂ ਦੁਆਰਾ ਰਚੇ ਕਿੱਸੇ ਦੇ ਲਗਭਗ ਹਰ ਪਹਿਲੂ ਨੂੰ ਬੇਹੱਦ ਖ਼ੂਬਸੂਰਤੀ ਨਾਲ ਦਿਖਾਉਣ ਵਿੱਚ ਕਾਮਯਾਬ ਹੋਈ। ਠੇਠ ਪੰਜਾਬੀ ਲਹਿਜੇ ਵਿੱਚ ਬੋਲਦੇ ਕਿਰਦਾਰ, ਖ਼ੂਬਸੂਰਤ ਸੰਗੀਤ, ਫ਼ਿਲਮ ਦੇ ਹਰ ਅਦਾਕਾਰ ਵੱਲੋਂ ਕੀਤੀ ਬਾਕਮਾਲ ਅਦਾਕਾਰੀ ਅਤੇ ਦਾਨਾਬਾਦ , ਝੰਗ ਦੇ ਇਲਾਕੇ ਦੀਆਂ ਖ਼ੂਬਸੂਰਤ ਲੋਕੇਸ਼ਨਾਂ 'ਤੇ ਫ਼ਿਲਮਾਈ ਗਈ ਇਸ ਫ਼ਿਲਮ ਨੂੰ ਲੋਕਾਂ ਨੇ ਬੇਹੱਦ ਪਸੰਦ ਕੀਤਾ ਅਤੇ ਫ਼ਿਲਮ ਨੇ ਰਿਕਾਰਡ ਤੋੜ ਸਫ਼ਲਤਾ ਹਾਸਿਲ ਕੀਤੀ। ਰਾਵੀ ਫ਼ਿਲਮਜ਼ ਦੇ ਬੈਨਰ ਹੇਠ ਬਣੀ ਇਸ ਫ਼ਿਲਮ ਦੇ ਨਿਰਮਾਤਾ ਸ਼ੇਖ ਰਸ਼ੀਦ ਹੁਸੈਨ ਅਤੇ ਐਸ. ਐਮ. ਅਲੀ ਸਨ। ਪੰਜਾਬੀ ਦੇ ਮਸ਼ਹੂਰ ਲੇਖਕ ਅਹਿਮਦ ਰਾਹੀ ਵੱਲੋਂ ਲਿਖੀ ਅਤੇ ਮਸੂਦ ਪ੍ਰਵੇਜ਼ ਦੁਆਰਾ ਡਾਇਰੈਕਟ ਕੀਤੀ ਇਸ ਫ਼ਿਲਮ ਵਿੱਚ ਅਦਾਕਾਰ ਏਜਾਜ਼ ਦੁਰਾਨੀ ਨੇ ਮਿਰਜ਼ੇ ਦਾ ਅਤੇ ਫ਼ਿਰਦੌਸ ਬੇਗ਼ਮ ਨੇ ਸਾਹਿਬਾਂ ਦਾ ਕਿਰਦਾਰ ਅਦਾ ਕੀਤਾ ਸੀ । ਚਰਿਤਰ ਅਦਾਕਾਰਾਂ ਵਿੱਚ ਇਲਿਆਸ ਕਸ਼ਮੀਰੀ ਨੇ ਸਾਹਿਬਾਂ ਦੇ ਪਿਉ ਖੀਵੇ ਖਾਨ ਦਾ, ਮੀਨਾ ਸ਼ੋਰੀ ਨੇ ਸਾਹਿਬਾਂ ਦੀ ਮਾਂ ਦਾ, ਮੁਨੱਵਰ ਜ਼ਰੀਫ਼ ਨੇ ਮਿਰਜ਼ੇ ਦੇ ਯਾਰ ਬੱਗੇ ਦਾ, ਤਾਨੀ ਬੇਗ਼ਮ ਨੇ ਸਾਹਿਬਾਂ ਦੀ ਭੂਆ ਅਤੇ ਮਿਰਜ਼ੇ ਦੀ ਮਾਸੀ ਬੀਬੋ ਦਾ , ਆਲੀਆ ਨੇ ਨੂਰਾਂ ਦਾ ਅਤੇ ਮਜ਼ਹਰ ਸ਼ਾਹ ਨੇ ਸਾਹਿਬਾਂ ਦੇ ਭਰਾ ਖਾਨ ਸ਼ਮੀਰ ਦਾ ਕਿਰਦਾਰ ਅਦਾ ਕੀਤਾ ਸੀ।

## ਫ਼ਿਲਮਾਂ ਰਾਹੀਂ ਮਿਰਜ਼ਾ ਸਾਹਿਬਾਂ

1947 ਤੋਂ ਬਾਅਦ ਇਥੇ ਉਰਦੂ ਅਤੇ ਪੰਜਾਬੀ ਫ਼ਿਲਮਾਂ ਦਾ ਨਿਰਮਾਣ ਬਾਦਸਤੂਰ ਜਾਰੀ ਰਿਹਾ ।ਸੰਨ 1956 ਵਿੱਚ ਮਿਰਜ਼ਾ ਸਾਹਿਬਾ ਦੇ ਕਿੱਸੇ 'ਤੇ ਅਧਾਰਿਤ ਪਹਿਲੀ ਵਾਰ ਪਾਕਿਸਤਾਨੀ ਉਰਦੂ ਫ਼ਿਲਮ ਮਿਰਜ਼ਾ ਸਾਹਿਬਾਂ ਦਾ ਨਿਰਮਾਣ ਕੀਤਾ ਗਿਆ । 25 ਮਈ ਸੰਨ 1956 ਨੂੰ ਰਿਲੀਜ਼ ਹੋਈ ਲਾਹੌਰ 'ਚ ਬਣੀ ਫ਼ਿਲਮ ਮਿਰਜ਼ਾ ਸਾਹਿਬਾਂ ਫ਼ਿਲਮ ਕੰਪਨੀ ਫ਼ਿਰਦੌਸ ਫ਼ਿਲਮਜ਼ ਵਲੋਂ ਤਿਆਰ ਕੀਤੀ ਗਈ ਸੀ। ਇਸ ਫ਼ਿਲਮ ਦੀ ਨਿਰਮਾਤਰੀ ਬੇਗ਼ਮ ਮਲਿਕ ਸ਼ਰੀਫ਼ ਸੀ ਅਤੇ ਫ਼ਿਲਮ ਦੇ ਨਿਰਦੇਸ਼ਕ ਦਾਊਦ ਚਾਂਦ ਸਨ। ਮਸ਼ਹੂਰ ਸੰਗੀਤਕਾਰ ਖ਼ਵਾਜ਼ਾ ਖ਼ੁਰਸ਼ੀਦ ਅਨਵਰ ਦੀਆਂ ਖ਼ੂਬਸੂਰਤ ਧੁਨਾਂ ਨਾਲ ਸ਼ਿੰਗਾਰੀ ਇਸ ਫ਼ਿਲਮ ਵਿੱਚ ਮਿਰਜ਼ੇ ਦਾ ਕਿਰਦਾਰ ਪੰਜਾਬੀ ਫ਼ਿਲਮਾਂ ਦੇ ਸੁਪਰਸਟਾਰ ਅਦਾਕਾਰ ਸੁਧੀਰ ਵੱਲੋਂ ਅਤੇ ਸਾਹਿਬਾਂ ਦਾ ਕਿਰਦਾਰ ਬਹੁਤ ਹੀ ਖ਼ੂਬਸੂਰਤ ਅਦਾਕਾਰਾ ਮੁਸੱਰਤ ਨਜ਼ੀਰ ਵੱਲੋਂ ਅਦਾ ਕੀਤਾ ਗਿਆ ਸੀ।ਇਸ ਫ਼ਿਲਮ ਤੋਂ ਬਾਅਦ ਏਧਰ ਬਾਲੀਵੁੱਡ ਵਿੱਚ ਸੰਨ 1957 ਵਿੱਚ ਨਾਮਵਰ ਉਰਦੂ ਨਾਵਲਕਾਰ , ਨਿਰਦੇਸ਼ਕ ਅਤੇ ਫ਼ਿਲਮ ਲੇਖਕ ਸ: ਰਜਿੰਦਰ ਸਿੰਘ ਬੇਦੀ ਵੱਲੋਂ ਪੀਲੂ ਦੇ ਕਿੱਸੇ 'ਤੇ ਲਿਖੀ ਖ਼ੂਬਸੂਰਤ ਫ਼ਿਲਮ ਮਿਰਜ਼ਾ ਸਾਹਿਬਾਂ ਦਾ ਨਿਰਮਾਣ ਕੀਤਾ ਗਿਆ।

***

## ਭਾਰਤੀ ਹਾਕਮਾਂ ਦੇ ਦਾਅਵੇ

ਦੇਸ਼ 'ਚ ਭ੍ਰਿਸ਼ਟਾਚਾਰ ਹੈ। ਦੇਸ਼ ਦੇ ਮੌਜੂਦਾ ਹਾਕਮਾਂ ਨੇ ਭ੍ਰਿਸ਼ਟਾਚਾਰ ਮੁਕਤ ਦੇਸ਼ ਬਨਾਉਣ ਦਾ ਦਾਅਵਾ ਕੀਤਾ। ਪੰਜਾਬ ਦੇ ਹਾਕਮਾਂ ਨੇ ਇਸੇ ਨਾਹਰੇ 'ਤੇ ਸੱਤਾ ਹਥਿਆਈ। ਪਰ ਇਸ ਵੇਲੇ ਹਾਲਾਤ ਕੀ ਹਨ ਦੇਸ਼ ਦੇ। ਭ੍ਰਿਸ਼ਟਾਚਾਰ ਵਿਰੁੱਧ ਲੜਾਈ ਖੋਖਲੀ ਹੈ। ਭ੍ਰਿਸ਼ਟਾਚਾਰ 'ਚ ਉਹ ਲੋਕ ਦੇਸ਼ 'ਚ ਫੜੇ ਜਾਂਦੇ ਹਨ ਜੋ ਭਾਰਤੀ ਜਨਤਾ ਪਾਰਟੀ ਨਾਲ ਸਬੰਧ ਨਹੀਂ ਰੱਖਦੇ। ਪੰਜਾਬ 'ਚ ਵੀ ਹਾਲ ਵੱਖਰਾ ਨਹੀਂ, ਪਰਿਵਰਤਨ ਦੇ ਨਾਂਅ ਉੱਤੇ ਹਾਕਮ ਬਣੀ ਪਾਰਟੀ ਸੂਬੇ 'ਚ ਮਾਫ਼ੀਆ ਰਾਜ ਖਤਮ ਨਹੀਂ ਕਰ ਸਕੀ। ਦਾਅਵੇ ਲੱਖ ਕੀਤੇ ਜਾਣ ਹਕੀਕਤ ਮੂੰਹੋਂ ਬੋਲਦੀ ਹੈ।

ਦਾਅਵਿਆਂ ਦਾ ਮੁੱਢ ਚੋਣਾਂ ਵੇਲੇ ਬੱਝਦਾ ਹੈ। ਹਕੀਕਤ ਚੋਣਾਂ ਜਿੱਤਣ ਦੇ ਦੋ ਵਰ੍ਹਿਆਂ ਬਾਅਦ ਸਾਹਮਣੇ ਆਉਂਦੀ ਹੈ। ਜਦੋਂ ਲੋਕਾਂ ਦੀ ਝੋਲੀ ਖਾਲੀ ਦਿਸਦੀ ਹੈ, ਨੇਤਾ ਲੋਕ ਕੁਝ ਨਹੀਂ ਕਰਦੇ, ਹੰਕਾਰ ਨਾਲ ਭਰੇ ਬੱਸ ਆਪਣੀ ਦੁਨੀਆਂ 'ਚ ਵਿਚਰਦੇ ਹਨ। ਉਹ ਲੋਕ ਜਿਹੜੇ ਝੂਠ ਅਤੇ ਅਪਮਾਨਜਨਕ ਭਾਸ਼ਾ ਦੀ ਵਰਤੋਂ ਕਰਕੇ ਚੋਣਾਂ ਜਿੱਤਦੇ ਹਨ, ਉਹਨਾਂ ਲੋਕਾਂ ਨੂੰ ਵੀ ਆਪਣੀ ਜੱਫੀ 'ਚ ਲੈ ਲੈਂਦੇ ਹਨ, ਜਿਹੜੇ ਉਹਨਾਂ ਦੇ ਵਿਰੋਧੀ ਹੁੰਦੇ ਹਨ। ਤਾਕਤ ਦੇ ਨਸ਼ੇ 'ਚ ਇਹ ਲੋਕ ਆਪਣੇ ਆਪ ਨੂੰ ਸੁਪਰਮੈਨ, ਫਿਰ ਦੇਵਤਾ ਅਤੇ ਫਿਰ ਭਗਵਾਨ ਸਮਝਣ ਲੱਗਦੇ ਹਨ। ਕਥਨੀ ਅਤੇ ਕਰਨੀ ਤੋਂ ਦੂਰ ਹੱਟੇ ਅੱਜ ਦੇ ਹਾਕਮ, ਆਪਣੇ ਹੱਕਾਂ ਦਾ ਦੁਰਉਪਯੋਗ ਕਰਦੇ ਦਿੱਸਦੇ ਹਨ, ਉਹ ਵਿਰੋਧੀ ਧਿਰਾਂ ਨੂੰ ਗਾਲੀ-ਗਲੋਚ ਕਰਦੇ ਹਨ ਅਤੇ ਆਪਣੇ ਸੋੜੀਆਂ ਸਿਆਸੀ ਨੀਤੀਆਂ ਨੂੰ ਅੱਗੇ ਵਧਾਉਂਦੇ, ਵਿਰੋਧੀਆਂ ਨੂੰ ਕੁਚਲਦੇ ਦਿੱਸਦੇ ਹਨ। ਦੇਸ਼ 'ਚ ਮੁਦਰਾ ਸਫੀਤੀ ਵਧ ਰਹੀ ਹੈ, ਬੇਰੁਜ਼ਗਾਰੀ ਫੰਨ ਫੈਲਾ ਰਹੀ ਹੈ, ਅਸਮਾਨਤਾ ਅਸਮਾਨ ਛੂਹ ਰਹੀ ਹੈ, ਸਮਾਜਿਕ ਦੁਖ-ਕਲੇਸ਼, ਪੀੜਾ ਵੱਧ ਰਹੀ ਹੈ, ਪੂੰਜੀਵਾਦ ਦਾ ਪਸਾਰਾ ਹੋ ਰਿਹਾ ਹੈ, ਫਿਰਕੂ ਫਸਾਦ ਵਧ ਰਹੇ ਹਨ, ਲੋਕਾਂ ਨੂੰ ਇਨਸਾਫ਼ ਨਹੀਂ ਮਿਲ ਰਿਹਾ, ਘੱਟ ਗਿਣਤੀਆਂ ਖ਼ਤਰੇ 'ਚ ਹਨ। ਇਹ ਉਹਨਾਂ ਦੇ ਸਰੋਕਾਰ ਨਹੀਂ ਹਨ। ਉਹਨਾਂ ਦਾ ਅਜੰਡਾ 'ਭਾਸ਼ਨ' ਹੈ। ਭਰਮ ਜਾਲ ਪੈਦਾ ਕਰਨਾ ਉਹਨਾਂ ਦਾ ਕਰਮ ਹੈ।

ਗੱਲ ਤਾਂ ਦੇਸ਼ ਦੇ ਪਹਿਲੇ ਹਾਕਮਾਂ ਕਾਂਗਰਸ ਵੇਲੇ ਵੀ ਵੱਖਰੀ ਨਹੀਂ ਸੀ, ਗਰੀਬੀ ਹਟਾਓ ਦੇ ਨਾਹਰੇ ਲੱਗੇ, ਬੈਂਕਾਂ ਦੇ ਰਾਸ਼ਟਰੀਕਰਨ ਦੀ ਗੱਲ ਹੋਈ, ਜੈ ਜਵਾਨ ਜੈ ਕਿਸਾਨ ਦੇ ਨਾਹਰੇ ਗੂੰਜੇ, ਪਰ ਮੌਜੂਦਾ ਹਾਕਮਾਂ ਨੇ ਤਾਂ ਕਹਿਰ ਹੀ ਕੀਤਾ ਹੋਇਆ ਹੈ। ਦੇਸ਼ ਕਾਰਪੋਰੇਟਾਂ ਦੀ ਝੋਲੀ ਪਾ ਦਿੱਤਾ। ਸਰਕਾਰੀ ਅਦਾਰਿਆਂ ਨੂੰ ਉਹਨਾਂ ਹੱਥ ਸੌਂਪ ਦਿੱਤਾ। ਦੇਸ਼ ਦਾ ਮੀਡੀਆ ਉਹਨਾਂ ਹਵਾਲੇ ਕਰ ਦਿੱਤਾ। ਜਮਹੂਰੀ ਹੱਥਾਂ ਦਾ ਘਾਣ ਕਰ ਦਿੱਤਾ। ਇਹੋ ਜਿਹੇ ਕਾਨੂੰਨ ਬਣਾ ਦਿੱਤੇ, ਜਿਹੜੇ ਲੋਕਾਂ ਦੀ ਸੰਘੀ ਘੁੱਟਣ ਵਾਲੇ ਹਨ। ਕੁਦਰਤੀ ਇਨਸਾਫ਼ ਨੂੰ ਦਬਾਉਣ ਵਾਲੇ ਹਨ। ਮੌਜੂਦਾ ਸਰਕਾਰ ਦੀ ਨੀਤੀ ਕਨੂੰਨ, ਇਨਸਾਫ਼ ਦੀ ਬਜਾਇ ਸਜ਼ਾ ਉੱਤੇ ਟੇਕ ਰੱਖਣ ਵਾਲੇ ਖਾਸੇ ਵਾਲੀ ਹੈ। ਤਾਂ ਕਿ ਕੋਈ ਬੋਲ ਨਾ ਸਕੇ। ਕੋਈ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਖੁਲ ਕੇ ਨਾ ਕਰ ਸਕੇ।

ਵਿਸ਼ਵੀਕਰਨ, ਨਿੱਜੀਕਰਨ ਅਤੇ ਨਵਉਦਾਰੀਕਰਨ ਦੇ ਇਸ ਦੌਰ ਵਿੱਚ ਦੇਸੀ ਅਤੇ ਵਿਦੇਸ਼ੀ ਸਰਮਾਏਦਾਰਾਂ ਨੂੰ ਭਾਰਤ ਦੇ ਕਿਰਤੀ ਕਿਸਾਨਾਂ ਦੀ ਲੁੱਟ ਦੀ ਹੋਰ ਵਧੇਰੇ ਖੁਲ ਦਿੱਤੀ ਜਾ ਰਹੀ ਹੈ। ਇਹ ਹਕੀਕਤ ਹੁਣ ਜੱਗ ਜਾਹਰ ਹੈ। ਦਾਅਵੇ ਕੁਝ ਵੀ ਹੋਣ, ਲੋਕਾਂ ਦੇ ਹੱਕ ਮਾਰੇ ਜਾ ਰਹੇ ਹਨ, ਉਹਨਾਂ ਨੂੰ ਢੁੱਠਾਂ ਵਾਲਿਆਂ ਦੇ ਰਹਿਮੋ ਕਰਮ ਉੱਤੇ ਛੱਡ ਦਿੱਤਾ ਗਿਆ ਹੈ।ਦੇਸ਼ ਦੇ ਮੌਜੂਦਾ ਹਾਕਮਾਂ ਵੱਲੋਂ ਛੋਟੀਆਂ-ਵੱਡੀਆਂ ਕਈ ਸਕੀਮਾਂ ਚਲਾਈਆਂ ਗਈਆਂ, ਜੋ ਗਰੀਬਾਂ ਲਈ ਚਲਾਈਆਂ ਹੋਣ ਦਾ ਦਾਅਵਾ ਹੋਇਆ। ਜਨ ਧਨ ਯੋਜਨਾ, ਕਿਸਾਨਾਂ ਲਈ ਰਾਹਤ ਰਾਸ਼ੀ, ਸਿਹਤ ਬੀਮਾ ਆਯੂਸ਼ਮਾਨ ਯੋਜਨਾ, ਬੇਟੀ ਪੜਾਓ ਬੇਟੀ ਬਚਾਓ ਆਦਿ ਪਰ ਇਹ ਸਕੀਮਾਂ 'ਕੋਹ ਨਾ ਚੱਲੀ ਬਾਬਾ ਤਿਹਾਈ' ਵਾਲੀ ਕਹਾਵਤ ਵਾਂਗਰ ਹਵਾ 'ਚ ਉਡ ਗਈਆਂ। ਕਿਉਂਕਿ ਸਰਕਾਰ ਦਾ ਅਜੰਡਾ ਹੋਰ ਹੈ। ਕਿਉਂਕਿ ਸਰਕਾਰ ਸਿਰਫ਼ ਤੇ ਸਿਰਫ਼ ਉਹ ਕੰਮ ਕਰਦੀ ਹੈ, ਜਿਹੜੀ ਉਹਨਾਂ ਦਾ ਵੋਟ ਬੈਂਕ ਭਰ ਸਕੇ ਜਾਂ ਸਰਮਾਏਦਾਰਾਂ, ਕਾਰਪੋਰੇਟਾਂ ਦਾ ਢਿੱਡ ਤੂਸ ਸਕੇ। ਅਸਲ 'ਚ ਹਾਕਮਾਂ ਨੇ ਲੋਕਾਂ ਨੂੰ ਵੋਟਰ ਬਨਾਉਣ ਤੱਕ ਸੀਮਤ ਕਰ ਦਿੱਤਾ ਹੈ ਅਤੇ ਵੋਟ ਖੋਹਣ, ਪਵਾਉਣ, ਪ੍ਰਾਪਤ ਕਰਨ ਲਈ ਵੱਖੋ-ਵੱਖਰੇ ਰਾਹ ਉਲੀਕ ਲਏ ਹਨ।

ਦਾਅਵੇ ਖੋਖਲੇ ਹਨ।ਹਕੀਕਤ ਸੂਰਜ ਦੇ ਚਾਨਣ ਵਾਂਗਰ ਸਪੱਸ਼ਟ ਹੈ। ਹਕੀਕਤ ਵੇਖ ਕੇ ਅੱਖਾਂ ਮੀਟਾਂ ਦਾ ਸਮਾਂ ਵਿਹਾਜ ਗਿਆ ਹੈ। ਹਾਕਮਾਂ ਦੀ ਸੌੜੀ, ਸੀਮਤ ਸੋਚ ਨੂੰ ਬਦਲਣ ਲਈ ਲੋਕ ਚੇਤਨਾ, ਇਕੋ ਇਕ ਹਥਿਆਰ ਹੈ। ਨਹੀਂ ਤਾਂ ਭਾਰਤੀ ਲੋਕਤੰਤਰ, ਭਾਰਤੀ ਜਮਹੂਰੀਅਤ ਸਿਰਫ਼ ਇੱਕ ਨਾਂਅ ਬਣ ਕੇ ਰਹਿ ਜਾਏਗੀ।

***

## ਸ਼ਕਤੀਸ਼ਾਲੀ ਕੌਮ ਦੇ ਨਿਰਮਾਣ

ਆਤਮ-ਵਿਸ਼ਵਾਸ ਰੱਖਦਾ ਹੈ, ਲੀਡਰਸ਼ਿਪ ਸਮਰੱਥਾ ਵਿਕਸਿਤ ਕਰਦਾ ਹੈ, ਇੱਛਾ ਸ਼ਕਤੀ ਹਮੇਸ਼ਾ ਮਜ਼ਬੂਤ ? ?ਰਹਿੰਦੀ ਹੈ ਅਤੇ ਸੰਗਠਨ ਦੀ ਸ਼ਕਤੀ ਦਾ ਅਹਿਸਾਸ ਹੁੰਦਾ ਹੈ। ਇਸ ਲਈ ਖੇਡਾਂ ਸਿਹਤ ਦਾ ਸਮਾਨਾਰਥੀ ਹੈ।

ਖੇਡਾਂ ਦੇ ਸਾਮਾਨ ਦੀ ਅਣਹੋਂਦ ਵਿੱਚ ਵੀ ਤੰਦਰੁਸਤ ਨੌਜਵਾਨ ਖੇਡ ਸਕਦਾ ਹੈ। ਕਈ ਪਰਿਵਾਰ ਆਪਣੇ ਮਿਆਰ ਨੂੰ ਉੱਚਾ ਰੱਖਣ ਲਈ ਘਰ ਵਿੱਚ ਵੱਖ-ਵੱਖ ਖੇਡਾਂ ਦਾ ਸਾਮਾਨ ਇਕੱਠਾ ਕਰਕੇ ਆਪਣੇ ਬੱਚਿਆਂ ਨੂੰ ਉੱਥੇ ਹੀ ਸੀਮਤ ਰੱਖਣਾ ਚਾਹੁੰਦੇ ਹਨ, ਜਿਸ ਕਾਰਨ ਬੱਚੇ ਸਮੂਹਿਕ ਖੇਡਾਂ ਤੋਂ ਵਾਂਝੇ ਰਹਿ ਜਾਂਦੇ ਹਨ। ਅੱਜ ਦੇ ਜ਼ਿਆਦਾਤਰ ਬੱਚੇ ਕੰਪਿਊਟਰ 'ਤੇ ਇਕੱਲੇ ਵੀਡੀਓ ਗੇਮ ਖੇਡਦੇ ਹਨ। ਅਜਿਹੀਆਂ ਖੇਡਾਂ ਰਾਹੀਂ ਮਾਨਸਿਕ ਕਸਰਤ ਤਾਂ ਕੀਤੀ ਜਾ ਸਕਦੀ ਹੈ ਪਰ ਸਰੀਰਕ ਕਸਰਤ ਨਹੀਂ ਕੀਤੀ ਜਾ ਸਕਦੀ।

ਜਿਸ ਤਰ੍ਹਾਂ ਥਕਾਵਟ ਤੋਂ ਬਾਅਦ ਠੰਢੀ ਛਾਂ ਵਿੱਚ ਬੈਠ ਕੇ ਆਮ ਭੋਜਨ ਖਾਣ ਵਿੱਚ ਆਨੰਦ ਮਹਿਸੂਸ ਹੁੰਦਾ ਹੈ, ਉਸੇ ਤਰ੍ਹਾਂ ਰੋਗੀ ਸਰੀਰ ਨੂੰ ਕਈ ਤਰ੍ਹਾਂ ਦੇ ਪਕਵਾਨਾਂ ਵਿੱਚ ਆਨੰਦ ਨਹੀਂ ਮਿਲਦਾ। ਇਸ ਲਈ ਜਦੋਂ ਬੱਚਾ ਦਿਲਚਸਪੀ ਨਾਲ ਖੇਡਦਾ ਹੈ ਤਾਂ ਉਸ ਦੀ ਪਾਚਨ ਸ਼ਕਤੀ ਵਧਦੀ ਹੈ ਅਤੇ ਉਸ ਨੂੰ ਭੁੱਖ ਜ਼ਿਆਦਾ ਲਗਦੀ ਹੈ। ਅਜਿਹੀ ਸਥਿਤੀ ਵਿੱਚ ਬਿਨਾਂ ਕਿਸੇ ਪਾਊਡਰ ਜਾਂ ਪਾਊਡਰ ਦੀ ਵਰਤੋਂ ਕੀਤੇ ਭੋਜਨ ਨੂੰ ਹਜ਼ਮ ਕਰਨਾ ਅਤੇ ਸਰੀਰ ਨੂੰ ਮਜ਼ਬੂਤ ? ?ਬਣਾਉਣਾ, ਇਹ ਸਾਰੀਆਂ ਪ੍ਰਕਿਰਿਆਵਾਂ ਇੱਕ ਆਟੋਮੈਟਿਕ ਮਸ਼ੀਨ ਦੀ ਤਰ੍ਹਾਂ ਪੂਰੀ ਹੋ ਜਾਂਦੀਆਂ ਹਨ। ਅਜਿਹੇ ਬੱਚਿਆਂ ਲਈ ਕਦੇ ਵੀ ਡਾਕਟਰਾਂ ਦੀ ਲੋੜ ਨਹੀਂ ਹੁੰਦੀ। ਇਸ ਤਰ੍ਹਾਂ ਖੇਡਾਂ ਦੇ ਬਹੁਤ ਸਾਰੇ ਫ਼ਾਇਦੇ ਹਨ।ਕੇਵਲ ਉਹੀ ਕੌਮ ਵਿਕਸਤ ਜਾਂ ਸ਼ਕਤੀਸ਼ਾਲੀ ਬਣ ਸਕਦੀ ਹੈ, ਜਿਸ ਦੇ ਨੌਜਵਾਨ ਤੰਦਰੁਸਤ ਹੋਣ। ਇਹ ਤਾਂ ਹੀ ਸੰਭਵ ਹੈ ਜਦੋਂ ਹਰ ਨਾਗਰਿਕ ਆਪਣੇ ਰੁਝੇਵਿਆਂ ਦੇ ਬਾਵਜੂਦ ਖੇਡਾਂ ਲਈ ਸਮਾਂ ਕੱਢੇ।

***

## ਮਾਤ ਭਾਸ਼ਾ 'ਤੇ ਹੋ ਰਹੇ ਹਮਲਿਆਂ ਦਾ

ਸੋ ਸਾਜਿਸਕਾਰੀਆਂ ਦੇ ਹਮਲਿਆਂ ਕਾਰਨ ਪੈਦਾ ਹੋਏ ਇਸ ਵੱਡੇ ਡਰ ਤੇ ਖਦਸ਼ੇ ਨੂੰ ਦੇਖਦਿਆਂ ਸਰਕਾਰਾਂ ਅਤੇ ਪੰਜਾਬੀਆਂ ਨੂੰ ਸੁਚੇਤ ਹੋਣਾ ਚਾਹੀਦਾ ਹੈ। ਬਹੁਗਿਣਤੀ ਪੰਜਾਬੀ ਵਾਲੇ ਰਾਜ ਦੇ ਹਰ ਸਕੂਲ ਵਿੱਚ ਮੁੱਢਲੀ ਸਿੱਖਿਆ ਮਾਤ ਭਾਸ਼ਾ ਤੋਂ ਸ਼ੁਰੂ ਕੀਤੀ ਜਾਣੀ ਚਾਹੀਦੀ ਹੈ ਅਤੇ ਹਿੰਦੀ ਤੇ ਅੰਗਰੇਜੀ ਨਾਲੋ ਨਾਲ ਪੜ੍ਹਾ ਕੇ ਬੱਚਿਆਂ ਨੂੰ ਦੁਨੀਆਂ ਦੇ ਬੱਚਿਆਂ ਦੇ ਮੁਕਾਬਲੇ ਖੜਾ ਕਰਨਾ ਚਾਹੀਦਾ ਹੈ। ਰਾਜ ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਮਾਤ ਭਾਸ਼ਾ ਖਤਮ ਕਰਨ ਵਾਲੀਆਂ ਨਾਪਾਕ ਸਾਜਿਸ਼ਾਂ ਨੂੰ ਧਿਆਨ ਵਿੱਚ ਰਖਦਿਆਂ ਪਬਲਿਕ ਸਕੂਲਾਂ ਵਿੱਚ ਸ਼ੁਰੂ ਤੋਂ ਪੰਜਾਬੀ ਵਿਸ਼ਾ ਸਖਤੀ ਨਾਲ ਲਾਗੂ ਕਰਵਾਉਣ ।ਮਾਪਿਆਂ ਦਾ ਵੀ ਫ਼ਰਜ ਬਣਦਾ ਹੈ ਕਿ ਮਾਤ ਭਾਸ਼ਾ 'ਤੇ ਜੋ ਵੱਡਾ ਸਾਜਿਸ਼ਕਾਰੀ ਹਮਲਾ ਹੋ ਰਿਹਾ ਹੈ, ਉਸਦਾ ਡਟ ਕੇ ਮੁਕਾਬਲਾ ਕਰਨ ਅਤੇ ਪੂਰੀ ਦ੍ਰਿੜਤਾ ਨਾਲ ਘਰਾਂ ਅਤੇ ਸਕੂਲਾਂ ਵਿੱਚ ਮਾਂ ਬੋਲੀ ਦੀ ਰਾਖੀ ਕਰਨ ਲਈ ਮੂਹਰੇ ਆਉਣ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
AJJ DA MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com